
LADOO MATRIMONIAL
ਰਿਸ਼ਤੇ ਹੀ ਰਿਸ਼ਤੇ RISTHE HI RISTHE
We Provide Worldwide Services
Jetander Sapra
212-470-7175, 516-309-0236
ladoomatrimonial@gmail.com
jetandersapra@gmail.com
217 Bethpage Rd, #20,
Hicksville, NY 11801
www.ladoomatrimonial.com


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Singh Accounting & Tax Services
Niagara Falls Grand Island, NY
All kinds of accounting work.
*Book keeping *Payroll *Sales Tax
*New business set up *E-file tax return
Go to App store to load our free App
Ph: 716-425-7126
Fax: 716-284-0025
Email: singhtaxservice@yahoo.com
Website: singhtaxservice.com

Sarbjit Singh Khakh (Sabhi)
Accountant



Twentieth Year of Publication
ਨਿਊ ਯਾਰਕ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 34, August 24, 2019 20451 N. Plum Grove Rd., Palatine, IL 60074 Ph:847-359-0746, Fax:847-705-9388


# ਪੰਜਾਬ ਵਿਚ ਹੜ੍ਹਾਂ ਨਾਲ ਭਾਰੀ ਤਬਾਹੀ

## ਮੁਕੰਮਲ ਪ੍ਰਬੰਧਾਂ ਦੇ ਦਾਅਵੇ ਖੋਖਲੇ ਸਾਬਤ ਹੋਏ





**ਚੰਡੀਗੜ੍ਹ:** ਪੰਜਾਬ ਵਿਚ ਹੜ੍ਹਾਂ ਨੇ ਭਾਰੀ ਤਬਾਹੀ ਮਚਾਈ ਹੈ। ਹੜ੍ਹਾਂ ਕਾਰਨ ਜਿਥੇ ਹਜ਼ਾਰਾਂ ਏਕੜ ਫਸਲ ਬਰਬਾਦ ਹੋ ਗਈ, ਉਥੇ ਵੱਡੀ ਗਿਣਤੀ ਲੋਕਾਂ ਨੂੰ ਆਪਣੇ ਘਰ, ਪਿੰਡ ਛੱਡਣੇ ਪਏ। ਰੂਪਨਗਰ, ਨਵਾਂ ਸ਼ਹਿਰ, ਜਲੰਧਰ, ਫਿਰੋਜ਼ਪੁਰ ਸਮੇਤ ਬਹੁਤ ਸਾਰੇ ਖੇਤਰਾਂ ਵਿਚ ਸੈਂਕੜੇ ਪਿੰਡ ਖਾਲੀ ਕਰਵਾਏ ਗਏ ਹਨ।

ਸਤਲੁਜ ਦਰਿਆ ਕਿਨਾਰੇ ਵੱਸਦੇ ਦਰਜਨਾਂ ਪਿੰਡ ਜਿਥੇ ਪਾਣੀ ਵਿਚ ਘਿਰ ਗਏ, ਉਥੇ ਹੀ ਉਨ੍ਹਾਂ ਦਾ ਸੰਪਰਕ ਹੋਰ ਇਲਾਕਿਆਂ ਨਾਲੋਂ ਟੁੱਟ ਗਿਆ। ਬੇਸ਼ੱਕ ਹੁਣ ਤੱਕ ਹਜ਼ਾਰਾਂ ਲੋਕਾਂ ਨੂੰ ਪੁਲਿਸ ਤੇ ਐਨ.ਡੀ.ਆਰ.ਐਫ. ਦੀਆਂ ਟੀਮਾਂ ਦੀ ਮਦਦ ਨਾਲ ਸੁਰੱਖਿਅਤ ਥਾਂਵਾਂ 'ਤੇ ਪਹੁੰਚਾਇਆ ਜਾ ਚੁੱਕਿਆ ਹੈ ਪਰ ਪਾਣੀ ਦਾ ਪੱਧਰ ਵਧਣ ਨਾਲ ਪਿੰਡਾਂ ਵਿਚ ਸਹਿਮ ਦਾ ਮਾਹੌਲ ਹੈ। ਪਾਣੀ ਨਾਲ ਹਜ਼ਾਰਾਂ ਏਕੜ ਫਸਲ ਬਰਬਾਦ ਹੋਣ ਦੇ ਨਾਲ-ਨਾਲ ਘਰਾਂ ਦਾ ਸਾਮਾਨ, ਰਾਸ਼ਨ ਬਰਬਾਦ ਹੋ ਗਿਆ ਹੈ ਅਤੇ ਚਾਰਾ ਨਾ ਹੋਣ ਕਰਕੇ ਪਸ਼ੂ ਵੀ ਤੜਫਣ ਲੱਗੇ ਹਨ। ਹੜ੍ਹਾਂ ਕਾਰਨ ਪੰਜਾਬ ਵਿਚ ਅੱਧੀ ਦਰਜਨ ਤੋਂ ਵੱਧ ਜਾਨਾਂ ਚਲੀਆਂ ਗਈਆਂ।

ਮੋਟੇ ਤੌਰ ਉਤੇ ਸਰਕਾਰ ਨੇ ਪੰਜਾਬ ਵਿਚ 1700 ਕਰੋੜ ਦਾ ਨੁਕਸਾਨ ਹੋਣ ਦਾ ਦਾਅਵਾ ਕੀਤਾ ਹੈ। ਪੰਜਾਬ ਸਰਕਾਰ ਨੇ ਭਾਵੇਂ ਇਸ ਨੂੰ ਕੁਦਰਤੀ ਆਫਤ ਐਲਾਨ, ਐਮਰਜੈਂਸੀ ਰਾਹਤ ਲਈ 100 ਕਰੋੜ ਰੁਪਏ ਦਾ ਐਲਾਨ ਕਰਕੇ ਇਸ ਨੂੰ ਰੱਬ ਦਾ ਭਾਣਾ ਮੰਨਣ ਦੀ ਸਲਾਹ ਦਿੱਤੀ ਹੈ ਪਰ ਪੰਜਾਬ ਵਿਚ ਇਹ ਤਬਾਹੀ ਭਾਰੀ ਬਾਰਸ਼ ਨਾਲ ਨਹੀਂ ਸਗੋਂ ਡੈਮਾਂ ਵਿਚੋਂ ਛੱਡੇ ਬੇਹਿਸਾਬੇ ਪਾਣੀ ਕਾਰਨ ਹੋਈ ਹੈ। ਸਰਕਾਰ ਨੂੰ ਡੈਮਾਂ ਵਿਚੋਂ ਪਾਣੀ ਛੱਡਣ ਤੋਂ ਪਹਿਲਾਂ ਇਸ ਤਬਾਹੀ ਦਾ ਪੂਰਾ ਅੰਦਾਜ਼ਾ ਸੀ ਪਰ ਲੋਕਾਂ ਦੇ ਜਾਨ ਮਾਲ ਦੀ ਰਾਖੀ ਲਈ ਕੋਈ ਢੁਕਵੇਂ ਪ੍ਰਬੰਧ ਨਾ ਕੀਤੇ ਗਏ। ਲੋਕ ਸਰਕਾਰ ਦੀ ਇਸ ਨਾਲਾਇਕੀ ਉਤੇ ਵੱਡੇ ਸਵਾਲ ਚੁੱਕ ਰਹੇ ਹਨ। ਸਰਕਾਰ ਹਰ ਸਾਲ ਹੜ੍ਹਾਂ ਦੇ ਅਗਾਊਂ ਪ੍ਰਬੰਧਾਂ ਦੇ ਵੱਡੇ ਦਾਅਵੇ ਕਰਦੀ ਹੈ ਪਰ ਜਦੋਂ ਬਿਪਤਾ ਪੈਂਦੀ ਹੈ ਤਾਂ ਇਹ ਦਾਅਵੇ ਕੀਤੇ ਨਜ਼ਰ ਨਹੀਂ ਆਉਂਦੇ।

ਪੰਜਾਬ ਨੂੰ ਪਹਿਲਾਂ ਵੀ ਕਈ ਵਾਰ ਅਜਿਹੀ ਤਬਾਹੀ ਵੇਖਣੀ ਪਈ ਹੈ ਪਰ ਸਰਕਾਰਾਂ ਨੇ ਕਦੇ ਇਸ ਤੋਂ ਸਬਕ ਨਹੀਂ ਲਿਆ। ਪਹਾੜੀ ਸੂਬਿਆਂ ਦਾ ਪਾਣੀ ਪੰਜਾਬ ਵਿਚੋਂ ਲੰਘਦਾ ਹੈ ਪਰ ਇਸ ਦੀ ਨਿਕਾਸੀ ਦਾ ਸਹੀ ਪ੍ਰਬੰਧ ਨਾ ਹੋਣ ਕਾਰਨ ਇਹ ਲੋਕਾਂ ਲਈ ਆਫਤ ਬਣ ਜਾਂਦਾ ਹੈ। ਸਤਲੁਜ ਦਰਿਆ ਵਿਚ ਆਏ ਹੜ੍ਹ ਨਾਲ ਮਚੀ ਤਬਾਹੀ ਦਾ ਵੱਡਾ ਕਾਰਨ ਇਸ ਵਿਚੋਂ ਗੈਰਕਾਨੂੰਨੀ ਖਣਨ ਹੈ। ਸਤਲੁਜ ਦਰਿਆ ਦਾ ਧੁੱਸੀ ਬੰਨ੍ਹ ਟੁੱਟਣ ਦਾ ਮੁੱਖ ਕਾਰਨ ਮਾਈਨਿੰਗ ਹੈ। ਆਮ ਕਰਕੇ ਇਹ ਬੰਨ੍ਹ ਇਕ ਥਾਂ ਤੋਂ ਹੀ ਟੁੱਟਦਾ ਸੀ ਤੇ ਜਿਸ ਨੂੰ ਕੁਝ ਦਿਨਾਂ ਵਿਚ ਹੀ ਠੀਕ ਕਰ ਲਿਆ ਜਾਂਦਾ ਸੀ। ਹੁਣ ਟੁੱਟੇ ਬੰਨ੍ਹਾਂ ਨੇ ਜਲੰਧਰ ਤੇ ਕਪੂਰਥਲਾ ਜ਼ਿਲ੍ਹਿਆਂ 'ਚ 55 ਪਿੰਡਾਂ ਦੇ ਲੋਕਾਂ ਨੂੰ ਪਾਣੀ ਵਿਚ ਡੋਬ ਦਿੱਤਾ ਹੈ। ਗੈਰਕਾਨੂੰਨੀ ਮਾਈਨਿੰਗ ਲਈ ਡੂੰਘੇ ਟੋਏ ਪੁੱਟੇ ਹੋਏ ਸਨ, ਜਿਸ ਕਰਕੇ ਧੁੱਸੀ ਬੰਨ੍ਹ ਕਮਜ਼ੋਰ ਹੁੰਦਾ ਗਿਆ। ਇਸ ਤੋਂ ਇਲਾਵਾ ਮਾਈਨਿੰਗ ਲਈ ਦਰਿਆ ਦੇ ਕੰਢਿਆਂ ਨੂੰ ਕਮਜ਼ੋਰ ਕਰ ਦਿੱਤਾ ਗਿਆ।

ਹੜ੍ਹਾਂ ਬਾਰੇ ਪੁਖਤਾ ਪ੍ਰਬੰਧਾਂ ਦਾ ਦਾਅਵਾ ਕਰਨ ਵਾਲੀ ਸਰਕਾਰ ਨੇ ਇਸ ਪਾਸੇ ਭੋਰਾ ਧਿਆਨ



(ਬਾਕੀ ਸਫਾ 6 ਉਤੇ)



## ਹਿਮਾਚਲ ਅਤੇ ਉਤਰਾਖੰਡ 'ਚ ਵਿਆਪਕ ਤਬਾਹੀ

**ਨਵੀਂ ਦਿੱਲੀ:** ਦੇਸ਼ ਦੇ ਉਤਰੀ ਤੇ ਪਹਾੜੀ ਸੂਬਿਆਂ 'ਚ ਭਾਰੀ ਬਾਰਸ਼ ਦਾ ਦੌਰ ਜਾਰੀ ਹੈ। ਪਹਾੜੀ ਸੂਬੇ ਹਿਮਾਚਲ ਪ੍ਰਦੇਸ਼ ਤੇ ਉਤਰਾਖੰਡ 'ਚ ਹੁਣ ਤੱਕ 37 ਮੌਤਾਂ ਹੋ ਚੁੱਕੀਆਂ ਹਨ ਤੇ ਉਥੇ ਕਈ ਲੋਕ ਫਸੇ ਹੋਏ ਹਨ। ਦਿੱਲੀ 'ਚ ਯਮੁਨਾ ਦਰਿਆ ਖਤਰੇ ਦੇ ਨਿਸ਼ਾਨ ਤੋਂ ਉੱਪਰ ਵਗ ਰਹੀ ਹੈ। ਮੌਸਮ ਵਿਭਾਗ ਨੇ ਹਿਮਾਚਲ ਪ੍ਰਦੇਸ਼, ਉੱਤਰਾਖੰਡ, ਪੂਰਬੀ ਮੱਧ ਪ੍ਰਦੇਸ਼ ਸਣੇ 10 ਸੂਬਿਆਂ 'ਚ ਭਾਰੀ ਬਾਰਸ਼ ਦੀ ਚਿਤਾਵਨੀ ਜਾਰੀ ਕੀਤੀ ਹੈ। ਹਿਮਾਚਲ ਪ੍ਰਦੇਸ਼ 'ਚ ਭਾਰੀ ਬਾਰਸ਼ ਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਨਾਲ ਹੁਣ ਤੱਕ 25 ਲੋਕਾਂ ਦੀ ਮੌਤ ਹੋ ਗਈ ਜਦਕਿ 12 ਹੋਰ ਜਖਮੀ ਹੋਏ। ਉੱਤਰਾਖੰਡ ਦੇ ਉੱਤਰਕਾਸ਼ੀ 'ਚ ਬੱਦਲ ਫਟਣ ਨਾਲ ਦੋ ਦਿਨ 'ਚ 12 ਲੋਕਾਂ ਦੀ ਮੌਤ ਹੋ ਗਈ ਹੈ। ਫੌਜ ਦੇ ਹੈਲੀਕਾਪਟਰ ਰਾਹਤ ਤੇ ਬਚਾਅ ਕਾਰਜਾਂ 'ਚ ਲੱਗੇ ਹੋਏ ਹਨ। ਮੌਸਮ ਵਿਭਾਗ ਮੁਤਾਬਕ ਹਿਮਾਚਲ ਪ੍ਰਦੇਸ਼, ਉੱਤਰਾਖੰਡ, ਪੂਰਬੀ ਮੱਧ ਪ੍ਰਦੇਸ਼, ਛੱਤੀਸਗੜ੍ਹ, ਬਿਹਾਰ, ਝਾਰਖੰਡ, ਉੜੀਸਾ, ਪੱਛਮੀ ਬੰਗਾਲ, ਤਾਮਿਲਨਾਡੂ ਤੇ ਪੁਡੂਚੇਰੀ ਦੇ ਕੁਝ ਇਲਾਕਿਆਂ 'ਚ ਭਾਰੀ ਬਾਰਿਸ਼ ਦਾ ਖਦਸ਼ਾ ਹੈ।

## ਸ਼੍ਰੋਮਣੀ ਕਮੇਟੀ ਵਲੋਂ ਰਿਹਾਇਸ਼ ਅਤੇ ਲੰਗਰ ਦੇ ਪ੍ਰਬੰਧ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਵੀ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਪ੍ਰਬੰਧ ਕੀਤੇ ਜਾ ਰਹੇ ਹਨ। ਪਾਣੀ ਆਉਣ ਦੀ ਸਥਿਤੀ ਵਿਚ ਪ੍ਰਭਾਵਿਤ ਲੋਕਾਂ ਨੂੰ ਗੁਰਦੁਆਰਿਆਂ ਵਿਚ ਸ਼ਰਨ ਲੈਣ ਅਤੇ ਲੰਗਰ ਲਈ ਢੁਕਵੇਂ ਪ੍ਰਬੰਧ ਸ਼ੁਰੂ ਕੀਤੇ ਗਏ ਹਨ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਅਜਿਹੀ ਕਿਸੇ ਵੀ ਹੰਗਾਮੀ ਸਥਿਤੀ ਵਿਚ ਗੁਰਦੁਆਰਿਆਂ ਵਿਚ ਲੋਕਾਂ ਦੀ ਰਿਹਾਇਸ਼ ਅਤੇ ਲੰਗਰ ਆਦਿ ਦੇ ਢੁਕਵੇਂ ਪ੍ਰਬੰਧ ਕੀਤੇ ਜਾਣ। ਇਸ ਸਬੰਧੀ ਗੁਰਦੁਆਰਿਆਂ ਦੇ ਮੈਨੇਜਰਾਂ ਨੂੰ ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਤਿਆਰ ਰੱਖਣ ਲਈ ਆਖਿਆ ਗਿਆ ਹੈ। ਸ਼੍ਰੋਮਣੀ ਕਮੇਟੀ ਵਲੋਂ ਸੰਗਤ ਨੂੰ ਵੀ ਅਪੀਲ ਕੀਤੀ ਗਈ ਹੈ ਕਿ ਲੋੜ ਪੈਣ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਗੁਰਦੁਆਰਿਆਂ ਵਿਚ ਸੰਪਰਕ ਕੀਤਾ ਜਾਵੇ।


Tanya`s Beauty Salon

*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave.,
Jackson Heights, NY 11373
Ph: 718-205-7832



100 SPIRITUAL
PATHS AND SHABAD KIRTANS INSIDE
SAREGAMA
CARVAAN™
mini

FM/AM RADIO
BLUETOOTH USB AUX IN AUX OUT
AVAILABLE AT SELECT INDIAN STORES NEAR YOU
CONTACT: SINGH & SINGH DISTRIBUTORS @ +1 (908) 279-6056

Nankana Sahib
YATRA 2019
Nov 7 - 16, 2019
To Join, Please Contact us
518-631-2467
NankanaSahibYatra.Com
Limited Seats

# ਅੰਮ੍ਰਿਤਾ ਪ੍ਰੀਤਮ ਦੀ ਜਨਮ ਸ਼ਤਾਬਦੀ 'ਲਿਟਰੇਰੀ ਕੋਰੀਡੋਰ' ਵਜੋਂ ਮਨਾਈ

**ਨਿਊ ਯਾਰਕ (ਬਿਊਰੋ):** "ਅੰਮ੍ਰਿਤਾ ਪ੍ਰੀਤਮ ਪੂਰਬੀ ਤੇ ਪੱਛਮੀ ਪੰਜਾਬੀ ਦੀ ਮਕਬੂਲ ਲੇਖਿਕਾ ਹੈ। ਉਸ ਨੇ ਪੰਜਾਬ ਦੀ ਵੰਡ ਨੂੰ ਰੂਹ 'ਤੇ ਹੰਢਾਇਆ ਤੇ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਦਿਲ-ਚੀਰਵੀਂ ਕਵਿਤਾ ਰਚੀ। ਕਰਤਾਰਪੁਰ ਲਾਂਘਾ 'ਧਾਰਮਿਕ ਕੋਰੀਡੋਰ' ਹੈ ਤੇ ਅਸੀਂ ਅੰਮ੍ਰਿਤਾ ਦੀ ਜਨਮ-ਸ਼ਤਾਬਦੀ ਨੂੰ 'ਸਾਹਿਤਕ ਲਾਂਘੇ' (ਲਿਟਰੇਰੀ ਕੋਰੀਡੋਰ) ਵਜੋਂ ਮਨਾ ਰਹੇ ਹਾਂ ਤਾਂ ਕਿ ਦੋਹਾਂ ਮੁਲਕਾਂ ਵਿਚ ਵਿਚਾਰਾਂ ਦੀ ਸਾਂਝ ਦੀ ਨਿਰੰਤਰਤਾ ਬਣ ਸਕੇ।" ਇਹ ਵਿਚਾਰ ਪੰਜਾਬੀ ਲੇਖਕ, ਸ਼ੇਰ-ਏ-ਪੰਜਾਬ ਅਖਬਾਰ ਦੇ ਸੰਪਾਦਕ ਅਤੇ 'ਵਿਸ਼ਵ ਪੰਜਾਬੀ ਸੰਮੇਲਨ' ਦੇ ਪ੍ਰਬੰਧਕ ਬਲਦੇਵ ਸਿੰਘ ਗਰੇਵਾਲ ਨੇ ਹੌਫਸਟਰਾ ਯੂਨੀਵਰਸਿਟੀ, ਨਿਊ ਯਾਰਕ ਵਿਚ ਬੋਲਦਿਆਂ ਕਹੇ। ਇਹ 'ਵਿਸ਼ਵ ਪੰਜਾਬੀ ਸੰਮੇਲਨ' ਸ਼ੇਰ-ਏ-ਪੰਜਾਬ ਵਲੋਂ ਕੀਤਾ ਗਿਆ ਸੀ। ਇਸ ਵਿਚ ਭਾਰਤ, ਕੈਨੇਡਾ ਤੇ ਪਾਕਿਸਤਾਨ ਤੋਂ ਲੇਖਕ ਤੇ ਬੁਲਾਰੇ ਪਹੁੰਚੇ। ਇਸ ਮੌਕੇ ਪਾਕਿਸਤਾਨ ਤੋਂ ਡਾ. ਸੁਘੜਾ ਸਦੱਫ ਦਾ ਭੇਜਿਆ ਸੰਦੇਸ਼ ਵੀ ਸਕਰੀਨ 'ਤੇ ਦਿਖਾਇਆ ਗਿਆ।

ਬਲਦੇਵ ਸਿੰਘ ਗਰੇਵਾਲ ਨੇ ਕਿਹਾ ਕਿ ਪੂਰਬੀ ਤੇ ਪੱਛਮੀ ਪੰਜਾਬ ਦੀ ਬੋਲੀ ਸਾਂਝੀ ਹੈ, ਖਾਣ-ਪੀਣ ਸਾਂਝਾ ਹੈ, ਪਹਿਰਾਵਾ ਸਾਂਝਾ ਹੈ, ਦੁੱਖ-ਸੁੱਖ ਸਾਂਝੇ ਹਨ। ਫਿਰ ਏਨੀਆਂ ਦੂਰੀਆਂ ਕਿਉਂ? ਇਨ੍ਹਾਂ ਦੂਰੀਆਂ ਨੂੰ ਦੂਰ ਕਰਨ ਲਈ ਇਹ 'ਸਾਹਿਤਕ ਲਾਂਘਾ' ਅਹਿਮ ਭੂਮਿਕਾ ਨਿਭਾ ਸਕਦਾ ਹੈ।

ਸਭ ਤੋਂ ਪਹਿਲਾਂ ਨਿਊ ਯਾਰਕ ਦੀਆਂ ਅਹਿਮ ਸ਼ਖਸੀਅਤਾਂ-ਤੇਜੀ ਬਿੰਦਰਾ ਤੇ ਬੀ. ਜੇ. ਸਿੰਘ ਨੇ ਅੰਮ੍ਰਿਤਾ ਪ੍ਰੀਤਮ ਦੀ ਤਸਵੀਰ ਤੋਂ ਪਰਦਾ ਹਟਾਇਆ ਅਤੇ ਸ਼ਮਾ ਰੌਸ਼ਨ ਕੀਤੀ। ਉਪਰੰਤ ਉਘੇ ਨਿਰਦੇਸ਼ਕ ਤੇ ਫਿਲਮਕਾਰ ਹਰਜੀਤ ਸਿੰਘ ਨੇ ਅੰਮ੍ਰਿਤਾ ਪ੍ਰੀਤਮ ਦੀ ਪ੍ਰਸਿੱਧ ਨਜ਼ਮ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਦਾ ਫਿਲਮਾਂਕਣ ਪੇਸ਼ ਕੀਤਾ। ਇਹ ਨਜ਼ਮ ਵਡਾਲੀ ਭਰਾਵਾਂ ਨੇ ਬਹੁਤ ਹੀ ਰੁਦਨ ਭਰੇ ਅੰਦਾਜ਼ ਵਿਚ ਗਾਈ ਹੈ।

ਸੂਫੀ ਮੁਸ਼ਤਾਕ ਨੇ ਪੰਜਾਬ, ਪੰਜਾਬੀ ਜ਼ੁਬਾਨ ਅਤੇ ਅੰਮ੍ਰਿਤਾ ਪ੍ਰੀਤਮ ਬਾਰੇ ਬੇਹੱਦ ਸਾਰਥਕ ਵਿਚਾਰ ਪੇਸ਼ ਕੀਤੇ। ਪਾਕਿਸਤਾਨ ਪੰਜਾਬ ਦੀ ਨੁਮਾਇੰਦਗੀ ਕਰਦਿਆਂ ਚਿੰਤਕ ਵਕੀਲ ਅੰਸਾਰੀ ਨੇ ਕਿਹਾ ਕਿ ਇਹ 'ਲਿਟਰੇਰੀ ਕੋਰੀਡੋਰ' ਲਗਾਤਾਰ ਬਣਿਆ ਰਹਿਣਾ ਚਾਹੀਦਾ ਹੈ।

ਪੱਤਰਕਾਰ, ਲੇਖਕ ਅਤੇ ਸੰਪਾਦਕ ਸਿੱਧੂ ਦਮਦਮੀ ਨੇ ਅੰਮ੍ਰਿਤਾ ਪ੍ਰੀਤਮ ਨਾਲ ਬਿਤਾਏ ਪਲਾਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਨਵੇਂ ਲੇਖਕਾਂ ਨੂੰ ਉਤਸ਼ਾਹਿਤ ਕਰਨ ਲਈ 'ਨਾਗਮਣੀ' ਰਿਸਾਲੇ ਦੇ ਯੋਗਦਾਨ ਦਾ ਜ਼ਿਕਰ ਕੀਤਾ। ਫਿਲਮਕਾਰ ਹਰਜੀਤ ਸਿੰਘ ਨੇ ਦੱਸਿਆ ਕਿ ਅੰਮ੍ਰਿਤਾ ਪ੍ਰੀਤਮ ਨੇ ਮੌਲਿਕ ਸਾਹਿਤ ਦੀ ਰਚਨਾ ਤਾਂ ਕੀਤੀ ਹੀ, ਉਸ ਨੇ ਦੁਨੀਆਂ ਦੇ ਸਾਹਿਤ ਦਾ ਅਨੁਵਾਦ ਕਰ ਕੇ ਵੀ ਪੰਜਾਬੀ ਜ਼ੁਬਾਨ ਨੂੰ ਅਮੀਰ ਕੀਤਾ।

ਸੁਰਜੀਤ ਪਾਤਰ ਨੇ ਕਾਵਿਕ ਅੰਦਾਜ਼ ਵਿਚ ਗੱਲ ਕਰਦਿਆਂ ਕਿਹਾ ਕਿ ਅੰਮ੍ਰਿਤਾ ਨੇ ਔਰਤ ਦੇ ਦਿਲ ਨੂੰ ਜ਼ੁਬਾਨ ਲਾਈ ਹੈ। ਔਰਤ ਦੇ ਜਜ਼ਬਿਆਂ ਨੂੰ ਆਪਣੀਆਂ ਰਚਨਾਵਾਂ ਰਾਹੀਂ ਪੇਸ਼ ਕੀਤਾ। ਕੁਰੂਕਸ਼ੇਤਰ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਸਾਬਕਾ ਮੁਖੀ ਡਾ. ਹਰਸਿਮਰਨ ਸਿੰਘ ਰੰਧਾਵਾ ਨੇ ਸੰਖੇਪ ਵਿਚ ਅੰਮ੍ਰਿਤਾ ਪ੍ਰੀਤਮ ਦੇ ਜੀਵਨ, ਰਚਨਾਵਾਂ ਤੇ ਪੰਜਾਬੀ ਸਾਹਿਤ ਨੂੰ ਦੇਣ ਦਾ ਮੁਲਾਂਕਣ ਕੀਤਾ। ਕੈਨੇਡਾ ਤੋਂ ਪਹੁੰਚੀ 'ਰੇਡੀਓ ਅਪਨਾ' ਦੀ ਐਂਕਰ ਮਨਧੀਰ ਮਨੂੰ ਨੇ ਅੰਮ੍ਰਿਤਾ ਦੀ ਖੁੱਲ੍ਹੀ ਕਿਤਾਬ ਵਰਗੀ ਜ਼ਿੰਦਗੀ ਦਾ ਚਰਚਾ ਛੇੜਿਆ।

ਇਸ ਮਗਰੋਂ ਸੁਰਜੀਤ ਪਾਤਰ ਦੀ ਸਕਰਿਪਟ ਦੇ ਆਧਾਰ 'ਤੇ ਅੰਮ੍ਰਿਤਾ ਪ੍ਰੀਤਮ ਬਾਰੇ ਕਈ ਵਰ੍ਹੇ ਪਹਿਲਾਂ ਜਸਵੰਤ ਦੀਦ ਵਲੋਂ ਬਣਾਈ ਗਈ ਡਾਕੂਮੈਂਟਰੀ ਫਿਲਮ ਦਿਖਾਈ ਗਈ।

ਅੰਮ੍ਰਿਤਾ ਨੂੰ ਅਕੀਦਤ ਪੇਸ਼ ਕਰਨ ਲਈ ਹੋਏ ਕਵੀ ਦਰਬਾਰ ਸਮੇਂ ਪ੍ਰਧਾਨਗੀ ਮੰਡਲ ਵਿਚ ਸੁਰਜੀਤ ਪਾਤਰ, ਨਵਤੇਜ ਭਾਰਤੀ, ਸਿੱਧੂ ਦਮਦਮੀ, ਤਾਹਿਰਾ ਸਰਾ, ਕੁਲਵਿੰਦਰ ਅਤੇ ਡਾ. ਹਰਸਿਮਰਨ ਸਿੰਘ ਰੰਧਾਵਾ ਸੁਸ਼ੋਭਿਤ ਸਨ। ਕਵੀ ਦਰਬਾਰ ਨੂੰ ਵੀ 'ਸਾਹਿਤਕ ਲਾਂਘੇ' ਦੀ ਦਿੱਖ ਦੇਣ ਲਈ ਦੋਹਾਂ ਪੰਜਾਬਾਂ ਦੇ ਸ਼ਾਇਰ ਪੇਸ਼ ਹੋਏ, ਜਿਨ੍ਹਾਂ ਵਿਚ ਇਜਾਜ਼ ਭੱਟੀ, ਰਾਜਾ ਅਵੈਸ, ਡਾ. ਸ਼ਸ਼ੀ ਕਾਂਤ ਉਪਲ, ਕੁਲਵਿੰਦਰ, ਰਾਮਜੀ ਦਾਸ ਸੇਠੀ, ਸਿੱਧੂ ਦਮਦਮੀ, ਅਰੂਜ ਰਾਜਪੂਤ, ਤਾਹਿਰਾ ਸਰਾ, ਨਵਤੇਜ ਭਾਰਤੀ ਅਤੇ ਸੁਰਜੀਤ ਪਾਤਰ ਨੇ ਆਪਣਾ ਉਮਦਾ ਕਲਾਮ ਪੇਸ਼ ਕੀਤਾ।

ਅਖੀਰ ਵਿਚ ਸੁਰਜੀਤ ਪਾਤਰ, ਨਵਤੇਜ ਭਾਰਤੀ, ਤਾਹਿਰਾ ਸਰਾ, ਸਿੱਧੂ ਦਮਦਮੀ, ਕੁਲਵਿੰਦਰ, ਹਰਜੀਤ ਸਿੰਘ, ਸੁਰਿੰਦਰ ਸੋਹਲ ਅਤੇ ਡਾ. ਹਰਸਿਮਰਨ ਸਿੰਘ ਰੰਧਾਵਾ ਨੂੰ ਸਨਮਾਨ ਚਿੰਨ੍ਹ ਤੇ ਇਕ-ਇਕ ਲੋਈ ਭੇਟ ਕਰਨ ਦੀ ਰਸਮ 'ਵਿਸ਼ਵ ਪੰਜਾਬੀ ਸੰਮੇਲਨ' ਦੇ ਪ੍ਰਬੰਧਕ ਬਲਦੇਵ ਸਿੰਘ ਗਰੇਵਾਲ, ਸੁੰਮਨ ਗਰੇਵਾਲ, ਵਕੀਲ ਅੰਸਾਰੀ, ਫਈਆਜ਼ ਨਵਾਜ਼ ਚੁਗਤਾਈ ਨੇ ਅਦਾ ਕੀਤੀ। ਮੰਚ ਸੰਚਾਲਨ ਅਰੂਜ ਰਾਜਪੂਤ ਅਤੇ ਸੁਰਿੰਦਰ ਸੋਹਲ ਨੇ ਕੀਤਾ।



*ਅੰਮ੍ਰਿਤਾ ਪ੍ਰੀਤਮ ਦੀ ਜਨਮ ਸ਼ਤਾਬਦੀ ਵੇਲੇ ਕਰਵਾਏ ਗਏ 'ਵਿਸ਼ਵ ਪੰਜਾਬੀ ਸੰਮੇਲਨ' ਵਿਚ ਭਾਗ ਲੈਣ ਵਾਲੇ ਬੁਲਾਰੇ। (ਉਪਰ-ਖੱਬਿਓਂ ਸੱਜੇ) ਸੁਰਜੀਤ ਪਾਤਰ, ਨਵਤੇਜ ਭਾਰਤੀ, ਡਾ. ਹਰਸਿਮਰਨ ਸਿੰਘ ਰੰਧਾਵਾ, ਡਾ. ਹਰਜੀਤ ਸਿੰਘ, ਸੂਫੀ ਮੁਸ਼ਤਾਕ, ਸਿੱਧੂ ਦਮਦਮੀ, ਵਕੀਲ ਅੰਸਾਰੀ। (ਹੇਠਾਂ-ਖੱਬਿਓਂ ਸੱਜੇ) ਤਾਹਿਰਾ ਸਰਾ, ਅਰੂਜ ਰਾਜਪੂਤ, ਕੁਲਵਿੰਦਰ, ਡਾ. ਸ਼ਸ਼ੀ ਕਾਂਤ ਉਪਲ, ਸੁਰਿੰਦਰ ਸੋਹਲ, ਰਾਮਜੀ ਦਾਸ ਸੇਠੀ ਅਤੇ ਬਲਦੇਵ ਸਿੰਘ ਗਰੇਵਾਲ।*



*ਸਨਮਾਨ ਚਿੰਨ੍ਹ ਲੈਂਦੇ ਹੋਏ ਸੁਰਜੀਤ ਪਾਤਰ।*

# ਕਪੂਰਥਲਾ ਸਪੋਰਟਸ ਕਲੱਬ ਦਾ ਅੱਠਵਾਂ ਇਤਿਹਾਸਕ ਖੇਡ ਮੇਲਾ

**ਨਿਊ ਯਾਰਕ (ਨਵਜੋਤ ਜੱਬੋਵਾਲੀਆ):** ਸਥਾਨਕ ਖੇਡ ਸੰਸਥਾ ਕਪੂਰਥਲਾ ਸਪੋਰਟਸ ਅਤੇ ਕਲਚਰਲ ਕਲੱਬ ਵਲੋਂ ਪਿਛਲੇ ਦਿਨੀਂ ਕਰਵਾਏ ਗਏ ਅੱਠਵੇਂ ਖੇਡ ਮੇਲੇ ਦੌਰਾਨ ਨਿਊ ਯਾਰਕ ਵਾਸੀਆਂ ਨੇ ਜਿਥੇ ਖੇਡਾਂ ਦਾ ਅਨੰਦ ਮਾਣਿਆ, ਉਥੇ ਖਾਣਿਆਂ ਦਾ ਵੀ ਭਰਪੂਰ ਲੁਤਫ ਲਿਆ। ਮਾਰਟਨ ਵੈਨ ਬੂਰੈਨ ਹਾਈ ਸਕੂਲ ਦੀ ਗਰਾਂਊਂਡ ਵਿਚ ਹੋਏ ਇਸ ਖੇਡ ਮੇਲੇ ਦੌਰਾਨ ਟਰਾਈ ਸਟੇਟ ਦੀਆਂ ਟੀਮਾਂ ਨੇ ਵਧ-ਚੜ੍ਹ ਕੇ ਹਿੱਸਾ ਲਿਆ।

ਇਸ ਮੌਕੇ ਲੜਕਿਆਂ ਦੇ ਫੁੱਟਬਾਲ, ਬਾਸਕਿਟਬਾਲ ਅਤੇ ਵਾਲੀਬਾਲ ਤੋਂ ਇਲਾਵਾ ਬੱਚਿਆਂ ਦੀਆਂ ਦੌੜਾਂ ਅਤੇ ਔਰਤਾਂ ਦੀਆਂ ਚਾਟੀ ਰੇਸ, ਮਿਊਜ਼ੀਕਲ ਚੇਅਰ ਰੇਸ ਅਤੇ ਰੱਸਾਕਸ਼ੀ ਦੇ ਦਿਲਚਸਪ ਮੁਕਾਬਲੇ ਹੋਏ। ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੀਆਂ ਜੇਤੂ ਔਰਤਾਂ ਨੂੰ ਟਰਾਫੀਆਂ ਅਤੇ ਮੈਡਲ ਦੇ ਕੇ ਸਨਮਾਨ ਕੀਤਾ ਗਿਆ। ਹਿੱਸਾ ਲੈਣ ਵਾਲੇ ਹਰ ਬੱਚੇ ਨੂੰ ਮੈਡਲ ਦਿੱਤੇ ਗਏ। ਰੱਸਾਕਸ਼ੀ ਵਿਚ ਜੇਤੂ ਲੜਕੇ ਤੇ ਲੜਕੀਆਂ ਨੂੰ ਮਾਣ ਬਖਸ਼ਿਆ ਗਿਆ। ਸ਼ਾਟ-ਪੁੱਟ ਦੇ ਜੇਤੂ ਖਿਡਾਰੀਆਂ ਨੂੰ ਟਰਾਫੀਆਂ ਦਿਤੀਆਂ ਗਈਆਂ। ਖਿਡਾਰੀਆਂ ਨੂੰ ਟਰਾਫੀਆਂ ਦੇ ਨਾਲ ਨਾਲ ਨਕਦ ਇਨਾਮ ਵੀ ਦਿੱਤੇ ਗਏ।

ਫੁੱਟਬਾਲ ਦੇ ਤਕੜੇ ਮੁਕਾਬਲੇ ਹੋਏ। ਭਾਰਤ ਪਹਿਲੇ ਤੇ ਮਿਸਰ ਦੂਜੇ ਥਾਂ ਰਹੇ। ਬਾਸਕਿਟਬਾਲ ਦੇ ਗਹਿਗਚ ਮੁਕਾਬਲਿਆਂ ਵਿਚ ਨਿਊ ਜਰਸੀ ਪਹਿਲੇ ਅਤੇ 'ਸੂਰਮੇ' ਕਲੱਬ ਦੇ ਗੱਭਰੂ ਦੂਜੀ ਥਾਂ ਰਹੇ। ਵਾਲੀਬਾਲ ਮੁਕਾਬਲਿਆਂ ਵਿਚ ਕੇਰਲਾ ਅਤੇ ਕਪੂਰਥਲਾ ਸਪੋਰਟਸ ਕਲੱਬ ਨੇ ਕ੍ਰਮਵਾਰ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕੀਤਾ।

ਪੰਜਾਬੀ ਪਰਿਵਾਰਾਂ ਤੋਂ ਇਲਾਵਾ ਅਫਗਾਨੀ ਮੂਲ ਦੀਆਂ ਔਰਤਾਂ ਅਤੇ ਬੱਚਿਆਂ ਨੇ ਵੀ ਖੇਡਾਂ ਵਿਚ ਹਿੱਸਾ ਲਿਆ। ਔਰਤਾਂ ਦੇ ਬੈਠਣ ਲਈ ਵੱਖਰਾ ਪ੍ਰਬੰਧ ਸੀ। ਅੱਤ ਦੀ ਗਰਮੀ ਦੇ ਬਾਵਜੂਦ ਦਰਸ਼ਕਾਂ ਨੇ ਵਾਹਵਾ ਅਨੰਦ ਮਾਣਿਆ। ਖਾਣ-ਪੀਣ ਦੀ ਕੋਈ ਕਮੀ ਨਹੀਂ ਸੀ। ਕਪੂਰਥਲਾ ਸਪੋਰਟਸ ਕਲੱਬ ਵਲੋਂ ਪਾਣੀ ਤੇ ਸੈਂਡਵਿਚ, ਮੁਕਤੀ ਪੈਟਰੋਲੀਅਮ ਵਾਲੇ ਚਰਨਜੀਤ ਚੰਨੀ ਵਲੋਂ ਪਾਣੀ, ਪਰਗਣ ਸਿੰਘ ਔਜਲਾ ਵਲੋਂ ਸੋਡਾ ਤੇ ਗੈਟੋਰੇਡ, ਟੀ. ਜੇ. ਆਟੋ ਬਾਡੀ ਵਾਲੇ ਮੋਹਣ ਸਿੰਘ ਮੋਹਣਾ ਵਲੋਂ ਚਾਹ, ਸੂਰੀਆ ਸਵੀਟਸ ਵਲੋਂ ਸਮੋਸੇ, ਪਾਪਾ ਜੌਨ ਅਤੇ ਸ਼ਿਕਾਗੋ ਵਾਲਿਆਂ ਵਲੋਂ ਪੀਜ਼ੇ ਅਤੇ ਹੋਰ ਖਾਣਿਆਂ ਦਾ ਵਧੀਆ ਪ੍ਰਬੰਧ ਸੀ।

ਖੇਡ ਮੇਲੇ ਦੇ ਮੁਖ ਮਹਿਮਾਨ ਸ਼ਾਟ ਪੁੱਟ ਦੇ ਓਲੰਪੀਅਨ ਖਿਡਾਰੀ ਸ. ਇਕਬਾਲ ਸਿੰਘ ਬੋਪਾਰਾਏ ਸਨ। ਭਾਰਤੀ ਸ਼ਾਟ ਪੁੱਟ ਦੇ ਦੋ ਵਾਰ ਓਲੰਪੀਅਨ ਖਿਡਾਰੀ ਸ਼ਕਤੀ ਸਿੰਘ ਤੇ ਭਾਰਤ ਦੇ ਟ੍ਰਿਪਲ ਜੰਪਰ ਸ. ਸਤਨਾਮ ਸਿੰਘ ਬਾਠ ਵੀ ਇਸ ਖੇਡ ਮੇਲੇ ਦੀ ਸ਼ਾਨ ਬਣੇ। ਦਰਸ਼ਕਾਂ ਨੇ ਵੀ ਭਾਰਤ ਦੇ ਓਲੰਪੀਅਨ ਖਿਡਾਰੀਆਂ ਨੂੰ ਅੱਖਾਂ 'ਤੇ ਬਿਠਾ ਕੇ ਵਡਮੁੱਲਾ ਪਿਆਰ ਦਿਤਾ। ਮੀਡੀਏ ਵਾਲਿਆਂ ਨੇ ਵੀ ਕੰਮ ਖਿੱਚੀ ਰੱਖਿਆ। 'ਗਰਵ ਪੰਜਾਬ' ਵਲੋਂ ਟੀਟੂ ਬਾਦਲੀਆ ਤੇ ਮਨੀਸ਼ ਬਿਆਲਾ ਖੇਡ ਮੇਲੇ ਦਾ ਨਾਲੋ ਨਾਲ ਪ੍ਰਸਾਰਣ ਕਰਦੇ ਰਹੇ। ਪੀ. ਟੀ. ਸੀ. ਵਲੋਂ ਬਲਵੰਤ ਹੋਠੀ ਤੇ ਗਲੋਬਲ ਪੰਜਾਬ ਵਲੋਂ ਗਿੱਲ ਪ੍ਰਦੀਪ ਵੀ ਖੇਡ ਮੇਲੇ ਦੇ ਕਲਿਪ ਲੈਂਦੇ ਰਹੇ। 'ਆਪਣਾ ਵਿਰਸਾ' ਦੇ ਸਾਊਂਡ ਸਿਸਟਮ ਨੇ ਐਤਕੀਂ ਕਮਾਲਾਂ ਕਰ ਦਿਤੀਆਂ। ਇਕਬਾਲ ਜੱਬੋਵਾਲੀਆ ਨੇ ਮੰਚ ਸੰਚਾਲਨ ਤੇ ਪ੍ਰੈਸ ਰਿਪੋਟਰ ਦੀ ਸੇਵਾ ਨਿਭਾਈ।

ਕਲੱਬ ਦੇ ਅਹੁਦੇਦਾਰਾਂ-ਜਗਤਾਰ ਸਿੰਘ ਕਾਰੀ, ਜਸਵੰਤ ਸਿੰਘ ਬੱਲ, ਰਾਜਿੰਦਰ ਕੁਮਾਰ ਬੇਵੀ, ਮੰਗਲ ਸਿੰਘ ਮੰਗਾ, ਸੁਖਦੇਵ ਸਿੰਘ ਮੱਟੂ ਅਤੇ ਸਮੂਹ ਮੈਂਬਰਾਂ ਨੇ ਖੇਡ ਮੇਲੇ ਦੀ ਬੇਹੱਦ ਸਫਲਤਾ ਲਈ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ, ਜਥੇਬੰਦੀਆਂ, ਸੰਸਥਾਵਾਂ, ਖੇਡ ਕਲੱਬਾਂ, ਦਾਨੀ ਸੱਜਣਾਂ, ਨਿਊ ਯਾਰਕ ਪੁਲਿਸ ਵਿਭਾਗ, ਪਾਰਕ ਸਿਕਿਊਰਿਟੀ ਵਿਭਾਗ ਅਤੇ ਸਮੂਹ ਦਰਸ਼ਕਾਂ ਦਾ ਧੰਨਵਾਦ ਕੀਤਾ। ਇਸ ਖੇਡ ਮੇਲੇ ਦੇ ਪ੍ਰਬੰਧਕਾਂ ਦੀ ਖਾਸੀਅਤ ਇਹ ਹੈ ਕਿ ਖੇਡਾਂ 'ਚ ਭਾਰਤ ਲਈ ਨਾਮਣਾ ਖੱਟ ਚੁਕੇ ਪੁਰਾਣੇ ਖਿਡਾਰੀਆਂ ਨੂੰ ਹਰ ਸਾਲ ਖੇਡ ਪ੍ਰੇਮੀਆਂ ਦੇ ਰੂਬਰੂ ਕੀਤਾ ਜਾਂਦਾ ਹੈ।







(ਹੋਰ ਤਸਵੀਰਾਂ ਸਫਾ 15 'ਤੇ ਦੇਖੋ)


## ਹਿੰਦੂ ਜਥੇਬੰਦੀਆਂ ਦੀ ਸ਼ਿਕਾਇਤ 'ਤੇ ਸਾਬਕਾ ਵਿਧਾਇਕ ਗ੍ਰਿਫਤਾਰ

**ਨਵਾਂਸ਼ਹਿਰ:** ਪੁਲਿਸ ਥਾਣਾ ਸਿਟੀ ਨਵਾਂਸ਼ਹਿਰ ਨੇ ਸਾਬਕਾ ਵਿਧਾਇਕ ਸ਼ਿੰਗਾਰਾ ਰਾਮ ਸਹੂੰਗੜਾ ਨੂੰ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਆਦਿ ਤਹਿਤ ਕੇਸ ਦਰਜ ਕਰ ਕੇ ਗ੍ਰਿਫਤਾਰ ਕਰ ਲਿਆ ਹੈ।

ਅਦਾਲਤ ਵੱਲੋਂ ਸਹੂੰਗੜਾ ਨੂੰ ਜੁਡੀਸ਼ਲ ਹਿਰਾਸਤ ਵਿਚ ਭੇਜ ਦਿੱਤਾ ਗਿਆ। ਦੂਜੇ ਪਾਸੇ ਸ੍ਰੀ ਸਹੂੰਗੜਾ ਦੀ ਗ੍ਰਿਫਤਾਰੀ ਤੋਂ ਬਾਅਦ ਰਵਿਦਾਸ ਭਾਈਚਾਰੇ ਵਿਚ ਗੁੱਸੇ ਦਾ ਲਾਵਾ ਫੁੱਟ ਪਿਆ ਹੈ ਅਤੇ ਉਨ੍ਹਾਂ ਵਲੋਂ ਜ਼ਿਲ੍ਹਾ ਪੁਲਿਸ ਮੁਖੀ ਦੇ ਦਫਤਰ ਅੱਗੇ ਧਰਨਾ ਦੇ ਕੇ ਆਵਾਜਾਈ ਨੂੰ ਰੋਕ ਦਿੱਤਾ ਹੈ। ਐਸ.ਪੀ. (ਤਫਤੀਸ਼) ਵਜ਼ੀਰ ਸਿੰਘ ਨੇ ਮੀਡੀਆ ਸਾਹਮਣੇ ਸਹੂੰਗੜਾ ਨੂੰ ਗ੍ਰਿਫਤਾਰ ਕਰਨ, ਮਾਮਲਾ ਦਰਜ ਕਰਨ ਅਤੇ ਜੁਡੀਸ਼ਲ ਹਿਰਾਸਤ ਵਿਚ ਭੇਜ ਦਿੱਤੇ ਜਾਣ ਤੋਂ ਵੱਧ ਕੁਝ ਨਹੀਂ ਆਖਿਆ ਹੈ। ਰਵਿਦਾਸ ਭਾਈਚਾਰੇ ਨਾਲ ਸਬੰਧਤ ਧਰਨਾਕਾਰੀ ਮੰਗ ਕਰ ਰਹੇ ਹਨ ਕਿ ਪੁਲਿਸ ਨੇ ਇਕਤਰਫਾ ਕਾਰਵਾਈ ਕੀਤੀ ਹੈ।

## ਰਾਜੀਵ ਗਾਂਧੀ ਦੇ 75ਵੇਂ ਜਨਮ ਦਿਨ 'ਤੇ ਸਮਾਗਮ 25 ਨੂੰ

**ਨਿਊ ਜਰਸੀ (ਬਿਊਰੋ):** ਭਾਰਤ ਦੇ 7ਵੇਂ ਪ੍ਰਧਾਨ ਮੰਤਰੀ ਮਰਹੂਮ ਰਾਜੀਵ ਗਾਂਧੀ ਦਾ 75ਵਾਂ ਜਨਮ ਦਿਨ ਇੰਡੀਅਨ ਓਵਰਸੀਜ਼ ਕਾਂਗਰਸ, ਅਮਰੀਕਾ ਵਲੋਂ 25 ਅਗਸਤ, ਐਤਵਾਰ ਨੂੰ ਇਥੇ ਰੋਇਲ ਗਰੈਂਡ ਮੈਨਰ ਬੈਂਕੁਇਟ (2863 ਵੁਡਰਿਜ ਐਵੇਨਿਊ, ਐਡੀਸਨ) ਵਿਚ ਦੁਪਹਿਰ 12 ਵਜੇ ਤੋਂ ਮਨਾਇਆ ਜਾਵੇਗਾ।



ਇੰਡੀਅਨ ਓਵਰਸੀਜ਼ ਕਾਂਗਰਸ, ਅਮਰੀਕਾ ਦੇ ਪ੍ਰਧਾਨ ਮਹਿੰਦਰ ਸਿੰਘ ਗਿਲਜ਼ੀਆਂ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮੌਕੇ ਇੰਡੀਅਨ ਓਵਰਸੀਜ਼ ਕਾਂਗਰਸ ਦੇ ਚੇਅਰਮੈਨ ਸੈਮ ਪਿਤਰੋਦਾ ਵਿਸ਼ੇਸ਼ ਮਹਿਮਾਨ ਹੋਣਗੇ। ਹੋਰ ਜਾਣਕਾਰੀ ਲਈ ਸ. ਗਿਲਜ਼ੀਆਂ ਨਾਲ ਫੋਨ: 646-732-5119 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਅਭਿਨੰਦਨ ਨੂੰ ਵੀਰ ਚੱਕਰ, ਪ੍ਰਕਾਸ਼ ਜਾਧਵ ਤੇ ਹਰਸ਼ਪਾਲ ਨੂੰ ਕੀਰਤੀ ਚੱਕਰ

**ਨਵੀਂ ਦਿੱਲੀ:** ਰਾਸ਼ਟਰਪਤੀ ਸ੍ਰੀ ਰਾਮ ਨਾਥ ਕੋਵਿੰਦ ਨੇ ਆਜ਼ਾਦੀ ਦਿਵਸ ਦੀ ਪੂਰਬਲੀ ਸ਼ਾਮ ਨੂੰ 132 ਬਹਾਦਰੀ ਪੁਰਸਕਾਰਾਂ ਤੇ ਹੋਰ ਸਨਮਾਨਾਂ ਲਈ ਪ੍ਰਵਾਨਗੀ ਦਿੱਤੀ। ਇਨ੍ਹਾਂ ਪੁਰਸਕਾਰਾਂ 'ਚ 2 ਕੀਰਤੀ ਚੱਕਰ, 1 ਵੀਰ ਚੱਕਰ, 14 ਸ਼ੌਰਿਆ ਚੱਕਰ, 8 ਬਾਰ ਟੂ ਸੈਨਾ ਮੈਡਲ (ਬਹਾਦਰੀ), 90 ਸੈਨਾ ਮੈਡਲ (ਬਹਾਦਰੀ), 5 ਹਵਾਈ ਸੈਨਾ ਮੈਡਲ (ਬਹਾਦਰੀ), 7 ਵਾਯੂ ਸੈਨਾ ਮੈਡਲ (ਬਹਾਦਰੀ) ਅਤੇ 5 ਯੁੱਧ ਸੇਵਾ ਮੈਡਲ ਸ਼ਾਮਲ ਹਨ।

ਪੁਲਵਾਮਾ ਹਮਲੇ ਤੋਂ ਬਾਅਦ ਬਾਲਾਕੋਟ ਹਵਾਈ ਹਮਲੇ ਨੂੰ ਅੰਜ਼ਾਮ ਦੇਣ ਵਾਲੇ ਕਈ ਜਾਂਬਾਜ਼ਾਂ ਨੂੰ ਇਸ ਵਾਰ ਬਹਾਦਰੀ ਪੁਰਸਕਾਰਾਂ ਨਾਲ ਨਿਵਾਜਿਆ ਜਾਵੇਗਾ, ਜਿਨ੍ਹਾਂ 'ਚ ਪਾਕਿਸਤਾਨ ਦੇ ਐੱਫ-16 ਜਹਾਜ਼ ਨੂੰ ਤਬਾਹ ਕਰਨ ਵਾਲੇ ਵਿੰਗ ਕਮਾਂਡਰ ਅਭਿਨੰਦਨ ਵਰਧਮਾਨ ਨੂੰ ਯੁੱਧ ਸਮੇਂ 'ਚ ਭਾਰਤ ਦੇ ਤੀਸਰੇ ਸਭ ਤੋਂ ਵੱਡੇ ਬਹਾਦਰੀ ਸਨਮਾਨ ਵੀਰ ਚੱਕਰ ਨਾਲ ਸਨਮਾਨਤ ਕੀਤਾ ਅਤੇ ਕੰਟਰੋਲ ਰੂਮ 'ਚ ਉਨ੍ਹਾਂ ਦੀ ਮਦਦਗਾਰ ਬਣੀ ਸੁਕੈਡਰਨ ਲੀਡਰ ਮਿੰਟੀ ਅਗਰਵਾਲ ਨੂੰ ਯੁੱਧ ਸੇਵਾ ਮੈਡਲ ਨਾਲ ਨਿਵਾਜਿਆ। ਇਸ ਤੋਂ ਇਲਾਵਾ ਬਾਲਾਕੋਟ 'ਚ ਅਤਿਵਾਦੀ ਧੜੇ ਜੈਸ਼-ਏ-ਮੁਹੰਮਦ ਦੇ ਟਿਕਾਣਿਆਂ 'ਤੇ ਹਮਲਾ ਕਰਨ ਵਾਲੇ ਮਿਰਾਜ ਲੜਾਕੂ ਜਹਾਜ਼ਾਂ ਦੇ ਪਾਇਲਟਾਂ ਨੂੰ ਵੀ ਬਹਾਦਰੀ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ। ਇਸ ਤੋਂ ਇਲਾਵਾ ਸੈਨਾ ਤੋਂ ਰਾਸ਼ਟਰੀ



ਰਾਈਫ਼ਲ ਦੇ ਸੈਪਰ ਪ੍ਰਕਾਸ਼ ਜਾਧਵ ਅਤੇ ਸੀ.ਆਰ.ਪੀ.ਐੱਫ਼. ਕਮਾਂਡੈਂਟ ਹਰਸ਼ਪਾਲ ਸਿੰਘ ਨੂੰ ਸ਼ਾਂਤੀ ਸਮੇਂ 'ਚ ਦੇਸ਼ ਦੇ ਸਭ ਤੋਂ ਵੱਡੇ ਦੂਸਰੇ ਪੁਰਸਕਾਰ ਕੀਰਤੀ ਚੱਕਰ ਨਾਲ ਸਨਮਾਨਿਤ ਕੀਤਾ।

ਸ਼ੌਰਿਆ ਚੱਕਰ ਹਾਸਲ ਕਰਨ ਵਾਲੇ ਜਾਂਬਾਜ਼ਾਂ 'ਚ ਲੈਫਟੀਨੈਂਟ ਕਰਨਲ ਅਜੈ ਸਿੰਘ ਕੁਸ਼ਵਾਹਾ, ਕੈਪਟਨ ਮਹੇਸ਼ ਕੁਮਾਰ ਭੂਰੇ ਅਤੇ ਰਾਈਫਲ ਮੈਨ ਅਜਵੀਰ ਸਿੰਘ ਚੌਹਾਨ ਸ਼ਾਮਲ ਹਨ, ਜਦਕਿ ਮੇਜਰ ਵਿਭੂਤੀ ਸ਼ੰਕਰ ਡੂੰਡੀਆਲ, ਲਾਂਸਨਾਇਕ ਸੰਦੀਪ ਸਿੰਘ, ਸਿਪਾਹੀ ਬ੍ਰਿਜੇਸ਼ ਕੁਮਾਰ, ਸਿਪਾਹੀ ਹਰੀ ਸਿੰਘ ਅਤੇ ਰਾਈਫਲਮੈਨ ਐੱਸ. ਸ਼ਿਵ ਕੁਮਾਰ ਨੂੰ ਇਹ ਸਨਮਾਨ ਮਰਨ ਉਪਰੰਤ ਪ੍ਰਦਾਨ ਕੀਤਾ।


# Matrimonials

## ਲੜਕੀ ਦੀ ਲੋੜ ਹੈ

ਰਵਿਦਾਸੀਆ ਸਿੱਖ ਲੜਕੇ, ਉਮਰ 44, 5'-7", ਕਲੀਨ ਸ਼ੇਵ, ਵੈਸ਼ਨੂੰ, ਚੰਗੀ ਜੌਬ ਕਰਦੇ ਅਮਰੀਕਨ ਇਮੀਗਰਾਂਟ ਲੜਕੇ ਲਈ ਅਮਰੀਕਨ ਸਿਟੀਜ਼ਨ ਜਾਂ ਵਿਜ਼ਿਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 916-730-8029

33-36

Looking for a suitable girl for Ramgarhia Sikh boy 31 yrs, 5'-10", working at a very reputed IT company in San Jose, California. Caste no bar. Pl contact: psingh03850@gmail.com or Ph: 512-806-4053

punjabtimesusa.com

## ਲੜਕੇ ਦੀ ਲੋੜ ਹੈ

Wanted suitable match for Sikh Ramgarhia girl, 31 yrs, 5'-3", working as Radiation Oncology Physicist in USA. Email Bio-data & photo: quest4singh@gmail.com

32-

Wanted suitable match from USA or Canada for a Canadian citizen Kamboj Chandi girl 26 yrs, 5'-2", B Tech. net working as senior consultant. Father vet doctor (retired), Mother retired colonel from defense. Pl respond with photo and bio-data at email: chandi.avtar@yahoo.com or Ph: 780-200-8082

32-33

## ਜੀਵਨ ਸਾਥੀ ਦੀ ਲੋੜ ਹੈ

ਇੰਡੀਆ ਰਹਿੰਦੀ ਜੱਟ ਸਿੱਖ 40 ਸਾਲਾ ਕੱਦ 5' 2" ਵਿਧਵਾ ਲਈ ਅਮਰੀਕਨ ਸਿਟੀਜ਼ਨ ਤਲਾਕਸ਼ੁਦਾ ਜਾਂ ਅਣਵਿਆਹੇ ਜੀਵਨ ਸਾਥੀ ਦੀ ਲੋੜ ਹੈ, ਜੋ 35 ਤੋਂ 45 ਸਾਲ ਦਾ ਹੋਵੇ। ਆਪਣੇ ਬੱਚੇ ਹੋਣ ਤਾਂ ਕੋਈ ਗੱਲ ਨਹੀਂ, ਪਰ ਹੋਰ ਬੱਚਾ ਨਾ ਚਾਹੁੰਦਾ ਹੋਵੇ। ਲੜਕੀ ਦੀਆਂ 4 ਤੇ 12 ਸਾਲ ਦੀਆਂ ਦੋ ਬੇਟੀਆਂ ਹਨ, ਅਤੇ ਉਸ ਦੇ ਨਾਂ 5 ਕਿੱਲੇ ਜ਼ਮੀਨ ਹੈ। ਉਹ ਮਾਪਿਆਂ ਦੀ ਸੇਵਾ ਅਤੇ ਪਰਿਵਾਰ ਨਾਲ ਤੇਹ-ਮੋਹ ਕਰਨ ਵਾਲੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਲੜਕੀ ਦਾ ਭਰਾ ਅਮਰੀਕਾ ਵਿਚ ਵੈਲ ਸੈਟਲਡ ਹੈ ਅਤੇ ਉਸ ਦਾ ਚੰਗਾ ਬਿਜਨਸ ਹੈ। ਲੋੜਵੰਦ ਅਤੇ ਮਿਹਨਤੀ ਲੜਕੇ ਦੀ ਸੈਟ ਕਰਨ ਵਿਚ ਮਦਦ ਕੀਤੀ ਜਾ ਸਕਦੀ ਹੈ। ਗੰਭੀਰ ਤੇ ਲੋੜਵੰਦ ਵੇਰਵੇ ਅਤੇ ਫੋਟੋ ਸਮੇਤ ਸੰਪਰਕ ਕਰਨ। ਈਮੇਲ: jhajjkaur2501@yahoo.com

34-37



# ਤੰਦੂਰੀਏ, ਵੇਟਰ ਅਤੇ ਹੈਲਪਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਵੇਟਰ ਅਤੇ ਹੈਲਪਰ ਦੀ ਲੋੜ ਹੈ।



ਮੁਫਤ ਖਾਣਾ ਤੇ ਹੋਰ ਸਹੂਲਤਾਂ

*ਸੰਪਰਕ ਕਰੋ: ਮਿਸਟਰ ਸਿੰਘ*

**ਫੋਨ: 608-886-2500**

32-34


# ਗੈਂਗਸਟਰ ਸੁੱਖਪ੍ਰੀਤ ਬੁੱਢਾ ਰੋਮਾਨੀਆ 'ਚੋਂ ਗ੍ਰਿਫਤਾਰ

**ਲੁਧਿਆਣਾ:** ਪੰਜਾਬ ਪੁਲਿਸ ਨੇ ਇੰਟਰਪੋਲ ਦੀ ਮਦਦ ਨਾਲ ਗੈਂਗਸਟਰ ਸੁਖਪ੍ਰੀਤ ਬੁੱਢਾ ਨੂੰ ਰੋਮਾਨੀਆ ਵਿਚੋਂ ਗ੍ਰਿਫਤਾਰ ਕਰ ਲਿਆ ਹੈ। ਪੰਜਾਬ ਪੁਲਿਸ ਦੀ ਟੀਮ ਉਸ ਨੂੰ ਗ੍ਰਿਫਤਾਰ ਕਰਨ ਲਈ ਰੋਮਾਨੀਆ ਗਈ ਸੀ। ਉਸ ਨੂੰ ਕਾਬੂ ਕਰਨ ਵਿਚ ਪੰਜਾਬ ਪੁਲਿਸ ਦੇ ਸਾਈਬਰ ਸੈੱਲ ਦਾ ਵਿਸ਼ੇਸ਼ ਯੋਗਦਾਨ ਹੈ। ਜਦੋਂ ਇੰਟਰਪੋਲ ਅਤੇ ਪੰਜਾਬ ਪੁਲਿਸ ਦੀ ਟੀਮ ਨੇ ਉਸ ਦੀ ਛੁਪਣਗਾਹ 'ਤੇ ਛਾਪਾ ਮਾਰਿਆ ਤਾਂ ਇਕ ਹੋਰ ਗੈਂਗਸਟਰ ਵੀ ਉਸ ਦੇ ਘਰ ਮੌਜੂਦ ਸੀ ਅਤੇ ਉਹ ਵੀ ਪੁਲਿਸ ਦੇ ਕਾਬੂ ਆ ਗਿਆ ਹੈ। ਬੁੱਢਾ ਤੋਂ ਪੁੱਛਗਿੱਛ ਦੌਰਾਨ ਕਈ ਖੁਲਾਸੇ ਹੋਣ ਦੀ ਉਮੀਦ ਕੀਤੀ ਜਾਂਦੀ ਹੈ।

ਸੁਖਪ੍ਰੀਤ ਬੁੱਢਾ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿਚ ਉਦਯੋਗਪਤੀਆਂ ਅਤੇ ਕਾਰੋਬਾਰੀਆਂ ਤੋਂ ਫਿਰੌਤੀਆਂ ਲੈਣ ਲਈ ਬਦਨਾਮ ਸੀ ਅਤੇ ਵੱਟਸਐਪ ਰਾਹੀਂ ਵਿਦੇਸ਼ੀ ਫੋਨ ਨੰਬਰ ਤੋਂ ਧਮਕੀਆਂ ਦਿੰਦਾ ਸੀ।

ਬੁੱਢਾ ਦੀ ਗ੍ਰਿਫਤਾਰੀ ਦੀ ਖਬਰ ਨਾਲ ਨਜ਼ਦੀਕੀ ਕਸਬਾ ਮੁੱਲਾਂਪੁਰ ਦੇ 12 ਤੋਂ ਵੱਧ ਵਪਾਰੀਆਂ ਨੇ ਇਕ ਵਾਰ ਸੁੱਖ ਦਾ ਸਾਹ ਲਿਆ ਹੈ, ਜਿਨ੍ਹਾਂ ਨੂੰ ਧਮਕੀਆਂ ਦੇ ਕੇ ਉਹ ਮੋਟੀਆਂ ਰਕਮਾਂ ਫਿਰੌਤੀ ਵਜੋਂ ਮੰਗਦਾ ਸੀ ਅਤੇ ਉਨ੍ਹਾਂ ਨੂੰ ਜਾਨ ਤੋਂ ਮਾਰਨ ਦੀਆਂ ਤੇ ਬੱਚੇ ਚੁੱਕਣ ਦੀਆਂ ਧਮਕੀਆਂ ਦਿੰਦਾ ਸੀ। ਉਹ ਦਵਿੰਦਰ ਬੰਬੀਹਾ ਦੀ 2016 ਵਿਚ ਮੌਤ ਤੋਂ ਬਾਅਦ ਬੰਬੀਹਾ ਗੈਂਗ ਦਾ ਸਰਗਣਾ ਬਣ ਗਿਆ ਸੀ। ਬੁੱਢਾ ਤੇ ਵਿੱਕੀ ਗੌਂਡਰ ਨੂੰ ਪੰਜਾਬ ਦੇ ਸਭ ਤੋਂ ਵੱਧ ਖਤਰਨਾਕ ਗੈਂਗਸਟਰ ਮੰਨਿਆ ਜਾਂਦਾ ਸੀ। ਉਸ ਵਿਰੁੱਧ 25 ਤੋਂ ਵੱਧ ਕੇਸ ਦਰਜ ਹਨ।

ਗੈਂਗਸਟਰ ਸੁਖਪ੍ਰੀਤ ਸਿੰਘ ਬੁੱਢਾ ਵਿਰੁੱਧ ਪਿਛਲੇ ਮਹੀਨੇ ਖਰੜ ਸਿਟੀ ਥਾਣੇ ਵਿਚ ਵੀ ਖਰੜ ਵਾਸੀ ਸ਼ਿਵ ਸੈਨਾ ਆਗੂ ਨਿਸ਼ਾਂਤ ਸ਼ਰਮਾ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਦੋਸ਼ ਅਧੀਨ ਕੇਸ ਦਰਜ ਹੈ। ਜ਼ਿਕਰਯੋਗ ਹੈ ਕਿ ਥਾਣਾ (ਸਿਟੀ) ਖਰੜ ਵਿਚ 20 ਜੁਲਾਈ ਨੂੰ ਨਿਸ਼ਾਂਤ ਸ਼ਰਮਾ ਨੇ ਸੁਖਪ੍ਰੀਤ ਸਿੰਘ ਬੁੱਢਾ ਵਿਰੁੱਧ ਉਸ ਨੂੰ ਮੋਬਾਈਲ ਫੋਨ ਉਤੇ ਧਮਕੀਆਂ ਦੇਣ ਦੇ ਦੋਸ਼ ਅਧੀਨ ਧਾਰਾ 307, 116, 506 ਅਤੇ 341 ਤਹਿਤ ਕੇਸ ਦਰਜ ਕੀਤਾ ਗਿਆ ਸੀ।

## ਕਪਿਲ ਮਿਸ਼ਰਾ ਤੇ ਰਿਚਾ ਪਾਂਡੇ ਭਾਜਪਾ 'ਚ ਸ਼ਾਮਲ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਵਿਚੋਂ ਕੱਢੇ ਤੇ ਦਿੱਲੀ ਵਿਧਾਨ ਸਭਾ ਤੋਂ ਬਰਖਾਸਤ ਕੀਤੇ ਗਏ ਸਾਬਕਾ ਵਿਧਾਇਕ ਕਪਿਲ ਮਿਸ਼ਰਾ ਆਖਰਕਾਰ ਭਾਜਪਾ ਵਿਚ ਸ਼ਾਮਲ ਹੋ ਗਏ ਹਨ। ਕਪਿਲ ਮਿਸ਼ਰਾ ਤੋਂ ਇਲਾਵਾ 'ਆਪ' ਦੇ ਮਹਿਲਾ ਵਿੰਗ ਦੀ ਮੁਖੀ ਰਿਚਾ ਪਾਂਡੇ ਵੀ ਭਾਜਪਾ ਵਿਚ ਸ਼ਾਮਲ ਹੋ ਗਈ ਹੈ।

ਸਾਬਕਾ ਵਿਧਾਇਕ ਮਿਸ਼ਰਾ ਬੀਤੇ ਦੋ ਸਾਲ ਤੋਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਖਿਲਾਫ ਲਗਾਤਾਰ ਬੋਲਦੇ ਆ ਰਹੇ ਸਨ ਤੇ ਉਨ੍ਹਾਂ ਨੇ ਲੋਕ ਸਭਾ ਚੋਣਾਂ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ ਵੀ ਪ੍ਰਚਾਰ ਕੀਤਾ ਸੀ। ਦਿੱਲੀ ਭਾਜਪਾ ਦੇ ਇੰਚਾਰਜ ਸ਼ਿਆਮ ਜਾਜੂ, ਭਾਜਪਾ ਪ੍ਰਦੇਸ਼ਕ ਪ੍ਰਧਾਨ ਮਨੋਜ ਤਿਵਾੜੀ, ਵਿਰੋਧੀ ਧਿਰ ਦੇ ਨੇਤਾ ਵਜਿੰਦਰ ਗੁਪਤਾ, ਸਾਬਕਾ ਕੇਂਦਰੀ ਮੰਤਰੀ ਵਿਜੈ ਗੋਇਲ ਤੇ ਹੋਰ ਆਗੂਆਂ ਨੇ ਕਪਿਲ ਤੇ ਰਿਚਾ ਪਾਂਡੇ ਨੂੰ ਭਾਜਪਾ ਵਿਚ ਸ਼ਾਮਲ ਕਰਨ ਦੀ ਰਸਮ ਪੂਰੀ ਕੀਤੀ।


## ਮੈਡੀਸਨ ਨੇੜੇ, ਵਿਸਕਾਨਸਿਨ ਵਿਚ

# ਗੈਸ ਸਟੇਸ਼ਨ ਵਿਕਾਊ ਹੈ

ਇਨਸਾਈਡ ਸੇਲ: ਔਸਤਨ $50,000 ਮਹੀਨਾ
ਗੈਸ ਸੇਲ: 15000 ਗੈਲਨ ਪ੍ਰਤੀ ਮਹੀਨਾ
ਪੀਜ਼ੇ ਲਈ ਕਿਚਨ, ਲਿੱਕਰ ਅਤੇ ਬੀਅਰ ਲਾਇਸੈਂਸ
ਦੋ ਬੈਡਰੂਮ ਦੀ ਰਿਹਾਇਸ਼, ਕਿਚਨ ਤੇ ਲਾਂਡਰੀ ਡਾਊਨਸਟੇਅਰ

**ਕੀਮਤ: $425000**

ਸੰਪਰਕ ਕਰੋ: ਗੁਰਮੀਤ ਸਿੰਘ

**ਫੋਨ: 608-843-6144**

31, 34, 36, 38



# ਰੈਸਟੋਰੈਂਟ ਸਟਾਫ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਸਟਾਫ ਦੀ ਲੋੜ ਹੈ
ਚੰਗੀ ਤਨਖਾਹ, ਖਾਣਾ ਤੇ ਰਿਹਾਇਸ਼ ਮੁਫਤ

*ਸੰਪਰਕ ਕਰੋ: ਮਿਸਟਰ ਸਿੰਘ*

**ਫੋਨ: 515-291-1961**

32-33



# ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।

*ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ*

*ਸੰਪਰਕ ਕਰੋ*

ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635

22+

# ਤੈਅ ਸਮੇਂ 'ਤੇ ਮੁਕੰਮਲ ਹੋਵੇਗਾ ਕਰਤਾਰਪੁਰ ਲਾਂਘੇ ਦਾ ਕੰਮ


**ਚੰਡੀਗੜ੍ਹ:** ਗੁਰੂ ਨਾਨਕ ਦੇਵ ਦਾ 550 ਸਾਲਾ ਪ੍ਰਕਾਸ਼ ਦਿਹਾੜਾ ਨਵੰਬਰ ਵਿਚ ਮਨਾਉਣ ਲਈ ਕੌਮਾਂਤਰੀ ਸੀਮਾ ਡੇਰਾ ਬਾਬਾ ਨਾਨਕ ਨੇੜੇ ਕਰਤਾਰਪੁਰ ਲਾਂਘੇ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ। ਉਂਜ ਸਿਆਸੀ ਆਗੂਆਂ ਅਤੇ ਨਿਰਮਾਣ ਕੰਪਨੀਆਂ ਦੇ ਉੱਚ ਅਹੁਦੇਦਾਰਾਂ ਵੱਲੋਂ ਇਹ ਕਾਰਜ 31 ਅਕਤੂਬਰ ਤੱਕ ਸੰਪੂਰਨ ਕਰਨ ਦੇ ਦਾਅਵੇ ਅਤੇ ਵਾਅਦੇ ਕੀਤੇ ਜਾ ਰਹੇ ਹਨ। ਪਾਕਿਸਤਾਨ ਤੋਂ ਪੰਜ ਮਹੀਨੇ ਪਛੜ ਕੇ ਭਾਰਤੀ ਖੇਤਰ ਵਿਚ ਸ਼ੁਰੂ ਹੋਇਆ ਲਾਂਘੇ ਦਾ ਕੰਮ 65 ਫੀਸਦੀ ਮੁਕੰਮਲ ਕਰ ਲਿਆ ਗਿਆ ਹੈ, ਜਦੋਂ ਕਿ ਪਾਕਿਸਤਾਨ 'ਚ ਲਾਂਘੇ ਦਾ ਕੰਮ ਲਗਭਗ 90 ਫੀਸਦ ਹੋ ਗਿਆ ਹੈ। ਇਧਰ, ਮਾਨਸੂਨ ਕਾਰਨ ਵੀ ਕੰਮ ਕੁਝ ਮੱਠਾ ਰਿਹਾ, ਜਿਸ ਵਿਚ ਆਉਂਦੇ ਦਿਨਾਂ 'ਚ ਤੇਜ਼ੀ ਆ ਸਕਦੀ ਹੈ।

ਹਲਕਾ ਡੇਰਾ ਬਾਬਾ ਨਾਨਕ ਤੋਂ ਵਿਧਾਇਕ ਤੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕੁਝ ਦਿਨ ਪਹਿਲਾਂ ਦੱਸਿਆ ਸੀ ਕਿ ਪੰਜਾਬ ਸਰਕਾਰ ਵੱਲੋਂ ਲਾਂਘੇ ਦੇ ਨਿਰਮਾਣ ਕਾਰਜਾਂ ਨੂੰ ਜਲਦ ਨੇਪਰੇ ਚਾੜ੍ਹਨ ਲਈ ਪੰਜ ਆਈ.ਏ.ਐਸ. ਅਧਿਕਾਰੀਆਂ ਦੀ ਡਿਊਟੀ ਲਗਾਈ ਗਈ ਹੈ, ਜੋ ਇਥੋਂ ਦੇ ਨਿਰਮਾਣ ਕਾਰਜਾਂ 'ਤੇ ਲਗਾਤਾਰ ਨਿਗਰਾਨੀ ਰੱਖਣਗੇ ਤੇ ਇਸ ਦੀ ਰਿਪੋਰਟ ਪੰਜਾਬ ਸਰਕਾਰ ਨੂੰ ਪੁੱਜਦੀ ਕਰਨਗੇ। ਸ੍ਰੀ ਰੰਧਾਵਾ ਨੇ ਦੱਸਿਆ ਕਿ ਜਿਨ੍ਹਾਂ ਪੰਜ ਅਧਿਕਾਰੀਆਂ ਦੀ ਡਿਊਟੀ ਲਗਾਈ ਹੈ, ਉਨ੍ਹਾਂ ਨੇ ਆਪੋ ਆਪਣੀ ਜ਼ਿੰਮੇਵਾਰੀ ਸੰਭਾਲ ਲਈ ਹੈ। ਇਸ ਦਾ ਮਨੋਰਥ ਲਾਂਘੇ ਨੂੰ 31 ਅਕਤੂਬਰ ਤੱਕ ਮੁਕੰਮਲ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਲਾਂਘੇ ਦਾ ਕੰਮ ਮਿਥੀ ਤਰੀਕ ਤੱਕ ਹਰ ਹਾਲਤ ਵਿਚ ਪੂਰਾ ਕਰ ਲਿਆ ਜਾਵੇਗਾ।

ਨਿਰਮਾਣ ਕੰਪਨੀ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਲੰਘੇ ਮਹੀਨੇ ਨਵੀਂ ਦਿੱਲੀ ਤੋਂ ਇਸ ਕਾਰਜ ਨੂੰ ਜਲਦ ਮੁਕੰਮਲ ਕਰਨ ਦਾ ਦਬਾਅ ਪੈਣ ਕਾਰਨ ਕਾਮਿਆਂ ਦੀ ਗਿਣਤੀ ਦੋ ਗੁਣਾ ਕਰ ਦਿੱਤੀ ਗਈ ਹੈ। ਅਸਲ ਵਿਚ ਭਾਰਤ 'ਚ ਲਾਂਘੇ ਦੇ ਨਿਰਮਾਣ ਕਾਰਜ ਪਛੜ ਕੇ ਸ਼ੁਰੂ ਹੋਏ ਸਨ। ਭਾਵੇਂ ਦੇਸ਼ ਦੇ ਉਪ ਰਾਸ਼ਟਰਪਤੀ ਵੈਂਕਈਆ ਨਾਇਡੂ ਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇ ਸਾਲ 26 ਨਵੰਬਰ ਨੂੰ ਕਰਤਾਰਪੁਰ ਲਾਂਘੇ ਦਾ ਰਸਮੀ ਨੀਂਹ ਪੱਥਰ ਰੱਖਿਆ ਸੀ ਤੇ ਪਾਕਿਸਤਾਨ ਵਾਲੇ ਪਾਸੇ ਇਹ ਕਾਰਜ ਨਵੰਬਰ ਮਹੀਨੇ ਦੇ ਆਖਰੀ ਦਿਨਾਂ ਵਿਚ ਸ਼ੁਰੂ ਕਰ ਦਿੱਤਾ ਗਿਆ ਸੀ ਜਦੋਂਕਿ ਡੇਰਾ ਬਾਬਾ ਨਾਨਕ ਵਿਚ ਇਹ ਕਾਰਜ 15 ਅਪਰੈਲ ਨੂੰ ਸ਼ੁਰੂ ਕੀਤਾ ਗਿਆ।

ਇਸੇ ਦੌਰਾਨ ਜ਼ਮੀਨ ਮਾਲਕ ਕਿਸਾਨਾਂ ਵੱਲੋਂ ਕਦੇ ਜ਼ਮੀਨ ਦੇ ਬਣਦੇ ਭਾਅ ਨਾ ਮਿਲਣਾ 'ਤੇ ਰੋਸ ਪ੍ਰਦਰਸ਼ਨ ਕਰਨੇ, ਕਦੇ ਲਾਂਘੇ ਦੇ ਨਿਰਮਾਣ ਕਾਰਜ (ਰਸਤੇ) ਵਿਚ ਕਿਸੇ ਫਕੀਰ ਦੀ 'ਜਗ੍ਹਾ' ਦਾ ਆਉਣਾ ਤੇ ਮਾਲਕਾਂ/ਪ੍ਰਬੰਧਕਾਂ ਵੱਲੋਂ ਵਿਰੋਧ ਜਤਾਉਣਾ ਤੇ ਫਿਰ ਸੰਤ ਸਰੋਵਰ ਮੰਦਰ ਦੇ ਕੁਝ ਹਿੱਸੇ ਨੂੰ ਹਟਾਉਣ ਦੇ ਕੰਮ ਦੌਰਾਨ ਵੀ ਰੁਕਾਵਟ ਪੈਦਾ ਹੋਣ ਵਰਗੇ ਹਾਲਾਤਾਂ ਨਾਲ ਵੀ ਨਿਰਮਾਣ ਕੰਪਨੀਆਂ ਦੇ ਕੰਮ ਵਿਚ ਵਿਘਨ ਪਿਆ। ਇਨ੍ਹਾਂ ਘਟਨਾਵਾਂ ਦਾ ਲਾਂਘੇ ਦੇ ਕੰਮ 'ਤੇ ਸਿੱਧੇ-ਅਸਿੱਧੇ ਢੰਗ ਨਾਲ ਪ੍ਰਭਾਵ ਪੈਣਾ ਸੁਭਾਵਿਕ ਸੀ।

ਕੇਂਦਰ ਸਰਕਾਰ ਵੱਲੋਂ ਜੰਮੂ ਕਸ਼ਮੀਰ ਵਿਚ ਧਾਰਾ 370 ਤੇ 35ਏ ਨੂੰ ਹਟਾਏ ਜਾਣ ਮਗਰੋਂ ਦੋਵਾਂ ਦੇਸ਼ਾਂ ਵਿਚ ਮਾਹੌਲ ਤਣਾਅਪੂਰਨ ਬਣਨ ਦੇ ਬਾਵਜੂਦ ਪਾਕਿਸਤਾਨ ਸਰਕਾਰ ਵੱਲੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਦੇ ਨਿਰਮਾਣ




ਕਾਰਜ ਚਾਲੂ ਰੱਖਣਾ, ਦੇਸ਼ ਵਿਦੇਸ਼ ਵਿਚ ਵਸਦੀਆਂ ਸੰਗਤਾਂ ਨੂੰ ਸੁਖਦ ਸੁਨੇਹਾ ਦੇਣ ਵਾਲੀ ਗੱਲ ਹੈ। ਡੇਰਾ ਬਾਬਾ ਨਾਨਕ ਤੋਂ ਗੁਰੂ ਨਾਨਕ ਦੇਵ ਦੇ 17ਵੇਂ ਵੰਸ਼ ਬਾਬਾ ਸੁਖਦੀਪ ਸਿੰਘ ਬੇਦੀ ਨੇ ਕਿਹਾ ਕਿ ਦੋਵਾਂ ਦੇਸ਼ਾਂ ਦਰਮਿਆਨ ਤਣਾਅਪੂਰਨ ਮਾਹੌਲ ਵਿਚ ਲਾਂਘੇ ਦੇ ਕਾਰਜ ਨਿਰਵਿਘਨ ਨੇਪਰੇ ਚਾੜ੍ਹਨ ਨਾਲ ਕਰੋੜਾਂ ਸੰਗਤਾਂ ਦੀਆਂ ਲੰਘੇ 72 ਸਾਲਾਂ ਤੋਂ ਕੀਤੀਆਂ ਜਾ ਰਹੀਆਂ ਅਰਦਾਸਾਂ ਪੂਰੀਆਂ ਹੋਣ ਜਾ ਰਹੀਆਂ ਹਨ। ਸੰਗਤ ਨੂੰ ਲੰਗਰ, ਰਿਹਾਇਸ਼ ਅਤੇ ਸਿਹਤ ਸਹੂਲਤਾਂ ਦੇਣ ਲਈ ਭਾਈ ਬਲਦੇਵ ਸਿੰਘ ਵਡਾਲਾ ਵੱਲੋਂ ਹੁਣ ਤੋਂ ਹੀ ਡੇਢ ਏਕੜ ਜ਼ਮੀਨ ਠੇਕੇ 'ਤੇ ਲੈ ਲਈ ਗਈ ਹੈ।

ਇਥੋਂ ਦੇ ਐਸ.ਜੀ.ਪੀ.ਸੀ. ਮੈਂਬਰ ਜਥੇਦਾਰ ਅਮਰੀਕ ਸਿੰਘ ਸ਼ਾਹਪੁਰ ਨੇ ਭਾਰਤ ਦੀ ਕੇਂਦਰ ਸਰਕਾਰ ਦੀ ਨੀਅਤ 'ਤੇ ਸ਼ੱਕ ਕਰਦਿਆਂ ਕਿਹਾ ਕਿ ਦੋਵਾਂ ਦੇਸ਼ਾਂ ਦੀਆਂ ਨਿਰਮਾਣ ਕੰਪਨੀਆਂ ਵੱਲੋਂ ਲਾਂਘੇ ਦੇ ਕੰਮ ਨੂੰ ਜੰਗੀ ਪੱਧਰ 'ਤੇ ਕੀਤਾ ਜਾ ਰਿਹਾ ਹੈ ਪਰ ਕੇਂਦਰ ਸਰਕਾਰ ਵੱਲੋਂ ਜੰਮੂ ਕਸ਼ਮੀਰ ਦਾ ਮਸਲਾ ਖੜ੍ਹਾ ਕਰ ਕੇ ਲਾਂਘੇ ਦੇ ਕੰਮ ਨੂੰ ਤਾਰਪੀਡੋ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ 'ਚ ਵਧਦੀ ਕੁੜੱਤਣ ਕਾਰਨ ਜੇ ਲਾਂਘੇ ਦੇ ਕੰਮ 'ਤੇ ਅਸਰ ਪੈਂਦਾ ਹੈ ਤਾਂ ਇਸ ਲਈ ਕੇਂਦਰ ਸਰਕਾਰ ਹੀ ਜ਼ਿੰਮੇਵਾਰ ਹੋਵੇਗੀ। ਲੰਘੇ 19 ਸਾਲਾਂ ਤੋਂ ਕਰਤਾਰਪੁਰ ਦਰਸ਼ਨ ਅਭਿਲਾਸ਼ੀ ਸੰਸਥਾ ਵੱਲੋਂ ਹਰ ਮੱਸਿਆ 'ਤੇ ਖੁੱਲ੍ਹੇ ਲਾਂਘੇ ਲਈ ਅਰਦਾਸ ਕਰਨ ਵਾਲੇ ਸੰਸਥਾ ਦੇ ਆਗੂ ਤੇ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਤੇ ਗੁਰਿੰਦਰ ਸਿੰਘ ਬਾਜਵਾ ਨੇ ਆਸ ਜਤਾਈ ਕਿ ਕਰਤਾਰਪੁਰ ਲਾਂਘਾ ਸ਼ੁਰੂ ਹੋਣ ਨਾਲ ਦੋਵਾਂ ਦੇਸ਼ਾਂ ਵਿਚ ਆਪਸੀ ਸਬੰਧ ਮਜ਼ਬੂਤ ਹੋਣਗੇ। ਨੈਸ਼ਨਲ ਹਾਈਵੇਅ ਅਥਾਰਟੀ ਆਫ ਇੰਡੀਆ ਅਤੇ ਲੈਂਡ ਪੋਰਟ ਅਥਾਰਟੀ ਆਫ ਇੰਡੀਆ ਦੇ ਉੱਚ ਅਧਿਕਾਰੀਆਂ ਨੇ ਦੱਸਿਆ ਕਿ ਸੀਮਾ ਨੇੜੇ ਯਾਤਰੂ ਕੰਪਲੈਕਸ ਤੋਂ ਇਲਾਵਾ ਇਮੀਗ੍ਰੇਸ਼ਨ ਦਫਤਰ, ਇੰਟੀਗ੍ਰੇਟਿਡ ਚੈੱਕ ਪੋਸਟ (ਆਈ.ਸੀ.ਪੀ.) ਦੀ ਬਿਲਡਿੰਗ ਤਿਆਰ ਹੋਵੇਗੀ।

ਦੱਸਣਯੋਗ ਹੈ ਕਿ 'ਡੇਰਾ ਬਾਬਾ ਨਾਨਕ ਉਤਸਵ' 5 ਤੋਂ 20 ਨਵੰਬਰ ਦੌਰਾਨ ਹੋ ਰਿਹਾ ਹੈ, ਜਿਸ ਵਿਚ ਸ਼ਬਦ, ਸੰਗੀਤ, ਕਵੀ ਦਰਬਾਰ ਹੋਵੇਗਾ ਤੇ ਭਾਰਤ ਦੇ ਦੂਸਰੇ ਰਾਜਾਂ ਵਿਚੋਂ ਧਾਰਮਿਕ ਸ਼ਖਸੀਅਤਾਂ ਆਉਣਗੀਆਂ ਅਤੇ 15 ਰਾਗਾਂ ਵਿਚ ਕੀਰਤਨ ਦਰਬਾਰ ਕਰਵਾਇਆ ਜਾਵੇਗਾ। ਹੱਥ ਲਿਖਤ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਅਤੇ ਸਾਖੀਆਂ ਸੰਗਤਾਂ ਦੇ ਦਰਸ਼ਨਾਂ ਨੂੰ ਲਿਆਂਦੀਆਂ ਜਾਣਗੀਆਂ। ਇਸ ਮੌਕੇ ਡੇਰਾ ਬਾਬਾ ਨਾਨਕ ਵਿਚ 'ਨਾਨਕ ਬਗੀਚੀ' ਸਥਾਪਤ ਕੀਤੀ ਜਾਵੇਗੀ।

# ਭਾਰਤ-ਪਾਕਿਸਤਾਨ ਤਣਾਅ ਨੇ ਲੀਹੋਂ ਲਾਹਿਆ ਦੁਵੱਲਾ ਵਪਾਰ

**ਅੰਮ੍ਰਿਤਸਰ:** ਭਾਰਤ ਅਤੇ ਪਾਕਿਸਤਾਨ ਵਿਚਾਲੇ ਅਟਾਰੀ-ਵਾਹਗਾ ਸਰਹੱਦ ਰਸਤੇ ਹੁੰਦਾ ਦੁਵੱਲਾ ਵਪਾਰ ਹਮੇਸ਼ਾ ਹੀ ਦੋਵਾਂ ਮੁਲਕਾਂ ਦੇ ਵਿਗੜਦੇ-ਸੁਧਰਦੇ ਆਪਸੀ ਰਿਸ਼ਤਿਆਂ 'ਤੇ ਨਿਰਭਰ ਰਿਹਾ ਹੈ, ਜਿਸ ਕਾਰਨ ਇਹ ਆਪਸੀ ਵਪਾਰ ਕਈ ਵਾਰ ਪ੍ਰਭਾਵਿਤ ਹੋਇਆ ਹੈ। ਇਸ ਵਾਰ ਫਰਵਰੀ ਵਿਚ ਹੋਏ ਪੁਲਵਾਮਾ ਹਮਲੇ ਮਗਰੋਂ ਭਾਰਤ ਵੱਲੋਂ ਦਰਾਮਦ ਉਤੇ ਟੈਕਸ 200 ਫੀਸਦ ਵਧਾ ਦਿੱਤੇ ਜਾਣ ਤੋਂ ਬਾਅਦ ਇਹ ਦੁਵੱਲਾ ਵਪਾਰ ਉਸ ਵੇਲੇ ਤੋਂ ਹੀ ਲਗਭਗ ਬੰਦ ਪਿਆ ਹੈ ਅਤੇ ਹੁਣ ਜੰਮੂ ਕਸ਼ਮੀਰ 'ਚ ਧਾਰਾ 370 ਖਤਮ ਕੀਤੇ ਜਾਣ ਮਗਰੋਂ ਪਾਕਿਸਤਾਨ ਨੇ ਵੀ ਸਰਹੱਦ ਰਸਤੇ ਹੁੰਦਾ ਇਹ ਦੁਵੱਲਾ ਵਪਾਰ ਬੰਦ ਕਰ ਦਿੱਤਾ ਹੈ।

ਭਾਰਤ ਵੱਲੋਂ ਪਾਕਿਸਤਾਨ ਨੂੰ 1996 ਵਿਚ ਤਰਜੀਹੀ ਮੁਲਕ ਐਮ.ਐਫ.ਐਨ. ਦਾ ਦਰਜਾ ਦਿੱਤਾ ਗਿਆ ਸੀ ਤਾਂ ਜੋ ਦੋਵਾਂ ਦੇਸ਼ਾਂ ਵਿਚਾਲੇ ਖੁੱਲ੍ਹਾ ਵਪਾਰ ਹੋ ਸਕੇ ਪਰ ਉਸ ਵੇਲੇ ਵੀ ਪਾਕਿਸਤਾਨ ਨੇ ਭਾਰਤ ਨੂੰ ਇਹ ਦਰਜਾ ਨਹੀਂ ਦਿੱਤਾ ਸੀ ਅਤੇ ਸਿਰਫ 138 ਵਸਤਾਂ ਦੇ ਵਪਾਰ ਦੀ ਪ੍ਰਵਾਨਗੀ ਦਿੱਤੀ ਸੀ। ਭਾਰਤ ਵੱਲੋਂ ਦੁਵੱਲੇ ਵਪਾਰ ਅਤੇ ਆਵਾਜਾਈ ਨੂੰ ਬਿਹਤਰ ਬਣਾਉਣ ਦੇ ਮੰਤਵ ਨਾਲ ਹੀ ਅਟਾਰੀ ਸਰਹੱਦ ਵਿਚ 2012 ਵਿਚ ਕਰੋੜਾਂ ਰੁਪਏ ਦੀ ਲਾਗਤ ਨਾਲ ਆਈ.ਸੀ.ਪੀ. (ਸੰਗਠਿਤ ਚੈੱਕ ਪੋਸਟ) ਦਾ ਨਿਰਮਾਣ ਕੀਤਾ ਸੀ। ਲਗਭਗ 118 ਏਕੜ ਰਕਬੇ ਵਿਚ ਬਣੀ ਇਸ ਚੈੱਕ ਪੋਸਟ 'ਤੇ ਅਤਿ-ਆਧੁਨਿਕ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ।

ਆਈ.ਸੀ.ਪੀ. ਦੀ ਸਥਾਪਨਾ ਮਗਰੋਂ ਇਥੋਂ ਹੋਣ ਵਾਲਾ ਵਪਾਰ ਵਧਿਆ ਸੀ ਪਰ ਭਾਜਪਾ ਦੀ ਕੇਂਦਰ ਵਿਚ ਸਥਾਪਤ ਹੋਈ ਸਰਕਾਰ ਦੇ ਹੁੰਦਿਆਂ ਆਪਸੀ ਦੁਵੱਲੇ ਰਿਸ਼ਤਿਆਂ ਵਿਚ ਨਿਰੰਤਰ ਉਤਾਰ-ਚੜ੍ਹਾਅ ਆਉਂਦਾ ਰਿਹਾ ਹੈ ਅਤੇ ਇਸ ਨੇ ਵਪਾਰ ਨੂੰ ਵੀ ਪ੍ਰਭਾਵਿਤ ਕੀਤਾ ਹੈ। 2012-13 ਵਿਚ ਇਹ ਦੁਵੱਲਾ ਵਪਾਰ ਲਗਭਗ 4800 ਕਰੋੜ ਰੁਪਏ ਦਾ ਹੋਇਆ ਸੀ, ਜੋ 2013-14 ਵਿਚ ਵਧ ਕੇ 5443 ਕਰੋੜ ਰੁਪਏ ਦਾ ਹੋ ਗਿਆ।

2014 ਵਿਚ ਭਾਜਪਾ ਦੀ ਸਰਕਾਰ ਸਥਾਪਤ ਹੋਣ ਮਗਰੋਂ ਇਸ ਰਸਤੇ ਕੁੱਲ 4485 ਕਰੋੜ ਰੁਪਏ ਦਾ ਦੁਵੱਲਾ ਵਪਾਰ ਹੋਇਆ। 2015-16 ਵਿਚ ਦੁਵੱਲਾ ਵਪਾਰ ਕੁਝ ਘਟਿਆ ਅਤੇ ਕੁੱਲ ਵਪਾਰ 3748 ਕਰੋੜ ਰੁਪਏ ਦਾ ਹੋਇਆ। ਇਸੇ ਤਰ੍ਹਾਂ 2016-17 ਵਿਚ 3971 ਕਰੋੜ ਅਤੇ 2017-18 ਵਿਚ 4148 ਕਰੋੜ ਦਾ ਵਪਾਰ ਹੋਇਆ ਹੈ। 2018-19 ਵਿਚ ਇਹ ਵਪਾਰ 4354 ਕਰੋੜ ਰੁਪਏ ਦਾ ਸੀ ਪਰ 2019-20 ਵਿਚ ਇਹ ਵਪਾਰ ਹੁਣ ਤੱਕ ਸਿਰਫ 531 ਕਰੋੜ ਰੁਪਏ ਦਾ ਹੀ ਹੋਇਆ ਹੈ। ਪੁਲਵਾਮਾ ਹਮਲੇ ਮਗਰੋਂ ਦਰਾਮਦ ਉਤੇ ਵਾਧੂ ਟੈਕਸ ਲਾਉਣ ਕਾਰਨ ਦਰਾਮਦ ਸਿਰਫ 369 ਕਰੋੜ ਰੁਪਏ ਦੀ ਹੋਈ ਹੈ ਜਦੋਂ ਕਿ ਪਿਛਲੇ ਵਰ੍ਹੇ ਇਹ ਦਰਾਮਦ 3627 ਕਰੋੜ ਰੁਪਏ ਦੀ ਸੀ। ਇਸੇ ਤਰ੍ਹਾਂ ਬਰਾਮਦ ਪਿਛਲੇ ਤਿੰਨ ਸਾਲਾਂ ਤੋਂ ਨਿਰੰਤਰ ਘੱਟ ਰਹੀ ਸੀ ਜੋ ਕਿ ਇਸ ਵਰ੍ਹੇ ਹੁਣ ਤੱਕ ਸਿਰਫ 162 ਕਰੋੜ ਰੁਪਏ ਦੀ ਹੀ ਹੋਈ ਹੈ, ਜਦੋਂ ਕਿ ਪਿਛਲੇ ਵਰ੍ਹੇ ਇਹ ਬਰਾਮਦ 726 ਕਰੋੜ ਰੁਪਏ ਦੀ ਸੀ। ਭਾਰਤ ਵੱਲੋਂ ਪਾਕਿਸਤਾਨ ਵਿਚ ਸੋਇਆਬੀਨ, ਸਬਜ਼ੀਆਂ, ਕਾਟਨ, ਚਿਕਨ ਫੀਡ, ਲਾਲ ਮਿਰਚ, ਆਟੋ-ਮੋਬਾਈਲ ਦੇ ਸਪੇਅਰ ਪਾਰਟ, ਪਲਾਸਟਿਕ ਦਾ ਦਾਣਾ ਤੇ ਹੋਰ ਵਸਤਾਂ ਭੇਜੀਆਂ ਜਾਂਦੀਆਂ ਸਨ ਜਦੋਂ ਕਿ ਪਾਕਿਸਤਾਨ ਵਾਲੇ ਪਾਸਿਉਂ ਸੀਮਿੰਟ, ਜਿਪਸਮ, ਛੁਹਾਰੇ, ਚੱਟਾਨੀ ਨਮਕ ਤੇ ਹੋਰ ਵਸਤਾਂ ਆ ਰਹੀਆਂ ਸਨ।

ਇਸ ਵਾਰ ਤਾਂ ਕਸ਼ਮੀਰ ਤੇ ਮਕਬੂਜ਼ਾ ਕਸ਼ਮੀਰ ਰਸਤੇ ਹੁੰਦਾ ਵਪਾਰ ਵੀ ਬੰਦ ਹੋ ਗਿਆ ਹੈ। ਇਸ ਤਰ੍ਹਾਂ ਦੋਵਾਂ ਦੇਸ਼ਾਂ ਵਿਚਾਲੇ ਚਲਦੀ ਸਮਝੌਤਾ ਐਕਸਪ੍ਰੈਸ ਰੇਲਗੱਡੀ, ਦਿੱਲੀ-ਲਾਹੌਰ ਵਿਚਾਲੇ ਚੱਲਦੀ ਦੋਸਤੀ ਬੱਸ ਅਤੇ ਅੰਮ੍ਰਿਤਸਰ-ਲਾਹੌਰ ਤੇ ਨਨਕਾਣਾ ਸਾਹਿਬ ਵਿਚਾਲੇ ਚਲਦੀ ਪੰਜ-ਆਬ ਬੱਸ ਵੀ ਬੰਦ ਹੋ ਗਈ ਹੈ, ਜਿਸ ਨਾਲ ਦੋਵਾਂ ਦੇਸ਼ਾਂ ਵਿਚਾਲੇ ਲੋਕਾਂ ਦੀ ਆਵਾਜਾਈ ਵੀ ਬੰਦ ਹੋ ਗਈ ਹੈ। ਇਸ ਵਰ੍ਹੇ ਹੁਣ ਤੱਕ ਆਈ. ਸੀ. ਪੀ. ਰਸਤੇ ਸਿਰਫ 13 ਹਜ਼ਾਰ ਲੋਕ ਹੀ ਦੋਵੇਂ ਪਾਸੇ ਆਏ ਤੇ ਗਏ ਹਨ, ਜਦੋਂ ਕਿ ਪਿਛਲੇ ਵਰ੍ਹੇ ਇਹ ਗਿਣਤੀ 77 ਹਜ਼ਾਰ ਸੀ। ਦੋਵਾਂ ਮੁਲਕਾਂ ਵਿਚ ਵਧ ਰਹੀ ਆਪਸੀ ਕੁੜੱਤਣ ਕਾਰਨ ਭਾਰਤ ਦਾ ਪਾਕਿਸਤਾਨ ਰਸਤੇ ਅਫਗਾਨਿਸਤਾਨ ਨਾਲ ਹੁੰਦਾ ਵਪਾਰ ਵੀ ਪ੍ਰਭਾਵਿਤ ਹੋਣ ਦੇ ਆਸਾਰ ਹਨ।

## ਕੁਲੀ ਤੇ ਟਰਾਂਸਪੋਰਟਰਾਂ ਦਾ ਧੰਦਾ ਠੱਪ

**ਅਟਾਰੀ:** ਭਾਰਤ-ਪਾਕਿਸਤਾਨ ਵਪਾਰ ਬੰਦ ਹੋਣ ਨਾਲ ਇਥੇ ਕੰਮ ਕਰਨ ਵਾਲੇ 3300 ਕੁਲੀ ਤੇ ਹੈਲਪਰ ਇਨ੍ਹੀਂ ਦਿਨੀਂ ਬੇਰੁਜ਼ਗਾਰ ਹੋ ਚੁੱਕੇ ਹਨ। ਭਾਰਤ-ਪਾਕਿਸਤਾਨ ਵਪਾਰ ਵਾਸਤੇ ਟਰਾਂਸਪੋਰਟਰਾਂ ਨੇ ਕਰਜ਼ਾ ਲੈ ਕੇ ਟਰੱਕ ਖਰੀਦੇ ਸਨ ਜੋ ਹੁਣ ਵੇਚੇ ਜਾ ਚੁੱਕੇ ਹਨ। ਇਸ ਸਬੰਧੀ ਗੱਲਬਾਤ ਕਰਦਿਆਂ ਕੁਲੀ ਯੂਨੀਅਨ ਅਟਾਰੀ ਦੇ ਪ੍ਰਧਾਨ ਬਾਬਾ ਭਜਨ ਸਿੰਘ ਨੇ ਦੱਸਿਆ ਕਿ ਸੰਗਠਿਤ ਚੈੱਕ ਪੋਸਟ ਅਟਾਰੀ ਸਰਹੱਦ ਵਿਚ 1433 ਕੁਲੀ ਅਤੇ ਏਨੇ ਹੀ ਹੈਲਪਰ ਕੰਮ ਕਰਦੇ ਹਨ। ਭਾਰਤ-ਪਾਕਿਸਤਾਨ ਵਿਚਾਲੇ ਵਪਾਰ ਬੰਦ ਹੋਣ ਨਾਲ ਕੁਲੀ, ਢਾਬਾ ਮਾਲਕ, ਰੇਹੜੀ, ਰਿਕਸ਼ੇ ਅਤੇ ਟਰਾਂਸਪੋਰਟਰ ਪ੍ਰਭਾਵਿਤ ਹੋਏ ਹਨ।

ਬੇਰੁਜ਼ਗਾਰ ਹੋਏ ਕੁਲੀ ਪਰਿਵਾਰ ਦਾ ਪੇਟ ਪਾਲਨ ਲਈ ਦਿਹਾੜੀਆਂ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ 1972 ਤੋਂ ਲੈ ਕੇ ਭਾਰਤ-ਪਾਕਿਸਤਾਨ ਦੀ ਵਾਹਗਾ-ਅਟਾਰੀ ਸਰਹੱਦ ਰਸਤੇ ਵਪਾਰ ਚੱਲ ਰਿਹਾ ਹੈ। ਇਥੇ ਕੁਲੀਆਂ ਦੀ ਚੌਥੀ ਪੀੜੀ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ 14 ਫਰਵਰੀ ਨੂੰ ਪੁਲਵਾਮਾ ਹਮਲੇ ਮਗਰੋਂ ਭਾਰਤ ਸਰਕਾਰ ਵੱਲੋਂ 200 ਫੀਸਦੀ ਕਸਟਮ ਡਿਊਟੀ ਲਾਉਣ ਮਗਰੋਂ ਪਾਕਿਸਤਾਨ ਨਾਲ ਵਪਾਰ ਬੰਦ ਹੋ ਗਿਆ ਸੀ। ਉਨ੍ਹਾਂ ਕਿਹਾ ਕਿ ਵਪਾਰ ਬੰਦ ਹੋਣ ਨਾਲ 10 ਹਜ਼ਾਰ ਪਰਿਵਾਰ ਪ੍ਰਭਾਵਿਤ ਹੋਏ ਹਨ।

# ਪ੍ਰਕਾਸ਼ ਪੁਰਬ ਮੌਕੇ ਸਫੈਦ ਰੰਗ 'ਚ ਰੰਗਿਆ ਜਾਵੇਗਾ ਸੁਲਤਾਨਪੁਰ ਲੋਧੀ

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਸੁਲਤਾਨਪੁਰ ਲੋਧੀ ਨੂੰ ਇਕਸਾਰ ਸਫੈਦ ਰੰਗ ਵਿਚ ਰੰਗ ਦਿੱਤਾ ਜਾਵੇਗਾ। ਇਹ ਫੈਸਲਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਅਗਵਾਈ ਹੇਠ ਹੋਈ ਮੀਟਿੰਗ ਦੌਰਾਨ ਕੀਤਾ ਗਿਆ।



ਇਸ ਤੋਂ ਪਹਿਲਾਂ ਖਾਲਸਾ ਪੰਥ ਦੇ 300 ਸਾਲਾ ਸਿਰਜਣਾ ਦਿਵਸ ਮੌਕੇ 1999 ਵਿਚ ਸ੍ਰੀ ਆਨੰਦਪੁਰ ਸਾਹਿਬ ਨੂੰ ਵੀ ਸਫੈਦ ਰੰਗ ਵਿਚ ਰੰਗਿਆ ਗਿਆ ਸੀ। ਸ. ਲੌਂਗੋਵਾਲ ਨੇ ਦੱਸਿਆ ਕਿ ਇਸ ਕਾਰਜ ਲਈ ਸ਼੍ਰੋਮਣੀ ਕਮੇਟੀ ਸਾਰੀਆਂ ਜਥੇਬੰਦੀਆਂ ਅਤੇ ਗੁਰੂ ਨਾਨਕ ਨਾਮ ਲੇਵਾ ਸੰਗਤ ਦਾ ਸਹਿਯੋਗ ਲਵੇਗੀ। ਉਨ੍ਹਾਂ ਕਿਹਾ ਕਿ ਇਸ ਕੰਮ ਦੀ ਸ਼ੁਰੂਆਤ ਜਲਦੀ ਕੀਤੀ ਜਾਵੇਗੀ ਅਤੇ 550ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਤੋਂ ਪਹਿਲਾਂ ਸਾਰਾ ਸ਼ਹਿਰ ਸਫੈਦ ਰੰਗ ਵਿਚ ਸੁੰਦਰ ਤੇ ਨਿਵੇਕਲੀ ਦਿੱਖ ਦੇਵੇਗਾ। ਸ਼ਹਿਰ ਦੀ ਸਾਫ-ਸਫਾਈ ਅਤੇ ਇਸ ਨੂੰ ਹਰਿਆਵਲ ਭਰਪੂਰ ਬਣਾਉਣ ਲਈ ਵੀ ਇਕ ਲਹਿਰ ਚਲਾਈ ਜਾਵੇਗੀ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਦੇ ਇਤਿਹਾਸਕ ਦਿਹਾੜੇ ਨੂੰ ਯਾਦਗਾਰੀ ਬਣਾਉਣ ਲਈ ਇਹ ਫੈਸਲਾ ਕੀਤਾ ਗਿਆ ਹੈ।

ਉਨ੍ਹਾਂ ਸਿੱਖ ਸੰਗਤ ਨੂੰ ਇਸ ਲਹਿਰ ਦਾ ਹਿੱਸਾ ਬਣਨ ਦੀ ਅਪੀਲ ਕੀਤੀ ਹੈ। ਲੌਂਗੋਵਾਲ ਨੇ ਕਿਹਾ ਕਿ ਸੰਗਤ ਆਪਣੀ ਕਿਰਤ ਕਮਾਈ ਵਿਚੋਂ ਗੁਰੂ ਜੀ ਦੇ 13-13 ਦੇ ਸਿਧਾਂਤ ਅਨੁਸਾਰ ਹਿੱਸਾ ਪਾਵੇ। ਸੰਗਤ ਵੱਲੋਂ ਇਸ ਹਿੱਸੇ ਵਜੋਂ 13 ਰੁਪਏ, 1300 ਰੁਪਏ, 13 ਹਜ਼ਾਰ ਰੁਪਏ ਆਪਣੀ ਸਮਰੱਥਾ ਅਨੁਸਾਰ ਸਹਿਯੋਗ ਵਜੋਂ ਦਿੱਤੇ ਜਾ ਸਕਦੇ ਹਨ। ਉਨ੍ਹਾਂ ਨੇ ਕਾਰਸੇਵਾ ਵਾਲੇ ਬਾਬਿਆਂ, ਸੰਤ ਸਮਾਜ, ਸਿੱਖ ਜਥੇਬੰਦੀਆਂ ਅਤੇ ਗੁਰੂ ਨਾਨਕ ਨਾਮ ਲੇਵਾ ਸੰਗਤ ਨੂੰ ਇਸ ਲਹਿਰ ਦੇ ਰੂਪ ਵਿਚ ਇਸ ਕਾਰਜ ਦਾ ਹਿੱਸਾ ਬਣਨ ਲਈ ਆਖਿਆ ਹੈ।

# ਲਹਿੰਦੇ ਪੰਜਾਬ ਵੱਲੋਂ 36 ਸੜਕਾਂ ਤੇ 5 ਪਾਰਕਾਂ ਦੇ ਨਾਮ ਕਸ਼ਮੀਰ 'ਤੇ ਰੱਖਣ ਦਾ ਫੈਸਲਾ

**ਲਾਹੌਰ:** ਪਾਕਿਸਤਾਨ ਦੇ ਪੰਜਾਬ ਸੂਬੇ ਦੀ ਸਰਕਾਰ ਨੇ ਕਸ਼ਮੀਰੀ ਲੋਕਾਂ ਨਾਲ ਇਕਜੁੱਟਤਾ ਦੇ ਪ੍ਰਗਟਾਵੇ ਲਈ 36 ਸੜਕਾਂ ਅਤੇ ਪੰਜ ਪ੍ਰਮੁੱਖ ਪਾਰਕਾਂ ਦੇ ਨਾਮ ਕਸ਼ਮੀਰ 'ਤੇ ਰੱਖਣ ਦਾ ਫੈਸਲਾ ਲਿਆ ਹੈ। ਭਾਰਤ ਵੱਲੋਂ ਜੰਮੂ ਕਸ਼ਮੀਰ ਦੇ ਵਿਸ਼ੇਸ਼ ਦਰਜੇ ਨੂੰ ਰੱਦ ਕਰਨ ਮਗਰੋਂ ਇਹ ਕਦਮ ਉਠਾਇਆ ਗਿਆ ਹੈ।

ਮੁੱਖ ਮੰਤਰੀ ਉਸਮਾਨ ਬੁਜ਼ਦਾਰ ਨੇ ਕਿਹਾ, ''ਪੰਜਾਬ ਸਰਕਾਰ ਨੇ 36 ਸੜਕਾਂ (ਸੂਬੇ ਦੇ ਹਰੇਕ ਜ਼ਿਲ੍ਹੇ 'ਚ ਇਕ ਸੜਕ) ਅਤੇ ਪੰਜ ਵੱਡੇ ਪਾਰਕਾਂ ਦਾ ਨਾਮ ਕਸ਼ਮੀਰ ਰੋਡ ਅਤੇ ਕਸ਼ਮੀਰ ਪਾਰਕ ਰੱਖਣ ਦਾ ਫੈਸਲਾ ਲਿਆ ਹੈ ਤਾਂ ਜੋ ਕਸ਼ਮੀਰ ਦੇ ਲੋਕਾਂ ਨਾਲ ਇਕਜੁੱਟਤਾ ਜ਼ਾਹਰ ਕੀਤੀ ਜਾ ਸਕੇ।''

ਜ਼ਿਕਰਯੋਗ ਹੈ ਕਿ ਪਾਕਿਸਤਾਨ ਨੇ ਜੰਮੂ ਕਸ਼ਮੀਰ ਦਾ ਵਿਸ਼ੇਸ਼ ਦਰਜਾ ਰੱਦ ਕੀਤੇ ਜਾਣ ਦੇ ਵਿਰੋਧ ਵਜੋਂ ਭਾਰਤ ਦੇ ਆਜ਼ਾਦੀ ਦਿਵਸ ਮੌਕੇ 'ਕਾਲਾ ਦਿਵਸ' ਅਤੇ ਇਕ ਦਿਨ ਪਹਿਲਾਂ ਪਾਕਿਸਤਾਨ ਨੇ ਆਪਣੇ ਆਜ਼ਾਦੀ ਦਿਵਸ ਨੂੰ 'ਕਸ਼ਮੀਰ ਇਕਜੁੱਟਤਾ ਦਿਵਸ' ਵਜੋਂ ਮਨਾਇਆ ਸੀ।

ਪਾਕਿਸਤਾਨ ਨੇ ਆਪਣੇ ਨੇੜਲੇ ਭਾਈਵਾਲ ਚੀਨ ਦੀ ਸਹਾਇਤਾ ਨਾਲ ਭਾਰਤ ਦੇ ਫੈਸਲੇ ਖਿਲਾਫ ਸੰਯੁਕਤ ਰਾਸ਼ਟਰ ਸਲਾਮਤੀ ਪ੍ਰੀਸ਼ਦ ਕੋਲ ਪਹੁੰਚ ਕੀਤੀ ਹੈ। ਭਾਰਤ ਨੇ ਕੌਮਾਂਤਰੀ ਭਾਈਚਾਰੇ ਨੂੰ ਸਪੱਸ਼ਟ ਸ਼ਬਦਾਂ 'ਚ ਆਖਿਆ ਹੈ ਕਿ ਜੰਮੂ ਕਸ਼ਮੀਰ ਮੁਲਕ ਦਾ ਅੰਦਰੂਨੀ ਮਾਮਲਾ ਹੈ ਤੇ ਉਨ੍ਹਾਂ ਪਾਕਿਸਤਾਨ ਨੂੰ ਵੀ ਕਿਹਾ ਹੈ ਕਿ ਉਹ ਅਸਲੀਅਤ ਨੂੰ ਸਵੀਕਾਰ ਕਰੇ। ਭਾਰਤ ਦਾ ਕਹਿਣਾ ਕਿ ਕਸ਼ਮੀਰ ਰਾਹੀਂ ਪਾਕਿਸਤਾਨ ਮੁਲਕ 'ਚ ਅਤਿਵਾਦ ਫੈਲਾਉਂਦਾ ਆ ਰਿਹਾ ਹੈ ਅਤੇ ਵਾਦੀ ਲਈ ਇਹ ਕਦਮ ਉਠਾਉਣਾ ਜ਼ਰੂਰੀ ਸੀ।

# ਆਜ਼ਾਦੀ ਦਿਵਸ ਮੌਕੇ ਕੈਪਟਨ ਨੇ ਗਿਣਵਾਈਆਂ ਸਰਕਾਰ ਦੀਆਂ ਪ੍ਰਾਪਤੀਆਂ

**ਜਲੰਧਰ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦੀ ਅਮਨ-ਸ਼ਾਂਤੀ ਅਤੇ ਸਦਭਾਵਨਾ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕਰਨ ਵਾਲੀਆਂ ਤਾਕਤਾਂ ਨੂੰ ਸਖਤ ਚਿਤਾਵਨੀ ਦਿੰਦਿਆਂ ਪੰਜਾਬ ਦੇ ਲੋਕਾਂ ਨੂੰ ਸੱਦਾ ਦਿੱਤਾ ਕਿ ਅਜਿਹੀਆਂ ਸ਼ਕਤੀਆਂ ਨੂੰ ਮੂੰਹ ਤੋੜਵਾਂ ਜਵਾਬ ਦੇਣ ਲਈ ਇਕਜੁਟ ਹੋਣ। ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਚ 73ਵੇਂ ਆਜ਼ਾਦੀ ਦਿਹਾੜੇ ਮੌਕੇ ਕਰਵਾਏ ਗਏ ਸੂਬਾ ਪੱਧਰੀ ਸਮਾਗਮ 'ਚ ਕੌਮੀ ਝੰਡਾ ਲਹਿਰਾਉਣ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਦੀ ਅਮਨ-ਸ਼ਾਂਤੀ ਨੂੰ ਕਿਸੇ ਵੀ ਕੀਮਤ 'ਤੇ ਭੰਗ ਨਹੀਂ ਹੋਣ ਦੇਵਾਂਗੇ।

ਮੁੱਖ ਮੰਤਰੀ ਨੇ ਪੰਜਾਬੀਆਂ ਵੱਲੋਂ ਦੇਸ਼ ਦੀ ਆਜ਼ਾਦੀ ਵਿਚ ਪਾਏ ਵੱਡਮੁੱਲੇ ਯੋਗਦਾਨ ਨੂੰ ਯਾਦ ਕੀਤਾ ਤੇ ਆਜ਼ਾਦੀ ਦੇ ਪਰਵਾਨਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਨੂੰ ਮਜ਼ਬੂਤ ਤੇ ਖ਼ੁਸ਼ਹਾਲ ਸੂਬਾ ਬਣਾਉਣ ਦੀ ਵਚਨਬੱਧਤਾ ਪ੍ਰਗਟਾਈ।

ਮੁੱਖ ਮੰਤਰੀ ਨੇ ਤਿੰਨ ਆਜ਼ਾਦੀ ਘੁਲਾਟੀਆਂ ਪ੍ਰੇਮ ਸਾਗਰ, ਦੇਵ ਬ੍ਰਤ ਸ਼ਰਮਾ ਤੇ ਜਵਾਹਰ ਲਾਲ ਦਾ ਸਨਮਾਨ ਕੀਤਾ। ਇਸ ਤੋਂ ਇਲਾਵਾ ਲੋੜਵੰਦ ਔਰਤਾਂ ਨੂੰ ਸਿਲਾਈ ਮਸ਼ੀਨਾਂ ਤੇ ਦਿਵਿਆਂਗਾਂ ਨੂੰ ਟ੍ਰਾਈਸਾਈਕਲ ਵੰਡੇ। ਆਜ਼ਾਦੀ ਦਿਹਾੜੇ ਮੌਕੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦੇ ਆਪਣੇ ਸੰਕਲਪ ਨੂੰ ਦੁਹਰਾਉਂਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਹੁਣ ਤੱਕ ਐਨ.ਡੀ.ਪੀ.ਐਸ. ਐਕਟ ਤਹਿਤ 27,744 ਕੇਸ ਦਰਜ ਕੀਤੇ ਗਏ ਹਨ ਅਤੇ 33,622 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਸੂਬੇ ਵਿਚ ਨਸ਼ੇ ਦੀ ਗ੍ਰਿਫਤ 'ਚ ਫਸੇ 87,000 ਵਿਅਕਤੀਆਂ ਦਾ ਇਲਾਜ 178 ਓਟ ਕਲੀਨਿਕਾਂ ਵਿਚ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਪੁਰਬ ਸਬੰਧੀ ਹੁਣ ਤੱਕ 3500 ਪਿੰਡਾਂ ਵਿਚ 40 ਲੱਖ ਬੂਟੇ ਲਾਏ ਜਾ ਚੁੱਕੇ ਹਨ।

## ਦੇਸ਼ ਵਿਰੋਧੀ ਤਾਕਤਾਂ ਨੂੰ ਕੀਤੀ ਤਾੜਨਾ



ਸਿੱਖਿਆ ਦੇ ਖੇਤਰ ਦੀ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ 30 ਕਰੋੜ ਰੁਪਏ ਖਰਚ ਕੇ 261 ਸਮਾਰਟ ਸਕੂਲ ਸਥਾਪਤ ਕੀਤੇ ਗਏ ਹਨ। ਦਾਨੀਆਂ ਦੇ ਸਹਿਯੋਗ ਨਾਲ ਲਗਭਗ 4000 ਪ੍ਰਾਇਮਰੀ, ਮਿਡਲ ਅਤੇ ਹਾਈ ਸਕੂਲਾਂ ਨੂੰ ਸਮਾਰਟ ਸਕੂਲਾਂ ਵਿਚ ਬਦਲ ਦਿੱਤਾ ਗਿਆ। ਸੂਬਾ ਸਰਕਾਰ 9 ਸਤੰਬਰ ਤੋਂ 30 ਸਤੰਬਰ ਤੱਕ ਪੰਜਵਾਂ ਵਿਸ਼ਾਲ ਰੁਜ਼ਗਾਰ ਮੇਲਾ ਵੱਖ-ਵੱਖ ਥਾਵਾਂ 'ਤੇ ਲਾਵੇਗੀ। ਸਰਕਾਰ ਇਕ ਲੱਖ ਨੌਜਵਾਨਾਂ ਨੂੰ ਆਪਣਾ ਕਾਰੋਬਾਰ ਸ਼ੁਰੂ ਕਰਨ ਲਈ ਸਹਿਯੋਗ ਦੇਵੇਗੀ। ਉਨ੍ਹਾਂ ਐਲਾਨ ਕੀਤਾ ਕਿ ਡਿਜੀਟਲ ਪੰਜਾਬ ਉਪਰਾਲੇ ਤਹਿਤ ਨੌਜਵਾਨਾਂ ਨੂੰ ਛੇਤੀ ਹੀ ਸਮਾਰਟ ਮੋਬਾਈਲ ਫੋਨ ਮੁਹੱਈਆ ਕਰਵਾ ਕੇ ਚੋਣਾਂ 'ਚ ਕੀਤਾ ਵਾਅਦਾ ਪੂਰਾ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਨਵੀਂ ਉਦਯੋਗਿਕ ਨੀਤੀ ਨਾਲ 50,000 ਕਰੋੜ ਰੁਪਏ ਦਾ ਨਿਵੇਸ਼ ਸੂਬੇ ਵਿਚ ਆਉਣ ਲਈ ਰਾਹ ਪੱਧਰਾ ਹੋਇਆ ਹੈ।

## ਆਜ਼ਾਦੀ ਘੁਲਾਟੀਆਂ ਦੇ ਵਾਰਸਾਂ ਨੇ ਸਰਕਾਰੀ ਸਨਮਾਨ ਲੈਣ ਤੋਂ ਕੀਤੀ ਨਾਂਹ

**ਪਟਿਆਲਾ:** ਆਜ਼ਾਦੀ ਦਿਹਾੜੇ ਨੂੰ ਸਮਰਪਿਤ ਪਟਿਆਲਾ 'ਚ ਹੋਏ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਕ ਮੈਂਬਰਾਂ ਨੇ ਸਨਮਾਨ ਲੈਣ ਤੋਂ ਨਾਂਹ ਕਰ ਦਿੱਤੀ। ਉਨ੍ਹਾਂ ਦਾ ਤਰਕ ਸੀ ਕਿ ਜਿੰਨਾ ਚਿਰ ਸਰਕਾਰ ਉਨ੍ਹਾਂ ਦੀਆਂ ਮੰਗਾਂ ਦੀ ਪੂਰਤੀ ਨਹੀਂ ਕਰਦੀ, ਉਹ ਅਜਿਹਾ ਸਨਮਾਨ ਨਹੀਂ ਲੈਣਗੇ। ਸਮਾਗਮ ਦੌਰਾਨ ਕੈਬਨਿਟ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਮੁੱਖ ਮਹਿਮਾਨ ਵਜੋਂ ਪੁੱਜੇ ਹੋਏ ਸਨ। ਫਰੀਡਮ ਫਾਈਟਰ ਉਤਰਾਅਧਿਕਾਰੀ ਐਸੋਸੀਏਸ਼ਨ ਦੇ ਆਗੂਆਂ ਦਾ ਕਹਿਣਾ ਸੀ ਕਿ ਸਰਕਾਰ ਦੀ ਵਾਅਦਾਖਿਲਾਫੀ ਪ੍ਰਤੀ ਉਨ੍ਹਾਂ ਵਿਚ ਰੋਸ ਹੈ।

ਇਸੇ ਤਰ੍ਹਾਂ ਫਰੀਡਮ ਫਾਈਟਰ ਉਤਰਾਅਧਿਕਾਰੀ ਜਥੇਬੰਦੀ ਪੰਜਾਬ ਦੇ ਸੱਦੇ ਤਹਿਤ ਸੰਗਰੂਰ ਪੁਲਿਸ ਲਾਈਨ ਖੇਡ ਸਟੇਡੀਅਮ ਵਿਚ ਆਜ਼ਾਦੀ ਦਿਵਸ ਸਮਾਗਮ ਦੌਰਾਨ ਫਰੀਡਮ ਫਾਈਟਰਾਂ ਦੇ ਵਾਰਸਾਂ ਨੇ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਤੋਂ ਸਰਕਾਰੀ ਸਨਮਾਨ ਲੈਣ ਤੋਂ ਇਨਕਾਰ ਕਰ ਦਿੱਤਾ। ਉਹ ਮੰਗਾਂ ਸਬੰਧੀ ਨੋਟੀਫਿਕੇਸ਼ਨ ਜਾਰੀ ਨਾ ਕਰਨ ਦੇ ਰੋਸ ਵਜੋਂ ਸਰਕਾਰ ਤੋਂ ਖਫਾ ਸਨ। ਉਂਜ ਫਰੀਡਮ ਫਾਈਟਰਾਂ ਦੇ ਵਾਰਸ ਆਜ਼ਾਦੀ ਦਿਵਸ ਸਮਾਗਮ ਵਿਚ ਸ਼ਾਮਲ ਹੋਏ ਤੇ ਕੌਮੀ ਝੰਡੇ ਨੂੰ ਸਲਾਮੀ ਮਗਰੋਂ ਕੈਬਨਿਟ ਮੰਤਰੀ ਨੂੰ ਮੰਗ ਪੱਤਰ ਦੇ ਕੇ ਸਮਾਗਮ 'ਚੋਂ ਚਲੇ ਗਏ। ਜਥੇਬੰਦੀ ਦੇ ਸੂਬਾ ਪ੍ਰਧਾਨ ਹਰਿੰਦਰਪਾਲ ਸਿੰਘ ਖਾਲਸਾ ਦੀ ਅਗਵਾਈ ਹੇਠ ਬਣੀ ਪੰਜ ਮੈਂਬਰੀ ਕੋਰ ਕਮੇਟੀ ਦੇ ਮੈਂਬਰਾਂ ਨੇ ਦੱਸਿਆ ਕਿ ਸੰਘਰਸ਼ ਦੀ ਅਗਲੀ ਰੂਪ ਰੇਖਾ ਉਲੀਕੀ ਜਾਵੇਗੀ।

ਮੋਗਾ ਵਿਚ ਜ਼ਿਲ੍ਹਾ ਪੱਧਰੀ ਆਜ਼ਾਦੀ ਦਿਹਾੜੇ 'ਤੇ ਗੁਰਬਤ ਦੀ ਜੰਗ ਲੜ ਰਹੀ ਦੇਸ਼ ਭਗਤ ਪਰਿਵਾਰ ਦੀ ਪਿੰਡ ਰਣੀਆਂ ਦੀ ਰਹਿਣ ਵਾਲੀ ਬਿਰਧ ਮਹਿਲਾ ਸੁਰਿੰਦਰ ਕੌਰ ਨੇ ਸਨਮਾਨ (ਸ਼ਾਲ) ਲੈਣ ਦੀ ਪੇਸ਼ਕਸ਼ ਠੁਕਰਾ ਦਿੱਤੀ। ਮਹਿਲਾ ਨੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਹੱਥ 'ਚ ਸ਼ਹੀਦ ਫੌਜੀ ਜਵਾਨ ਦੀ ਤਸਵੀਰ ਤੇ ਤਾਮਰ ਪੱਤਰ ਵੀ ਫੜਾ ਦਿੱਤਾ। ਵਿੱਤ ਮੰਤਰੀ ਨੇ ਭਾਵੁਕ ਹੋਈ ਮਹਿਲਾ ਨੂੰ ਕਲਾਵੇ 'ਚ ਤਾਂ ਲਿਆ ਪਰ ਕੋਈ ਤਸੱਲੀਬਖਸ਼ ਭਰੋਸਾ ਨਹੀਂ ਦਿੱਤਾ।

# ਕੈਪਟਨ ਵੱਲੋਂ ਵੱਖ-ਵੱਖ ਖੇਤਰਾਂ 'ਚ ਨਾਮਣਾ ਖੱਟਣ ਵਾਲੀਆਂ 21 ਸ਼ਖਸੀਅਤਾਂ ਸਨਮਾਨਤ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਆਜ਼ਾਦੀ ਦਿਹਾੜੇ ਮੌਕੇ ਕਰਵਾਏ ਗਏ ਇਕ ਰਾਜ ਪੱਧਰੀ ਸਮਾਗਮ ਦੌਰਾਨ ਸਮਾਜ ਸੇਵਾ, ਸਾਹਿਤ, ਵਾਤਾਵਰਨ ਤੇ ਖੇਤੀ ਦੇ ਖੇਤਰ ਸਮੇਤ ਹੋਰਨਾਂ ਖੇਤਰਾਂ 'ਚ ਵਿਲੱਖਣ ਉਪਲਬਧੀਆਂ ਹਾਸਲ ਕਰਨ ਵਾਲੀਆਂ 21 ਪ੍ਰਮੁੱਖ ਸ਼ਖਸੀਅਤਾਂ ਨੂੰ ਸਟੇਟ ਐਵਾਰਡ ਨਾਲ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ਉਥੇ 9 ਪੁਲਿਸ ਅਧਿਕਾਰੀਆਂ ਨੂੰ ਮੁੱਖ ਮੰਤਰੀ ਪੁਲਿਸ ਮੈਡਲ ਵੀ ਪ੍ਰਦਾਨ ਕੀਤੇ।

ਸਨਮਾਨਤ ਹੋਣ ਵਾਲੀਆਂ ਸ਼ਖਸੀਅਤਾਂ 'ਚ ਕੈਂਸਰ ਦੇ ਖੇਤਰ 'ਚ ਸ਼ਲਾਘਾਯੋਗ ਕੰਮ ਕਰਨ ਵਾਲੇ ਮੋਗਾ ਜ਼ਿਲ੍ਹੇ ਨਾਲ ਸਬੰਧਤ ਉਘੇ ਸਮਾਜ ਸੇਵਕ ਕੁਲਵੰਤ ਸਿੰਘ ਧਾਲੀਵਾਲ, ਪਟਿਆਲਾ ਤੋਂ ਲੈਫ. ਕਰਨਲ (ਸੇਵਾ ਮੁਕਤ) ਬਿਸ਼ਨ ਦਾਸ, ਮੰਡੀ ਅਹਿਮਦਗੜ੍ਹ ਤੋਂ ਸਮਾਜ ਸੇਵਕ ਰਾਕੇਸ਼ ਕੁਮਾਰ ਗਰਗ, ਪਠਾਨਕੋਟ ਦੇ ਪਿੰਡ ਕਾਨਪੁਰ ਦੇ ਅਮਨਦੀਪ ਸਿੰਘ, ਮਾਨਸਾ ਤੋਂ ਤਰਸੇਮ ਚੰਦ ਸੈਮੀ, ਤਬਲਾ ਵਾਦਕ ਪੰਡਿਤ ਮਨੂੰ ਸੀਨ, ਰੋਪੜ ਜ਼ਿਲ੍ਹੇ ਦੇ ਪਿੰਡ ਸੰਧੂਆ ਤੋਂ ਜਿੰਦਰ ਸਿੰਘ, ਪਟਿਆਲਾ ਤੋਂ ਹਰਸ਼ ਕੁਮਾਰ ਹਰਸ਼, ਰਾਜਪੁਰਾ ਤੋਂ ਅਭਿਸ਼ੇਕ ਚੌਹਾਨ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕੰਪਿਊਟਰ ਮਾਹਿਰ ਡਾ. ਵਿਸ਼ਾਲ ਗੋਇਲ, ਲੁਧਿਆਣਾ ਤੋਂ ਕੈਂਸਰ ਮਾਹਿਰ ਡਾ. ਦਵਿੰਦਰ ਸਿੰਘ ਸੰਧੂ, ਪੰਜਾਬੀ ਲੇਖਕ ਗੁਰਮੀਤ ਸਿੰਘ ਸਿੰਘਲ, ਜਲੰਧਰ ਤੋਂ ਰਾਜੇਸ਼ ਕੁਮਾਰ ਭਗਤ, ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਪਠਾਨਕੋਟ ਤੋਂ ਸਮੀਰ ਸ਼ਾਰਦਾ, ਨਵਾਂ ਸ਼ਹਿਰ ਤੋਂ ਲਲਿਤ ਮੋਹਨ ਪਾਠਕ, ਅੰਮ੍ਰਿਤਸਰ ਤੋਂ ਗੁਣਬੀਰ ਸਿੰਘ, ਪਟਿਆਲਾ ਤੋਂ ਵੈਟਰਨਰੀ ਇੰਸਪੈਕਟਰ ਅਮਨਦੀਪ ਸਿੰਘ, ਹਰੀਪੁਰ ਜਲੰਧਰ ਦੀ ਸਰਪੰਚ ਸ੍ਰੀਮਤੀ ਸੀਤਾ ਰਾਣੀ, ਫਤਿਹਗੜ੍ਹ ਸਾਹਿਬ ਤੋਂ ਹਰਪ੍ਰੀਤ ਸਿੰਘ ਢਿੱਲੋਂ ਅਤੇ ਮੁਹਾਲੀ ਤੋਂ ਕੁਲਦੀਪ ਸਿੰਘ ਸ਼ਾਮਲ ਹਨ, ਜਦਕਿ ਮੁੱਖ ਮੰਤਰੀ ਪੁਲਿਸ ਮੈਡਲ ਨਾਲ ਸਨਮਾਨਤ ਹੋਣ ਵਾਲੇ ਪੁਲਿਸ ਅਧਿਕਾਰੀਆਂ 'ਚ ਵਿਜੀਲੈਂਸ ਬਿਊਰੋ ਦੇ ਜੁਆਇੰਟ ਡਾਇਰੈਕਟਰ ਪਰਮਜੀਤ ਸਿੰਘ ਗੁਰਾਇਆ, ਐਸ.ਐਸ.ਪੀ. ਵਿਜੀਲੈਂਸ ਬਿਊਰੋ ਜਲੰਧਰ ਰੇਂਜ ਦਲਜਿੰਦਰ ਸਿੰਘ ਢਿੱਲੋਂ, ਏ.ਆਈ.ਜੀ. ਇਲੈੱਕਸ਼ਨ ਸੈੱਲ ਹਰਬੀਰ ਸਿੰਘ, ਐਸ.ਐਸ.ਪੀ. ਇਨਵੈਸਟੀਗੇਸ਼ਨ ਪਟਿਆਲਾ ਹਰਮੀਤ ਸਿੰਘ ਹੁੰਦਲ, ਡੀ.ਐਸ.ਪੀ. ਇਲੈਕਸ਼ਨ ਸੈੱਲ ਅਮਰੋਜ਼ ਸਿੰਘ, ਡੀ. ਐਸ. ਪੀ. ਪੰਜਾਬ ਪੁਲਿਸ ਅਕੈਡਮੀ ਫਿਲੌਰ ਸੇਵਕ ਸਿੰਘ, ਐਸ. ਐਚ. ਓ. ਦਾਖਾ ਇੰਸਪੈਕਟਰ ਜਗਦੀਸ਼ ਕੁਮਾਰ, ਐਸ.ਐਚ. ਓ. ਮੁੱਲਾਂਪੁਰ ਮੁਹਾਲੀ ਇੰਸਪੈਕਟਰ ਭਗਵੰਤ ਸਿੰਘ ਅਤੇ ਜਲੰਧਰ ਦਿਹਾਤੀ ਦੇ ਇੰਸਪੈਕਟਰ ਕਰਨੈਲ ਸਿੰਘ ਸ਼ਾਮਲ ਹਨ।

# ਗਰਮਖਿਆਲੀ ਸਿੱਖ ਜਥੇਬੰਦੀਆਂ ਨੇ ਕਾਲੇ ਦਿਵਸ ਵਜੋਂ ਮਨਾਇਆ ਆਜ਼ਾਦੀ ਦਿਵਸ

**ਅੰਮ੍ਰਿਤਸਰ:** ਗਰਮਖਿਆਲੀ ਸਿੱਖ ਜਥੇਬੰਦੀਆਂ ਤੇ ਉਨ੍ਹਾਂ ਦੀਆਂ ਹੋਰ ਹਮਖਿਆਲੀ ਜਥੇਬੰਦੀਆਂ ਵੱਲੋਂ ਕੇਂਦਰ ਸਰਕਾਰ ਖਿਲਾਫ ਰੋਸ ਪ੍ਰਗਟਾਉਂਦਿਆਂ ਆਜ਼ਾਦੀ ਦਿਹਾੜੇ ਨੂੰ ਕਾਲੇ ਦਿਵਸ




ਵਜੋਂ ਮਨਾਇਆ ਗਿਆ। ਇਸ ਸਬੰਧੀ ਸੂਬੇ ਦੇ 14 ਜ਼ਿਲ੍ਹਿਆਂ ਵਿਚ ਰੋਸ ਦਿਖਾਵੇ ਕੀਤੇ ਗਏ। ਜਦੋਂਕਿ ਤਰਨ ਤਾਰਨ ਵਿਚ ਜਥੇਬੰਦੀਆਂ ਦੀ ਇਸ ਕਾਰਵਾਈ 'ਤੇ ਰੋਕ ਲਾ ਦਿੱਤੀ ਗਈ ਸੀ ਤੇ ਪਹਿਲਾਂ ਹੀ ਸਿੱਖ ਆਗੂਆਂ ਨੂੰ ਹਿਰਾਸਤ ਵਿਚ ਲੈ ਲਿਆ ਸੀ। ਇਨ੍ਹਾਂ ਜਥੇਬੰਦੀਆਂ ਵਿਚ ਦਲ ਖਾਲਸਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਯੂਨਾਈਟਿਡ ਅਕਾਲੀ ਦਲ, ਸਿੱਖ ਯੂਥ ਆਫ ਪੰਜਾਬ ਅਤੇ ਸਟੂਡੈਂਟਸ ਫਾਰ ਸੁਸਾਇਟੀ ਨਾਂ ਦੀਆਂ ਜਥੇਬੰਦੀਆਂ ਸ਼ਾਮਲ ਸਨ।

ਸਿੱਖ ਆਗੂਆਂ ਨੇ ਇਸ ਮੌਕੇ ਯੂ.ਐਨ.ਓ. ਅਤੇ ਕੌਮਾਂਤਰੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਭਾਰਤ ਸਰਕਾਰ 'ਤੇ ਦਬਾਅ ਬਣਾਉਣ ਤਾਂ ਜੋ ਵੱਖ-ਵੱਖ ਖਿੱਤਿਆਂ ਵਿਚ ਸੰਘਰਸ਼ਸ਼ੀਲ ਕੌਮਾਂ ਨੂੰ ਸਵੈ-ਨਿਰਣੈ ਦਾ ਹੱਕ ਮਿਲ ਸਕੇ। ਅੰਮ੍ਰਿਤਸਰ ਵਿਚ ਕੀਤੇ ਗਏ ਰੋਸ ਦਿਖਾਵੇ ਵਿਚ ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ, ਬੁਲਾਰੇ ਕੰਵਰਪਾਲ ਸਿੰਘ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਪ੍ਰੋ. ਮਹਿੰਦਰ ਸਿੰਘ, ਯੂਨਾਈਟਿਡ ਅਕਾਲੀ ਦਲ ਦੇ ਗੁਰਦੀਪ ਸਿੰਘ ਬਠਿੰਡਾ ਦੀ ਅਗਵਾਈ ਹੇਠ ਉਨ੍ਹਾਂ ਦੇ ਕਾਰਕੁਨ ਸ਼ਾਮਲ ਹੋਏ। ਇਥੇ ਤਰ੍ਹਾਂ ਜਲੰਧਰ, ਗੁਰਦਾਸਪੁਰ, ਮਾਨਸਾ, ਬਠਿੰਡਾ, ਸੰਗਰੂਰ, ਬਰਨਾਲਾ, ਮੋਗਾ, ਪਟਿਆਲਾ, ਫਤਹਿਗੜ੍ਹ ਸਾਹਿਬ, ਫਿਰੋਜ਼ਪੁਰ ਅਤੇ ਕੋਟਕਪੂਰਾ ਵਿਚ ਵੀ ਰੋਸ ਮੁਜ਼ਾਹਰੇ ਕੀਤੇ ਗਏ।

ਬਠਿੰਡਾ ਵਿਚ ਸਿੱਖ ਜਥੇਬੰਦੀਆਂ ਨੇ 15 ਅਗਸਤ ਨੂੰ ਕਾਲੇ ਦਿਨ ਵਜੋਂ ਮਨਾਇਆ। ਜਥੇਬੰਦੀਆਂ ਵੱਲੋਂ ਸ਼ਹਿਰ ਵਿਚ ਕਾਲੇ ਝੰਡਿਆਂ ਨਾਲ ਰੋਸ ਮਾਰਚ ਕੱਢਿਆ ਗਿਆ। ਮੁੱਖ ਮੰਤਰੀ ਦੇ ਸ਼ਹਿਰ ਪਟਿਆਲਾ 'ਚ ਸ਼੍ਰੋਮਣੀ ਅਕਾਲੀ ਦਲ 'ਅ' ਤੇ ਹੋਰ ਪੰਥਕ ਜਥੇਬੰਦੀ ਵੱਲੋਂ 15 ਅਗਸਤ ਨੂੰ ਕਾਲੇ ਦਿਵਸ ਵਜੋਂ ਮਨਾਉਂਦਿਆਂ ਖੰਡਾ ਚੌਂਕ 'ਚ ਰੋਸ ਇਕੱਤਰਤਾ ਕਰ ਕੇ ਕਾਲੇ ਝੰਡੇ ਲਹਿਰਾਏ ਗਏ। ਇਸ ਪ੍ਰੋਗਰਾਮ ਦੇ ਇਵਜ਼ ਭਾਵੇਂ ਪੁਲਿਸ ਪ੍ਰਸ਼ਾਸਨ ਮੁਸ਼ਤੈਦ ਰਿਹਾ, ਪਰ ਰੋਸ ਪ੍ਰਦਰਸ਼ਨ ਸ਼ਾਂਤੀਪੂਰਵਕ ਨਿਬੜ ਗਿਆ।

## ਪਾਕਿਸਤਾਨ ਨੇ ਕਾਲੇ ਦਿਨ ਵਜੋਂ ਮਨਾਇਆ ਭਾਰਤ ਦਾ ਸੁਤੰਤਰਤਾ ਦਿਵਸ


**ਇਸਲਾਮਾਬਾਦ:** ਪਾਕਿਸਤਾਨ ਵਿਚ ਭਾਰਤ ਦਾ ਸੁਤੰਤਰਤਾ ਦਿਵਸ ਕਾਲੇ ਦਿਨ ਵਜੋਂ ਮਨਾਇਆ ਗਿਆ। ਇਸ ਸਬੰਧੀ ਪਾਕਿ 'ਚ ਅਖਬਾਰਾਂ ਨੇ ਕਾਲੇ ਰੰਗ ਦੀ ਸਰਹੱਦ ਨਾਲ ਖਬਰਾਂ ਛਾਪੀਆਂ ਤੇ ਪਾਕਿਸਤਾਨੀ ਪ੍ਰਧਾਨ ਮੰਤਰੀ ਸਮੇਤ ਕਈ ਨੇਤਾਵਾਂ ਨੇ ਆਪਣੇ ਸੋਸ਼ਲ ਮੀਡੀਆ ਖਾਤੇ 'ਤੇ ਆਪਣੀਆਂ ਫੋਟੋਆਂ 'ਤੇ ਕਾਲੇ ਰੰਗ ਦੀ ਸਰਹੱਦ ਲਗਾਈ। ਇੰਨਾ ਹੀ ਨਹੀਂ ਪਾਕਿ ਨੇ ਸਰਕਾਰੀ ਇਮਾਰਤਾਂ 'ਤੇ ਝੰਡੇ ਵੀ ਅੱਧੇ ਚੜ੍ਹਾਏ। ਉਕਤ ਦੇ ਇਲਾਵਾ ਭਾਰਤੀ ਸੁਤੰਤਰਤਾ ਦਿਵਸ ਮੌਕੇ ਪਾਕਿਸਤਾਨ ਆਧਾਰਿਤ ਅਤਿਵਾਦੀ ਸਮੂਹ ਹਿਜ਼ਬੁਲ ਮੁਜਾਹਦੀਨ ਦੇ 1000 ਤੋਂ ਵੱਧ ਸਮਰਥਕਾਂ ਨੇ ਮੁਜ਼ੱਫਰਾਬਾਦ 'ਚ ਮਾਰਚ ਕੀਤਾ ਤੇ ਕਾਲੇ ਝੰਡੇ ਲਹਿਰਾਉਂਦੇ ਹੋਏ ਭਾਰਤ ਵਿਰੋਧੀ ਨਾਅਰੇਬਾਜ਼ੀ ਕੀਤੀ, ਜਦਕਿ ਪਾਕਿਸਤਾਨ ਦੇ ਆਜ਼ਾਦੀ ਦਿਹਾੜੇ ਮੌਕੇ ਮਕਬੂਜ਼ਾ ਕਸ਼ਮੀਰ (ਪੀ.ਓ.ਕੇ.) ਦੇ ਨਰਿਆਲ 'ਚ ਉਥੋਂ ਦੇ ਸਥਾਨਿਕ ਨਾਗਰਿਕਾਂ ਨੇ ਪਾਕਿਸਤਾਨੀ ਸੈਨਾ ਦੇ ਵਾਹਨ ਰੋਕ ਕੇ ਪਾਕਿ ਫੌਜ ਤੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ।

# ਮੋਦੀ ਵੱਲੋਂ ਚੀਫ ਆਫ ਡਿਫੈਂਸ ਸਟਾਫ ਅਹੁਦਾ ਕਾਇਮ ਕਰਨ ਦਾ ਐਲਾਨ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਜ਼ਾਦੀ ਦਿਵਸ ਮੌਕੇ ਲਾਲ ਕਿਲ੍ਹੇ ਦੀ ਫਸੀਲ ਤੋਂ ਆਪਣੇ ਸੰਬੋਧਨ ਵਿਚ ਚੀਫ ਆਫ ਡਿਫੈਂਸ ਸਟਾਫ ਅਹੁਦਾ ਬਣਾਉਣ ਦਾ ਐਲਾਨ ਕਰਦਿਆਂ ਅਹਿਦ ਲਿਆ ਕਿ ਉਹ ਜੰਮੂ ਕਸ਼ਮੀਰ ਦੇ ਲੋਕਾਂ ਦੀਆਂ ਖਾਹਿਸ਼ਾਂ ਨੂੰ ਪੂਰਾ ਕਰਨਗੇ। ਉਨ੍ਹਾਂ ਆਬਾਦੀ 'ਤੇ ਕਾਬੂ ਪਾਉਣ ਅਤੇ 'ਇਕ ਰਾਸ਼ਟਰ, ਇਕ ਚੋਣ' ਦੇ ਮੁੱਦੇ ਵੀ ਉਭਾਰੇ।

ਦੂਜੀ ਵਾਰ ਪ੍ਰਧਾਨ ਮੰਤਰੀ ਬਣਨ ਮਗਰੋਂ ਪਹਿਲੇ ਆਜ਼ਾਦੀ ਦਿਵਸ ਮੌਕੇ ਸ੍ਰੀ ਮੋਦੀ ਨੇ ਧਾਰਾ 370 ਨੂੰ ਮਨਸੂਖ ਕਰਨ ਦੇ ਕਦਮ ਨੂੰ 'ਇਕ ਰਾਸ਼ਟਰ, ਇਕ ਸੰਵਿਧਾਨ' ਵੱਲ ਕਦਮ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਜੰਮੂ ਕਸ਼ਮੀਰ ਨੂੰ ਦਿੱਤਾ ਗਿਆ ਵਿਸ਼ੇਸ਼ ਦਰਜਾ 70 ਸਾਲਾਂ 'ਚ ਫੈਸਲਾਕੁਨ ਨਤੀਜੇ ਦੇਣ 'ਚ ਨਾਕਾਮ ਰਿਹਾ ਅਤੇ ਉਨ੍ਹਾਂ ਵੱਲੋਂ ਹੁਣ ਖਿੱਤੇ ਦੇ ਵਿਕਾਸ ਲਈ ਹਰ ਸੰਭਵ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ।

ਆਪਣੇ 95 ਮਿੰਟਾਂ ਦੇ ਭਾਸ਼ਨ 'ਚ ਪ੍ਰਧਾਨ ਮੰਤਰੀ ਨੇ ਕਿਹਾ, "ਸਰਕਾਰ ਨੇ ਚੀਫ ਆਫ ਡਿਫੈਂਸ ਸਟਾਫ (ਸੀ.ਡੀ.ਐਸ.) ਦਾ ਅਹੁਦਾ ਕਾਇਮ ਕਰਨ ਦਾ ਫੈਸਲਾ ਲਿਆ ਹੈ। ਇਸ ਨਾਲ ਸਾਰੀਆਂ ਤਿੰਨੋਂ ਸੈਨਾਵਾਂ ਨੂੰ ਮਿਲ ਕੇ ਕੰਮ ਕਰਨ 'ਚ ਸਹਾਇਤਾ ਮਿਲੇਗੀ ਕਿਉਂਕਿ ਹੁਣ ਮੁਲਕ



ਬੰਦਸ਼ਾਂ 'ਚ ਰਹਿ ਕੇ ਕੰਮ ਨਹੀਂ ਕਰ ਸਕਦਾ ਅਤੇ ਉਸ ਨੂੰ ਬਦਲ ਰਹੀ ਦੁਨੀਆਂ ਨਾਲ ਕਦਮ ਮਿਲਾ ਕੇ ਤੁਰਨਾ ਪਵੇਗਾ।"

ਇਸ ਦੌਰਾਨ ਉਨ੍ਹਾਂ ਸਰਹੱਦ ਪਾਰੋਂ ਅਤਿਵਾਦ, ਭ੍ਰਿਸ਼ਟਾਚਾਰ, ਗਰੀਬੀ, ਪਲਾਸਟਿਕ ਦੀ ਵਰਤੋਂ 'ਤੇ ਪਾਬੰਦੀ, ਖਾਦਾਂ ਦੀ ਵਰਤੋਂ ਘਟਾਉਣ ਅਤੇ ਪਾਣੀ ਦੀ ਸੰਭਾਲ ਆਦਿ ਜਿਹੇ ਮੁੱਦਿਆਂ ਨੂੰ ਵੀ ਛੋਹਿਆ।

ਸ੍ਰੀ ਮੋਦੀ ਨੇ 'ਜਲ ਜੀਵਨ' ਮਿਸ਼ਨ ਦਾ ਐਲਾਨ ਕਰਦਿਆਂ ਕਿਹਾ ਕਿ ਸਰਕਾਰ ਸਾਰੇ ਘਰਾਂ 'ਚ ਟੂਟੀਆਂ ਰਾਹੀਂ ਪੀਣ ਵਾਲਾ ਪਾਣੀ ਮੁਹੱਈਆ ਕਰਾਉਣ ਲਈ ਸਾਢੇ ਤਿੰਨ ਲੱਖ ਕਰੋੜ ਰੁਪਏ ਖਰਚੇਗੀ। ਉਨ੍ਹਾਂ ਕਿਹਾ ਕਿ ਭਾਜਪਾ ਦੀ ਅਗਵਾਈ ਹੇਠਲੀ ਸਰਕਾਰ ਨੇ ਪਿੰਡਾਂ ਦੇ ਲੋਕਾਂ, ਕਿਸਾਨਾਂ, ਪੱਛੜਿਆਂ, ਦਲਿਤਾਂ ਅਤੇ ਆਦਿਵਾਸੀਆਂ ਦੀ ਭਲਾਈ ਲਈ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦਾ ਜੀਵਨ ਸੁਖਾਲਾ ਬਣਾਉਣ ਲਈ ਸਰਕਾਰ ਦਾ ਘੱਟ ਦਖਲ ਹੋਵੇਗਾ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਅਤੇ ਭਾਈ-ਭਤੀਜਾਵਾਦ ਲੋਕਾਂ ਦੀ ਜ਼ਿੰਦਗੀ 'ਚ ਸਿਉਂਕ ਵਾਂਗ ਫੈਲ ਗਿਆ ਹੈ ਜਿਸ ਦੇ ਖਾਤਮੇ ਲਈ ਕੇਂਦਰ ਸਰਕਾਰ ਤਕਨਾਲੋਜੀ ਦੀ ਸਹਾਇਤਾ ਨਾਲ ਕਦਮ ਉਠਾ ਰਹੀ ਹੈ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਡਾ. ਮਨਮੋਹਨ ਸਿੰਘ ਬਿਨਾਂ ਮੁਕਾਬਲਾ ਰਾਜ ਸਭਾ ਦੇ ਮੈਂਬਰ ਬਣੇ

**ਜੈਪੁਰ:** ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਰਾਜਸਥਾਨ ਤੋਂ ਨਿਰਵਿਰੋਧ ਰਾਜ ਸਭਾ ਮੈਂਬਰ ਚੁਣੇ ਗਏ। ਨਾਮਜ਼ਦਗੀ ਵਾਪਸ ਲੈਣ ਦਾ ਸਮਾਂ ਸਮਾਪਤ ਹੋਣ ਤੋਂ ਬਾਅਦ ਉਨ੍ਹਾਂ ਨੂੰ ਜੇਤੂ ਐਲਾਨਿਆ ਗਿਆ। ਕਾਂਗਰਸ ਨੇ ਡਾ. ਮਨਮੋਹਨ ਸਿੰਘ ਨੂੰ ਉਮੀਦਵਾਰ ਬਣਾਇਆ ਸੀ ਜਦਕਿ ਭਾਜਪਾ ਨੇ ਇਸ ਸੀਟ ਤੋਂ ਕਿਸੇ ਵੀ ਉਮੀਦਵਾਰ ਨੂੰ ਨਹੀਂ ਉਤਾਰਿਆ ਸੀ।

ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਸ੍ਰੀ ਸਿੰਘ ਨੂੰ ਰਾਜ ਸਭਾ ਮੈਂਬਰ ਬਣਨ 'ਤੇ ਵਧਾਈ ਦਿੱਤੀ। ਦੱਸਣਯੋਗ ਹੈ ਕਿ ਰਾਜ ਸਭਾ ਦੇ ਸੰਸਦ ਮੈਂਬਰ ਮਦਨ ਲਾਲ ਸੈਣੀ ਦੇ ਦੇਹਾਂਤ ਕਾਰਨ ਇਹ ਸੀਟ ਖਾਲੀ ਹੋਈ ਸੀ। ਸਾਬਕਾ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਦਾ ਪੁੱਤਰ ਨੀਰਜ ਸ਼ੇਖਰ ਵੀ ਨਿਰਵਿਰੋਧ ਰਾਜ ਸਭਾ ਮੈਂਬਰ ਚੁਣਿਆ ਗਿਆ। ਉਸ ਨੇ ਭਾਜਪਾ ਵਿਚ ਸ਼ਾਮਲ ਹੋਣ ਤੋਂ ਬਾਅਦ 14 ਅਗਸਤ ਨੂੰ ਉਤਰ ਪ੍ਰਦੇਸ਼ ਤੋਂ ਨਾਮਜ਼ਦਗੀ ਭਰੀ ਸੀ। ਨੀਰਜ ਸ਼ੇਖਰ ਨੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਦੀ ਹਾਜ਼ਰੀ ਵਿਚ ਕਾਗਜ਼ ਦਾਖਲ ਕੀਤੇ ਸਨ।

# ਪੰਜਾਬ ਸਰਕਾਰ ਨੇ ਕੇਂਦਰ ਦੀ ਨਵੀਂ ਸਿੱਖਿਆ ਨੀਤੀ 'ਤੇ ਚੁੱਕੇ ਸਵਾਲ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਨਵੀਂ ਸਿੱਖਿਆ ਨੀਤੀ ਨੂੰ ਪੰਜਾਬੀਆਂ ਦੀ ਸੋਚ ਨੂੰ ਮਾਰਨ ਦੀ ਸਾਜ਼ਿਸ਼ ਕਰਾਰ ਦਿੰਦਿਆਂ ਮੋਦੀ ਸਰਕਾਰ ਵਿਰੁੱਧ ਝੰਡਾ ਚੁੱਕ ਲਿਆ ਹੈ। ਉਨ੍ਹਾਂ ਇਸ ਨੀਤੀ ਰਾਹੀਂ ਦੇਸ਼ ਦਾ ਭਗਵਾਂਕਰਨ ਕਰਨ ਦੇ ਦੋਸ਼ ਵੀ ਲਾਏ ਹਨ।

ਪੰਜਾਬ ਦੇ ਉਚੇਰੀ ਸਿੱਖਿਆ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਇਥੇ ਗੈਰ ਸਹਾਇਤਾ ਪ੍ਰਾਪਤ ਕਾਲਜਾਂ ਦੀ ਸਾਂਝੀ ਐਕਸ਼ਨ ਕਮੇਟੀ ਵੱਲੋਂ ਕਰਵਾਏ ਗਏ ਸੈਮੀਨਾਰ 'ਚ ਕਿਹਾ ਕਿ ਉਚ ਸਿੱਖਿਆ ਦੀ ਨਵੀਂ ਨੀਤੀ ਲਾਗੂ ਹੋਣ ਨਾਲ ਸਭ ਤੋਂ ਵੱਡਾ ਖਤਰਾ ਮੁਲਕ ਦੇ ਵੱਖ ਵੱਖ ਸਭਿਆਚਾਰਾਂ, ਭਾਸ਼ਾਵਾਂ ਅਤੇ ਪਛਾਣਾਂ ਨੂੰ ਖੋਰਾ ਲੱਗਣ ਦਾ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਨੀਤੀ ਤਹਿਤ ਸੰਵਿਧਾਨ ਵਿਚ ਭਾਰਤ ਨੂੰ ਇਕ ਜਮਹੂਰੀ, ਗਣਰਾਜ, ਨਿਆਂਸ਼ੀਲ, ਸਭਿਅਕ, ਬਰਾਬਰੀ ਵਾਲਾ ਮੁਲਕ ਸਿਰਜਣ ਨੂੰ ਤਾਂ ਦੁਹਰਾ ਦਿੱਤਾ ਗਿਆ ਹੈ ਪਰ ਇਸ ਵਿਚੋਂ 'ਧਰਮ ਨਿਰਪੱਖ' ਸ਼ਬਦ ਛੱਡ ਦੇਣ ਨਾਲ ਮੁਲਕ ਦੀਆਂ ਧਾਰਮਿਕ ਅਤੇ ਭਾਸ਼ਾਈ ਘੱਟ ਗਿਣਤੀਆਂ ਵਿਚ ਪਾੜਾ ਵਧਾਇਆ ਜਾ ਰਿਹਾ ਹੈ।

ਨਵੀਂ ਸਿੱਖਿਆ ਨੀਤੀ ਪੰਜਾਬੀਆਂ ਦੀ ਸੋਚ ਨੂੰ ਮਾਰਨ ਲਈ ਸੋਚੀ ਸਮਝੀ ਸਾਜ਼ਿਸ਼ ਤਹਿਤ ਥੋਪੀ ਜਾ ਰਹੀ ਹੈ। ਇਸ ਰਾਹੀਂ ਦੇਸ਼ ਦਾ ਭਗਵਾਂਕਰਨ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਇਸ ਨੀਤੀ ਦਾ ਖਰੜਾ ਦੇਸ਼ ਦੀਆਂ ਬਾਕੀ ਭਾਸ਼ਾਵਾਂ ਵਿਚ ਤਾਂ ਛਾਪਿਆ ਗਿਆ ਹੈ ਪਰ ਪੰਜਾਬੀ ਭਾਸ਼ਾ ਵਿਚ ਪ੍ਰਕਾਸ਼ਿਤ ਨਹੀਂ ਹੋਇਆ, ਜੋ ਕਈ ਤਰ੍ਹਾਂ ਦੇ ਸ਼ੰਕੇ ਪੈਦਾ ਕਰਦਾ ਹੈ।

ਨਵੀਂ ਵਿਦਿਅਕ ਨੀਤੀ ਵਿਚ ਸਿੱਖਿਆ ਦੇ ਹਰ ਪੱਖ ਦੇ ਕੇਂਦਰੀਕਰਨ ਦੀ ਵਕਾਲਤ ਕੀਤੀ ਗਈ ਹੈ, ਜਿਸ ਨਾਲ ਸਿੱਖਿਆ ਸੂਬਿਆਂ ਦੇ ਅਧਿਕਾਰ ਖੇਤਰ ਵਿਚੋਂ ਨਿਕਲ ਜਾਵੇਗੀ। ਸ੍ਰੀ ਬਾਜਵਾ ਨੇ ਕਿਹਾ ਕਿ ਮੁਲਕ ਵਿਚ ਇਕਸਾਰ ਸਿੱਖਿਆ ਦੇ ਨਾਲ-ਨਾਲ ਸਭਿਆਚਾਰ ਅਤੇ ਭਾਸ਼ਾ ਪੱਖ ਤੋਂ ਹਰ ਸੂਬੇ ਦੀਆਂ ਆਪਣੀਆਂ ਵਿਦਿਅਕ ਲੋੜਾਂ ਹਨ, ਜਿਹੜੀਆਂ ਸਿੱਖਿਆ ਦੇ ਕੇਂਦਰੀਕਰਨ ਨਾਲ ਨਜ਼ਰਅੰਦਾਜ਼ ਹੋ ਜਾਣਗੀਆਂ।

# ਜੀ.ਕੇ. ਖਿਲਾਫ ਭ੍ਰਿਸ਼ਟਾਚਾਰ ਮਾਮਲੇ ਵਿਚ ਸਿਰਸਾ ਨੇ ਬਿਆਨ ਦਰਜ ਕਰਵਾਏ

**ਨਵੀਂ ਦਿੱਲੀ:** ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਖਿਲਾਫ 'ਚ ਚੱਲ ਰਹੇ ਭ੍ਰਿਸ਼ਟਾਚਾਰ ਦੇ ਮਾਮਲਿਆਂ 'ਚ ਕਮੇਟੀ ਦੇ ਮੌਜੂਦਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਚਾਣਕਿਆਪੁਰੀ ਥਾਣੇ 'ਚ ਕ੍ਰਾਈਮ ਬ੍ਰਾਂਚ ਮੂਹਰੇ ਆਪਣੇ ਬਿਆਨ ਦਰਜ ਕਰਵਾਏ।

ਦਰਅਸਲ ਜੀ.ਕੇ. ਦੇ ਪ੍ਰਧਾਨਗੀ ਕਾਰਜਕਾਲ 'ਚ ਹੋਏ ਘੁਟਾਲੇ ਸਬੰਧੀ ਪੁੱਛਗਿੱਛ ਲਈ ਤਤਕਾਲੀ ਜਨਰਲ ਸਕੱਤਰ ਸਿਰਸਾ (ਮੌਜੂਦਾ ਪ੍ਰਧਾਨ) ਨੂੰ ਕ੍ਰਾਈਮ ਬ੍ਰਾਂਚ ਨੇ ਬਿਆਨ ਦਰਜ ਕਰਵਾਉਣ ਲਈ ਸੱਦਿਆ ਸੀ। ਬਿਆਨ ਦਰਜ ਕਰਵਾਉਣ ਉਪਰੰਤ ਸਿਰਸਾ ਨੇ ਦੱਸਿਆ ਕਿ ਜੀ.ਕੇ. ਖਿਲਾਫ ਮਾਮਲੇ 'ਚ ਜੋ ਵੀ ਜਾਣਕਾਰੀ ਕ੍ਰਾਈਮ ਬ੍ਰਾਂਚ ਨੇ ਮੰਗੀ ਸੀ, ਉਹ ਸਬੂਤਾਂ ਸਮੇਤ ਦਿੱਤੀ ਗਈ ਹੈ। ਸਿਰਸਾ ਨੇ ਸਪੱਸ਼ਟ ਕੀਤਾ ਕਿ ਗੋਲਕ ਚੋਰੀ ਦੇ ਮਾਮਲੇ 'ਚ ਉਹ ਕਿਸੇ ਨੂੰ ਬਚਾਉਣ ਦੀ ਕੋਸ਼ਿਸ਼ ਨਹੀਂ ਕਰਨਗੇ ਬਲਕਿ ਗੋਲਕ ਚੋਰੀ ਦਾ ਪੈਸਾ ਵਸੂਲਣ ਵਾਸਤੇ ਦਿੱਲੀ ਕਮੇਟੀ ਵੱਲੋਂ ਜੀ.ਕੇ. ਨੂੰ ਨੋਟਿਸ ਜਾਰੀ ਕੀਤਾ ਜਾਵੇਗਾ।

# ਕਸ਼ਮੀਰ: ਬੱਚਿਆਂ ਤੋਂ ਬਿਨਾਂ ਖੁੱਲ੍ਹੇ ਸਕੂਲ

**ਜੰਮੂ/ਸ੍ਰੀਨਗਰ:** ਜੰਮੂ ਦੇ ਪੰਜ ਸੰਵੇਦਨਸ਼ੀਲ ਸਰਹੱਦੀ ਜ਼ਿਲ੍ਹਿਆਂ 'ਚ ਜ਼ਿਆਦਾਤਰ ਵਿਦਿਅਕ ਅਦਾਰੇ ਖੁੱਲ੍ਹ ਗਏ। ਅਧਿਕਾਰੀਆਂ ਨੇ ਕਿਹਾ ਕਿ ਖਿੱਤੇ 'ਚ ਕਈ ਥਾਂਵਾਂ ਤੋਂ ਪਾਬੰਦੀਆਂ ਹਟਾਏ ਜਾਣ ਮਗਰੋਂ ਵਿਦਿਅਕ ਅਦਾਰਿਆਂ 'ਚ ਹਾਜ਼ਰੀ ਪੂਰੀ ਰਹੀ। ਉਧਰ ਕਸ਼ਮੀਰ ਦੇ ਕਈ ਸਕੂਲਾਂ 'ਚ ਅਧਿਆਪਕ ਤਾਂ ਪਹੁੰਚੇ ਪਰ ਜਮਾਤਾਂ 'ਚ ਬੱਚੇ ਨਹੀਂ ਆਏ।

ਸਰਕਾਰ ਨੇ ਸ੍ਰੀਨਗਰ ਸ਼ਹਿਰ 'ਚ 190 ਪ੍ਰਾਇਮਰੀ ਸਕੂਲਾਂ ਨੂੰ ਖੋਲ੍ਹਣ ਦੇ ਲੋੜੀਂਦੇ ਪ੍ਰਬੰਧ ਕੀਤੇ ਸਨ ਪਰ ਸ਼ਹਿਰ ਦੇ ਸਾਰੇ ਪ੍ਰਾਈਵੇਟ ਸਕੂਲ 15ਵੇਂ ਦਿਨ ਵੀ ਲਗਾਤਾਰ ਬੰਦ ਰਹੇ ਕਿਉਂਕਿ ਮਾਪਿਆਂ ਨੂੰ ਪਿਛਲੇ ਦੋ ਦਿਨਾਂ ਤੋਂ ਹੋ ਰਹੇ ਹਿੰਸਕ ਪ੍ਰਦਰਸ਼ਨਾਂ ਕਰਕੇ ਸੁਰੱਖਿਆ ਨੂੰ ਲੈ ਕੇ ਖਦਸ਼ਾ ਸੀ। ਬੇਮੀਨਾ 'ਚ ਸਿਰਫ ਪੁਲਿਸ ਪਬਲਿਕ ਸਕੂਲ ਅਤੇ ਕੁਝ ਕੇਂਦਰੀ ਵਿਦਿਆਲਿਆ ਖੁੱਲ੍ਹੇ ਸਨ ਜਿਥੇ ਕੁਝ ਬੱਚਿਆਂ ਨੂੰ ਦੇਖਿਆ ਗਿਆ। ਇਕ ਪਿਤਾ ਫਾਰੂਕ ਅਹਿਮਦ ਡਾਰ ਨੇ ਕਿਹਾ, "ਹਾਲਾਤ ਇੰਨੇ ਗੁੰਝਲਦਾਰ ਹਨ ਕਿ ਬੱਚਿਆਂ ਨੂੰ ਅਜਿਹੇ ਮਾਹੌਲ 'ਚ ਸਕੂਲ ਭੇਜਣ ਦਾ ਕੋਈ ਸਵਾਲ ਪੈਦਾ ਨਹੀਂ ਹੁੰਦਾ।" ਬਾਰਾਮੂਲਾ ਜ਼ਿਲ੍ਹੇ 'ਚ ਅਧਿਕਾਰੀਆਂ ਨੇ ਕਿਹਾ ਕਿ ਪੰਜ ਕਸਬਿਆਂ ਵਿਚ ਸਕੂਲ ਬੰਦ ਰਹੇ ਜਦਕਿ ਬਾਕੀ ਜ਼ਿਲ੍ਹੇ 'ਚ ਸਕੂਲ ਖੁੱਲ੍ਹੇ ਰਹੇ। ਉਨ੍ਹਾਂ ਕਿਹਾ ਕਿ ਪਟਨ, ਪਲਹਾਲਨ, ਸਿੰਘਪੁਰਾ, ਬਾਰਾਮੂਲਾ ਅਤੇ ਸੋਪੋਰ ਕਸਬਿਆਂ 'ਚ ਪਾਬੰਦੀਆਂ ਵਿਚ ਕੋਈ ਰਾਹਤ ਨਹੀਂ ਦਿੱਤੀ ਗਈ।

ਅਧਿਕਾਰੀਆਂ ਮੁਤਾਬਕ ਜੰਮੂ ਦੇ ਸਰਹੱਦੀ ਜ਼ਿਲ੍ਹਿਆਂ ਰਾਜੌਰੀ ਅਤੇ ਪੁਣਛ ਤੇ ਚਿਨਾਬ ਵਾਦੀ ਦੇ ਜ਼ਿਲ੍ਹਿਆਂ ਰਾਮਬਨ, ਡੋਡਾ ਅਤੇ ਕਿਸ਼ਤਵਾੜ ਦੇ ਕੁਝ ਹਿੱਸਿਆਂ 'ਚ ਵਿਦਿਅਕ ਅਦਾਰੇ ਮੁੜ ਤੋਂ ਖੁੱਲ੍ਹ ਗਏ ਹਨ। ਇਸ ਤੋਂ ਪਹਿਲਾਂ 10 ਅਗਸਤ ਨੂੰ ਪਾਬੰਦੀਆਂ ਹਟਾਉਣ ਪਿਛੋਂ ਖਿੱਤੇ ਦੇ ਪੰਜ ਹੋਰ ਜ਼ਿਲ੍ਹਿਆਂ ਜੰਮੂ, ਕਠੂਆ, ਸਾਂਬਾ, ਊਧਮਪੁਰ ਅਤੇ ਰਿਆਸੀ 'ਚ ਵਿਦਿਅਕ ਅਦਾਰੇ ਖੁੱਲ੍ਹ ਚੁੱਕੇ ਸਨ।

# ਮੰਦਿਰ ਢਾਹੁਣ ਦੇ ਮਾਮਲੇ ਨੂੰ ਸਿਆਸੀ ਰੰਗਤ ਦੇਣ ਤੋਂ ਸੁਪਰੀਮ ਕੋਰਟ ਖਫਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕਿਹਾ ਕਿ ਤੁਗਲਕਾਬਾਦ ਸਥਿਤ ਜੰਗਲੀ ਖੇਤਰ ਵਿਚ ਗੁਰੂ ਰਵਿਦਾਸ ਮੰਦਿਰ ਨੂੰ ਢਾਹੁਣ ਸਬੰਧੀ ਉਸ ਦੇ ਹੁਕਮਾਂ ਨੂੰ 'ਸਿਆਸਤ ਦਾ ਰੰਗ' ਨਹੀਂ ਦਿੱਤਾ ਜਾ ਸਕਦਾ। ਜਸਟਿਸ ਅਰੁਣ ਮਿਸ਼ਰਾ ਤੇ ਐਮ.ਆਰ.ਸ਼ਾਹ ਦੀ ਸ਼ਮੂਲੀਅਤ ਵਾਲੇ ਬੈਂਚ ਨੇ ਪੰਜਾਬ, ਹਰਿਆਣਾ ਤੇ ਦਿੱਲੀ ਨੂੰ ਸਖਤ ਤਾੜਨਾ ਕਰਦਿਆਂ ਸਾਫ ਕਰ ਦਿੱਤਾ ਕਿ ਤਿੰਨੋਂ ਰਾਜ ਇਹ ਯਕੀਨੀ ਬਣਾਉਣ ਕਿ ਮੰਦਿਰ ਢਾਹੁਣ ਨੂੰ ਲੈ ਕੇ ਹੋਣ ਵਾਲੇ ਪ੍ਰਦਰਸ਼ਨਾਂ ਦੌਰਾਨ ਅਮਨ ਤੇ ਕਾਨੂੰਨ ਦੀ ਸਥਿਤੀ ਨੂੰ ਕੋਈ ਸਿਆਸੀ ਜਾਂ ਹੋਰ ਰੰਗਤ ਨਾ ਦਿੱਤੀ ਜਾਵੇ। ਬੈਂਚ ਨੇ ਕਿਹਾ ਕਿ ਉਹ ਸਿਖਰਲੀ ਅਦਾਲਤ ਵੱਲੋਂ ਪਾਸ ਕਿਸੇ ਵੀ ਹੁਕਮ ਦੀ ਨੁਕਤਾਚੀਨੀ ਨੂੰ ਬਰਦਾਸ਼ਤ ਨਹੀਂ ਕਰੇਗਾ।

ਸੁਪਰੀਮ ਕੋਰਟ ਇਸ ਤੋਂ ਪਹਿਲਾਂ ਧਰਨਿਆਂ ਤੇ ਪ੍ਰਦਰਸ਼ਨਾਂ ਨੂੰ ਹਵਾ ਦੇ ਕੇ ਇਸ ਮਾਮਲੇ ਨੂੰ ਸਿਆਸੀ ਰੰਗਤ ਦੇਣ ਵਾਲਿਆਂ ਖਿਲਾਫ ਅਦਾਲਤ ਤੌਹੀਨ ਤਹਿਤ ਕਾਰਵਾਈ ਕਰਨ ਦੀ ਪਹਿਲਾਂ ਹੀ ਚੇਤਾਵਨੀ ਦੇ ਚੁੱਕੀ ਹੈ। ਕੇਸ ਦੀ ਅਗਲੀ ਸੁਣਵਾਈ ਤਿੰਨ ਹਫਤਿਆਂ ਮਗਰੋਂ ਹੋਵੇਗੀ। ਕਾਬਲੇਗੌਰ ਹੈ ਕਿ ਦਿੱਲੀ ਵਿਕਾਸ ਅਥਾਰਿਟੀ (ਡੀ.ਡੀ.ਏ.) ਨੇ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਅਮਲ ਕਰਦਿਆਂ ਜੰਗਲਾਤ ਖੇਤਰ ਵਿਚ ਆਉਂਦੇ ਗੁਰੂ ਰਵਿਦਾਸ ਮੰਦਿਰ ਨੂੰ ਢਾਹ ਦਿੱਤਾ ਸੀ। ਸੁਪਰੀਮ ਕੋਰਟ ਨੇ 9 ਅਗਸਤ ਨੂੰ ਕੀਤੇ ਹੁਕਮਾਂ ਵਿਚ ਗੁਰੂ ਰਵਿਦਾਸ ਜੈਅੰਤੀ ਸਮਾਰੋਹ ਸਮਿਤੀ ਵੱਲੋਂ ਜੰਗਲਾਤ ਮਹਿਕਮੇ ਦੀ ਜ਼ਮੀਨ ਖਾਲੀ ਨਾ ਕਰਨ ਸਬੰਧੀ ਆਪਣੇ ਪਿਛਲੇ ਹੁਕਮਾਂ ਨੂੰ ਅਣਗੌਲਿਆ ਕੀਤੇ ਜਾਣ ਨੂੰ 'ਗੰਭੀਰ ਅਵੱਗਿਆ' ਦੱਸਿਆ ਸੀ। ਪੰਜ ਸੌ ਸਾਲ ਪੁਰਾਣੇ ਇਸ ਮੰਦਿਰ ਨੂੰ ਢਾਹੇ ਜਾਣ ਦੇ ਰੋਸ ਵਜੋਂ ਸਿਆਸੀ ਪਾਰਟੀਆਂ ਤੇ ਦਲਿਤ ਭਾਈਚਾਰੇ ਦੇ ਮੈਂਬਰਾਂ ਨੇ ਪੰਜਾਬ ਤੇ ਦਿੱਲੀ ਵਿਚ ਕਈ ਥਾਈਂ ਪ੍ਰਦਰਸ਼ਨ ਕੀਤੇ ਸਨ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸ ਮਾਮਲੇ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦਖਲ ਦੀ ਮੰਗ ਕੀਤੀ ਸੀ।

## ਆਰਥਿਕ ਮੰਦੀ ਚਿੰਤਾ ਦਾ ਵਿਸ਼ਾ: ਰਾਜਨ

**ਨਵੀਂ ਦਿੱਲੀ:** ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਨੇ ਅਰਥਚਾਰੇ 'ਚ ਮੰਦੀ ਨੂੰ 'ਵੱਡੀ ਚਿੰਤਾ' ਦਾ ਵਿਸ਼ਾ ਕਰਾਰ ਦਿੱਤਾ ਅਤੇ ਕਿਹਾ ਕਿ ਸਰਕਾਰ ਨੂੰ ਪਾਵਰ ਅਤੇ ਗੈਰ-ਬੈਂਕਿੰਗ ਵਿੱਤੀ ਸੈਕਟਰਾਂ ਦੀਆਂ ਮੁਸ਼ਕਲਾਂ ਦਾ ਤੁਰਤ ਨਿਬੇੜਾ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪ੍ਰਾਈਵੇਟ ਸੈਕਟਰ ਨੂੰ ਨਿਵੇਸ਼ ਲਈ ਉਤਸ਼ਾਹਿਤ ਕਰਨ ਵਾਸਤੇ ਸਰਕਾਰ ਨੂੰ ਨਵੇਂ ਸੁਧਾਰਾਂ ਦਾ ਐਲਾਨ ਕਰਨਾ ਚਾਹੀਦਾ ਹੈ।

ਸ੍ਰੀ ਰਾਜਨ 2013 ਤੋਂ 2016 ਤੱਕ ਰਿਜ਼ਰਵ ਬੈਂਕ ਦੇ ਗਵਰਨਰ ਰਹੇ ਸਨ ਪਰ ਮੋਦੀ ਸਰਕਾਰ ਨੇ ਉਨ੍ਹਾਂ ਦੇ ਦੂਜੇ ਕਾਰਜਕਾਲ 'ਚ ਵਾਧਾ ਨਹੀਂ ਕੀਤਾ ਸੀ। ਉਨ੍ਹਾਂ ਕਿਹਾ ਕਿ ਜਿਸ ਢੰਗ ਨਾਲ ਭਾਰਤ 'ਚ ਜੀ.ਡੀ.ਪੀ. ਦਾ ਹਿਸਾਬ ਲਾਇਆ ਜਾਂਦਾ ਹੈ, ਉਸ ਦੀ ਨਜ਼ਰਸਾਨੀ ਕਰਨ ਦੀ ਲੋੜ ਹੈ। ਇਕ ਟੀਵੀ ਚੈਨਲ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪ੍ਰਾਈਵੇਟ ਸੈਕਟਰ ਦੇ ਵਿਸ਼ਲੇਸ਼ਕਾਂ ਵੱਲੋਂ ਵਿਕਾਸ ਦੇ ਵੱਖ-ਵੱਖ ਅਨੁਮਾਨ ਲਾਏ ਜਾਂਦੇ ਹਨ ਜਿਨ੍ਹਾਂ 'ਚੋਂ ਕਈ ਸਰਕਾਰ ਦੇ ਅੰਦਾਜ਼ਿਆਂ ਨਾਲੋਂ ਬਹੁਤ ਘੱਟ ਹੁੰਦੇ ਹਨ। ਉਨ੍ਹਾਂ ਕਿਹਾ ਕਿ ਚਾਰੇ ਪਾਸੇ ਕਾਰੋਬਾਰੀਆਂ ਦੇ ਫਿਕਰ ਸੁਣਾਈ ਪੈਂਦੇ ਹਨ ਅਤੇ ਉਹ ਸ਼ਿਕਾਇਤਾਂ ਕਰ ਰਹੇ ਹਨ ਕਿ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਰਾਹਤ ਲੋੜੀਂਦੀ ਹੈ। ਉਨ੍ਹਾਂ ਕਿਹਾ ਕਿ ਇਕ ਅੱਧੇ ਫੈਸਲੇ ਨਾਲ ਕੋਈ ਹੱਲ ਨਹੀਂ ਨਿਕਲਣਾ ਹੈ ਸਗੋਂ ਅਰਥਚਾਰੇ ਲਈ ਵੱਡੇ ਪੱਧਰ 'ਤੇ ਸੁਧਾਰ ਕਰਨੇ ਪੈਣਗੇ।

# ਪੰਜਾਬ ਵਿਚ ਹੜ੍ਹਾਂ ਨਾਲ ਭਾਰੀ ਤਬਾਹੀ

(ਸਫਾ ਇਕ ਦੀ ਬਾਕੀ)

ਨਾ ਦਿੱਤਾ ਜੋ ਲੋਕਾਂ ਦੀ ਤਬਾਹੀ ਦਾ ਕਾਰਨ ਬਣ ਗਿਆ। ਸਰਕਾਰਾਂ ਦੇ ਮਾੜੇ ਪ੍ਰਬੰਧਾਂ ਕਾਰਨ ਇਕੱਲੇ ਪੰਜਾਬ ਵਿਚ ਹੀ ਨਹੀਂ, ਪੂਰੇ ਦੇਸ਼ ਵਿਚ ਹਰ ਸਾਲ ਹੜ੍ਹਾਂ ਨਾਲ ਤਬਾਹੀ ਹੁੰਦੀ ਹੈ। ਕੇਰਲ ਸਮੇਤ ਕਈ ਸੂਬਿਆਂ ਵਿਚ ਪਿਛਲੇ ਡੇਢ ਮਹੀਨੇ ਵਿਚ ਹੜ੍ਹਾਂ ਕਾਰਨ ਤਕਰੀਬਨ 300 ਮੌਤਾਂ ਹੋ ਚੁੱਕੀਆਂ ਹਨ। ਇਸੇ ਤਰ੍ਹਾਂ ਬਿਹਾਰ, ਉੜੀਸਾ ਅਤੇ ਆਸਾਮ ਵਿਚ ਵੀ ਮੀਂਹਾਂ ਨੇ ਭਾਰੀ ਨੁਕਸਾਨ ਕੀਤਾ ਹੈ। ਹਿਮਾਚਲ ਪ੍ਰਦੇਸ਼ ਅਤੇ ਉਤਰਾਖੰਡ ਵਿਚ ਲਗਾਤਾਰ ਭਾਰੀ ਬਾਰਸ਼ ਹੋਣ ਕਰਕੇ ਇਨ੍ਹਾਂ ਸੂਬਿਆਂ ਵਿਚ ਦਰਜਨਾਂ ਹੀ ਵਿਅਕਤੀਆਂ ਦੇ ਮਾਰੇ ਜਾਣ ਦੀਆਂ ਖਬਰਾਂ ਹਨ। ਹੁਣ ਤੱਕ ਇਨ੍ਹਾਂ ਰਾਜਾਂ ਵਿਚ ਹਜ਼ਾਰਾਂ ਕਰੋੜ ਰੁਪਏ ਦਾ ਨੁਕਸਾਨ ਹੋ ਚੁੱਕਾ ਹੈ। ਯਮੁਨਾ ਨਦੀ ਨੇ ਹਰਿਆਣਾ ਦੇ ਕਈ ਇਲਾਕਿਆਂ ਦੇ ਨਾਲ-ਨਾਲ ਰਾਜਧਾਨੀ ਦਿੱਲੀ ਨੂੰ ਵੀ ਚਿੰਤਾ ਵਿਚ ਪਾ ਦਿੱਤਾ ਹੈ, ਕਿਉਂਕਿ ਇਹ ਦਰਿਆ ਵੀ ਆਸ ਨਾਲੋਂ ਕਿਤੇ ਵੱਧ ਭਰ ਕੇ ਵਹਿਣ ਲੱਗਾ ਹੈ।

ਪਹਾੜੀ ਰਾਜਾਂ ਦੀਆਂ ਕਈ ਸੜਕਾਂ ਵੀ ਪਾਣੀ ਵਹਾ ਕੇ ਲੈ ਗਿਆ ਹੈ। ਹਿਮਾਚਲ ਪ੍ਰਦੇਸ਼ 'ਚੋਂ ਲਗਾਤਾਰ ਹੋ ਰਹੇ ਪਾਣੀ ਦੇ ਵਹਾਅ ਕਾਰਨ ਭਾਖੜਾ ਡੈਮ ਪਾਣੀ ਵੀ ਖਤਰੇ ਦੇ ਨਿਸ਼ਾਨ ਤੋਂ ਉਪਰ ਵਹਿਣਾ ਸ਼ੁਰੂ ਹੋ ਗਿਆ ਹੈ ਜਿਸ ਕਾਰਨ ਫਲੱਡ ਗੇਟ ਖੋਲ੍ਹਣੇ ਪਏ ਹਨ। ਇਸ ਲਈ ਸਤਲੁਜ ਦੇ ਬੇ-ਵਹਾਅ ਪਾਣੀ ਨੇ ਪੰਜਾਬ ਦੇ ਕਈ ਇਲਾਕਿਆਂ ਵਿਚ ਤਬਾਹੀ ਮਚਾ ਦਿੱਤੀ। ਅਜਿਹੇ ਹੀ ਹਾਲਾਤ 1988 ਵਿਚ ਆਏ ਮਾਰੂ ਹੜ੍ਹਾਂ ਸਮੇਂ ਬਣੇ ਸਨ। ਹੁਣ ਸਵਾਲ ਇਹੀ ਹੈ ਕਿ 32 ਸਾਲਾਂ ਬਾਅਦ ਵੀ ਇਸ ਤਬਾਹੀ ਦਾ ਕੋਈ ਹੱਲ ਨਹੀਂ ਕੱਢਿਆ ਜਾ ਸਕਿਆ।

## ਪਾਕਿਸਤਾਨ ਦਾ ਗਿਲਾ

**ਇਸਲਾਮਾਬਾਦ:** ਪਾਕਿਸਤਾਨ ਨੇ ਕਿਹਾ ਹੈ ਕਿ ਭਾਰਤ ਨੇ ਬਿਨਾਂ ਅਗਾਊਂ ਜਾਣਕਾਰੀ ਦਿੱਤਿਆਂ 2 ਲੱਖ ਕਿਊਸਿਕ ਪਾਣੀ ਸਤਲੁਜ ਵਿਚ ਉਨ੍ਹਾਂ ਦੇ ਮੁਲਕ ਵੱਲ ਛੱਡ ਦਿੱਤਾ ਹੈ। ਇਸ ਨਾਲ ਗੁਆਂਢੀ ਮੁਲਕ ਦੇ ਕਈ ਇਲਾਕਿਆਂ ਵਿਚ ਹੜ੍ਹ ਵਰਗੀ ਸਥਿਤੀ ਬਣ ਗਈ ਹੈ। ਕੌਮੀ ਆਫਤ ਪ੍ਰਬੰਧਨ ਅਥਾਰਿਟੀ ਦੇ ਬੁਲਾਰੇ ਬ੍ਰਿਗੇਡੀਅਰ ਮੁਖਤਾਰ ਅਹਿਮਦ ਨੇ ਕਿਹਾ ਕਿ ਕਸੂਰ ਜ਼ਿਲ੍ਹੇ ਵਿਚ ਗੰਡਾ ਸਿੰਘ ਵਾਲਾ ਪਿੰਡ ਵਿਚ ਪਾਣੀ ਦਾ ਪੱਧਰ 16-17 ਫੁੱਟ ਹੈ ਤੇ 24000 ਕਿਊਸਿਕ ਪਾਣੀ ਇਲਾਕੇ ਵਿਚ ਦਾਖਲ ਹੋ ਰਿਹਾ ਹੈ। ਪਾਕਿਸਤਾਨ ਨੇ ਭਾਰਤ ਨਾਲ ਗਿਲਾ ਕੀਤਾ ਹੈ ਕਿ ਇਹ ਪਾਣੀ ਉਨ੍ਹਾਂ ਦੇ ਮੁਲਕ ਵਿਚ ਵੱਡੀ ਤਬਾਹੀ ਮਚਾ ਸਕਦਾ ਹੈ।

## 200 ਸਾਬਕਾ ਸੰਸਦ ਮੈਂਬਰਾਂ ਨੇ ਨੱਪੇ ਸਰਕਾਰੀ ਬੰਗਲੇ

**ਨਵੀਂ ਦਿੱਲੀ:** 16ਵੀਂ ਲੋਕ ਸਭਾ ਨੂੰ ਖਤਮ ਹੋਇਆਂ 2 ਮਹੀਨੇ ਤੋਂ ਵੀ ਵਧੇਰੇ ਸਮਾਂ ਹੋ ਚੁੱਕਾ ਹੈ, ਪਰ 200 ਤੋਂ ਵੱਧ ਸਾਬਕਾ ਸੰਸਦ ਮੈਂਬਰਾਂ ਨੇ ਅਜੇ ਤੱਕ ਦਿੱਲੀ ਦੇ ਲੁਟੀਅਨ ਸਥਿਤ ਅਧਿਕਾਰਤ ਬੰਗਲਿਆਂ ਨੂੰ ਖਾਲੀ ਨਹੀਂ ਕੀਤਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿੱਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਢਿੱਲੋਂ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

# ਬੇਅਦਬੀ ਮਾਮਲੇ 'ਚ ਬਾਦਲਾਂ ਨਾਲ ਲਿਹਾਜ਼ਦਾਰੀ 'ਤੇ ਘਿਰੇ ਕੈਪਟਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ ਵਿਚ ਬਾਦਲਾਂ ਨੂੰ ਬਚਾਉਣ ਦੇ ਦੋਸ਼ਾਂ ਵਿਚ ਬੁਰੀ ਤਰ੍ਹਾਂ ਘਿਰਦੇ ਜਾ ਰਹੇ ਹਨ। ਇਸੇ ਮੁੱਦੇ 'ਤੇ ਪਹਿਲਾਂ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਕੈਪਟਨ ਉਪਰ ਸ਼ਰੇਆਮ



ਵਾਰ ਕਰਦੇ ਆ ਰਹੇ ਸਨ ਪਰ ਹੁਣ ਪਾਰਟੀ ਦੇ ਹੀ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਕੈਪਟਨ ਨੂੰ ਘੇਰਦਿਆਂ ਵਿਧਾਨ ਸਭਾ ਵਿਚ ਇਸ ਮੁੱਦੇ 'ਤੇ ਗਰਜਣ ਵਾਲੇ ਮੰਤਰੀਆਂ ਨੂੰ ਵੀ ਐਚ.ਐਸ. ਫੂਲਕਾ ਦੇ ਰਾਹ ਪੈਂਦਿਆਂ ਅਸਤੀਫੇ ਦੇਣ ਦੀ ਵੰਗਾਰ ਪਾਈ ਹੈ।

ਹੁਣ ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ ਅਤੇ ਵਿਧਾਇਕੀ ਤੋਂ ਅਸਤੀਫਾ ਦੇ ਚੁੱਕੇ ਐਚ.ਐਸ. ਫੂਲਕਾ ਨੇ ਕੈਪਟਨ ਨੂੰ ਇਸ ਮੁੱਦੇ 'ਤੇ ਘੇਰਿਆ ਹੈ। ਸ੍ਰੀ ਮਾਨ ਨੇ ਪ੍ਰਤਾਪ ਸਿੰਘ ਬਾਜਵਾ ਵੱਲੋਂ ਆਪਣੀ ਹੀ ਪਾਰਟੀ ਦੇ ਮੁੱਖ ਮੰਤਰੀ ਉਤੇ ਬਾਦਲ ਪਰਿਵਾਰ ਨੂੰ ਬਚਾਉਣ ਸਬੰਧੀ ਲਗਾਏ ਦੋਸ਼ਾਂ ਨੂੰ ਸਹੀ ਠਹਿਰਾਉਂਦਿਆਂ ਕਿਹਾ ਕਿ ਬਾਦਲ-ਕੈਪਟਨ ਦੀ ਮਿਲੀਭੁਗਤ ਜੱਗ-ਜ਼ਾਹਿਰ ਹੈ। ਉਨ੍ਹਾਂ ਕਿਹਾ ਕਿ ਹੁਣ ਮੁੱਖ ਮੰਤਰੀ ਨੂੰ ਪੰਜਾਬ ਜਾਂ ਬਾਦਲਾਂ ਦੇ ਟੱਬਰ ਵਿਚੋਂ ਕਿਸੇ ਇੱਕ ਨੂੰ ਚੁਣ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਬਾਜਵਾ ਨੇ ਬੇਬਾਕੀ ਨਾਲ ਸੱਚ ਬੋਲਣ ਦੀ ਹਿੰਮਤ ਦਿਖਾਈ ਹੈ। ਹਾਲਾਂਕਿ ਪੰਜਾਬ ਦਾ ਹਰ ਨਾਗਰਿਕ ਜਾਣਦਾ ਹੈ ਕਿ ਕੈਪਟਨ ਅਤੇ ਬਾਦਲਾਂ ਦਾ ਪਰਿਵਾਰ ਪੂਰੀ ਤਰ੍ਹਾਂ ਇਕ-ਮਿਕ ਹੈ। ਉਹ ਪਿਛਲੇ ਇਕ ਦਹਾਕੇ ਤੋਂ ਇਕ-ਦੂਜੇ ਦੇ ਸਿਆਸੀ ਅਤੇ ਨਿੱਜੀ ਹਿੱਤਾਂ ਲਈ ਡੱਟ ਕੇ ਖੜ੍ਹਦੇ ਆਏ ਹਨ ਪਰ ਹੁਣ ਇਹ 'ਫਰੈਂਡਲੀ ਮੈਚ' ਬਰਦਾਸ਼ਤ ਤੋਂ ਬਾਹਰ ਹੈ।

ਸੰਸਦ ਮੈਂਬਰ ਨੇ ਕਿਹਾ ਕਿ ਬੇਅਦਬੀ ਅਤੇ ਬਹਿਬਲ ਕਲਾਂ-ਕੋਟਕਪੂਰਾ ਗੋਲੀ ਕਾਂਡ ਕੇਸ ਵਿਚ ਜੇਕਰ ਕੈਪਟਨ ਵੱਲੋਂ ਬਾਦਲ ਪਰਿਵਾਰ ਦਾ ਪੱਖ ਨਾ ਪੂਰਿਆ ਗਿਆ ਹੁੰਦਾ ਤਾਂ ਅੱਜ ਸੁਖਬੀਰ ਸਿੰਘ ਬਾਦਲ ਸਮੇਤ ਹੋਰ ਕਈ ਜਣੇ ਅੰਦਰ ਹੋਣੇ ਸਨ। ਉਨ੍ਹਾਂ ਕਿਹਾ ਕਿ ਡਰੱਗ, ਲੈਂਡ, ਸੈਂਡ, ਸ਼ਰਾਬ, ਟਰਾਂਸਪੋਰਟ, ਕੇਬਲ ਅਤੇ ਬਿਜਲੀ ਮਾਫ਼ੀਆ ਵਿਚ ਵੀ ਕੈਪਟਨ ਵੱਲੋਂ ਬਾਦਲ ਪਰਿਵਾਰ ਨਾਲ ਆਪਣੇ ਨਿੱਜੀ ਸਿਆਸੀ ਸਵਾਰਥ ਸਾਂਝੇ ਨਾ ਕੀਤੇ ਗਏ ਹੁੰਦੇ ਤਾਂ ਕਈ ਵੱਡੇ ਖੁਲਾਸੇ ਹੋਣੇ ਸਨ। ਉਨ੍ਹਾਂ ਕਿਹਾ ਕਿ ਸ੍ਰੀ ਬਾਜਵਾ 'ਤੇ ਪਲਟਵਾਰ ਕਰਨ ਵਾਲੇ ਕੈਪਟਨ ਉਸ ਦਿਨ ਕਿਉਂ ਚੁੱਪ ਰਹੇ ਸਨ ਜਦੋਂ ਵਿਧਾਇਕ ਦਲ ਦੀ ਮੀਟਿੰਗ ਵਿਚ ਕਾਂਗਰਸੀ ਵਿਧਾਇਕਾਂ ਅਤੇ ਮੰਤਰੀਆਂ ਨੇ ਬਾਦਲਾਂ ਨਾਲ ਫਰੈਂਡਲੀ ਮੈਚ ਬਾਰੇ ਖਰੀਆਂ-ਖਰੀਆਂ ਸੁਣਾਈਆਂ ਸਨ। ਦੂਸਰੇ ਪਾਸੇ ਸ੍ਰੀ ਫੂਲਕਾ ਨੇ ਕਿਹਾ ਕਿ ਪ੍ਰਤਾਪ ਸਿੰਘ ਬਾਜਵਾ ਨੇ ਉਨ੍ਹਾਂ ਦੇ ਕਥਨਾਂ ਉਪਰ ਮੋਹਰ ਲਾ ਦਿੱਤੀ ਹੈ। ਇਸ ਲਈ ਹੁਣ ਮੁੱਖ ਮੰਤਰੀ ਨੂੰ ਆਪਣਿਆਂ ਦੀ ਗੱਲ ਮੰਨ ਕੇ ਵਿਧਾਨ ਸਭਾ ਵਿਚ ਕੀਤੇ ਵਾਅਦੇ ਅਨੁਸਾਰ ਬੇਅਦਬੀ ਕਾਂਡ ਦੇ ਮੁੱਖ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਦੀ ਹਿੰਮਤ ਦਿਖਾਉਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਜਿਹੜੇ ਕਾਂਗਰਸੀ ਵਿਧਾਇਕਾਂ ਤੇ ਮੰਤਰੀਆਂ ਨੇ ਵਿਧਾਨ ਸਭਾ ਸੈਸ਼ਨ ਦੌਰਾਨ ਬਾਦਲਾਂ ਵਿਰੁੱਧ ਆਵਾਜ਼ ਉਠਾਈ ਸੀ, ਹੁਣ ਉਨ੍ਹਾਂ ਨੂੰ ਵਿਧਾਨ ਸਭਾ 'ਚ ਬੈਠਣ ਦਾ ਕੋਈ ਇਖਲਾਕੀ ਹੱਕ ਨਹੀਂ ਹੈ। ਉਨ੍ਹਾਂ ਦੋਸ਼ ਲਾਇਆ ਕਿ ਬਾਦਲਾਂ ਨਾਲ ਮਿਲੀਭੁਗਤ ਕਰਕੇ ਹੀ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਪੁਲਿਸ ਮੁਖੀ ਸੁਮੇਧ ਸਿੰਘ ਸੈਣੀ ਤੋਂ ਧਿਆਨ ਹਟਾਇਆ ਜਾ ਰਿਹਾ। ਉਨ੍ਹਾਂ ਕਿਹਾ ਕਿ ਹੁਣ ਇਕ ਸਾਜ਼ਿਸ਼ ਤਹਿਤ ਜਸਟਿਸ ਰਣਜੀਤ ਸਿੰਘ ਦੇ ਖੁਲਾਸਿਆਂ ਦੀ ਗੱਲ ਹੀ ਨਹੀਂ ਕੀਤੀ ਜਾ ਰਹੀ ਹੈ। ਉਨ੍ਹਾਂ ਮੁਤਾਬਕ ਸੁਪਰੀਮ ਕੋਰਟ ਦੇ ਜੱਜ ਦੀ ਨਿਗਰਾਨੀ ਹੇਠ ਪੜਤਾਲ ਕਰਵਾਉਣ ਦੀ ਮੰਗ ਕਰਕੇ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਦੇ ਖੁਲਾਸਿਆਂ ਉਪਰ ਪਰਦਾ ਪਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਸ੍ਰੀ ਫੂਲਕਾ ਨੇ ਕਿਹਾ ਕਿ ਉਨ੍ਹਾਂ ਨਵਜੋਤ ਸਿੱਧੂ, ਰਮਨਜੀਤ ਸਿੰਘ ਸਿੱਕੀ, ਹਰਮਿੰਦਰ ਸਿੰਘ ਗਿੱਲ, ਬੈਂਸ ਭਰਾਵਾਂ ਅਤੇ ਸੁਖਪਾਲ ਖਹਿਰਾ ਨੂੰ ਜਾਗਦੀਆਂ ਜ਼ਮੀਰਾਂ ਵਾਲੇ ਸਮਝ ਕੇ ਅਸਤੀਫੇ ਦੇਣ ਦੀ ਅਪੀਲ ਕੀਤੀ ਸੀ ਪਰ ਕਿਸੇ ਨੇ ਵੀ ਹਾਲੇ ਤੱਕ ਹੁੰਗਾਰਾ ਨਹੀਂ ਦਿੱਤਾ ਹੈ।

## ਬਾਜਵਾ ਨੂੰ ਵੀ ਕੈਪਟਨ ਦੀ ਨੀਅਤ 'ਤੇ ਸ਼ੱਕ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਵਲੋਂ ਉਨ੍ਹਾਂ ਦੇ ਬਿਆਨ 'ਤੇ ਜਾਰੀ ਕੀਤੀਆਂ ਟਿੱਪਣੀਆਂ ਦੇ ਜਵਾਬ 'ਚ ਕਿਹਾ ਕਿ ਅਗਰ ਮੁੱਖ ਮੰਤਰੀ ਦੇ ਦਾਅਵੇ ਅਨੁਸਾਰ ਹਾਈਕੋਰਟ ਨੇ ਸੀ.ਬੀ.ਆਈ. ਤੋਂ ਬਰਗਾੜੀ ਮਾਮਲੇ 'ਚ ਜਾਂਚ ਵਾਪਸ ਲੈਣ ਨੂੰ ਠੀਕ ਠਹਿਰਾਇਆ ਹੈ ਤੇ ਵਿਧਾਨ ਸਭਾ ਦੇ ਮਤੇ ਦੀ ਵੀ ਪ੍ਰਸ਼ੰਸਾ ਕੀਤੀ ਹੈ ਤਾਂ ਕੀ ਮੁੱਖ ਮੰਤਰੀ ਉਨ੍ਹਾਂ ਨੂੰ ਦੱਸ ਸਕਦੇ ਹਨ ਕਿ ਉਕਤ ਫੈਸਲੇ ਤੋਂ ਕੋਈ ਇਕ ਸਾਲ ਬਾਅਦ ਵੀ ਰਾਜ ਸਰਕਾਰ ਵੱਲੋਂ ਇਸ ਕੇਸ ਨਾਲ ਸਬੰਧਤ ਫਾਈਲ ਸੀ.ਬੀ.ਆਈ. ਤੋਂ ਵਾਪਸ ਲੈ ਕੇ ਉਸ 'ਤੇ ਅੱਗੋਂ ਜਾਂਚ ਲਈ ਕੀ ਕਾਰਵਾਈ ਕੀਤੀ ਹੈ। ਉਨ੍ਹਾਂ ਕਿਹਾ ਕਿ ਸੀ.ਬੀ.ਆਈ. ਵੱਲੋਂ ਅਗਰ ਹਾਈਕੋਰਟ ਦੇ ਫੈਸਲੇ ਤੋਂ ਬਾਅਦ ਵੀ ਕੇਸ ਵਾਪਸ ਨਹੀਂ ਕੀਤਾ ਗਿਆ ਤੇ ਹੁਣ ਆਪਣੇ ਤੌਰ 'ਤੇ ਕਲੋਜ਼ਰ ਰਿਪੋਰਟ ਵੀ ਦਾਇਰ ਕਰ ਦਿੱਤੀ ਗਈ ਹੈ ਤਾਂ ਪੰਜਾਬ ਸਰਕਾਰ ਵੱਲੋਂ ਸੀ.ਬੀ.ਆਈ. ਵਿਰੁੱਧ ਅਦਾਲਤ ਦੀ ਮਾਣਹਾਨੀ ਲਈ ਕੇਸ ਦਾਇਰ ਕਿਉਂ ਨਹੀਂ ਕੀਤਾ ਗਿਆ? ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਦਾ ਰਵੱਈਆ ਇਸ ਕੇਸ ਵਿਚ ਦੋਸ਼ੀਆਂ ਦੀ ਮਦਦ ਕਰਨ ਦਾ ਹੈ।

## ਕੈਪਟਨ ਨੇ ਬਾਜਵਾ ਦੇ ਦੋਸ਼ਾਂ ਦਾ ਖੰਡਨ ਕੀਤਾ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਰਗਾੜੀ ਬੇਅਦਬੀ ਕੇਸ ਸੀ.ਬੀ.ਆਈ. ਕੋਲੋਂ ਵਾਪਸ ਲੈਣ ਦੇ ਮਾਮਲੇ 'ਤੇ ਕਾਂਗਰਸੀ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਵੱਲੋਂ ਐਡਵੋਕੇਟ ਜਨਰਲ (ਏ.ਜੀ.) ਦਫਤਰ ਉਪਰ ਸੂਬਾ ਸਰਕਾਰ ਤੇ ਵਿਧਾਨ ਸਭਾ ਦੇ ਸਦਨ ਨੂੰ ਗੁਮਰਾਹ ਕਰਨ ਦੇ ਲਾਏ ਦੋਸ਼ਾਂ ਨੂੰ ਰੱਦ ਕਰ ਦਿੱਤਾ ਹੈ। ਕੈਪਟਨ ਨੇ ਬਾਜਵਾ ਵੱਲੋਂ ਦਿੱਤੇ ਬਿਆਨ ਬਾਰੇ ਕਿਹਾ ਕਿ ਉਹ ਜਾਂ ਤਾਂ ਇਸ ਮਾਮਲੇ ਤੋਂ ਅਣਜਾਣ ਹਨ ਜਾਂ ਫਿਰ ਉਨ੍ਹਾਂ ਜਾਣਬੁੱਝ ਕੇ ਸ਼ਰਾਰਤ ਕੀਤੀ ਹੈ। ਸੀ.ਬੀ.ਆਈ. ਕੋਲੋਂ ਕੇਸ ਵਾਪਸ ਲੈਣ ਦੇ ਮਾਮਲੇ ਬਾਰੇ ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਇਹ ਫੈਸਲਾ ਵਿਧਾਨ ਸਭਾ ਦੇ ਸਦਨ ਵੱਲੋਂ ਲਿਆ ਗਿਆ ਸੀ।

# ਹੰਸਰਾਜ ਵੱਲੋਂ ਜੇ. ਐਨ. ਯੂ. ਦਾ ਨਾਂ ਮੋਦੀ ਦੇ ਨਾਂ 'ਤੇ ਰੱਖਣ ਦੀ ਸਲਾਹ

**ਨਵੀਂ ਦਿੱਲੀ:** ਪੰਜਾਬ ਤੋਂ ਆ ਕੇ ਦਿੱਲੀ ਵਿਚ ਭਾਜਪਾ ਦੇ ਸੰਸਦ ਮੈਂਬਰ ਬਣਨ ਵਾਲੇ ਗਾਇਕ ਹੰਸ ਰਾਜ ਹੰਸ ਨੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ.ਐਨ.ਯੂ.) ਦਾ ਨਾਂ ਬਦਲਣ ਦੀ ਵਕਾਲਤ ਕੀਤੀ ਹੈ। ਜੇ.ਐਨ.ਯੂ. ਵਿਚ ਇਕ



ਸਮਾਗਮ ਦੌਰਾਨ ਹੰਸਰਾਜ ਨੇ ਕਿਹਾ ਕਿ ਇਹ ਖ਼ੁਸ਼ੀ ਦੀ ਗੱਲ ਹੈ ਕਿ ਕਸ਼ਮੀਰ ਹੁਣ ਅਸਲ ਵਿਚ ਜੰਨਤ ਹੋਣ ਵਾਲਾ ਹੈ। ਧਾਰਾ 370 ਵਾਲਾ ਮਾਮਲਾ ਸਭ ਨੂੰ ਚੰਗਾ ਲੱਗਾ ਹੈ ਤੇ ਹੁਣ ਦੁਆ ਕਰੋ ਕਿ ਸਭ ਲੋਕ ਅਮਨ ਤੇ ਮੁਹੱਬਤ ਨਾਲ ਰਹਿਣ।

ਉਨ੍ਹਾਂ ਕਿਹਾ ਸਾਡੇ ਬਜ਼ੁਰਗਾਂ ਨੇ ਗਲਤੀਆਂ ਕੀਤੀਆਂ ਹਨ ਤੇ ਅਸੀਂ ਭੁਗਤ ਰਹੇ ਹਾਂ। ਹੰਸ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਇਸ ਯੂਨੀਵਰਸਿਟੀ ਦਾ ਨਾਂ ਜੇ.ਐਨ.ਯੂ. ਦੀ ਥਾਂ 'ਐਮ.ਐਨਯੂ.' (ਮੋਦੀ ਨਰਿੰਦਰ ਯੂਨੀਵਰਸਿਟੀ) ਕਰ ਦਿੱਤਾ ਜਾਵੇ। ਮੋਦੀ ਜੀ ਦੇ ਨਾਂ ਵੀ ਕੁਝ ਹੋਣਾ ਚਾਹੀਦਾ ਹੈ ਜਿਨ੍ਹਾਂ ਨਾਮੁਮਕਿਨ ਨੂੰ ਮੁਮਕਿਨ ਕਰ ਦਿੱਤਾ ਹੈ। ਇਸੇ ਕਰਕੇ ਤਾਂ ਕਹਿੰਦੇ ਹਨ ਕਿ ਮੋਦੀ ਹੈ ਤਾਂ ਮੁਮਕਿਨ ਹੈ।

ਉਨ੍ਹਾਂ ਕਿਹਾ, "ਘੱਟੋ ਘੱਟ ਹੁਣ ਬੰਬ ਤਾਂ ਨਹੀਂ ਚੱਲਣਗੇ, ਮੇਰੀ ਦੁਆ ਹੈ ਕਿ ਬੰਬ ਨਾ ਚਲਾਉਣੇ ਪੈਣ, ਬੰਦਾ ਇੱਧਰ ਦਾ ਮਰੇ ਜਾਂ ਉੱਧਰ ਦਾ, ਮਰਦਾ ਤਾਂ ਇਕ ਮਾਂ ਦਾ ਪੁੱਤ ਹੀ ਹੈ।" ਹੰਸ ਨੇ ਕਿਹਾ ਕਿ ਚਾਹੇ ਬਾਅਦ ਵਿਚ ਪਰਮਵੀਰ ਚੱਕਰ ਦੇਵੋ ਜਾਂ ਧਰਮਵੀਰ ਚੱਕਰ, ਮਾਂ ਦਾ ਪੁੱਤ ਵਾਪਸ ਨਹੀਂ ਆਉਂਦਾ। ਜ਼ਿਕਰਯੋਗ ਹੈ ਕਿ ਜੇ.ਐਨ.ਯੂ. ਵਿਚ ਖੱਬੀਆਂ ਧਿਰਾਂ ਦੇ ਵਿਦਿਆਰਥੀਆਂ ਵਿਚ ਬੋਲਬਾਲਾ ਹੈ ਤੇ ਅਧਿਆਪਕਾਂ ਵੱਲੋਂ ਵੀ ਇਸ ਯੂਨੀਵਰਸਿਟੀ ਦੀਆਂ ਪ੍ਰਸ਼ਾਸਕੀ ਤਬਦੀਲੀਆਂ ਦੀ ਤਿੱਖੀ ਆਲੋਚਨਾ ਕਰਦਿਆਂ ਇਕ ਖਾਸ ਵਿਚਾਰਧਾਰਾ ਨੂੰ ਠੋਸਣ ਦਾ ਦੋਸ਼ ਲਾਇਆ ਜਾਂਦਾ ਰਿਹਾ ਹੈ।

# ਸ਼ਾਰਟ ਸਰਕਟ ਕਾਰਨ ਪਾਵਨ ਸਰੂਪ ਅਗਨ ਭੇਟ

**ਮੋਗਾ:** ਮੋਗਾ-ਬਰਨਾਲਾ ਮਾਰਗ ਉਤੇ ਸਥਿਤ ਬੁੱਘੀਪੁਰਾ ਰੇਲਵੇ ਫਾਟਕ ਨੇੜੇ ਗੁਰਦੁਆਰਾ ਗੁਰੂ ਨਾਨਕ ਦੇਵ ਵਿਚ ਬਿਜਲੀ ਦੇ ਸ਼ਾਰਟ ਸਰਕਟ ਕਾਰਨ ਅੱਗ ਲੱਗ ਗਈ, ਜਿਸ ਕਰਕੇ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਅਗਨ ਭੇਟ ਹੋ ਗਿਆ। ਇਸ ਦੀ ਸੂਚਨਾ ਮਿਲਦਿਆਂ ਹੀ ਸਿੱਖ ਜਥੇਬੰਦੀਆਂ ਦੇ ਆਗੂ ਤੇ ਸੀਨੀਅਰ ਪੁਲਿਸ ਅਧਿਕਾਰੀ ਮੌਕੇ ਉਤੇ ਪੁੱਜੇ ਅਤੇ ਘਟਨਾ ਦਾ ਜਾਇਜ਼ਾ ਲਿਆ।

ਗੁਰਦੁਆਰੇ ਵਿਚ ਸੰਗਰਾਂਦ ਦਾ ਦਿਹਾੜਾ ਮਨਾਉਣ ਮਗਰੋਂ ਗ੍ਰੰਥੀ ਸਤਿਨਾਮ ਸਿੰਘ ਕਿਸੇ ਕੰਮ ਲਈ ਗੁਰਦੁਆਰੇ ਨੂੰ ਜਿੰਦਰਾ ਲਗਾ ਕੇ ਬਾਹਰ ਚਲਾ ਗਿਆ। ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਦਰਬਾਰਾ ਸਿੰਘ ਨੇ ਦੱਸਿਆ ਕਿ ਸ਼ਾਮ ਵੇਲੇ ਗੁਰਦੁਆਰੇ ਨੇੜੇ ਰਹਿੰਦੇ ਇਕ ਪਰਿਵਾਰ ਨੇ ਗੁਰਦੁਆਰੇ ਵਿਚੋਂ ਧੂੰਆਂ ਨਿਕਲਦਾ ਦੇਖਿਆ ਤਾਂ ਰੌਲਾ ਪਾ ਦਿੱਤਾ। ਗੁਰਦੁਆਰੇ ਦਾ ਜਿੰਦਰਾ ਤੋੜਿਆ ਗਿਆ ਤੇ ਲੋਕਾਂ ਨੇ ਅੱਗ ਉਤੇ ਕਾਬੂ ਪਾਇਆ ਪਰ ਉਦੋਂ ਤੱਕ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਅਗਨਭੇਟ ਹੋ ਚੁੱਕਾ ਸੀ। ਮਗਰੋਂ ਪੁਲਿਸ ਨੂੰ ਸੂਚਿਤ ਕੀਤਾ ਗਿਆ ਅਤੇ ਥਾਣਾ ਮਹਿਣਾ ਦੀ ਪੁਲਿਸ ਗ੍ਰੰਥੀ ਸਤਿਨਾਮ ਸਿੰਘ ਨੂੰ ਪੁੱਛਗਿੱਛ ਲਈ ਆਪਣੇ ਨਾਲ ਲੈ ਗਈ। ਘਟਨਾ ਸਮੇਂ ਗੁਰਦੁਆਰੇ ਦੇ ਸੀ.ਸੀ.ਟੀ.ਵੀ. ਕੈਮਰੇ ਵੀ ਬੰਦ ਸਨ।

# ਸਿਰਸਾ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਲਿਖਿਆ ਪੱਤਰ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ



ਨੂੰ ਅਪੀਲ ਕੀਤੀ ਹੈ ਕਿ ਦਿੱਲੀ ਕਮੇਟੀ ਨੂੰ ਬਦਨਾਮ ਕਰਨ ਲਈ ਵਿਰੋਧੀਆਂ ਵੱਲੋਂ ਸਾਜ਼ਿਸ਼ ਤਹਿਤ ਜਾਣਬੁੱਝ ਕੇ ਉਛਾਲੇ ਜਾ ਰਹੇ ਤਿੰਨਾਂ ਮਾਮਲਿਆਂ ਦੀ ਪੜਤਾਲ ਵਾਸਤੇ ਇਕ ਉਚ ਪੱਧਰੀ ਕਮੇਟੀ ਕਾਇਮ ਕਰਕੇ ਇਨ੍ਹਾਂ ਦੀ ਜਾਂਚ ਕਰਵਾਈ ਜਾਵੇ।

ਗਿਆਨੀ ਹਰਪ੍ਰੀਤ ਸਿੰਘ ਨੂੰ ਲਿਖੇ ਪੱਤਰ 'ਚ ਸਿਰਸਾ ਨੇ ਕਿਹਾ ਕਿ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਵੱਲੋਂ ਵਸੰਤ ਵਿਹਾਰ ਸਕੂਲ ਵਿਚ ਜਿੰਮ ਤੇ ਸਵਿਮਿੰਗ ਪੂਲ ਸਥਾਪਤ ਕਰਨ ਲਈ ਖੁਦ ਆਪਣੇ ਹਸਤਾਖਰ ਕਰ ਕੇ ਚਿੱਠੀ ਆਪ ਕੰਪਨੀ ਦੇ ਹਵਾਲੇ ਕੀਤੀ ਗਈ ਸੀ।

ਉਨ੍ਹਾਂ ਕਿਹਾ ਕਿ ਮਨਜੀਤ ਸਿੰਘ ਜੀ.ਕੇ. ਵੱਲੋਂ ਸਥਾਪਤ ਕੀਤੇ ਗਏ ਇਸ ਪ੍ਰੋਜੈਕਟ ਨੂੰ ਦਿੱਲੀ ਕਮੇਟੀ ਨੇ ਰੱਦ ਕਰ ਦਿੱਤਾ ਹੈ ਤੇ ਇਹ ਪ੍ਰੋਜੈਕਟ ਹੁਣ ਕਮੇਟੀ ਆਪ ਚਲਾਏਗੀ। ਸਿਰਸਾ ਨੇ ਕਿਹਾ ਕਿ ਦੂਜਾ ਮਾਮਲਾ ਟਾਸਕ ਫੋਰਸ ਭੰਗ ਕਰਨ ਦਾ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਸਾਹਿਬ ਜਾਂਚ ਕਮੇਟੀ ਤੋਂ ਇਹ ਵੀ ਜਾਂਚ ਕਰਵਾਉਣ ਕਿ ਇਹ ਟਾਸਕ ਫੋਰਸ ਕਿਸ ਕੰਮ ਵਾਸਤੇ ਵਰਤੀ ਜਾ ਰਹੀ ਸੀ ਤੇ ਇਸ ਵਿਚ ਕੰਮ ਕਰਦੇ ਨੌਜਵਾਨਾਂ ਦੀ ਡਿਊਟੀ ਕਿਥੇ ਲਗਾਈ ਗਈ ਸੀ।

ਉਨ੍ਹਾਂ ਕਿਹਾ ਕਿ ਇਸ ਟਾਸਕ ਫੋਰਸ ਦੀ ਕਿਵੇਂ ਦੁਰਵਰਤੋਂ ਕੀਤੀ ਗਈ, ਇਸ ਸਾਰੇ ਮਾਮਲੇ ਦੀ ਜਾਂਚ ਵੀ ਜਥੇਦਾਰ ਸਾਹਿਬ ਸਥਾਪਤ ਕੀਤੀ ਜਾਣ ਵਾਲੀ ਜਾਂਚ ਕਮੇਟੀ ਤੋਂ ਕਰਵਾਉਣ। ਇਸੇ ਤਰ੍ਹਾਂ ਤੀਜਾ ਮਾਮਲਾ ਹਰਗੋਬਿੰਦ ਐਨਕਲੇਵ ਸਥਿਤ ਸੰਸਥਾ ਦਾ ਹੈ, ਜਿਸ ਬਾਰੇ ਵਿਰੋਧੀਆਂ ਵੱਲੋਂ ਦੂਸ਼ਣਬਾਜ਼ੀ ਕੀਤੀ ਜਾ ਰਹੀ ਹੈ। ਸਿਰਸਾ ਨੇ ਜਥੇਦਾਰ ਨੂੰ ਤਿੰਨੇ ਮਾਮਲਿਆਂ ਦੀ ਪੜਤਾਲ ਕਰਵਾਉਣ ਦੀ ਅਪੀਲ ਕੀਤੀ।

# ਸਾਢੇ ਛੇ ਸਾਲ ਦੇ ਬੱਚੇ ਨੂੰ ਮਾਰਨ ਵਾਲੀ ਮਾਂ ਨੂੰ ਉਮਰ ਕੈਦ

**ਬਠਿੰਡਾ:** ਅਦਾਲਤ ਨੇ ਕਲਯੁਗੀ ਮਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ, ਜਿਸ ਨੇ ਆਪਣੇ ਸਾਢੇ ਛੇ ਸਾਲ ਦੇ ਬੱਚੇ ਨੂੰ ਕਿਰਚਾਂ ਮਾਰ ਕੇ ਵਿੰਨ੍ਹ ਦਿੱਤਾ ਸੀ। ਅਦਾਲਤ ਨੇ ਪੂਰੇ ਇਕ ਸਾਲ ਮਗਰੋਂ ਇਸ ਮਹਿਲਾ ਨੂੰ ਉਮਰ ਕੈਦ ਤੋਂ ਇਲਾਵਾ 50 ਹਜ਼ਾਰ ਜੁਰਮਾਨੇ ਦੀ ਸਜ਼ਾ ਵੀ ਸੁਣਾਈ ਹੈ। ਸਥਾਨਕ ਮਤੀ ਦਾਸ ਨਗਰ ਦੀ ਗਲੀ ਨੰਬਰ 18 ਦੀ ਔਰਤ ਰਾਜਵੀਰ ਕੌਰ ਵਾਰਦਾਤ ਵਾਲੇ ਦਿਨ ਤੋਂ ਬਠਿੰਡਾ ਜੇਲ੍ਹ ਵਿਚ ਬੰਦ ਸੀ, ਜਿਸ ਦੀ ਜ਼ਮਾਨਤ ਵੀ ਨਹੀਂ ਹੋਈ ਸੀ। ਉਸ ਨੇ ਬਾਥਰੂਮ ਵਿਚ ਆਪਣੇ ਬੱਚੇ ਨੂੰ ਕਿਰਚਾਂ ਦੇ ਵਾਰ ਕਰ ਕੇ ਮਾਰ ਦਿੱਤਾ ਸੀ।

ਥਾਣਾ ਸਿਵਲ ਲਾਈਨ ਦੀ ਪੁਲਿਸ ਨੇ ਮਾਂ ਰਾਜਵੀਰ ਕੌਰ ਖ਼ਿਲਾਫ ਐਫ.ਆਈ.ਆਰ ਨੰਬਰ 141 ਤਹਿਤ ਕਤਲ ਕੇਸ ਦਰਜ ਕੀਤਾ ਸੀ ਅਤੇ ਉਦੋਂ ਹੀ ਰਾਜਵੀਰ ਕੌਰ ਨੂੰ ਗ੍ਰਿਫਤਾਰ ਕਰ ਲਿਆ ਸੀ। ਵੇਰਵਿਆਂ ਅਨੁਸਾਰ ਬੱਚਾ ਹਰਕੀਰਤ ਸਿੰਘ ਇਥੋਂ ਦੇ ਲਾਰਡ ਰਾਮਾ ਸਕੂਲ ਵਿਚ ਪਹਿਲੀ ਕਲਾਸ ਵਿਚ ਪੜ੍ਹਦਾ ਸੀ ਅਤੇ ਉਸ ਦਾ ਬਾਪ ਪਰਮਿੰਦਰ ਸਿੰਘ ਪ੍ਰਾਪਰਟੀ ਦਾ ਕਾਰੋਬਾਰ ਕਰਦਾ ਹੈ। ਜਦੋਂ ਇਹ ਵਾਰਦਾਤ ਵਾਪਰੀ, ਉਦੋਂ ਬਾਪ ਪਰਮਿੰਦਰ



ਸਿੰਘ ਆਪਣੇ ਘਰ ਦੇ ਬਾਹਰ ਗੱਡੀ ਧੋ ਰਿਹਾ ਸੀ। ਜ਼ਿਲ੍ਹਾ ਅਦਾਲਤ ਨੇ ਸਰਕਾਰੀ ਵਕੀਲ ਦੀਆਂ ਦਲੀਲਾਂ ਨਾਲ ਸਹਿਮਤ ਹੁੰਦੇ ਹੋਏ ਸਜ਼ਾ ਸੁਣਾਈ ਹੈ।

# ਪੰਜ ਵਿਦਿਆਰਥੀਆਂ ਦੀ ਕਰੰਟ ਲੱਗਣ ਕਾਰਨ ਮੌਤ

**ਬੰਗਲੂਰੂ:** ਕੋਪਾਲ ਦੇ ਸਰਕਾਰੀ ਹੋਸਟਲ ਵਿਚ ਕਰੰਟ ਲੱਗਣ ਕਾਰਨ ਪੰਜ ਲੜਕਿਆਂ ਦੀ ਮੌਤ ਹੋ ਗਈ। ਮਰਨ ਵਾਲੇ ਅੱਠਵੀਂ ਤੋਂ ਦਸਵੀਂ ਦੇ ਵਿਦਿਆਰਥੀ ਸਨ ਤੇ ਹੋਸਟਲ ਦੀ ਪਹਿਲੀ ਮੰਜ਼ਿਲ 'ਤੇ ਝੰਡੇ ਵਾਲਾ ਡੰਡਾ ਉਤਾਰਨ ਦੀ ਕੋਸ਼ਿਸ਼ ਕਰ ਰਹੇ ਸਨ ਜੋ ਉਪਰੋਂ ਲੰਘਦੀ 11 ਕੇਵੀ ਲਾਈਨ ਨਾਲ ਖਹਿ ਗਿਆ।

ਪੁਲਿਸ ਅਧਿਕਾਰੀ ਨੇ ਦੱਸਿਆ ਕਿ ਪਹਿਲੇ ਕਰੰਟ ਦੀ ਮਾਰ ਹੇਠ ਦੋ ਲੜਕੇ ਆਏ ਤੇ ਉਨ੍ਹਾਂ ਨੂੰ ਬਚਾਉਣ ਗਏ ਤਿੰਨ ਹੋਰ ਲੜਕੇ ਵੀ ਕਰੰਟ ਲੱਗਣ ਕਾਰਨ ਮਾਰੇ ਗਏ। ਇਹ ਹੋਸਟਲ ਪ੍ਰਾਈਵੇਟ ਇਮਾਰਤ ਵਿਚ ਚਲਾਇਆ ਜਾ ਰਿਹਾ ਸੀ। ਦੂਜੇ ਪਾਸੇ ਮੁੱਖ ਮੰਤਰੀ ਬੀ ਐਸ ਯੇਦੀਯੁਰੱਪਾ ਨੇ ਘਟਨਾ ਦੀ ਜਾਂਚ ਦੇ ਨਿਰਦੇਸ਼ ਦੇ ਦਿੱਤੇ ਹਨ ਤੇ ਹਰੇਕ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਲਈ ਪੰਜ ਲੱਖ ਮੁਆਵਜ਼ਾ ਰਾਸ਼ੀ ਦੇਣ ਦਾ ਐਲਾਨ ਕੀਤਾ ਹੈ।

# ਹਰਿਆਣਾ ਵਿਧਾਨ ਸਭਾ ਚੋਣਾਂ ਭਾਜਪਾ ਨਾਲ ਰਲ ਕੇ ਲੜੇਗਾ ਅਕਾਲੀ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰ ਅਤੇ ਪਾਰਟੀ ਦੀ ਹਰਿਆਣਾ ਇਕਾਈ ਦੇ ਇੰਚਾਰਜ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਅਕਾਲੀ ਦਲ ਆਗਾਮੀ ਹਰਿਆਣਾ ਵਿਧਾਨ ਸਭਾ ਚੋਣਾਂ ਭਾਜਪਾ ਨਾਲ ਗੱਠਜੋੜ ਕਰਕੇ ਲੜੇਗਾ। ਇਸ ਸਬੰਧੀ ਦੋਵਾਂ ਪਾਰਟੀ ਵਿਚ ਸੀਟਾਂ ਦੀ ਵੰਡ ਨੂੰ ਲੈ ਕੇ ਗੱਲਬਾਤ ਚੱਲ ਰਹੀ ਹੈ।

ਸੂਬੇ 'ਚ ਮੈਂਬਰਸ਼ਿਪ ਭਰਤੀ ਮੁਹਿੰਮ ਦਾ ਜਾਇਜ਼ਾ ਲੈਣ ਲਈ ਕੀਤੀ ਪਾਰਟੀ ਦੀ ਹਰਿਆਣਾ ਇਕਾਈ ਦੀ ਮੀਟਿੰਗ ਪਿਛੋਂ ਉਨ੍ਹਾਂ ਕਿਹਾ ਕਿ ਭਾਜਪਾ ਨਾਲ ਚੱਲ ਰਹੀ ਗੱਲਬਾਤ ਬਾਰੇ ਮੈਂਬਰਾਂ ਨੂੰ ਜਾਣੂ ਕਰਵਾ ਦਿੱਤਾ ਹੈ। ਇਸ ਤੋਂ ਇਲਾਵਾ ਪਾਰਟੀ ਲੀਡਰਸ਼ਿਪ ਨੇ ਹਰਿਆਣਾ ਦੀ ਅਕਾਲੀ ਲੀਡਰਸ਼ਿਪ ਤੋਂ ਪਾਰਟੀ ਆਗੂਆਂ ਦੇ ਜਿੱਤਣ ਦੀਆਂ ਸੰਭਾਵਨਾਵਾਂ ਬਾਰੇ ਵੀ ਪ੍ਰਤੀਕਿਰਿਆ ਲਈ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ 7 ਸਤੰਬਰ ਨੂੰ ਕੁਰੂਕਸ਼ੇਤਰ 'ਚ ਵੱਡਾ ਇਕੱਠ ਕੀਤਾ ਜਾ ਰਿਹਾ ਹੈ। ਇਸ ਜਗ੍ਹਾ ਅੱਠ ਗੁਰੂ ਸਾਹਿਬਾਨ ਦੇ ਚਰਨ ਪਏ ਹਨ। ਉਨ੍ਹਾਂ ਅਕਾਲੀ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਘਰ ਘਰ ਜਾ ਕੇ ਲੋਕਾਂ ਨੂੰ ਇਸ ਇਕੱਠ ਵਿਚ ਆਉਣ ਲਈ ਪ੍ਰੇਰਿਤ ਕਰਨ ਅਤੇ ਗੁਰੂ ਸਾਹਿਬ ਦੇ ਸਰਬ ਸਾਂਝੀਵਾਲਤਾ ਦੇ ਸੰਦੇਸ਼ ਨੂੰ ਹਰਿਆਣਾ ਦੇ ਸਾਰੇ ਕਸਬਿਆਂ ਅਤੇ ਪਿੰਡਾਂ ਤੱਕ ਪਹੁੰਚਾਉਣ।

## ਭਾਰਤ ਵੱਲੋਂ ਥਾਰ ਐਕਸਪ੍ਰੈੱਸ ਬੰਦ

**ਜੋਧਪੁਰ:** ਭਾਰਤੀ ਰੇਲ ਮੰਤਰਾਲੇ ਨੇ ਜੋਧਪੁਰ ਤੋਂ ਕਰਾਚੀ (ਪਾਕਿਸਤਾਨ) ਜਾਂਦੀ ਥਾਰ ਲਿੰਕ ਐਕਸਪ੍ਰੈੱਸ ਨੂੰ ਆਰਜ਼ੀ ਤੌਰ 'ਤੇ ਮੁਅੱਤਲ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਭਾਰਤ-ਪਾਕਿ ਤਣਾਅ ਦੇ ਮੱਦੇਨਜ਼ਰ ਸਾਰੇ ਸੜਕੀ ਤੇ ਰੇਲ ਸੰਪਰਕ ਠੱਪ ਹਨ। ਇਸ ਤੋਂ ਪਹਿਲਾਂ ਸਮਝੌਤਾ ਐਕਸਪ੍ਰੈੱਸ ਵੀ ਮੁਅੱਤਲ ਕਰ ਦਿੱਤੀ ਗਈ ਸੀ।

# ਹਿੰਦ-ਪਾਕਿ ਦੋਸਤੀ ਮੇਲਾ: ਧਾਰਾ 370 ਖਤਮ ਕਰਨ ਦਾ ਮੁੱਦਾ ਰਿਹਾ ਭਾਰੂ

**ਅੰਮ੍ਰਿਤਸਰ:** ਪੰਜਾਬ ਨਾਟਸ਼ਾਲਾ ਵਿਚ ਹੋਏ 24ਵੇਂ ਹਿੰਦ-ਪਾਕਿ ਦੋਸਤੀ ਸੰਮੇਲਨ ਵਿਚ ਜਾਰੀ ਕੀਤੇ ਗਏ ਐਲਾਨਨਾਮੇ ਵਿਚ ਜੰਮੂ ਕਸ਼ਮੀਰ ਵਿਚੋਂ ਧਾਰਾ 370 ਨੂੰ ਖਤਮ ਕਰਕੇ ਕੇਂਦਰੀ ਪ੍ਰਸ਼ਾਸਿਤ ਖੇਤਰਾਂ ਵਿਚ ਵੰਡਣ ਦੇ ਸਰਕਾਰ ਦੇ ਫੈਸਲੇ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ।

ਇਸ ਮੌਕੇ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਉਹ ਇਸ ਗੰਭੀਰ ਫੈਸਲੇ 'ਤੇ ਮੁੜ ਸੰਜੀਦਗੀ ਨਾਲ ਵਿਚਾਰ ਕਰੇ, ਸਿਆਸੀ ਲੀਡਰਸ਼ਿਪ ਨੂੰ ਬਿਨਾਂ ਦੇਰੀ ਰਿਹਾਅ ਕਰੇ ਅਤੇ ਪ੍ਰੈਸ ਅਤੇ ਆਮ ਲੋਕਾਂ 'ਤੇ ਲਾਈਆਂ ਪਾਬੰਦੀਆਂ ਖਤਮ ਕੀਤੀਆਂ ਜਾਣ। ਹਿੰਦ-ਪਾਕਿ ਦੋਸਤੀ ਮੰਚ, ਫੋਕਲੋਰ ਰਿਸਰਚ ਅਕਾਦਮੀ, ਪਾਕਿਸਤਾਨ ਇੰਡੀਆ ਪੀਪਲਜ਼ ਫੋਰਮ ਫਾਰ ਪੀਸ ਐਂਡ ਡੈਮੋਕਰੇਸੀ, ਆਗਾਜ਼-ਇ-ਦੋਸਤੀ, ਸਾਫਮਾ ਅਤੇ ਪੰਜਾਬ ਜਾਗ੍ਰਿਤੀ ਮੰਚ ਵੱਲੋਂ ਕਰਵਾਏ ਇਸ ਸੰਮੇਲਨ ਵਿਚ ਬੁਲਾਰਿਆਂ ਨੇ ਜਿਥੇ ਭਾਰਤ-ਪਾਕਿਸਤਾਨ ਸਬੰਧਾਂ ਵਿਚਾਲੇ ਆਏ ਵਿਗਾੜ 'ਤੇ ਚਿੰਤਾ ਪ੍ਰਗਟਾਈ, ਉਥੇ ਇਹ ਵੀ ਕਿਹਾ ਗਿਆ ਕਿ ਧਾਰਾ 370 ਖਤਮ ਕਰਨ ਤੋਂ ਪਹਿਲਾਂ ਕਸ਼ਮੀਰ ਦੇ ਲੋਕਾਂ ਨੂੰ ਭਰੋਸੇ ਵਿਚ ਲੈ ਕੇ ਉਨ੍ਹਾਂ ਨਾਲ ਸਲਾਹ ਮਸ਼ਵਰਾ ਕਰਨਾ ਚਾਹੀਦਾ ਸੀ। ਹਿੰਦ-ਪਾਕਿ ਦੋਸਤੀ ਮੰਚ ਦੀ ਪ੍ਰਧਾਨ ਸਈਦਾ ਹਮੀਦ ਨੇ ਕਿਹਾ ਕਿ ਧਾਰਾ 370 ਨੂੰ ਹਟਾਉਣ ਲਈ ਕੇਂਦਰ ਸਰਕਾਰ ਨੂੰ ਚਾਹੀਦਾ ਸੀ ਕਿ ਕਸ਼ਮੀਰੀਆਂ ਨੂੰ ਵਿਸ਼ਵਾਸ 'ਚ ਲੈ ਕੇ ਸਲਾਹ ਲੈਂਦੀ। ਜੋ ਰਾਹ ਅਖਤਿਆਰ ਕੀਤਾ ਗਿਆ, ਉਹ ਲੋਕਤੰਤਰੀ ਸੰਵਿਧਾਨ ਦੀ ਉਲੰਘਣਾ ਹੈ। 'ਦਾ ਵਾਇਰ ਵੈੱਬਸਾਈਟ' ਦੇ ਸੰਚਾਲਕ ਤੇ 'ਦਾ ਹਿੰਦੂ' ਦੇ ਸਾਬਕਾ ਸੰਪਾਦਕ ਸਿਧਾਰਥ ਵਰਧਰਾਜਨ ਨੇ ਕਿਹਾ ਕਿ ਦੋਵਾਂ ਦੇਸ਼ਾਂ ਦੇ ਅੰਦਰੂਨੀ ਹਾਲਤ ਵਿਗੜਦੇ ਜਾ ਰਹੇ ਹਨ ਅਤੇ ਸੁਧਾਰਾਂ ਦੇ ਆਸਾਰ ਨਜ਼ਰ ਨਹੀਂ ਆ ਰਹੇ। ਉਨ੍ਹਾਂ ਕਿਹਾ ਕਿ ਅਮਨ ਲਈ ਆਵਾਜ਼ ਉਠਦੀ ਰਹਿਣੀ ਚਾਹੀਦੀ ਹੈ।

ਰਾਜ ਸਭਾ ਮੈਂਬਰ ਕੁਮਾਰ ਕੇਤਕਰ ਨੇ ਕਿਹਾ ਕਿ ਸਰਹੱਦਾਂ ਬਦਲਦੀਆਂ ਰਹਿੰਦੀਆਂ ਹਨ ਤੇ ਪਾਕਿ-ਭਾਰਤ ਸਰਹੱਦ ਵੀ ਨਹੀਂ ਰਹਿਣੀ। ਉਨ੍ਹਾਂ ਕਿਹਾ ਕਿ ਅਮਨ ਦੀ ਗੱਲ ਚਲਦੀ ਰਹਿਣੀ ਚਾਹੀਦੀ ਹੈ। ਪਾਕਿਸਤਾਨ-ਇੰਡੀਆ ਪੀਪਲਜ਼ ਫੋਰਮ ਫਾਰ ਪੀਸ ਐਂਡ ਡੈਮੋਕਰੇਸੀ ਦੇ ਕੇਂਦਰੀ ਕਮੇਟੀ ਦੇ ਮੈਂਬਰ ਜਤਿਨ ਦੇਸਾਈ ਨੇ ਸ਼ੰਕਾ ਜਾਹਿਰ ਕੀਤਾ ਕਿ ਭਾਜਪਾ ਮੁੰਬਈ, ਨਾਗਾਲੈਂਡ, ਮਣੀਪੁਰ ਨੂੰ ਵੀ ਕੇਂਦਰੀ ਸ਼ਾਸਿਤ ਪ੍ਰਦੇਸ਼ ਬਣਾ ਸਕਦੀ ਹੈ। ਉਨ੍ਹਾਂ ਕਿਹਾ ਕਿ ਉਹ ਆਸ ਕਰਦੇ ਹਾਂ ਕਿ ਕਰਤਾਰਪੁਰ ਦਾ ਲਾਂਘਾ ਭਾਰਤ-ਪਾਕਿ ਵਿਚਾਲੇ ਅਮਨ ਦੀ ਕਾਇਮੀ ਲਈ ਅਹਿਮ ਭੂਮਿਕਾ ਨਿਭਾਵੇਗਾ। ਆਗਾਜ਼-ਇ-ਦੋਸਤੀ ਦੇ ਬੈਨਰ ਹੇਠ ਵੱਖ-ਵੱਖ ਸੂਬਿਆਂ ਤੋਂ ਵੱਡੀ ਗਿਣਤੀ ਵਿਚ ਅਮਨਪਸੰਦ ਲੋਕਾਂ ਨੂੰ ਲੈ ਕੇ ਆਏ ਰਵੀ ਨਤੀਸ਼ ਨੇ ਕਿਹਾ ਕਿ ਸਰਕਾਰਾਂ ਬਦਲ ਜਾਂਦੀਆਂ ਹਨ ਪਰ ਦੋਸਤੀ ਨਹੀਂ ਬਦਲਣੀ ਚਾਹੀਦੀ।

ਪ੍ਰੋ. ਜਗਮੋਹਨ ਸਿੰਘ ਨੇ ਕਿਹਾ ਕਿ ਭਾਰਤ-ਪਾਕਿਸਤਾਨ ਵਿਚਾਲੇ ਅਮਨ-ਸ਼ਾਂਤੀ ਲਈ ਨਿਰੰਤਰ ਯਤਨ ਜਾਰੀ ਰੱਖਾਂਗੇ। ਸਾਫਮਾ ਪੰਜਾਬ ਦੇ ਕੋਆਰਡੀਨੇਟਰ ਤੇ ਪੱਤਰਕਾਰ ਸਤਨਾਮ ਸਿੰਘ ਮਾਣਕ ਨੇ ਕਿਹਾ ਕਿ ਦੋਵਾਂ ਮੁਲਕਾਂ ਵਿਚ ਅਮਨ-ਸ਼ਾਂਤੀ ਦੀ ਕਾਇਮੀ ਲਈ ਸਾਡੇ ਯਤਨ ਜਾਰੀ ਰਹਿਣਗੇ। ਫੋਕਲੋਰ ਰਿਸਰਚ ਅਕਾਦਮੀ ਦੇ ਪ੍ਰਧਾਨ ਰਮੇਸ਼ ਯਾਦਵ ਨੇ ਸਭ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸਾਂਝੇ ਯਤਨ ਸਫਲ ਜ਼ਰੂਰ ਹੋਣਗੇ। ਇਸ ਮੌਕੇ ਅਕਾਦਮੀ ਦਾ ਮੈਗਜ਼ੀਨ 'ਪੰਜ ਪਾਣੀ' ਵੀ ਰਿਲੀਜ਼ ਕੀਤਾ ਗਿਆ।

## ਮੋਮਬੱਤੀਆਂ ਜਗਾ ਕੇ ਦਿੱਤਾ ਅਮਨ ਦਾ ਸੁਨੇਹਾ

**ਅਟਾਰੀ:** 24ਵੇਂ ਹਿੰਦ-ਪਾਕਿ ਦੋਸਤੀ ਮੇਲੇ ਮੌਕੇ ਭਾਰਤ-ਪਾਕਿਸਤਾਨ ਵਿਚਕਾਰ ਅਮਨ-ਸ਼ਾਂਤੀ ਤੇ ਭਾਈਚਾਰਕ ਸਾਂਝ ਲਈ ਯਤਨਸ਼ੀਲ ਹਿੰਦ-ਪਾਕਿ ਦੋਸਤੀ ਮੰਚ, ਫੋਕਲੋਰ ਰਿਸਰਚ ਅਕਾਦਮੀ ਅੰਮ੍ਰਿਤਸਰ, ਸਾਫਮਾ ਅਤੇ ਪੰਜਾਬ ਜਾਗ੍ਰਿਤੀ ਮੰਚ ਵੱਲੋਂ 14-15 ਅਗਸਤ ਦੀ ਰਾਤ ਨੂੰ ਅਟਾਰੀ ਸਰਹੱਦ 'ਤੇ ਮੋਮਬੱਤੀਆਂ ਜਗਾ ਕੇ ਦੋਵਾਂ ਮੁਲਕਾਂ ਵਿਚਕਾਰ ਅਮਨ-ਸ਼ਾਂਤੀ 'ਤੇ ਸਾਂਝੀਵਾਲਤਾ



ਦਾ ਸੁਨੇਹਾ ਦਿੱਤਾ ਗਿਆ।

ਇਸ ਮੌਕੇ ਭਾਰਤ ਦੇ ਵੱਖ-ਵੱਖ ਸੂਬਿਆਂ ਤੋਂ ਅਟਾਰੀ ਸਰਹੱਦ 'ਤੇ ਪੁੱਜੇ ਬੁੱਧੀਜੀਵੀਆਂ ਨੇ ਦੋਵਾਂ ਮੁਲਕਾਂ ਵਿਚਕਾਰ ਮਿੱਤਰਤਾ ਅਤੇ ਅਮਨ ਕਾਇਮ ਰੱਖਣ ਲਈ ਕਾਮਨਾ ਕੀਤੀ। ਇਸ ਮੌਕੇ ਸਾਫਮਾ ਦੇ ਕੋਆਰਡੀਨੇਟਰ ਤੇ ਹਿੰਦ-ਪਾਕਿ ਦੋਸਤੀ ਮੰਚ ਦੇ ਜਨਰਲ ਸਕੱਤਰ ਸਤਨਾਮ ਮਾਣਕ ਨੇ ਕਿਹਾ ਕਿ ਇਸ ਸਮੇਂ ਭਾਰਤ-ਪਾਕਿਸਤਾਨ ਵਿਚਕਾਰ ਹਾਲਾਤ ਨਾਜ਼ੁਕ ਹਨ। ਭਾਰਤ ਸਰਕਾਰ ਵੱਲੋਂ ਕਸ਼ਮੀਰ ਬਾਰੇ ਫੈਸਲਾ ਪਿਛੋਂ ਤਣਾਅ ਵਧ ਗਿਆ ਹੈ। ਉਨ੍ਹਾਂ ਕਿਹਾ ਕਿ ਦੋਵਾਂ ਮੁਲਕਾਂ 'ਚ ਚੰਗੇ ਸਬੰਧ ਹੋਣੇ ਚਾਹੀਦੇ ਹਨ। ਦੋਵਾਂ ਮੁਲਕਾਂ 'ਚ ਹੁਣ ਜਿਸ ਤਰ੍ਹਾਂ ਦੀ ਰੋਕ ਲੱਗੀ ਹੈ, ਉਸ ਨਾਲ ਵੱਡੀ ਸਮੱਸਿਆ ਪੈਦਾ ਹੋ ਗਈ ਹੈ।

# ਰੀਟਰੀਟ ਰਸਮ 'ਵਰਲਡ ਬੁੱਕ ਆਫ ਰਿਕਾਰਡਜ਼' ਵਿਚ ਦਰਜ

**ਅਟਾਰੀ:** 73ਵੇਂ ਆਜ਼ਾਦੀ ਦਿਹਾੜੇ ਮੌਕੇ ਅਟਾਰੀ ਵਾਹਗਾ ਸਰਹੱਦ 'ਤੇ ਦੋਵਾਂ ਦੇਸ਼ਾਂ ਦੀਆਂ ਸੁਰੱਖਿਆ ਫੋਰਸਾਂ ਵੱਲੋਂ ਨਿਭਾਈ ਜਾਂਦੀ ਝੰਡਾ ਉਤਾਰਨ ਦੀ ਰਸਮ (ਰੀਟਰੀਟ ਸੈਰਾਮਨੀ) ਨਾਲ ਉਸ ਸਮੇਂ ਇਕ ਹੋਰ ਇਤਿਹਾਸਕ ਪ੍ਰਾਪਤੀ ਜੁੜ ਗਈ ਜਦੋਂ ਇਸ ਸੈਰਾਮਨੀ ਨੂੰ 'ਵਰਲਡ ਬੁੱਕ ਆਫ ਰਿਕਾਰਡਜ਼' ਵਿਚ ਦਰਜ ਕਰਦਿਆਂ ਇਸ ਮਾਣਮੱਤੀ ਪ੍ਰਾਪਤੀ ਦਾ ਸਰਟੀਫਿਕੇਟ ਅੰਮ੍ਰਿਤਸਰ ਸੈਕਟਰ ਬੀ.ਐਸ.ਐਫ. ਦੇ ਡੀ.ਆਈ.ਜੀ. ਜਤਿੰਦਰ ਸਿੰਘ ਉਬਰਾਏ ਨੂੰ ਅਟਾਰੀ ਸਰਹੱਦ 'ਚ ਤਾੜੀਆਂ ਦੀ ਗੂੰਜ 'ਚ ਪ੍ਰਦਾਨ ਕੀਤਾ ਗਿਆ।

ਇਸ ਮੌਕੇ ਹਜ਼ਾਰਾਂ ਦੀ ਗਿਣਤੀ 'ਚ ਦੇਸੀ-ਵਿਦੇਸ਼ੀ ਸੈਲਾਨੀ ਇਤਿਹਾਸਕ ਤੇ ਮਾਨਮੱਤੇ ਮੌਕੇ ਦੇ ਗਵਾਹ ਬਣੇ। ਇਹ ਜਾਣਕਾਰੀ ਸਾਂਝੀ ਕਰਦਿਆਂ ਭਾਰਤ ਵਿਚਲੇ 'ਵਰਲਡ ਬੁੱਕ ਆਫ ਰਿਕਾਰਡਜ਼' ਦੇ ਪ੍ਰਧਾਨ ਐਡਵੋਕੇਟ ਸੁਪਰੀਮ ਕੋਰਟ ਸੰਤੋਸ਼ ਸ਼ੁਕਲਾ ਨੇ ਕਿਹਾ ਕਿ ਇਹ ਰੀਟਰੀਟ ਸੈਰਾਮਨੀ 1953 ਤੋਂ ਭਾਰਤ ਪਾਕਿਸਤਾਨ ਸਰਹੱਦ 'ਤੇ ਚਲਦੀ ਆ ਰਹੀ ਹੈ, ਜਿਸ ਨੂੰ ਭਾਰਤ ਦੇ 73ਵੇਂ ਆਜ਼ਾਦੀ ਦਿਹਾੜੇ ਮੌਕੇ ਲੰਡਨ ਦੀ 'ਵਰਲਡ ਬੁੱਕ ਆਫ ਰਿਕਾਰਡਜ਼' ਵਿਚ ਦਰਜ ਕਰਦਿਆਂ ਮਾਣ ਮਹਿਸੂਸ ਕਰ ਰਹੇ ਹਾਂ। ਉਨ੍ਹਾਂ ਦੱਸਿਆ ਕਿ ਵਰਲਡ ਬੁੱਕ ਆਫ ਰਿਕਾਰਡਜ਼ ਵਿਸ਼ਵ ਦੀ ਇਕ ਅੰਤਰਰਾਸ਼ਟਰੀ ਸਰਟੀਫਿਕੇਟ ਦੀ ਮੋਹਰੀ ਸੰਸਥਾ ਹੈ, ਜਿਸ ਦਾ ਨੈੱਟਵਰਕ ਦੁਨੀਆਂ ਦੇ ਵੱਖ-ਵੱਖ ਦੇਸ਼ਾਂ 'ਚ ਹੈ। ਇਸ ਮੌਕੇ ਰਣਦੀਪ ਸਿੰਘ ਕੋਹਲੀ ਪ੍ਰਧਾਨ ਵਰਲਡ ਬੁੱਕ ਆਫ ਰਿਕਾਰਡਜ਼ ਚੈਪਟਰ ਪੰਜਾਬ, ਕੁਮਾਰੀ ਅਤਿਥੀ ਭੱਲਾ, ਸ੍ਰੀਮਤੀ ਸੁਰਜੀਤ ਕੋਹਲੀ ਨੇ ਡੀ.ਆਈ.ਜੀ. ਬੀ.ਐਸ.ਐਫ. ਜਤਿੰਦਰ ਸਿੰਘ ਉਬਰਾਏ, ਕਮਾਂਡੈਂਟ ਪਰਮਜੀਤ ਸਿੰਘ, ਕਮਾਂਡੈਂਟ ਮੁਕੰਦ ਕੁਮਾਰ ਝਾਅ ਨੂੰ ਇਹ ਸਰਟੀਫਿਕੇਟ ਭੇਟ ਕੀਤਾ।

# ਸਮਾਜਿਕ ਕਾਰਕੁਨਾਂ ਵੱਲੋਂ ਕਸ਼ਮੀਰੀਆਂ ਨਾਲ ਇਕਜੁੱਟਤਾ ਦਾ ਪ੍ਰਗਟਾਵਾ

**ਚੰਡੀਗੜ੍ਹ:** ਪੰਜਾਬ ਅਤੇ ਨੇੜਲੇ ਖੇਤਰਾਂ ਨਾਲ ਸਬੰਧਤ ਸਮਾਜਿਕ ਕਾਰਕੁਨਾਂ, ਬੁੱਧੀਜੀਵੀਆਂ, ਧਾਰਮਿਕ ਅਤੇ ਸਿਆਸੀ ਆਗੂਆਂ ਨੇ ਕਸ਼ਮੀਰੀ ਲੋਕਾਂ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕਰਦਿਆਂ ਹਾਲਾਤ ਦਾ ਜਾਇਜ਼ਾ ਲੈਣ ਲਈ ਸਾਰੇ ਵਰਗਾਂ ਦੇ ਆਗੂਆਂ ਨੂੰ ਮਿਲਣ ਵਾਸਤੇ ਡੈਲੀਗੇਸ਼ਨ ਭੇਜਣ ਦਾ ਫੈਸਲਾ ਲਿਆ ਹੈ। 'ਪਿੰਡ ਬਚਾਓ, ਪੰਜਾਬ ਬਚਾਓ' ਦੇ ਸੱਦੇ ਉਤੇ ਹੋਏ ਇਕੱਠ ਦੌਰਾਨ ਮੋਦੀ ਸਰਕਾਰ ਵੱਲੋਂ ਧਾਰਾ 370 ਖਤਮ ਕਰ ਕੇ ਜੰਮੂ-ਕਸ਼ਮੀਰ ਨੂੰ ਕੇਂਦਰੀ ਸ਼ਾਸਿਤ ਪ੍ਰਦੇਸ਼ ਤੱਕ ਸੀਮਤ ਕਰਨ ਅਤੇ ਧਾਰਾ 35ਏ ਨੂੰ ਹਟਾਉਣ ਦਾ ਫੈਸਲਾ ਵਾਪਸ ਲੈਣ ਦੀ ਮੰਗ ਕੀਤੀ ਗਈ।

ਇਕੱਠ ਨੇ ਵਿਰੋਧੀ ਪਾਰਟੀਆਂ ਵੱਲੋਂ ਨਿਭਾਈ ਭੂਮਿਕਾ ਨੂੰ ਨਿਰਾਸ਼ਾਜਨਕ ਕਰਾਰ ਦਿੱਤਾ। ਇਸ ਮੌਕੇ ਸਾਰੀਆਂ ਸਬੰਧਤ ਧਿਰਾਂ ਨਾਲ ਗੱਲਬਾਤ ਕਰਨ, ਸਿਆਸੀ ਆਗੂਆਂ ਨੂੰ ਰਿਹਾਅ ਕਰਨ ਅਤੇ ਲੋਕਾਂ ਨੂੰ ਘਰਾਂ ਵਿਚ ਨਜ਼ਰਬੰਦ ਕਰਨ ਵਾਲੇ ਹੁਕਮ ਵਾਪਸ ਲੈਣ ਦੀ ਮੰਗ ਕੀਤੀ ਗਈ। ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੇ ਕਿਹਾ ਕਿ ਸਰਕਾਰ ਭਾਵੇਂ ਕਸ਼ਮੀਰ ਵਿਚ ਕਰਫਿਊ ਸ਼ਬਦ ਦੀ ਵਰਤੋਂ ਨਹੀਂ ਕਰ ਰਹੀ ਪਰ ਅਸਲ ਵਿਚ ਕਸ਼ਮੀਰੀ ਲੋਕ ਘਰਾਂ ਅੰਦਰ ਨਜ਼ਰਬੰਦ ਕੀਤੇ ਹੋਏ ਹਨ। ਤਖਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਸਿੱਖਾਂ ਦਾ ਜ਼ੁਲਮ ਖਿਲਾਫ ਲੜਨ ਦਾ ਲੰਮਾ ਇਤਿਹਾਸ ਹੈ। ਇਸ ਮੌਕੇ ਬ੍ਰਾਹਮਣਵਾਦੀ ਰਾਜ ਵੱਲੋਂ ਕਸ਼ਮੀਰੀਆਂ ਉਤੇ ਕੀਤੇ ਜਾ ਰਹੇ ਅੱਤਿਆਚਾਰਾਂ ਖਿਲਾਫ ਵੀ ਉਹ ਕਸ਼ਮੀਰੀ ਭਾਈਚਾਰੇ ਨਾਲ ਮਜ਼ਬੂਤੀ ਨਾਲ ਖੜ੍ਹਨਗੇ।

ਪ੍ਰੋਫੈਸਰ ਮਨਜੀਤ ਸਿੰਘ ਨੇ ਕਿਹਾ ਕਿ ਸਾਡੇ ਗੁਆਂਢੀ ਸੂਬੇ ਦੇ ਮੁੱਖ ਮੰਤਰੀ ਸਮੇਤ ਭਾਜਪਾ ਦੇ ਕਈ ਆਗੂਆਂ ਨੇ ਕਸ਼ਮੀਰੀ ਔਰਤਾਂ ਬਾਰੇ ਜੋ ਘਟੀਆ ਮਾਨਸਿਕਤਾ ਦਾ ਪ੍ਰਗਟਾਵਾ ਕੀਤਾ ਹੈ, ਭਾਜਪਾ ਵੱਲੋਂ ਅਜਿਹੇ ਆਗੂਆਂ ਖਿਲਾਫ ਕਾਰਵਾਈ ਨਾ ਕਰਨਾ, ਉਸ ਦੇ 370 ਧਾਰਾ ਖਤਮ ਕਰ ਕੇ ਕਸ਼ਮੀਰੀਆਂ ਨੂੰ ਨਾਲ ਜੋੜਨ ਦੇ ਦਾਅਵਿਆਂ ਦੀ ਪੋਲ ਖੋਲ੍ਹਣ ਲਈ ਕਾਫੀ ਹੈ।

ਐਡਵੋਕੇਟ ਅਮਰ ਸਿੰਘ ਚਾਹਲ ਨੇ ਕਿਹਾ ਕਿ ਭਾਰਤ ਨੇ ਕਸ਼ਮੀਰੀਆਂ ਨਾਲ ਸਮਝੌਤੇ ਨੂੰ ਤੋੜ ਕੇ ਭਰੋਸਾ ਤੋੜ ਦਿੱਤਾ ਹੈ। ਪ੍ਰੋਫੈਸਰ ਕੁਲਦੀਪ ਪੁਰੀ ਨੇ ਕਿਹਾ ਕਿ ਇਕ ਸੂਬੇ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਤੱਕ ਸੀਮਤ ਕਰਨਾ ਉਥੋਂ ਦੇ ਬਾਸ਼ਿੰਦਿਆਂ ਦੀ ਬੇਇੱਜ਼ਤੀ ਹੈ। ਪੱਤਰਕਾਰ ਜਸਪਾਲ ਸਿੰਘ ਸਿੱਧੂ ਨੇ ਕਿਹਾ ਕਿ ਸਾਕਾ ਨੀਲਾ ਤਾਰਾ ਵਾਂਗ ਕਸ਼ਮੀਰੀਆਂ ਨੂੰ ਜਬਰੀ ਅੰਦਰ ਤਾੜ ਕੇ ਦੱਸਿਆ ਜਾ ਰਿਹਾ ਹੈ ਕਿ ਸਥਿਤੀ ਸੁਧਰ ਰਹੀ ਹੈ।

ਇਸੇ ਦੌਰਾਨ ਸਾਬਕਾ ਆਈ.ਏ.ਐਸ. ਗੁਰਤੇਜ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਸਮੁੱਚੇ ਦੇਸ਼ ਵਿਚ ਲਿਬਰਲ ਅਤੇ ਅਲੱਗ ਅਵਾਜ਼ਾਂ ਨੂੰ ਕਮਜ਼ੋਰ ਕਰਨ ਦੀ ਕਾਰਵਾਈ, ਹਾਲਾਤ ਨੂੰ ਖਰਾਬ ਕਰੇਗੀ।

# ਅਕਾਲ ਤਖਤ ਵੱਲੋਂ ਹਵਾਈ ਅੱਡਿਆਂ 'ਤੇ ਸਿੱਖਾਂ ਨੂੰ ਪ੍ਰੇਸ਼ਾਨ ਕਰਨ ਦੀ ਨਿੰਦਾ

**ਅੰਮ੍ਰਿਤਸਰ:** ਹਵਾਈ ਅੱਡਿਆਂ ਉਤੇ ਖਾਸ ਕਰਕੇ ਅੰਮ੍ਰਿਤਧਾਰੀ ਸਿੱਖਾਂ ਨੂੰ ਕਕਾਰਾਂ ਕਾਰਨ ਪਰੇਸ਼ਾਨ ਕੀਤੇ ਜਾਣ ਦੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਨਿੰਦਾ ਕੀਤੀ ਹੈ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ ਤੇ ਹੋਰ ਸਿੱਖ ਆਗੂਆਂ ਨੂੰ ਇਸ ਮਾਮਲੇ ਸਬੰਧੀ ਕੇਂਦਰ ਸਰਕਾਰ ਕੋਲ ਆਪਣਾ ਪੱਖ ਰੱਖਣ ਅਤੇ ਇਸ ਸਮੱਸਿਆ ਦਾ ਸਥਾਈ ਹੱਲ ਲੱਭਣ ਲਈ ਆਖਿਆ ਹੈ।

ਅਜਿਹੇ ਵਿਤਕਰੇ ਦਾ ਸ਼ਿਕਾਰ ਹੋਏ ਸਿੱਖ ਪ੍ਰਚਾਰਕ ਭਾਈ ਬਲਦੇਵ ਸਿੰਘ ਵਡਾਲਾ ਨੇ ਇਸ ਵਿਤਕਰੇ ਨੂੰ ਖਤਮ ਕਰਨ ਲਈ ਕਾਨੂੰਨੀ ਚਾਰਾਜੋਈ ਕਰਨ ਲਈ ਆਖਿਆ ਹੈ। ਭਾਈ ਵਡਾਲਾ ਨੇ 15 ਅਗਸਤ ਨੂੰ ਦਿੱਲੀ ਹਵਾਈ ਅੱਡੇ ਤੋਂ ਲਖਨਊ ਜਾਣਾ ਸੀ ਤੇ ਉਨ੍ਹਾਂ ਨੇ ਏਅਰ ਇੰਡੀਆ ਕੰਪਨੀ ਦੀ ਟਿਕਟ ਲਈ ਸੀ ਪਰ ਉਨ੍ਹਾਂ ਨੂੰ ਛੋਟੀ ਸ੍ਰੀ ਸਾਹਿਬ ਸਮੇਤ ਸਫਰ ਕਰਨ ਤੋਂ ਰੋਕ ਦਿੱਤਾ ਗਿਆ ਜਦੋਂਕਿ ਦਿੱਲੀ ਦੇ ਹਵਾਈ ਅੱਡੇ ਤੋਂ ਹੀ ਹੋਰ ਹਵਾਈ ਕੰਪਨੀ ਵੱਲੋਂ ਉਨ੍ਹਾਂ ਨੂੰ ਕਿਰਪਾਨ ਸਮੇਤ ਲਖਨਊ ਤੱਕ ਸਫਰ ਕਰਨ ਦਿੱਤਾ ਗਿਆ। ਇਸ ਘਟਨਾ ਦਾ ਨੋਟਿਸ ਲੈਂਦਿਆਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਦੂਜਿਆਂ ਦੀ ਧਾਰਮਿਕ ਆਜ਼ਾਦੀ ਵਿਚ ਬੇਲੋੜਾ ਦਖਲ ਦੇਣਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ।

ਉਨ੍ਹਾਂ ਕਿਹਾ ਕਿ ਸੁਰੱਖਿਆ ਦੇ ਨਾਂ ਹੇਠ ਹਮੇਸ਼ਾ ਸਿੱਖਾਂ ਅਤੇ ਖਾਸ ਕਰਕੇ ਅੰਮ੍ਰਿਤਧਾਰੀ ਸਿੱਖਾਂ ਨੂੰ ਪਰੇਸ਼ਾਨ ਕੀਤਾ ਜਾਂਦਾ ਹੈ। ਅਜਿਹੀ ਰੋਕ ਜਾਇਜ਼ ਨਹੀਂ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ ਅਤੇ ਹੋਰ ਸਿੱਖ ਆਗੂਆਂ ਨੂੰ ਕਿਹਾ ਕਿ ਇਸ ਮਾਮਲੇ ਨੂੰ ਭਾਰਤ ਸਰਕਾਰ ਕੋਲ ਰੱਖਣ ਅਤੇ ਇਸ ਦੇ ਪੱਕੇ ਹੱਲ ਲਈ ਚਾਰਾਜੋਈ ਕੀਤੀ ਜਾਵੇ। ਉਨ੍ਹਾਂ ਆਖਿਆ ਕਿ ਅਜਿਹੀਆਂ ਸਮੱਸਿਆਵਾਂ ਪੈਦਾ ਕਰਨ ਵਾਲੇ ਅਧਿਕਾਰੀਆਂ ਖਿਲਾਫ ਵੀ ਕਾਰਵਾਈ ਹੋਣੀ ਚਾਹੀਦੀ ਹੈ। ਸਿੱਖ ਪ੍ਰਚਾਰਕ ਭਾਈ ਬਲਦੇਵ ਸਿੰਘ ਵਡਾਲਾ ਨੂੰ ਹਵਾਈ ਸਫਰ ਤੋਂ ਰੋਕਣ



*ਗਿਆਨੀ ਹਰਪ੍ਰੀਤ ਸਿੰਘ*

ਵਾਲਿਆਂ ਨੂੰ ਸਿੱਖ ਕੌਮ ਕੋਲੋਂ ਮੁਆਫੀ ਮੰਗਣੀ ਚਾਹੀਦੀ ਹੈ।

ਅੰਮ੍ਰਿਤਸਰ ਵਾਪਸ ਪੁੱਜੇ ਭਾਈ ਵਡਾਲਾ ਨੇ ਆਖਿਆ ਕਿ ਉਹ ਇਸ ਮਾਮਲੇ ਵਿਚ ਨਾ ਸਿਰਫ ਕਾਨੂੰਨੀ ਚਾਰਾਜੋਈ ਕਰਨਗੇ, ਸਗੋਂ ਵੱਖ ਵੱਖ ਹਵਾਈ ਕੰਪਨੀਆਂ, ਕੇਂਦਰੀ ਹਵਾਈ ਮੰਤਰਾਲੇ ਅਤੇ ਹੋਰ ਸਬੰਧਤ ਵਿਭਾਗਾਂ ਨੂੰ ਵੀ ਇਸ ਵਿਤਕਰੇ ਬਾਰੇ ਜਾਣੂ ਕਰਾਉਣਗੇ। ਘਰੇਲੂ ਉਡਾਣਾਂ ਵਿਚ 9 ਇੰਚ ਤੋਂ ਛੋਟੀ ਕਿਰਪਾਨ ਸਮੇਤ ਅੰਮ੍ਰਿਤਧਾਰੀ ਸਿੱਖਾਂ ਨੂੰ ਯਾਤਰਾ ਕਰਨ ਦੀ ਪ੍ਰਵਾਨਗੀ ਹੈ ਪਰ ਇਸ ਹਵਾਈ ਕੰਪਨੀ ਨੇ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਦਾ ਹਨਨ ਕੀਤਾ ਹੈ।

# ਸ੍ਰੀ ਦਰਬਾਰ ਸਾਹਿਬ ਦੇ ਪ੍ਰਵੇਸ਼ ਦੁਆਰ ਪਲਾਜ਼ਾ 'ਚ ਛਾਂਦਾਰ ਬੂਟੇ ਲਾਏ

**ਅੰਮ੍ਰਿਤਸਰ:** ਸ੍ਰੀ ਦਰਬਾਰ ਸਾਹਿਬ ਤੇ ਇਸ ਦੇ ਆਲੇ ਦੁਆਲੇ ਨੂੰ ਹਰਿਆ ਭਰਿਆ ਬਣਾਉਣ ਦੀ ਸ਼ੁਰੂ ਕੀਤੀ ਮੁਹਿੰਮ ਤਹਿਤ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਪ੍ਰਵੇਸ਼ ਦੁਆਰ ਪਲਾਜ਼ਾ ਵਿਚ ਛਾਂਦਾਰ ਬੂਟੇ ਲਾਏ ਗਏ। ਇਸੇ ਮੁਹਿੰਮ ਤਹਿਤ ਜਲਦੀ ਹੀ ਹੈਰੀਟੇਜ ਸਟਰੀਟ ਵਿਚ ਵੀ ਛਾਂਦਾਰ ਬੂਟੇ ਲਾਉਣ ਦੀ ਯੋਜਨਾ ਹੈ।

ਪਲਾਜ਼ਾ ਵਿਚ ਵੱਡੇ ਅਤੇ ਰਵਾਇਤੀ ਛਾਂਦਾਰ ਬੂਟੇ ਲਾਉਣ ਵਾਸਤੇ ਵੱਡ-ਆਕਾਰੀ ਗਮਲੇ ਮੁੰਬਈ ਤੋਂ ਤਿਆਰ ਕਰਾਏ ਗਏ ਹਨ। ਚਾਰ ਫੁੱਟ ਉਚੇ ਅਤੇ ਚਾਰ ਫੁੱਟ ਚੌੜੇ ਗਮਲਿਆਂ ਵਿਚ ਪਿੱਪਲ, ਬੋਹੜ, ਪਿਲਕਨ, ਮੌਲਸਰੀ ਅਤੇ ਅਸ਼ੋਕਾ ਕਿਸਮ ਦੇ ਬੂਟੇ ਲਾਏ ਗਏ ਹਨ। ਇਹ ਬੂਟੇ ਪੰਜ ਤੋਂ ਛੇ ਫੁੱਟ ਉੱਚੇ ਪਲੇ ਹੋਏ ਹਨ, ਜੋ 10 ਤੋਂ 15 ਫੁੱਟ ਤੱਕ ਉਚੇ ਹੋਣਗੇ ਅਤੇ ਛਾਂ ਦੇਣਗੇ। ਫਿਲਹਾਲ ਪਹਿਲੇ ਪੜਾਅ ਵਿਚ 25 ਬੂਟੇ ਲਾਏ ਗਏ ਹਨ ਅਤੇ ਜਲਦੀ ਹੀ ਹੋਰ ਅਜਿਹੇ ਬੂਟੇ ਲਾਉਣ ਦੀ ਯੋਜਨਾ ਹੈ। ਇਹ ਬੂਟੇ ਲਾਉਣ ਦਾ ਕੰਮ ਸ਼੍ਰੋਮਣੀ ਕਮੇਟੀ ਅਤੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਸਮੇਤ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਸ਼ੁਰੂ ਕੀਤਾ ਗਿਆ ਹੈ। ਇਸ ਮੁਹਿੰਮ ਤਹਿਤ ਪਹਿਲਾ ਬੂਟਾ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਵੱਲੋਂ ਲਾਇਆ ਗਿਆ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਅਤੇ ਆਈ.ਏ.ਐਸ. ਅਧਿਕਾਰੀ ਕਾਹਨ ਸਿੰਘ ਪੰਨੂ, ਬਾਬਾ ਗੁਰਮੀਤ ਸਿੰਘ ਖੋਸਾ ਕੋਟਲਾ, ਬਾਬਾ ਸੰਤੋਖ ਸਿੰਘ, ਵਾਤਾਵਰਣ ਮਾਹਿਰ ਡਾ. ਬਲਵਿੰਦਰ ਸਿੰਘ ਲੱਖੇਵਾਲੀ, ਸਕੱਤਰ ਬਲਵਿੰਦਰ ਸਿੰਘ ਜੌੜਾਸਿੰਘਾ, ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਜਸਵਿੰਦਰ ਸਿੰਘ ਦੀਨਪੁਰ ਆਦਿ ਨੇ ਇਹ ਬੂਟੇ ਲਾਏ। ਡਾ. ਰੂਪ ਸਿੰਘ ਨੇ ਦੱਸਿਆ ਕਿ ਇਹ ਬੂਟੇ ਸਤੰਬਰ ਮਹੀਨੇ 'ਚ ਲਾਏ ਜਾਣਗੇ। ਇਸੇ ਤਰ੍ਹਾਂ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਵੀ ਅਜਿਹੇ ਵੱਡ-ਆਕਾਰੀ ਗਮਲਿਆਂ ਵਿਚ ਛਾਂਦਾਰ ਤੇ ਫਲਦਾਰ ਬੂਟੇ ਲਾਏ ਜਾਣਗੇ। ਇਸ ਤੋਂ ਪਹਿਲਾਂ ਪਰਿਕਰਮਾ 'ਚ ਪਹਿਲੀ ਤੇ ਦੂਜੀ ਮੰਜ਼ਿਲ 'ਤੇ ਹਰੀਆਂ ਭਰੀਆਂ ਤੇ ਫੁੱਲਦਾਰ ਵੇਲਾਂ ਲਾਈਆਂ ਗਈਆਂ ਹਨ।

# ਮੀਕਾ ਨੇ ਸਰਹੱਦ 'ਤੇ ਲਾਏ 'ਭਾਰਤ ਮਾਤਾ ਕੀ ਜੈ' ਦੇ ਨਾਅਰੇ

**ਚੰਡੀਗੜ੍ਹ:** ਕਰਾਚੀ ਵਿਚ ਪੇਸ਼ਕਾਰੀ ਦੇਣ ਮਗਰੋਂ ਵਿਵਾਦਾਂ ਵਿਚ ਘਿਰੇ ਮੀਕਾ ਸਿੰਘ ਨੇ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਅਪਲੋਡ ਕੀਤੀ ਹੈ ਜਿਸ ਵਿਚ ਉਹ 'ਭਾਰਤ ਮਾਤਾ ਕੀ ਜੈ' ਤੇ 'ਵੰਦੇ ਮਾਤਰਮ' ਦੇ ਨਾਅਰੇ ਮਾਰਦੇ ਹੋਏ ਅਟਾਰੀ ਸਰਹੱਦ ਰਾਹੀਂ ਭਾਰਤ ਵਿਚ ਦਾਖਲ ਹੁੰਦੇ ਨਜ਼ਰ ਆ ਰਹੇ ਹਨ।

ਗਾਇਕ ਨੇ ਹਾਲੇ ਤੱਕ ਆਪਣੀ ਨਿਖੇਧੀ ਕੀਤੇ ਜਾਣ ਬਾਰੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਤੇ ਆਜ਼ਾਦੀ ਦਿਹਾੜੇ ਮੌਕੇ ਟਵਿੱਟਰ 'ਤੇ ਇਹ ਵੀਡੀਓ ਸ਼ੇਅਰ ਕੀਤੀ। ਬੀ.ਐਸ.ਐਫ. ਅਧਿਕਾਰੀ ਦਾ ਕਹਿਣਾ ਹੈ ਕਿ ਮੀਕਾ ਨੇ ਨੌਂ ਅਗਸਤ ਨੂੰ ਸਰਹੱਦ ਪਾਰ ਕੀਤੀ ਸੀ ਜਦ ਉਹ ਤੇ ਉਨ੍ਹਾਂ ਦਾ ਗਰੁੱਪ ਪਰਵੇਜ਼ ਮੁਸ਼ੱਰਫ ਦੇ ਕਰੀਬੀ ਪਰਿਵਾਰ ਦੇ ਵਿਆਹ ਸਮਾਗਮ ਵਿਚ ਪੇਸ਼ਕਾਰੀ ਦੇਣ ਤੋਂ ਬਾਅਦ ਪਰਤ ਰਿਹਾ ਸੀ। ਮੀਕਾ ਨੇ ਵੀਡੀਓ ਸਾਂਝੀ ਕਰਦਿਆਂ ਲਿਖਿਆ ਕਿ 'ਨਿੱਘੇ ਸਵਾਗਤ ਲਈ ਸ਼ੁਕਰੀਆ। ਆਜ਼ਾਦੀ ਦਿਹਾੜੇ ਦੀ ਮੁਬਾਰਕਬਾਦ ਤੇ ਜਵਾਨਾਂ ਨੂੰ ਸਲਾਮ'। ਜ਼ਿਕਰਯੋਗ ਹੈ ਕਿ ਭਾਰਤ ਤੇ ਪਾਕਿ ਦੇ ਸਬੰਧ



ਤਣਾਅਪੂਰਨ ਹਨ ਤੇ ਮੀਕਾ ਦੀ ਪੇਸ਼ਕਾਰੀ ਮਗਰੋਂ ਫਿਲਮ ਜਗਤ ਦੀਆਂ ਕਈ ਜਥੇਬੰਦੀਆਂ ਨੇ ਉਨ੍ਹਾਂ ਦਾ ਬਾਈਕਾਟ ਕੀਤਾ ਹੈ।

# ਪਾਕਿਸਤਾਨ ਨੇ ਭਾਰਤੀ ਫਿਲਮਾਂ ਖਿਲਾਫ ਵਿੱਢੀ ਮੁਹਿੰਮ

**ਇਸਲਾਮਾਬਾਦ:** ਪਾਕਿਸਤਾਨ ਸਰਕਾਰ ਨੇ ਭਾਰਤੀ ਫਿਲਮਾਂ ਦੀਆਂ ਸੀਡੀਜ਼ ਦੀ ਵਿਕਰੀ ਖਿਲਾਫ ਮੁਹਿੰਮ ਵਿੱਢੀ ਹੈ। ਭਾਰਤ ਵੱਲੋਂ ਜੰਮੂ ਕਸ਼ਮੀਰ ਦੇ ਵਿਸ਼ੇਸ਼ ਦਰਜੇ ਨੂੰ ਰੱਦ ਕਰਨ ਮਗਰੋਂ ਪਾਕਿਸਤਾਨ ਨੇ ਇਹ ਨਵੀਂ ਮੁਹਿੰਮ ਚਲਾਈ ਹੈ। ਪਾਕਿਸਤਾਨ ਇਲੈਕਟ੍ਰਾਨਿਕ ਮੀਡੀਆ ਰੈਗੂਲੇਟਰੀ ਅਥਾਰਿਟੀ ਵੱਲੋਂ ਭਾਰਤੀ ਕਲਾਕਾਰਾਂ ਅਤੇ ਭਾਰਤ ਦੇ ਬਣੇ ਉਤਪਾਦਾਂ ਵਾਲੇ ਇਸ਼ਤਿਹਾਰਾਂ ਦੇ ਪ੍ਰਸਾਰਣ 'ਤੇ ਪਾਬੰਦੀ ਲਾਉਣ ਮਗਰੋਂ ਇਹ ਨਵਾਂ ਫਰਮਾਨ ਜਾਰੀ ਕੀਤਾ ਗਿਆ ਹੈ।

'ਡਾਅਨ' ਅਖਬਾਰ ਨੇ ਸੂਚਨਾ ਬਾਰੇ ਪ੍ਰਧਾਨ ਮੰਤਰੀ ਦੀ ਵਿਸ਼ੇਸ਼ ਸਹਾਇਕ ਫਿਰਦੌਸ ਆਸ਼ਿਕ ਅਵਾਨ ਦੇ ਹਵਾਲੇ ਨਾਲ ਕਿਹਾ ਹੈ ਕਿ ਉਨ੍ਹਾਂ ਭਾਰਤੀ ਇਸ਼ਤਿਹਾਰਾਂ ਉਤੇ ਪਾਬੰਦੀ ਲਾ ਦਿੱਤੀ ਹੈ ਅਤੇ ਸੀਡੀ ਦੀਆਂ ਦੁਕਾਨਾਂ 'ਤੇ ਛਾਪੇ ਮਾਰੇ ਹਨ ਤਾਂ ਜੋ ਭਾਰਤੀ ਫਿਲਮਾਂ ਨੂੰ ਜ਼ਬਤ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਗ੍ਰਹਿ ਮੰਤਰਾਲੇ ਨੇ ਸੰਘੀ ਰਾਜਧਾਨੀ 'ਚ ਪਹਿਲਾਂ ਹੀ ਭਾਰਤੀ ਫਿਲਮਾਂ ਖਿਲਾਫ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਅਤੇ ਹੁਣ ਮੁਲਕ ਦੇ ਹੋਰ ਹਿੱਸਿਆਂ 'ਚ ਵੀ ਛਾਪੇ ਮਾਰੇ ਜਾਣਗੇ।

ਪਾਕਿਸਤਾਨ ਇਲੈਕਟ੍ਰਾਨਿਕ ਮੀਡੀਆ ਰੈਗੂਲੇਟਰੀ ਅਥਾਰਿਟੀ ਨੇ ਕਿਹਾ ਕਿ ਉਨ੍ਹਾਂ ਭਾਰਤੀ ਚੈਨਲਾਂ ਨੂੰ ਦਿਖਾਉਣ ਦੀ ਇਜਾਜ਼ਤ ਪਹਿਲਾਂ ਹੀ ਵਾਪਸ ਲੈ ਲਈ ਹੈ। ਇਹ ਫੈਸਲਾ ਪਾਕਿਸਤਾਨੀ ਸੁਪਰੀਮ ਕੋਰਟ ਵੱਲੋਂ ਪਿਛਲੇ ਸਾਲ ਅਕਤੂਬਰ 'ਚ ਨਿਰਦੇਸ਼ ਦਿੱਤੇ ਜਾਣ ਪਿਛੋਂ ਲਿਆ ਗਿਆ ਸੀ।

# ਪਰਮਾਣੂ ਹਥਿਆਰਾਂ ਬਾਰੇ ਮੋਦੀ ਸਰਕਾਰ ਦੀ ਬੜ੍ਹਕ ਪਿੱਛੋਂ ਭਖੀ ਸਿਆਸਤ

**ਨਵੀਂ ਦਿੱਲੀ:** ਰੱਖਿਆ ਮੰਤਰੀ ਰਾਜਨਾਥ ਸਿੰਘ ਵੱਲੋਂ ਪਰਮਾਣੂ ਹਥਿਆਰਾਂ ਬਾਰੇ ਮਾਰੀ ਬੜ੍ਹਕ ਪਿੱਛੋਂ ਸਿਆਸਤ ਭਖ ਗਈ ਹੈ। ਮੰਤਰੀ ਰਾਜਨਾਥ ਸਿੰਘ ਦੀ ਟਿੱਪਣੀ ਤੋਂ ਬਾਅਦ ਕਾਂਗਰਸ ਨੇ ਕਿਹਾ ਹੈ ਕਿ ਸਰਕਾਰ ਨੂੰ ਇਸ ਸਬੰਧੀ ਆਪਣੀ ਨੀਤੀ ਸਪੱਸ਼ਟ ਤੌਰ 'ਤੇ ਦੱਸਣੀ ਚਾਹੀਦੀ ਹੈ ਤੇ 'ਸ਼ਬਦਾਂ ਨਾਲ ਨਹੀਂ ਖੇਡਣਾ' ਚਾਹੀਦਾ।

ਕਾਂਗਰਸ ਦੇ ਤਰਜਮਾਨ ਅਭਿਸ਼ੇਕ ਸਿੰਘਵੀ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਤੇ ਪੂਰਾ ਮੁਲਕ ਸਰਕਾਰ ਦੀ ਪਰਮਾਣੂ ਨੀਤੀ ਦਾ ਸਮਰਥਨ ਕਰੇਗਾ ਪਰ ਸਰਕਾਰ ਇਸ ਬਾਰੇ ਵਲ ਪਾ ਕੇ ਗੱਲ ਨਾ ਕਰੇ। ਉਨ੍ਹਾਂ ਕਿਹਾ ਕਿ ਜੇ ਨੀਤੀ 'ਚ ਕੋਈ ਬਦਲਾਅ ਹੈ ਤਾਂ ਵੀ ਦੱਸਿਆ ਜਾਵੇ ਕਿਉਂਕਿ ਇਹ ਬਹੁਤ ਅਹਿਮ ਮਾਮਲਾ ਹੈ। ਉਧਰ, ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਵੱਲੋਂ ਪਰਮਾਣੂ ਹਥਿਆਰਾਂ ਦੀ ਵਰਤੋਂ ਬਾਰੇ ਦਿੱਤੇ ਗਏ ਬਿਆਨ ਨੂੰ 'ਗੈਰਜ਼ਿੰਮੇਵਾਰਾਨਾ ਅਤੇ 'ਮੰਦਭਾਗਾ' ਕਰਾਰ ਦਿੱਤਾ ਹੈ। ਕੁਰੈਸ਼ੀ ਨੇ ਕਿਹਾ ਕਿ ਭਾਰਤੀ ਰੱਖਿਆ ਮੰਤਰੀ ਦੇ ਬਿਆਨ ਦਾ ਮਤਲਬ ਅਤੇ ਸਮਾਂ ਬਹੁਤ ਮੰਦਭਾਗਾ ਹੈ ਅਤੇ ਇਸ ਤੋਂ ਪਤਾ ਲੱਗਦਾ ਹੈ ਕਿ ਭਾਰਤ ਦਾ ਵਤੀਰਾ ਗੈਰਜ਼ਿੰਮੇਵਾਰਾਨਾ ਅਤੇ ਲੜਾਈ ਵਾਲਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਪਰਮਾਣੂ ਹਥਿਆਰਾਂ ਦੀ ਵਰਤੋਂ ਸਬੰਧੀ ਆਪਣੇ ਪੁਰਾਣੇ ਸਟੈਂਡ 'ਤੇ ਕਾਇਮ ਹੈ। ਕੁਰੈਸ਼ੀ ਨੇ ਕਿਹਾ ਕਿ ਭਾਰਤੀ ਰੱਖਿਆ ਮੰਤਰੀ ਦਾ ਬਿਆਨ ਉਨ੍ਹਾਂ ਦੀ 'ਅਗਿਆਨਤਾ' ਨੂੰ ਦਰਸਾਉਂਦਾ ਹੈ।

ਦੱਸ ਦਈਏ ਕਿ ਰਾਜਨਾਥ ਨੇ ਕਿਹਾ ਹੈ ਕਿ ਭਾਰਤ ਪਰਮਾਣੂ ਹਥਿਆਰਾਂ ਦੀ ਵਰਤੋਂ 'ਚ 'ਪਹਿਲ ਨਾ ਕਰਨ' ਦੇ ਆਪਣੇ ਸਿਧਾਂਤ ਉਤੇ ਪੂਰੀ ਤਰ੍ਹਾਂ ਕਾਇਮ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਭਵਿੱਖ ਵਿਚ ਕੀ ਹੁੰਦਾ ਹੈ, ਇਹ ਸਥਿਤੀਆਂ 'ਤੇ ਨਿਰਭਰ ਕਰਦਾ ਹੈ। ਰੱਖਿਆ ਮੰਤਰੀ ਨੇ ਇਹ ਟਿੱਪਣੀ ਟਵਿੱਟਰ 'ਤੇ ਪੋਖਰਣ ਦਾ ਦੌਰਾ ਕਰਨ ਤੋਂ ਬਾਅਦ ਕੀਤੀ ਹੈ ਜਿਥੇ 1998 ਵਿਚ ਅਟਲ ਬਿਹਾਰੀ ਵਾਜਪਈ ਸਰਕਾਰ ਨੇ ਪਰਮਾਣੂ ਪ੍ਰੀਖਣ ਕੀਤੇ ਸਨ। ਰਾਜਨਾਥ ਨੇ ਕਿਹਾ ਕਿ ਪੋਖਰਣ ਉਹ ਇਲਾਕਾ ਹੈ ਜੋ ਅਟਲ ਜੀ ਦੇ ਭਾਰਤ ਨੂੰ ਪਰਮਾਣੂ ਸ਼ਕਤੀ ਬਣਾਉਣ ਦੇ ਇਰਾਦੇ ਦੀ ਤਰਜਮਾਨੀ ਕਰਦਾ ਹੈ ਪਰ ਨਾਲ ਹੀ ਇਸ ਨਾਲ 'ਪਹਿਲ ਨਾ ਕਰਨ' ਦਾ ਵਾਅਦਾ ਵੀ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਭਾਰਤ ਹਮੇਸ਼ਾ ਇਸ ਲਈ ਵਚਨਬੱਧ ਰਹੇਗਾ ਪਰ ਭਵਿੱਖੀ ਹਾਲਾਤਾਂ ਮੁਤਾਬਕ ਸਖਤ ਫੈਸਲੇ ਲਏ ਜਾ ਸਕਦੇ ਹਨ।

# ਭਾਰਤ-ਪਾਕਿਸਤਾਨ ਵਿਚਾਲੇ ਵਿਗੜੇ ਸਬੰਧਾਂ ਕਾਰਨ ਰੰਗਕਰਮੀ ਨਿਰਾਸ਼

**ਅੰਮ੍ਰਿਤਸਰ:** ਭਾਰਤ ਵੱਲੋਂ ਜੰਮੂ ਕਸ਼ਮੀਰ ਵਿਚੋਂ ਧਾਰਾ 370 ਖਤਮ ਕਰਨ ਮਗਰੋਂ ਭਾਰਤ-ਪਾਕਿ ਵਿਚਾਲੇ ਵਿਗੜੇ ਸਬੰਧਾਂ ਕਾਰਨ ਅੰਮ੍ਰਿਤਸਰ ਦੇ ਰੰਗਕਰਮੀ ਨਿਰਾਸ਼ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪਿਛਲੇ ਲੰਮੇ ਸਮੇਂ ਦੌਰਾਨ ਆਪਣੇ ਯਤਨਾਂ ਸਦਕਾ ਉਨ੍ਹਾਂ ਦੋਵਾਂ ਮੁਲਕਾਂ ਵਿਚਾਲੇ ਜਿਹੜਾ ਅਮਨ ਅਤੇ ਦੋਸਤੀ ਦਾ ਪੁਲ ਬਣਾਇਆ ਸੀ, ਉਸ ਵਿਚ ਸਿਆਸੀ ਆਗੂਆਂ ਨੇ ਤਰੇੜਾਂ ਪਾ ਦਿੱਤੀਆਂ ਹਨ। ਥੀਏਟਰ ਗਰੁੱਪਾਂ ਦੇ ਨਾਲ-ਨਾਲ ਆਮ ਲੋਕ ਵੀ ਨਿਰਾਸ਼ ਹਨ। ਲੋਕਾਂ ਦਾ ਕਹਿਣਾ ਹੈ ਕਿ ਦੋਵਾਂ ਸਰਕਾਰਾਂ ਨੂੰ ਸਭਿਆਚਾਰਕ ਸਰਗਰਮੀਆਂ, ਭਾਈਚਾਰਕ ਸਾਂਝ ਤੇ ਆਪਸੀ ਮੇਲ-ਜੋਲ ਕਾਇਮ ਰੱਖਣਾ ਚਾਹੀਦਾ ਹੈ।

ਮੰਚ ਰੰਗਮੰਚ ਅੰਮ੍ਰਿਤਸਰ ਦੇ ਪ੍ਰਧਾਨ ਕੇਵਲ ਧਾਲੀਵਾਲ ਨੇ ਕਿਹਾ ਕਿ ਦੋਵੇਂ ਮੁਲਕ ਸਭਿਆਚਾਰਕ ਸਰਗਰਮੀਆਂ 'ਤੇ ਲਾਈਆਂ ਪਾਬੰਦੀਆਂ ਹਟਾ ਲੈਣ ਤਾਂ ਕਲਾਕਾਰ ਦੋਵਾਂ ਮੁਲਕਾਂ ਵਿਚ ਮਜ਼ਬੂਤ ਸੱਭਿਆਚਾਰਕ ਸਾਂਝ ਬਣਾਉਣ ਦੇ ਸਮਰੱਥ ਹਨ।

ਸਪਰਿੰਗ ਡੇਲ ਸਕੂਲ ਦੇ ਲੋਕ ਸੰਪਰਕ ਅਧਿਕਾਰੀ ਰਵੀ ਕਾਲੀਆ ਨੇ ਕਿਹਾ ਕਿ ਪਾਕਿਸਤਾਨ ਤੋਂ ਆਏ ਛੋਟੇ ਕਲਾਕਾਰਾਂ ਨੇ ਇਧਰ ਨਾਟਕ ਖੇਡੇ, ਸਾਈਂ ਜ਼ਹੂਰ, ਆਰਿਫ ਲੁਹਾਰ ਨੇ ਸੂਫ਼ੀ ਗਾਇਕੀ ਦੇ ਰੰਗ ਬਿਖੇਰੇ। ਸਕੂਲ ਦੇ ਬੱਚਿਆਂ ਨੇ ਉਧਰ ਜਾ ਕੇ ਸਾਂਝ ਨੂੰ ਹੋਰ ਪਕੇਰਿਆਂ ਕੀਤਾ ਸੀ। ਉਨ੍ਹਾਂ ਕਿਹਾ ਕਿ ਪਿਛਲੇ ਤਿੰਨ-ਚਾਰ ਸਾਲਾਂ ਤੋਂ ਮਾਹੌਲ ਖਰਾਬ ਹੋਣ ਕਰਕੇ ਸਾਂਝਾਂ ਟੁੱਟ ਗਈਆਂ ਹਨ।

# ਕਸ਼ਮੀਰ ਮੁੱਦੇ 'ਤੇ ਸੁਰੱਖਿਆ ਕੌਂਸਲ ਮੀਟਿੰਗ 'ਚ ਬਾਹਲੇ ਦੇਸ਼ਾਂ ਵੱਲੋਂ ਭਾਰਤ ਦਾ ਸਮਰਥਨ

**ਸੰਯੁਕਤ ਰਾਸ਼ਟਰ:** ਕਸ਼ਮੀਰ ਮੁੱਦੇ 'ਤੇ ਇਕ ਵਾਰ ਮੁੜ ਪਾਕਿਸਤਾਨ ਅਤੇ ਚੀਨ ਨੂੰ ਮੂੰਹ ਦੀ ਖਾਣੀ ਪਈ। ਜੰਮੂ-ਕਸ਼ਮੀਰ 'ਚ ਧਾਰਾ 370 ਖਤਮ ਕਰਨ ਦੇ ਮੁੱਦੇ ਨੂੰ ਪਾਕਿਸਤਾਨ ਦੀ ਸ਼ਹਿ ਉਤੇ ਚੀਨ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੀ ਮੀਟਿੰਗ 'ਚ ਉਠਾਇਆ ਪਰ ਮੀਟਿੰਗ 'ਚ ਪਾਕਿਸਤਾਨ ਅਤੇ ਚੀਨ ਨੂੰ ਦੁਨੀਆਂ ਦੇ ਕਿਸੇ ਹੋਰ ਦੇਸ਼ ਦਾ ਸਮਰਥਨ ਨਹੀਂ ਮਿਲਿਆ।

ਰੂਸ ਸਣੇ ਦੂਜੇ ਦੇਸ਼ਾਂ ਨੇ ਭਾਰਤ ਦੀ ਹਮਾਇਤ ਕੀਤੀ। ਚੀਨ ਦੇ ਕਹਿਣ 'ਤੇ ਇਕ ਬੰਦ ਕਮਰੇ 'ਚ ਇਸ ਮੁੱਦੇ 'ਤੇ ਮੀਟਿੰਗ ਹੋਈ। ਮੀਟਿੰਗ 'ਚ ਇਸ ਮੁੱਦੇ 'ਤੇ ਕੁੱਲ 73 ਮਿੰਟ ਚਰਚਾ ਹੋਈ। ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ 'ਚ ਰੂਸ ਦੇ ਸਥਾਈ ਪ੍ਰਤੀਨਿਧ ਦੇਮਿਤਰੀ ਪੋਲਿੰਸਕੀ ਨੇ ਕਿਹਾ ਕਿ ਕਸ਼ਮੀਰ ਮੁੱਦਾ ਹੱਲ ਕਰਨ ਲਈ ਯੂ.ਐਨ.ਐਸ.ਸੀ. ਦੀ ਕੋਈ ਭੂਮਿਕਾ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਇਹ ਮੁੱਦਾ ਸਿਰਫ ਭਾਰਤ ਤੇ ਪਾਕਿਸਤਾਨ ਦੀ ਆਪਸੀ ਗੱਲਬਾਤ ਨਾਲ ਹੀ ਹੱਲ ਹੋ ਸਕਦਾ ਹੈ। ਜਦਕਿ ਚੀਨ ਨੇ ਮੀਟਿੰਗ 'ਚ ਕਿਹਾ ਕਿ ਕਸ਼ਮੀਰ 'ਚ ਧਾਰਾ 370 ਨੂੰ ਹਟਾਉਣਾ ਭਾਰਤ ਦੀ ਇਕਤਰਫਾ ਕਾਰਵਾਈ ਹੈ। ਹਾਲਾਂਕਿ ਭਾਰਤ ਨੇ ਚੀਨ ਨੂੰ ਸਪੱਸ਼ਟ ਕੀਤਾ ਕਿ ਕਸ਼ਮੀਰ ਦਾ ਮੁੱਦਾ ਭਾਰਤ ਦਾ ਅੰਦਰੂਨੀ ਮਾਮਲਾ ਹੈ। ਸੰਯੁਕਤ ਰਾਸ਼ਟਰ ਦੀ ਰਸਮੀ ਬੈਠਕ ਦੀ ਸਮਾਪਤੀ ਪਿਛੋਂ ਸੰਯੁਕਤ ਰਾਸ਼ਟਰ 'ਚ ਭਾਰਤ ਦੇ ਸਥਾਈ ਪ੍ਰਤੀਨਿਧ ਸਈਦ ਅਕਬਰੂਦੀਨ ਨੇ ਕਿਹਾ ਕਿ ਇਹ ਪੂਰੀ ਤਰ੍ਹਾਂ ਨਾਲ ਭਾਰਤ ਦਾ ਅੰਦਰੂਨੀ ਮਾਮਲਾ ਹੈ ਅਤੇ ਇਹ ਭਾਰਤ ਦੀਆਂ ਸੰਵਿਧਾਨਕ ਵਿਵਸਥਾਵਾਂ ਤਹਿਤ ਚੁੱਕਿਆ ਗਿਆ ਕਦਮ ਹੈ।

ਕਿਸੇ ਦੂਜੇ ਦੇਸ਼ ਦਾ ਇਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਅਸੀਂ ਰਾਜ ਦੇ ਲੋਕਾਂ ਦੇ ਬਿਹਤਰ ਭਵਿੱਖ ਲਈ ਇਹ ਫੈਸਲਾ ਕੀਤਾ ਹੈ। ਸਰਕਾਰ ਜੰਮੂ-ਕਸ਼ਮੀਰ ਤੇ ਲੱਦਾਖ 'ਚ ਵਿਕਾਸ ਕਰਨਾ ਚਾਹੁੰਦੀ ਹੈ। ਕਸ਼ਮੀਰ ਦੀ ਸਥਿਤੀ 'ਤੇ ਉਨ੍ਹਾਂ ਕਿਹਾ ਕਿ ਸਰਕਾਰ ਜਲਦ ਹੀ ਹਾਲਾਤ ਨੂੰ ਦੇਖਦੇ ਹੋਏ ਉਥੋਂ ਹੌਲੀ-ਹੌਲੀ ਪਾਬੰਦੀਆਂ ਹਟਾ ਲਵੇਗੀ। ਅਕਬਰੂਦੀਨ ਨੇ ਕਿਹਾ ਕਿ ਇਕ ਦੇਸ਼ ਉਥੇ ਜੇਹਾਦ ਦਾ ਇਸਤੇਮਾਲ ਕਰ ਰਿਹਾ ਹੈ ਤੇ ਹਿੰਸਾ ਭੜਕਾਈ ਜਾ ਰਿਹਾ ਹੈ। ਭਾਰਤ ਨੇ ਪਾਕਿਸਤਾਨ ਨੂੰ ਗੱਲਬਾਤ ਸ਼ੁਰੂ ਕਰਨ ਲਈ ਸਪਸ਼ਟ ਸੰਦੇਸ਼ ਦਿੰਦੇ ਹੋਏ ਕਿਹਾ ਕਿ ਗੱਲਬਾਤ ਸ਼ੁਰੂ ਕਰਨ ਲਈ ਉਸ ਨੂੰ ਪਹਿਲਾਂ ਜੰਮੂ-ਕਸ਼ਮੀਰ 'ਚ ਅਤਿਵਾਦ ਅਤੇ ਹਿੰਸਾ ਦੇ ਸਮਰਥਨ ਵਾਲੀ ਨੀਤੀ ਨੂੰ ਤੁਰਤ ਰੋਕਣਾ ਪਵੇਗਾ।

# ਭਾਗਵਤ ਵੱਲੋਂ ਰਾਖਵੇਂਕਰਨ 'ਤੇ ਸਦਭਾਵਨਾ ਨਾਲ ਚਰਚਾ ਦਾ ਸੱਦਾ

**ਨਵੀਂ ਦਿੱਲੀ:** ਰਾਸ਼ਟਰੀ ਸਵੈਮ ਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਕਿਹਾ ਹੈ ਕਿ ਰਾਖਵੇਂਕਰਨ ਪੱਖੀਆਂ ਅਤੇ ਵਿਰੋਧੀਆਂ ਦੇ ਵਿਚਕਾਰ ਸਦਭਾਵਨਾ ਭਰੇ ਮਾਹੌਲ ਵਿਚ ਇਸ ਅਹਿਮ ਮੁੱਦੇ ਉਤੇ ਚਰਚਾ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਉਹ ਪਹਿਲਾਂ ਵੀ ਇਸ ਮੁੱਦੇ ਉਤੇ ਬੋਲੇ ਸਨ ਪਰ ਇਸ ਨੂੰ ਲੈ ਕੇ ਏਨਾ ਹੰਗਾਮਾ ਕੀਤਾ ਗਿਆ ਕਿ ਅਸਲ ਮੁੱਦੇ ਤੋਂ ਹੀ ਧਿਆਨ ਲਾਂਭੇ ਹੋ ਗਿਆ।

ਉਨ੍ਹਾਂ ਕਿਹਾ ਕਿ ਜੋ ਰਾਖਵੇਂਕਰਨ ਦੇ ਵਿਰੁੱਧ ਹਨ, ਉਨ੍ਹਾਂ ਨੂੰ ਰਾਖਵੇਂਕਰਨ ਦੇ ਖਿਲਾਫ ਬੋਲਣ ਸਮੇਂ ਇਸ ਦੇ ਹੱਕ ਵਿਚ ਬੋਲਣ ਵਾਲੇ ਲੋਕਾਂ ਦਾ ਖਿਆਲ ਰੱਖਣਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਹੀ ਰਾਖਵੇਂਕਰਨ ਦੇ ਹੱਕ ਵਿਚ ਬੋਲਣ ਵਾਲੇ ਲੋਕ ਵੀ ਇਸ ਦੇ ਵਿਰੋਧੀਆਂ ਦੇ ਹਿੱਤਾਂ ਦਾ ਖਿਆਲ ਰੱਖਣ। ਉਨ੍ਹਾਂ ਕਿਹਾ ਕਿ ਰਾਖਵੇਂਕਰਨ ਉਤੇ ਚਰਚਾ ਸਮੇਂ ਸਮਾਜ ਦੇ ਹਰ ਵਰਗ ਨੂੰ ਸੰਜਮ ਵਰਤਣ ਦੀ ਲੋੜ ਹੈ। ਉਹ ਮੁਕਾਬਲੇ ਦੀਆਂ ਪਰੀਖਿਆਵਾਂ ਨਾਲ ਸਬੰਧਤ ਗਿਆਨ ਉਤਸਵ ਦੇ ਸਮਾਪਤੀ ਸਮਾਰੋਹ ਵਿਚ ਸੰਬੋਧਨ ਕਰ ਰਹੇ ਸਨ।

## ਸਾਬਕਾ ਕ੍ਰਿਕਟਰ ਵੱਲੋਂ ਖੁਦਕੁਸ਼ੀ

**ਚੇਨੱਈ:** ਭਾਰਤ ਦੇ ਸਾਬਕਾ ਸਲਾਮੀ ਬੱਲੇਬਾਜ਼ ਵੀ. ਬੀ. ਚੰਦਰਸ਼ੇਖਰ ਨੇ ਕਰਜ਼ੇ ਦੀ ਚਿੰਤਾ ਕਾਰਨ ਖੁਦਕੁਸ਼ੀ ਕਰ ਲਈ। ਸ਼ੁਰੂਆਤੀ ਰਿਪੋਰਟ 'ਚ ਉਨ੍ਹਾਂ ਦੀ ਮੌਤ ਦਿਲ ਦਾ ਦੌਰਾ ਪੈਣ ਕਾਰਨ ਹੋਈ ਦੱਸੀ ਗਈ ਸੀ। ਇਥੋਂ ਦੇ ਉਚ ਪੁਲਿਸ ਅਧਿਕਾਰੀ ਅਨੁਸਾਰ ਚੰਦਰਸ਼ੇਖਰ ਨੇ ਕਰਜ਼ੇ ਕਾਰਨ ਆਪਣੇ ਘਰ 'ਚ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਉਹ ਕਾਫੀ ਤਣਾਅ ਵਿਚ ਸੀ।



ਵੇਟਰ ਅਤੇ ਹੈਲਪਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਹੈਲਪਰ ਦੀ ਲੋੜ ਹੈ।
ਰਿਹਾਇਸ਼ ਫਰੀ, ਚੰਗੀ ਤਨਖਾਹ
ਸੰਪਰਕ ਕਰੋ: ਸੰਨੀ
ਫੋਨ: 608-630-0287
33-36

ਗ੍ਰੰਥੀ ਸਿੰਘ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਗੁਰਦੁਆਰਾ ਸਾਹਿਬ (6970 Century Avenue, Madison, WI 53562) ਲਈ ਗ੍ਰੰਥੀ ਸਿੰਘ ਦੀ ਲੋੜ ਹੈ, ਜੋ ਗੁਰਮਤਿ ਦਾ ਮਨੋਹਰ ਕੀਰਤਨ ਕਰ ਸਕਦਾ ਹੋਵੇ।
ਗਰੀਨ ਕਾਰਡ ਵਾਲੇ ਸਿੰਘ ਨੂੰ ਤਰਜੀਹ।
ਸੰਪਰਕ ਕਰੋ:
ਹਰਜਿੰਦਰ ਸਿੰਘ (ਮੁੱਖ ਸੇਵਾਦਾਰ)
ਫੋਨ: (608) 446-1616
ਗੁਰਮੀਤ ਸਿੰਘ (ਖਜਾਨਚੀ)
ਫੋਨ: (608) 843-6144
34,36,38,40

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



Gurdip Singh Sandhu

Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com

Michigan Truck Driving School
6405 Middlebelt Road, Romulus, MI 48174
ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Raj Jamarai Cell:734-644-1010 Office:734-747-4298

# ਭਾਰਤ ਅੰਦਰ ਹਿੰਦੂਤਵ ਦੀ ਚੜ੍ਹਤ ਕਿਵੇਂ ਹੋਈ...

## ਆਰ. ਐਸ.ਐਸ. ਨਾਲ ਜੁੜੇ ਸੰਗਠਨਾਂ ਅਤੇ ਇਨ੍ਹਾਂ ਦੇ ਕੰਮ-ਕਾਰ ਦਾ ਖੁਲਾਸਾ

***27 ਸਤੰਬਰ 1925 ਨੂੰ ਹੋਂਦ ਵਿਚ ਆਈ ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਨੇ ਕਰੀਬ ਨੌਂ ਦਹਾਕਿਆਂ ਵਿਚ ਬੜੇ ਉਤਰਾ-ਚੜ੍ਹਾਅ ਦੇਖੇ ਹਨ। ਅੱਜ ਕੱਲ੍ਹ ਇਸ ਦੇ ਸਿਆਸੀ ਵਿੰਗ ਭਾਰਤੀ ਜਨਤਾ ਪਾਰਟੀ (ਭਾਜਪਾ), ਜਿਸ ਦਾ ਨਾਂ 1977 ਤਕ 'ਭਾਰਤੀ ਜਨ ਸੰਘ' ਸੀ, ਦੇ ਹੱਥ ਭਾਰਤ ਦੀ ਹਕੂਮਤ ਹੈ। 1977 ਤੋਂ 1980 ਤਕ ਇਸ ਦਾ ਜਨਤਾ ਪਾਰਟੀ ਵਿਚ ਰਲੇਵਾਂ ਹੋਇਆ ਰਿਹਾ, ਪਰ 1980 ਵਿਚ ਅਟਲ ਬਿਹਾਰੀ ਵਾਜਪਾਈ ਨੂੰ ਪ੍ਰਧਾਨ ਬਣਾ ਕੇ ਪਾਰਟੀ ਦਾ ਨਾਂ ਭਾਰਤੀ ਜਨਤਾ ਪਾਰਟੀ ਰੱਖਿਆ ਗਿਆ। ਇਸ ਵੇਲੇ ਇਹ ਸੰਸਾਰ ਦੀ ਸਭ ਤੋਂ ਵੱਡੀ ਪਾਰਟੀ ਹੈ; ਇਸੇ ਤਰ੍ਹਾਂ ਆਰ. ਐਸ. ਐਸ. ਸੰਸਾਰ ਦੀ ਸਭ ਤੋਂ ਵੱਡੀ ਵਾਲੰਟੀਅਰ ਸੰਸਥਾ ਹੈ। ਉਘੇ ਪੱਤਰਕਾਰ ਧੀਰੇਂਦਰ ਕੁਮਾਰ ਝਾਅ ਨੇ ਪਿਛਲੇ ਕੁਝ ਸਮੇਂ ਦੌਰਾਨ ਹਿੰਦਤਵੀ ਤਾਕਤਾਂ ਦੀ ਚੜ੍ਹਤ ਲਈ ਜ਼ਿੰਮੇਵਾਰ ਸੰਗਠਨਾਂ ਬਾਰੇ ਚਰਚਾ ਆਪਣੀ ਕਿਤਾਬ 'ਸ਼ੈਡੋ ਆਰਮੀਜ਼' (ਹਿੰਦੂਤਵੀ ਲਸ਼ਕਰ) ਵਿਚ ਕੀਤੀ ਹੈ। ਇਹ ਕਿਤਾਬ ਅਸੀਂ ਪਾਠਕਾਂ ਲਈ ਲੜੀਵਾਰ ਛਾਪ ਰਹੇ ਹਾਂ। -ਸੰਪਾਦਕ***

ਭਾਰਤ ਵਿਚ ਪਿਛਲੇ ਤਿੰਨ ਦਹਾਕਿਆਂ ਅੰਦਰ ਹਿੰਦੂਤਵੀ ਸਿਆਸਤ ਦਾ ਜ਼ਬਰਦਸਤ ਉਭਾਰ ਹੋਇਆ ਹੈ। ਇਸ ਦੀਆਂ ਬਹੁਤ ਸਾਰੀਆਂ ਤੰਦਾਂ ਨਾ ਕੇਵਲ ਭਾਰਤੀ ਜਨਤਾ ਪਾਰਟੀ (ਭਾਜਪਾ) ਸਗੋਂ ਇਸ ਦੀ ਛਾਂ ਹੇਠ ਕੰਮ ਕਰ ਰਹੇ ਕਈ ਹੋਰ ਸੰਗਠਨ ਹਨ। ਇਹ ਸਾਰੇ ਇੱਕੋ ਮਕਸਦ ਲਈ ਪੈਦਾ ਕੀਤੇ ਗਏ ਹਨ ਤਾਂ ਜੋ ਯਕੀਨੀ ਬਣਾਇਆ



*ਧੀਰੇਂਦਰ ਕੁਮਾਰ ਝਾਅ*

ਜਾ ਸਕੇ ਕਿ ਇੱਕੋ ਖਾਸ ਕੌਮ 'ਹਿੰਦੂ' ਹੈ, ਜਿਸ ਕੋਲ ਵਿਸ਼ੇਸ਼ ਹੱਕ ਹੈ ਕਿ ਸਾਡੀ ਕੌਮੀ ਪਛਾਣ ਪਰਿਭਾਸ਼ਤ ਕਰੇ। ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਜੋ ਪੂਰੇ ਦੇਸ਼ 'ਚ ਫੈਲੀ ਹੋਈ ਸੰਸਥਾ ਹੈ, ਦੇ ਮੈਂਬਰ ਪਿਛਾਂਹਖਿੱਚੂ ਕੱਟੜਵਾਦੀ ਹਿੰਦੂ ਵਿਚਾਰਧਾਰਾ ਵਾਲੇ ਹਨ ਅਤੇ ਉਹੀ ਪੂਰੀ ਸਿਆਸਤ ਦੇ ਝੰਡਾਬਰਦਾਰ ਹਨ। 1925 ਵਿਚ ਬਣੀ ਆਰ. ਐਸ. ਐਸ. ਅਜੇ ਵੀ ਕਾਨੂੰਨੀ ਤੌਰ 'ਤੇ ਕਿਸੇ ਭਾਰਤੀ ਕਾਨੂੰਨ ਅਨੁਸਾਰ ਰਜਿਸਟਰ ਨਹੀਂ ਹੋਈ ਅਤੇ ਇਸ ਨੂੰ ਕਾਨੂੰਨੀ ਦਰਜਾ ਪ੍ਰਾਪਤ ਨਹੀਂ ਹੈ। ਇਹ ਭਾਵੇਂ ਆਪਣੇ ਆਪ




ਨੂੰ ਸਭਿਆਚਾਰਕ ਸੰਸਥਾ ਕਹਾਉਂਦੀ ਹੈ, ਪਰ ਇਸ ਦੇ ਸਿਆਸੀ ਮੰਤਵ ਹਮੇਸ਼ਾ ਕੇਂਦਰੀ ਏਜੰਡਾ ਬਣਦੇ ਰਹੇ ਹਨ।

ਬਸਤੀਵਾਦੀ ਅੰਗਰੇਜ਼ ਫੌਜ ਦੇ ਸਾਂਚੇ ਵਿਚ ਢਲੀ, ਉਸੇ ਤਰ੍ਹਾਂ ਦੀ ਵਰਦੀ ਤੇ ਸਿਖਲਾਈ, ਭਾਵੇਂ ਹਥਿਆਰਬੰਦ ਹੋਵੇ ਤੇ ਭਾਵੇਂ ਗੈਰ ਹਥਿਆਰਬੰਦ, ਇਹ ਸੰਸਥਾ ਇਟਲੀ ਦੇ ਫਾਸ਼ੀਵਾਦੀ ਆਗੂ ਬੈਨੀਤੋ ਮੁਸੋਲਿਨੀ ਦੇ ਆਦਰਸ਼ਾਂ ਦੀ ਧਾਰਨੀ ਹੈ। ਆਰ. ਐਸ. ਐਸ. ਨੇ ਆਜ਼ਾਦੀ ਪਿਛੋਂ ਕਈ ਉਤਰਾਅ ਚੜ੍ਹਾਅ ਦੇਖੇ ਹਨ। ਇਸ 'ਤੇ ਤਿੰਨ ਵਾਰ ਪਾਬੰਦੀ ਲੱਗੀ। ਪਹਿਲੀ ਵਾਰ 1948 ਵਿਚ ਮਹਾਤਮਾ ਗਾਂਧੀ ਦੇ ਕਤਲ ਪਿਛੋਂ ਕਰੀਬ ਇੱਕ ਸਾਲ ਲਈ, ਫਿਰ 1970 ਦੀ ਐਮਰਜੈਂਸੀ ਸਮੇਂ ਦੋ ਸਾਲ ਲਈ ਅਤੇ ਤੀਜੀ ਵਾਰ ਕੁੱਝ ਮਹੀਨਿਆਂ ਲਈ 1992 ਵਿਚ ਬਾਬਰੀ ਮਸਜਿਦ ਢਾਹੇ ਜਾਣ ਸਮੇਂ, ਪਰ ਇਸ ਦੀ ਮੈਂਬਰਸ਼ਿਪ ਲਗਾਤਾਰ ਵਧਦੀ ਰਹੀ।

ਆਰ. ਐਸ. ਐਸ. ਦਾ ਪਸਾਰਾ ਵੀ ਹੌਲੀ-ਹੌਲੀ ਪਰ ਲਗਾਤਾਰ ਜਾਰੀ ਰਿਹਾ। ਇਸ ਸਮੇਂ ਪੂਰੇ ਭਾਰਤ 'ਚ ਸੰਘ ਦੀ ਸਰਪ੍ਰਸਤੀ ਵਾਲੇ ਦਰਜਨਾਂ ਸੰਗਠਨ ਹਨ। ਸਭ ਤੋਂ ਅਹਿਮ ਟਰੇਡ ਯੂਨੀਅਨ ਵਿੰਗ ਭਾਰਤੀ ਮਜ਼ਦੂਰ ਸੰਘ, ਅਖਿਲ ਭਾਰਤੀਆ ਵਿਦਿਆਰਥੀ ਪ੍ਰੀਸ਼ਦ, ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਹਨ। ਆਰ. ਐਸ. ਐਸ. ਅਤੇ ਇਸ ਦੀਆਂ ਵੱਖੋ-ਵੱਖਰੀਆਂ ਸ਼ਾਖਾਵਾਂ ਨੂੰ ਇਕੱਠੇ ਤੌਰ 'ਤੇ ਸੰਘ ਪਰਿਵਾਰ ਕਿਹਾ ਜਾਂਦਾ ਹੈ। ਇਸ ਦੇ ਭਾਰਤ ਵਿਚ ਡੇਢ ਲੱਖ ਪ੍ਰਾਜੈਕਟ ਚੱਲ ਰਹੇ ਹਨ, ਜਿਨ੍ਹਾਂ ਵਿਚ ਕਬਾਇਲੀ ਭਲਾਈ ਸਿੱਖਿਆ ਅਤੇ ਹਿੰਦੂਤਵੀ ਧਾਰਮਿਕ ਪ੍ਰੋਗਰਾਮ ਸ਼ਾਮਲ ਹਨ। ਕਈ ਹੋਰ ਵੀ ਹੋਣਗੇ, ਜਿਨ੍ਹਾਂ ਬਾਰੇ ਕੋਈ ਜਾਣਕਾਰੀ ਨਹੀਂ ਹੈ।

ਅਧਿਕਾਰਤ ਤੌਰ 'ਤੇ ਭਾਜਪਾ ਆਰ. ਐਸ. ਐਸ. ਦਾ ਸਿਆਸੀ ਸੰਗਠਨ ਹੈ, ਪਰ ਵਿਹਾਰਕ ਤੌਰ 'ਤੇ ਬਹੁਤ ਸਾਰੀਆਂ ਹੋਰ ਸ਼ਾਖਾਵਾਂ ਵੀ ਸਿਆਸੀ ਮੰਤਵਾਂ ਲਈ ਭਾਰਤ ਨੂੰ ਹਿੰਦੂਤਵੀ ਰਾਸ਼ਟਰ ਵਿਚ ਬਦਲਣ ਲਈ ਸਰਗਰਮ ਹਨ। ਇਹ ਸਾਰਾ ਕੁੱਝ ਹਿੰਦੂਤਵ ਨੂੰ ਬਚਾਉਣ ਦੇ ਪਰਦੇ ਹੇਠ ਕਰਦੇ ਹਨ। ਕੋਈ ਦਲੀਲ ਦੇ ਸਕਦਾ ਹੈ ਕਿ ਆਰ. ਐਸ. ਐਸ. ਅਤੇ ਵਿਸ਼ਵ ਹਿੰਦੂ ਪ੍ਰੀਸ਼ਦ, ਭਾਜਪਾ ਦੇ ਲਸ਼ਕਰ ਹਨ। ਚੋਣਾਂ ਲੜਨ ਤੋਂ ਬਿਨਾ ਉਹ ਇਹ ਸਾਰਾ ਕੁੱਝ ਕਰਦੇ ਹਨ, ਜੋ ਸਿਆਸੀ ਪਾਰਟੀਆਂ ਕਰਦੀਆਂ ਹਨ। ਇਹ ਲੋਕਾਂ ਨੂੰ ਪ੍ਰੇਰਿਤ ਕਰਦੇ ਹਨ, ਸਿਆਸੀ ਧਰੁਵੀਕਰਨ ਕਰਦੇ ਹਨ, ਚੋਣ ਲਈ ਉਮੀਦਵਾਰਾਂ ਦੀ ਸ਼ਨਾਖਤ ਕਰਦੇ ਹਨ ਅਤੇ ਬੂਥ ਪੱਧਰ 'ਤੇ ਮੁਹਿੰਮਾਂ ਚਲਾਉਂਦੇ ਹਨ। ਇਹ ਭਾਰਤ 'ਚ ਹਰ ਥਾਂ ਮੌਜੂਦ ਹਨ। ਇਨ੍ਹਾਂ ਦੇ ਹਰ ਸੰਗਠਨ ਉਤੇ ਆਰ. ਐਸ. ਐਸ. ਦਾ ਸਿੱਧਾ ਜਾਂ ਅਸਿੱਧਾ ਪ੍ਰਭਾਵ ਹੈ।

ਆਰ. ਐਸ. ਐਸ. ਭਾਵੇਂ ਸਿੱਧੇ ਤੌਰ 'ਤੇ ਸਿਆਸਤ ਵਿਚ ਭਾਗ ਲੈਣ ਤੋਂ ਕੰਨੀ ਕਤਰਾਉਂਦੀ ਹੈ। ਇਹ ਦਰਅਸਲ ਪਿੱਤਰੀ ਸੰਸਥਾ ਵਜੋਂ ਭਾਜਪਾ ਅਤੇ ਹੋਰ ਸਹਿਯੋਗੀ ਸੰਗਠਨਾਂ ਨੂੰ ਯੁੱਧਨੀਤਕ ਅਤੇ ਵਿਚਾਰਧਾਰਕ ਸੇਧ ਦੇਣ ਦਾ ਕੰਮ ਕਰਦੀ ਹੈ। ਇਸ ਦੇ ਨਾਲ ਹੀ ਇਹ ਆਪਣੇ ਹੋਰ ਸਹਿਯੋਗੀ ਸੰਗਠਨਾਂ ਰਾਹੀਂ ਫਿਰਕੂ ਫਸਾਦ ਕਰਾਉਣ ਦਾ ਕੰਮ ਕਰਦੀ ਹੈ। ਘੱਟ ਗਿਣਤੀਆਂ 'ਤੇ ਹੋਣ ਵਾਲੇ ਹਮਲੇ ਧਰੁਵੀਕਰਨ ਦਾ ਕੰਮ ਕਰਦੇ ਹਨ, ਜੋ ਹਿੰਦੂਤਵੀ ਸਿਆਸਤ ਲਈ ਜ਼ਰੂਰੀ ਖੁਰਾਕ ਹੈ।

ਇਹ ਸਾਰਾ ਕੁੱਝ ਗੋਲ ਮੋਲ ਢੰਗ ਨਾਲ ਕੀਤਾ ਜਾਂਦਾ ਹੈ। ਇਹ ਢੰਗ-ਤਰੀਕਾ ਸੰਘ ਪਰਿਵਾਰ ਦੇ ਹਰ ਤੌਰ-ਤਰੀਕੇ ਵਿਚ ਦੇਖਿਆ ਜਾ ਸਕਦਾ ਹੈ, ਜਿਵੇਂ ਆਰ. ਐਸ. ਐਸ. ਤੇ ਭਾਜਪਾ ਦੇ ਸਬੰਧ, ਭਾਜਪਾ ਤੇ ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ ਤੇ ਭਾਜਪਾ ਅਤੇ ਹਿੰਦੂ ਆਕਿਆ ਵੇਦੀ, ਭਾਜਪਾ ਅਤੇ ਰਾਸ਼ਟਰੀ ਸਿੱਖ ਸੰਗਤ, ਆਰ. ਐਸ. ਐਸ. ਅਤੇ ਭੌਂਸਲਾ ਮਿਲਟਰੀ ਸਕੂਲ ਆਦਿ।

ਜਦੋਂ ਵੀ ਕਦੇ ਕੋਈ ਸੰਗਠਨ ਕੋਈ ਝਗੜਾ ਖੜ੍ਹਾ ਕਰਦੇ ਹਨ, ਆਰ. ਐਸ. ਐਸ. ਅਤੇ ਭਾਜਪਾ ਇਨ੍ਹਾਂ ਨੂੰ ਹਾਸ਼ੀਆ ਸੰਗਠਨ (ਫਰਿੰਜ ਆਰਗੇਨਾਈਜੇਸ਼ਨਜ਼) ਦਾ ਨਾਂ ਦੇ ਦਿੰਦੇ ਹਨ। ਹਕੀਕਤ ਇਹ ਹੈ ਕਿ ਇਹ ਸੰਘ ਪਰਿਵਾਰ ਦਾ ਸਰਗਰਮ ਹਿੱਸਾ ਹਨ, ਇਹ ਸੰਘ ਪਰਿਵਾਰ ਦੇ ਖਾੜਕੂ ਸੰਗਠਨ ਹਨ, ਇਹ ਭਾਜਪਾ ਅਤੇ ਆਰ. ਐਸ. ਐਸ. ਦਾ ਸਾਰਾ ਕੰਮ ਕਰਦੇ ਹਨ। ਸਮਾਜ 'ਚ ਧਰੁਵੀਕਰਨ ਲਈ ਕੀਤੇ ਜਾਂਦੇ ਸਾਰੇ ਕੰਮ ਇਹੋ ਸੰਗਠਨ ਕਰਦੇ ਹਨ।

ਇਨ੍ਹਾਂ ਸੰਗਠਨਾਂ ਵਿਚ ਕੁੱਝ ਸੰਘ ਪਰਿਵਾਰ ਦੇ ਘੇਰੇ ਤੋਂ ਬਾਹਰ ਦੇ ਲੱਗ ਸਕਦੇ ਹਨ ਕਿਉਂਕਿ ਉਹ ਤਕਨੀਕੀ ਤੌਰ 'ਤੇ ਨਾ ਤਾਂ ਸੰਘ ਵਲੋਂ ਪੈਦਾ ਕੀਤੇ ਗਏ ਹਨ ਅਤੇ ਨਾ ਹੀ ਉਨ੍ਹਾਂ 'ਤੇ ਸੰਘ ਦਾ ਕੰਟਰੋਲ ਹੈ। ਇਨ੍ਹਾਂ ਵਿਚੋਂ ਮੁੱਖ ਸਨਾਤਨ ਸੰਸਥਾ, ਹਿੰਦੂ ਯੁਵਾ ਵਾਹਿਨੀ, ਸ੍ਰੀ ਰਾਮ ਸੈਨੇ ਅਤੇ ਅਭਿਨਵ ਭਾਰਤ ਹਨ। ਫਿਰ ਵੀ ਇਹ ਸਵੈ ਨਿਰਭਰ ਨਹੀਂ। ਇਨ੍ਹਾਂ ਵਿਚੋਂ ਬਹੁਤਿਆਂ ਦਾ ਨਾੜੂਆ ਸੰਘ ਪਰਿਵਾਰ ਨਾਲ ਜੁੜਿਆ ਹੋਇਆ ਹੈ ਅਤੇ ਵਿਚਾਰਧਾਰਕ ਤੌਰ 'ਤੇ ਇਹ ਇਕੋ ਜਿਹੀ ਸੋਚ ਵਾਲੇ ਹਨ। ਆਰ. ਐਸ. ਐਸ. ਅਤੇ ਇਸ ਦੀਆਂ ਸ਼ਾਖਾਵਾਂ ਵਾਂਗ ਇਹ ਵੀ ਇਹੀ ਦਾਅਵਾ ਕਰਦੇ



ਹਨ ਕਿ ਉਹ ਆਪਣਾ ਵਿਚਾਰਧਾਰਕ ਆਧਾਰ ਵੀ.ਡੀ. ਸਾਵਰਕਰ ਦੇ ਹਿੰਦੂਤਵ ਤੋਂ ਹੀ ਲੈਂਦੇ ਹਨ; ਜਿਵੇਂ ਉਸ ਨੇ 'ਹਿੰਦੂ ਕੌਣ ਹੈ?' ਵਿਚ ਲਿਖਿਆ ਹੈ।

1923 ਵਿਚ ਛਪੀ ਇਹ ਲਿਖਤ ਹਿੰਦੂਤਵ ਨੂੰ ਹਿੰਦੂਵਾਦ (ਹਿੰਦੂਇਜ਼ਮ) ਦੀ ਥਾਂ ਹਿੰਦੂ ਪਛਾਣ ਸਮਝਦੀ ਹੈ। ਸਾਵਰਕਰ ਅਨੁਸਾਰ, ਹਿੰਦੂ ਉਹ ਹੈ ਜੋ ਭਾਰਤ ਨੂੰ ਆਪਣੀ ਪਵਿੱਤਰ ਭੂਮੀ ਸਮਝਦਾ ਹੈ; ਜਿਸ ਅੰਦਰ ਵੈਦਿਕ ਕੌਮ ਦਾ ਮਹਾਨ ਖੂਨ ਦੌੜਦਾ ਹੈ; ਜੋ ਆਪਣੀ ਹਿੰਦੂ ਸੰਸਕ੍ਰਿਤੀ 'ਤੇ ਮਾਣ ਮਹਿਸੂਸ ਕਰਦਾ ਹੈ। ਵਿਹਾਰਕ ਤੌਰ 'ਤੇ ਆਰ. ਐਸ. ਐਸ. ਅਤੇ ਇਸ ਦੀਆਂ ਸ਼ਾਖਾਵਾਂ ਨੇ ਹਿੰਦੂਤਵ ਅਤੇ ਹਿੰਦੂਇਜ਼ਮ 'ਤੇ ਵਿਚਾਰਧਾਰਕ ਤੌਰ 'ਤੇ ਸ਼ਬਦਾਂ ਦੀ ਖੇਡ ਹੀ ਖੇਡੀ ਹੈ। ਇਨ੍ਹਾਂ ਨੇ ਆਖਰਕਾਰ ਘੱਟ ਗਿਣਤੀ ਧਾਰਮਿਕ ਸਮੂਹਾਂ ਲਈ, ਖਾਸ ਤੌਰ 'ਤੇ ਮੁਸਲਮਾਨਾਂ, ਇਸਾਈਆਂ ਅਤੇ ਸਿੱਖਾਂ ਲਈ ਨਫਰਤ ਹੀ ਪੈਦਾ ਕੀਤੀ ਹੈ।

ਮੁਸਲਮਾਨਾਂ ਨੂੰ ਹਿੰਦੂਆਂ ਲਈ ਖਤਰੇ ਦੇ ਤੌਰ 'ਤੇ ਪੇਸ਼ ਕਰਕੇ, ਉਨ੍ਹਾਂ 'ਤੇ ਕੀਤੇ ਜਾਂਦੇ ਹਮਲਿਆਂ ਦੀ ਵਾਜਬੀਅਤ ਪੇਸ਼ ਕੀਤੀ ਜਾਂਦੀ ਹੈ। ਇਹੀ ਹਿੰਦੂਤਵੀ ਸਿਆਸਤ ਦਾ ਅਹਿਮ ਸੰਦ ਹੈ, ਜਿਸ ਨੂੰ ਵੱਖ-ਵੱਖ ਸੰਗਠਨ ਵਰਤ ਰਹੇ ਹਨ। ਇਹ ਗੱਲ ਭਾਵੇਂ ਜਨਤਕ ਤੌਰ 'ਤੇ ਨਾ ਮੰਨਣ, ਪਰ ਇਨ੍ਹਾਂ ਦਾ ਉਦੇਸ਼ ਹਮੇਸ਼ਾ ਇਹੀ ਹੁੰਦਾ ਹੈ ਕਿ ਹਿੰਦੂਆਂ ਵਿਚ ਨਕਲੀ ਡਰ ਪੈਦਾ ਕਰਕੇ ਉਨ੍ਹਾਂ ਦੀਆਂ ਵੋਟਾਂ ਦਾ ਧਰੁਵੀਕਰਨ ਕੀਤਾ ਜਾਵੇ ਅਤੇ ਇਸ ਨੂੰ ਹਿੰਦੂਤਵੀ ਏਜੰਡੇ ਦੀ ਪੂਰਤੀ ਕਰਨ ਵਾਲੀ ਪਾਰਟੀ ਦੇ ਹੱਕ ਵਿਚ ਭੁਗਤਾਇਆ ਜਾਵੇ।

ਸਿੱਖਾਂ ਦੇ ਸਬੰਧ ਵਿਚ ਵਿਰੋਧ ਦੀ ਥਾਂ ਮਨਾਉਣ ਵਾਲਾ ਢੰਗ ਭਾਰੂ ਰਹਿੰਦਾ ਹੈ। ਸੰਘ ਪਰਿਵਾਰ ਦਾ ਮੰਤਵ ਹੈ ਕਿ ਸਿੱਖ ਪਛਾਣ ਨੂੰ ਖਤਮ ਕਰਕੇ ਹਿੰਦੂਇਜ਼ਮ ਵਿਚ ਰਲਾ ਲਿਆ ਜਾਵੇ। ਸਿੱਖ 'ਧਮਕਾਏ ਜਾਣ ਵਾਲੇ' ਵਰਗ ਵਿਚ ਨਹੀਂ ਆਉਂਦੇ, ਉਨ੍ਹਾਂ ਨੂੰ ਉਸ ਵੇਲੇ ਹੀ ਹਿੰਦੂਤਵੀ ਹਮਲੇ ਦਾ ਸਾਹਮਣਾ ਕਰਨਾ ਪੈਂਦਾ ਹੈ, ਜਦੋਂ ਹਿੰਦੂਇਜ਼ਮ ਨਾਲ ਵੱਖਰੀ ਪਛਾਣ ਦਾ ਮੁੱਦਾ ਖੜ੍ਹਾ ਹੁੰਦਾ ਹੈ।

ਪਹਿਲੀ ਨਜ਼ਰੇ ਇਹ 'ਹਾਸ਼ੀਆ ਸੰਗਠਨ' ਭਾਵੇਂ ਸੰਘ ਪਰਿਵਾਰ ਦਾ ਹਿੱਸਾ ਹਨ ਜਾਂ ਆਜ਼ਾਦ ਕੰਮ ਕਰਦੇ ਹਨ, ਇਹ ਹਮੇਸ਼ਾ ਸਥਾਨਕ ਜਾਂ ਖੇਤਰੀ ਸਿਆਸਤ ਦੇ ਉਤਰਾਅ ਚੜ੍ਹਾਅ ਨੂੰ ਪ੍ਰਗਟ ਕਰਦੇ ਹਨ। ਡੂੰਘੀ ਨਜ਼ਰ ਮਾਰਿਆਂ ਇਹ ਹਿੰਦੂਤਵੀ ਸਿਆਸਤ ਵਲੋਂ ਪੈਦਾ ਕੀਤੇ ਫਿਰਕੂ ਵਾਵਰੋਲੇ ਪ੍ਰਤੀਤ ਹੁੰਦੇ ਹਨ। ਭਾਜਪਾ ਦਾ 1984 ਦੀਆਂ ਲੋਕ ਸਭਾ ਦੀਆਂ ਦੋ ਸੀਟਾਂ ਤੋਂ 2014 ਦੀਆਂ 282 ਸੀਟਾਂ 'ਤੇ ਪਹੁੰਚਣਾ ਅਤੇ ਲੋਕ ਸਭਾ ਵਿਚ ਪੂਰਨ ਬਹੁਮੱਤ ਪ੍ਰਾਪਤ ਕਰਨਾ ਇੱਕ ਸਿਆਸੀ ਪਾਰਟੀ ਦਾ ਹੀ ਸਿਆਸੀ ਸਫਰ ਨਹੀਂ ਹੈ, ਇਹ ਅਜਿਹੀਆਂ ਅਣਗਿਣਤ ਫੌਜਾਂ/ਸੰਗਠਨਾਂ ਦਾ ਸਫਰ ਵੀ ਹੈ (ਐਤਕੀਂ ਤਾਂ ਸੀਟਾਂ ਦੀ ਗਿਣਤੀ 303 ਤਕ ਅੱਪੜ ਗਈ ਹੈ)।

ਅਜੇ ਵੀ ਇਨ੍ਹਾਂ ਸੰਗਠਨਾਂ ਦੀ ਉਤਪਤੀ ਅਤੇ ਵਿਕਾਸ ਬਾਰੇ ਵਿਸਥਾਰ ਸਹਿਤ ਜਾਣਕਾਰੀ ਨਹੀਂ ਮਿਲਦੀ। ਇਹ ਫੌਜਾਂ ਦੇਸ਼ਵਿਆਪੀ ਸੰਗਠਨ ਦਾ ਸਿੱਧਾ ਪ੍ਰਗਟਾਵਾ ਨਹੀਂ ਹਨ। ਇਨ੍ਹਾਂ ਦੀ ਆਪਣੀ ਵੱਖਰੀ ਪਛਾਣ ਵੀ ਹੈ। ਕਾਫੀ ਸਮਾਂ ਮੈਂ ਇਹੀ ਸਮਝਦਾ ਰਿਹਾ ਕਿ ਇਹ ਆਪਣੇ ਭਾਈ ਬੰਧੂਆਂ ਦੀ ਸਿਆਸਤ ਲਈ ਭਰਤੀ ਕਰਨ ਅਤੇ ਸਿਖਲਾਈ ਦੇਣ ਦਾ ਕੰਮ ਕਰਦੇ ਹਨ। ਇਹ ਇਸ ਲਈ ਸੀ ਕਿਉਂਕਿ ਮੈਂ ਇਨ੍ਹਾਂ ਨੂੰ ਦੇਸ਼ ਵਿਆਪੀ ਹਿੰਦੂਤਵੀ ਸੰਗਠਨਾਂ, ਆਰ. ਐਸ. ਐਸ., ਭਾਜਪਾ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਸ਼ੀਸ਼ੇ ਵਿਚੋਂ ਦੇਖਦਾ ਸੀ। ਜਦੋਂ ਮੈਂ ਖੋਜ ਪੜਤਾਲ ਲਈ ਨਿਕਲਿਆ ਅਤੇ ਵੱਖ-ਵੱਖ ਲੋਕਾਂ ਨੂੰ ਮਿਲਿਆ ਤਾਂ ਪਤਾ ਲੱਗਾ ਕਿ ਇਨ੍ਹਾਂ 'ਹਾਸ਼ੀਆ ਸੰਗਠਨਾਂ' ਦਾ ਵਿਕਾਸ ਦਾ ਆਪਣਾ ਰਾਹ ਹੈ, ਜੋ ਅੰਦਰੂਨੀ ਵਿਰੋਧਾਂ ਅਤੇ ਸਥਾਨਕ ਦੁੱਖ ਤਕਲੀਫ ਤੇ ਪ੍ਰੇਰਕਾਂ ਵਿਚੋਂ ਦੀ ਹੋ ਕੇ ਆਉਂਦਾ ਹੈ।

ਅਗਾਂਹ ਜਿਨ੍ਹਾਂ ਅੱਠ ਸੰਗਠਨਾਂ ਦੀ ਚਰਚਾ ਕਰਾਂਗੇ, ਉਨ੍ਹਾਂ ਵਿਚੋਂ ਚਾਰ ਸੰਘ ਪਰਿਵਾਰ ਨਾਲ ਹਨ ਅਤੇ ਚਾਰ ਆਜ਼ਾਦ ਹਨ। ਪਹਿਲੇ ਵਰਗ ਵਿਚ ਬਜਰੰਗ ਦਲ, ਰਾਸ਼ਟਰੀ ਸਿੱਖ ਸੰਗਤ, ਭੌਂਸਲਾ ਮਿਲਟਰੀ ਸਕੂਲ ਅਤੇ ਹਿੰਦੂ ਆਕਿਆ ਵੇਦੀ ਹਨ। ਦੂਜੇ ਵਰਗ ਵਿਚ ਅਭਿਨਵ ਭਾਰਤ, ਸਨਾਤਨ ਸੰਸਥਾ, ਹਿੰਦੂ ਯੁਵਾ ਵਾਹਿਨੀ ਅਤੇ ਸਿਰੀ ਰਾਮ ਸੈਨੇ ਹਨ।



ਇਨ੍ਹਾਂ ਸੰਗਠਨਾਂ ਦੇ ਇਤਿਹਾਸ ਅਤੇ ਵਿਕਾਸ ਬਾਰੇ ਪੁਣ-ਛਾਣ ਕਰਦਿਆਂ ਮੈਨੂੰ ਅਚੰਭਿਤ ਕਰਨ ਵਾਲੇ ਪਾਤਰ ਮਿਲੇ। ਕਈ ਹੁਸ਼ਿਆਰ ਸਨ, ਕਈ ਮੂਰਖ ਅਤੇ ਕਈ ਸਿਆਸੀ ਪਰਦੇ ਹੇਠ ਮੁਜ਼ਰਿਮ ਦਿਸਣ ਵਾਲੇ ਵੀ ਸਨ, ਪਰ ਇਹ ਸਾਰੇ ਪੂਰੇ ਜੋਸ਼ ਅਤੇ ਤਾਕਤ ਦੇ ਗਰੂਰ ਵਿਚ ਸਨ। ਉਹ ਜੋ ਕੁੱਝ ਕਰ ਰਹੇ ਸਨ, ਉਸ ਬਾਰੇ ਐਨ ਜਾਗਰੂਕ ਸਨ। ਆਪਣੇ ਪ੍ਰਵਚਨਾਂ ਰਾਹੀਂ ਉਨ੍ਹਾਂ ਦੀ ਵਿਚਾਰਧਾਰਾ ਅਤੇ ਸੰਗਠਨ ਦੇ ਬਹੁ-ਸਿਰੇ ਜਾਲ ਦਾ ਪਤਾ ਲੱਗਾ।

ਹਿੰਦੂਤਵ ਸ਼ਬਦ ਜਿਸ ਦੀ ਸਾਵਰਕਾਰ ਨੇ ਹਿੰਦੂਨੈਸ ਦੇ ਤੌਰ 'ਤੇ ਵਿਆਖਿਆ ਕੀਤੀ (ਹਿੰਦੂਇਜ਼ਮ-ਹਿੰਦੂਵਾਦ ਦੇ ਤੌਰ 'ਤੇ ਨਹੀਂ), ਇਹ ਸੰਘ ਪਰਿਵਾਰ ਦੇ ਮੈਂਬਰਾਂ ਦਾ ਦਿਲੋਂ, ਕੇਂਦਰੀ ਵਿਚਾਰ ਹੈ ਪਰ ਜ਼ਮੀਨੀ ਪੱਧਰ 'ਤੇ ਮਸਲਾ ਹੋਰ ਤਰ੍ਹਾਂ ਪੇਸ਼ ਹੁੰਦਾ ਹੈ। ਇਹ ਹਿੰਦੂਇਜ਼ਮ ਹੀ ਹੈ, ਜੋ ਜਨ ਸਮੂਹਾਂ ਨੂੰ ਇਕੱਠੇ ਕਰਨ ਅਤੇ ਵੋਟਾਂ ਦਾ ਧਰੁਵੀਕਰਨ ਕਰਨ ਦਾ ਕੰਮ ਕਰਦਾ ਹੈ। ਹਿੰਦੂਤਵ ਦਾ ਵਿਚਾਰਧਾਰਕ ਰੂਪ ਉਸ ਸਮੇਂ ਲੋਪ ਹੋ ਜਾਂਦਾ ਹੈ, ਜਦੋਂ ਕੋਈ ਭਾਜਪਾ ਜਾਂ ਆਰ. ਐਸ. ਐਸ. ਦੇ ਕੌਮੀ ਮੁੱਖ ਦਫਤਰ ਤੋਂ ਬਾਹਰ ਆਉਂਦਾ ਹੈ।

ਹਾਲਾਤ ਦੀ ਸਿਤਮਜ਼ਰੀਫੀ ਇਹ ਹੈ ਕਿ ਪਛੜੀਆਂ ਅਤੇ ਹੇਠਲੀਆਂ ਜਾਤਾਂ ਦੇ ਬਹੁਤ ਸਾਰੇ ਨੌਜਵਾਨ ਜੋ ਇਨ੍ਹਾਂ ਜ਼ਮੀਨੀ ਸੈਨਿਕਾਂ ਦਾ ਵੱਡਾ ਹਿੱਸਾ ਬਣ ਜਾਂਦੇ ਹਨ, ਇਹੀ ਪਰਛਾਵਾਂ ਫੌਜਾਂ ਬਣਾਉਂਦੇ ਹਨ। ਇਹ ਲੋਕ ਇਹ ਪਛਾਣਨਾ ਭੁੱਲ ਜਾਂਦੇ ਹਨ ਕਿ ਉਹ ਹਿੰਦੂਤਵ ਜਿਸ ਲਈ ਉਹ ਆਪਣੀ ਸਾਰੀ ਤਾਕਤ ਲਾ ਰਹੇ ਹਨ, ਇਹ ਹੋਰ ਕੁੱਝ ਨਹੀਂ, ਕੇਵਲ ਬ੍ਰਾਹਮਣਵਾਦ ਹੈ। ਇਹ ਉਹੀ ਬ੍ਰਾਹਮਣਵਾਦੀ ਹਿੰਦੂਤਵ ਹੈ, ਜਿਸ ਨੇ ਉਨ੍ਹਾਂ ਨੂੰ ਸਦੀਆਂ ਤਕ ਦਬਾਈ ਰੱਖਿਆ ਅਤੇ ਜਿਨ੍ਹਾਂ ਖਿਲਾਫ ਲੜਨ ਦੀ ਉਨ੍ਹਾਂ ਦੀ ਅਮੀਰ ਵਿਰਾਸਤ ਮੌਜੂਦ ਹੈ। ਇਹ ਆਪਣੀ ਵਧ ਰਹੀ ਹਿੰਦੂ ਧਾਰਮਿਕਤਾ, ਦੂਜਿਆਂ ਨੂੰ 'ਧਮਕਾਉਣ' ਦੀ ਮਾਨਸਿਕਤਾ ਤੇ ਨਫਰਤ ਵਿਚ ਅੰਨ੍ਹੇ ਹੋ ਜਾਂਦੇ ਹਨ ਅਤੇ ਇਹ ਨਹੀਂ ਦੇਖ ਸਕਦੇ ਕਿ ਉਹੀ ਹਿੰਦੂਤਵ ਜਿਸ ਲਈ ਉਹ

***ਸਿੱਖਾਂ ਦੇ ਸਬੰਧ ਵਿਚ ਵਿਰੋਧ ਦੀ ਥਾਂ ਮਨਾਉਣ ਵਾਲਾ ਢੰਗ ਭਾਰੂ ਰਹਿੰਦਾ ਹੈ। ਸੰਘ ਪਰਿਵਾਰ ਦਾ ਮੰਤਵ ਹੈ ਕਿ ਸਿੱਖ ਪਛਾਣ ਨੂੰ ਖਤਮ ਕਰਕੇ ਹਿੰਦੂਇਜ਼ਮ ਵਿਚ ਰਲਾ ਲਿਆ ਜਾਵੇ। ਸਿੱਖ 'ਧਮਕਾਏ ਜਾਣ ਵਾਲੇ' ਵਰਗ ਵਿਚ ਨਹੀਂ ਆਉਂਦੇ, ਉਨ੍ਹਾਂ ਨੂੰ ਉਸ ਵੇਲੇ ਹੀ ਹਿੰਦੂਤਵੀ ਹਮਲੇ ਦਾ ਸਾਹਮਣਾ ਕਰਨਾ ਪੈਂਦਾ ਹੈ, ਜਦੋਂ ਹਿੰਦੂਇਜ਼ਮ ਨਾਲ ਵੱਖਰੀ ਪਛਾਣ ਦਾ ਮੁੱਦਾ ਖੜ੍ਹਾ ਹੁੰਦਾ ਹੈ।***

ਕੰਮ ਕਰ ਰਹੇ ਹਨ, ਉਹ ਮੁੜ ਬ੍ਰਾਹਮਣਾਂ ਅਤੇ ਉਚ ਜਾਤੀਆਂ ਦੀ ਪ੍ਰਭੂਸੱਤਾ ਕਾਇਮ ਕਰਨ ਵੱਲ ਵਧ ਰਿਹਾ ਹੈ।

ਕਦੇ ਕਦੇ ਸੱਚਾਈ ਵੀ ਦਿਸਣ ਲੱਗਦੀ ਹੈ। ਮਿਸਾਲ ਵਜੋਂ, ਜਦੋਂ ਜਾਤੀ ਢਾਂਚਾ ਸਥਾਨਕ ਪੱਧਰ 'ਤੇ ਸ਼ਕਤੀਆਂ ਦੀ ਵੰਡ ਕਰਨ ਵੇਲੇ ਪ੍ਰਭਾਵੀ ਹੁੰਦੀ ਹੈ, ਕਈ ਵਾਰ ਪਛੜੀਆਂ ਜਾਤਾਂ ਦੇ ਆਗੂਆਂ 'ਚ ਬਗਾਵਤ ਪੈਦਾ ਕਰਦੀ ਹੈ, ਜਿਵੇਂ ਸਿਰੀ ਰਾਮ ਸੈਨੇ ਵੇਲੇ ਹੋਇਆ। ਉਂਜ ਇਹ ਬਾਗੀ ਵਿਚਾਰਧਾਰਕ ਬਦਲ ਬਾਰੇ ਬਹੁਤ ਘੱਟ ਸੋਚਦੇ ਹਨ।


ਹਿੰਦੂਤਵੀ ਤਾਕਤਾਂ ਦੀ ਜਿੱਤ, ਭਾਜਪਾ ਦੀ 2014 ਦੀਆਂ ਲੋਕ ਸਭਾ ਚੋਣਾਂ ਅਤੇ ਬਹੁਤੇ ਰਾਜਾਂ ਦੀਆਂ ਚੋਣਾਂ ਵਿਚ ਜਿੱਤ ਦਾ ਆਧਾਰ ਬਣੀ (ਜੋ ਹੁਣ 2019 ਦੀਆਂ ਚੋਣਾਂ ਵਿਚ ਵੀ ਹੋਰ ਵੀ ਜ਼ੋਰਦਾਰ ਤਰੀਕੇ ਨਾਲ ਬਣੀ ਹੈ - ਸੰਪਾਦਕ)। ਇਸ ਕਾਰਨ ਬ੍ਰਾਹਮਣਵਾਦ ਨੇ ਸਮਾਜ ਸੁਧਾਰ ਅੰਦੋਲਨਾਂ ਅਤੇ ਬ੍ਰਾਹਮਣਵਾਦ ਵਿਰੋਧੀ ਵਿਚਾਰਧਾਰਕ ਅੰਦੋਲਨ ਸਮੇਂ ਖਾਲੀ ਕੀਤੇ ਸਥਾਨ ਮੁੜ ਭਰਨੇ ਸ਼ੁਰੂ ਕਰ ਦਿੱਤੇ ਹਨ।

ਇਸ ਲਿਖਤ ਦੀਆਂ ਅਗਲੀਆਂ ਕੜੀਆਂ ਵਿਚ ਤਸਵੀਰ ਇਸ ਤਰ੍ਹਾਂ ਚਿੱਤਰੀ ਗਈ ਹੈ ਕਿ ਹਿੰਦੂਤਵ ਜੋ ਹਿੰਸਾ, ਨਫਰਤੀ ਭਾਸ਼ਣਾਂ ਅਤੇ ਦਹਿਸ਼ਤ ਉਪਰ ਨਿਰਭਰ ਹੈ, ਦਾ ਪਰਛਾਵਾਂ ਕਿਵੇਂ ਦੁਨੀਆਂ ਉਤੇ ਪੈਂਦਾ ਹੈ; ਕਿਵੇਂ ਚੋਣਾਂ ਜਿੱਤਣ ਅਤੇ ਬ੍ਰਾਹਮਣਵਾਦੀ ਏਜੰਡਾ ਲਾਗੂ ਕਰਨ ਲਈ ਹਿੰਦੂ ਕੌਮੀ ਪ੍ਰਾਜੈਕਟ ਦੀ ਪੂਰਤੀ ਲਈ ਪੂਰਾ ਟਿੱਲ ਲਾਇਆ ਜਾ ਰਿਹਾ ਹੈ।

**(ਚਲਦਾ)**

# ਬਰਗਾੜੀ ਵਾਲੀਆਂ ਬਾਤਾਂ ਨਾਲ ਬਹੁਤੀ ਦੇਰ ਬੁੱਤਾ ਨਹੀਂ ਸਰਨਾ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਕਾਂਗਰਸ ਦੀ ਮੌਜੂਦਾ ਸਰਕਾਰ ਨੂੰ ਦੋ ਸਾਲ ਤੋਂ ਪੰਜ ਮਹੀਨੇ ਉਪਰ ਹੋ ਗਏ ਹਨ। ਸਿਰਫ ਇੱਕ ਮਹੀਨਾ ਲੰਘਣ ਨਾਲ ਸਰਕਾਰ ਦੀ ਮਿਆਦ ਦਾ ਅੱਧ ਪੂਰਾ ਹੋ ਜਾਵੇਗਾ ਤੇ ਇਸ ਦੇ ਨਾਲ ਹੀ ਬਾਕੀ ਰਹਿੰਦੇ ਅੱਧੇ ਸਮੇਂ ਵਾਲੇ ਦਿਨ ਕਿਰਨੇ ਸ਼ੁਰੂ ਹੋ ਜਾਣਗੇ। ਅਸੀਂ ਬਹੁਤ ਸਾਰੀਆਂ ਸਰਕਾਰਾਂ ਨੂੰ ਵੇਖਿਆ ਤੇ ਹੰਢਾਇਆ ਜਾਂ ਭੁਗਤਿਆ ਹੋਇਆ ਹੈ, ਉਨ੍ਹਾਂ ਸਭ ਦਾ ਤਜਰਬਾ ਇਹੋ ਸੀ ਕਿ ਪਹਿਲਾ ਅੱਧ ਉਨ੍ਹਾਂ ਨੇ ਪਿਛਲੀ ਸਰਕਾਰ ਦਾ ਗੁੱਡਾ ਬੰਨ੍ਹ ਕੇ ਗੁਜ਼ਾਰ ਛੱਡਿਆ ਤੇ ਲੋਕ ਸੁਣੀ ਜਾਂਦੇ ਸਨ, ਪਰ ਦੂਜਾ ਅੱਧ ਸ਼ੁਰੂ ਹੋਣ ਤੱਕ ਲੋਕ ਅਜਿਹੇ ਭਾਸ਼ਣਾਂ ਤੋਂ ਅਵਾਜ਼ਾਰ ਹੋਣ ਲੱਗਦੇ ਸਨ। ਇਹ ਵੇਲਾ ਕੈਪਟਨ ਅਮਰਿੰਦਰ ਸਿੰਘ ਦੀ ਮੌਜੂਦਾ ਸਰਕਾਰ ਉਤੇ ਵੀ ਆਉਂਦਾ ਪਿਆ ਹੈ ਤੇ ਇਸ ਦੀ ਚਿੰਤਾ ਕਰਨੀ ਚਾਹੀਦੀ ਹੈ, ਪਰ ਸਰਕਾਰ ਦੇ ਮੁਖੀ ਨੂੰ ਇਸ ਤਰ੍ਹਾਂ ਦੀ ਚਿੰਤਾ ਜਾਪਦੀ ਨਹੀਂ।

ਪਿਛਲੀਆਂ ਚੋਣਾਂ ਦੇ ਹਾਲਾਤ ਇਸ ਵਕਤ ਰਹੇ ਨਹੀਂ। ਉਦੋਂ ਲੋਕਾਂ ਨੂੰ ਅਕਾਲੀ-ਭਾਜਪਾ ਸਰਕਾਰ ਤੋਂ ਕਈ ਤਰ੍ਹਾਂ ਦੇ ਗਿਲੇ-ਸ਼ਿਕਵੇ ਸਨ, ਭ੍ਰਿਸ਼ਟਾਚਾਰ ਦੇ ਪੱਖੋਂ ਮੱਚੀ ਹੋਈ ਲੁੱਟ-ਖੋਹ ਦੇ ਵੀ, ਸਰਕਾਰ ਦੇ ਨਿਕੰਮੇਪਣ ਦੇ ਵੀ ਅਤੇ ਇਸ ਵੱਲੋਂ ਥਾਪੇ ਗਏ ਹਲਕਾ ਇੰਚਾਰਜਾਂ ਦੀ ਜ਼ੈਲਦਾਰੀ ਹੇਠ ਲੋਕਾਂ ਨੂੰ ਝੂਠੇ ਕੇਸਾਂ ਵਿਚ ਫਸਾਉਣ ਤੇ ਛੁਡਾਉਣ ਦੇ ਧੰਦੇ ਵਿਚੋਂ ਤਕੜੀ ਮਾਇਆ ਕਮਾਉਣ ਤੋਂ ਵੀ ਲੋਕ ਤੰਗ ਆਏ ਪਏ ਸਨ। ਸੌ ਮੁੱਦਿਆਂ ਦਾ ਮੁੱਦਾ ਉਸ ਚੋਣ ਵਿਚ ਬਰਗਾੜੀ ਵਿਚ ਵਾਪਰੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕਾਂਡ ਤੇ ਉਸ ਪਿਛੋਂ ਰੋਸ ਕਰਦੇ ਸਿੱਖਾਂ ਉਤੇ ਪੁਲਿਸ ਵੱਲੋਂ ਗੋਲੀ ਚਲਾਉਣ ਅਤੇ ਇਸ ਮਾਮਲੇ ਵਿਚ ਸੁਖਬੀਰ ਸਿੰਘ ਬਾਦਲ ਦੀ ਲੋਕਾਂ ਨੂੰ ਮੂਰਖ ਬਣਾਉਣ ਵਾਲੀ ਤਿਕੜਮਬਾਜ਼ੀ ਦਾ ਸੀ। ਪੰਜਾਬ ਦੀ ਜਵਾਨੀ ਦੇ ਨਸ਼ੀਲੇ ਪਦਾਰਥਾਂ ਦੀ ਮਾਰ ਹੇਠ ਆਉਣ ਦਾ ਮੁੱਦਾ ਵੀ ਬਹੁਤ ਵੱਡਾ ਸੀ।

ਚੋਣਾਂ ਨੇੜੇ ਆਈਆਂ ਤਾਂ ਸੁਖਬੀਰ ਸਿੰਘ ਬਾਦਲ ਨੇ ਇਨ੍ਹਾਂ ਮੁੱਦਿਆਂ ਉਤੇ ਲੋਕਾਂ ਕੋਲ ਸੱਚੇ ਹੋਣ ਲਈ ਬਠਿੰਡੇ ਵਿਚ ਵੱਡੀ ਰੈਲੀ ਕਰ ਕੇ ਤਾਕਤ ਦਾ ਮੁਜ਼ਾਹਰਾ ਕੀਤਾ ਸੀ ਤੇ ਇਸ ਦੇ ਜਵਾਬ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਓਸੇ ਥਾਂ ਉਸ ਨਾਲੋਂ ਵੱਡੀ ਰੈਲੀ ਕੀਤੀ ਤੇ ਅਗਲੀ ਚੋਣ ਮੁਹਿੰਮ ਸ਼ੁਰੂ ਕੀਤੀ ਸੀ। ਉਥੇ ਕੈਪਟਨ ਅਮਰਿੰਦਰ ਸਿੰਘ ਨੇ ਮੱਥੇ ਨੂੰ ਗੁਰਬਾਣੀ ਦਾ ਗੁਟਕਾ ਲਾ ਕੇ ਸਹੁੰ ਚੁੱਕੀ ਤੇ ਨਸ਼ੀਲੇ ਪਦਾਰਥਾਂ ਦਾ ਖਾਤਮਾ ਕਰਨ ਦੇ ਨਾਲ ਬਰਗਾੜੀ ਦੇ ਬੇਅਦਬੀ ਕਾਂਡ ਅਤੇ ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀ ਕਾਂਡਾਂ ਬਾਰੇ ਜਾਂਚ ਕਰਵਾ ਕੇ ਸਜ਼ਾਵਾਂ ਦੇਣ ਦਾ ਐਲਾਨ ਕੀਤਾ ਸੀ, ਜਿਸ ਦਾ ਲੋਕਾਂ ਉਤੇ ਬਹੁਤ ਵੱਡਾ ਅਸਰ ਪਿਆ ਸੀ।

ਇਹ ਉਹ ਵਕਤ ਸੀ, ਜਦੋਂ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਬਹੁਤ ਵੱਡੀ ਚੜ੍ਹਤ ਜਾਪਦੀ ਸੀ ਅਤੇ ਸਾਡੇ ਵਰਗੇ ਰਾਜਸੀ ਮਾਮਲਿਆਂ ਦੇ ਬਹੁਤ ਸਾਰੇ ਲੇਖਕ ਵੀ ਉਸ ਦਾ ਪ੍ਰਭਾਵ ਕਬੂਲਣ ਲੱਗੇ ਸਨ। ਬਠਿੰਡੇ ਦੀ ਰੈਲੀ ਅਤੇ ਉਸ ਵਿਚ ਚੁੱਕੀ ਗਈ ਸਹੁੰ ਦਾ ਅਸਰ ਵੱਧ ਹੋਇਆ ਜਾਂ ਅਕਾਲੀ ਦਲ ਦੇ ਅਖੀਰਲੇ ਦਿਨਾਂ ਵਿਚ ਸੁਖਬੀਰ ਸਿੰਘ ਤੇ ਬਿਕਰਮ ਸਿੰਘ ਮਜੀਠੀਏ ਦੀ ਮੋਛੇ ਪਾਊ ਧਾੜ ਕੋਲੋਂ ਤੰਗ ਆਏ ਲੋਕ ਉਨ੍ਹਾਂ ਦੇ ਵਿਰੁਧ ਭੁਗਤੇ, ਪੰਜਾਬ ਤੋਂ ਅਕਾਲੀ-ਭਾਜਪਾ ਰਾਜ ਦਾ ਬਿਸਤਰਾ ਲਪੇਟ ਦਿੱਤਾ ਗਿਆ ਤੇ ਕੈਪਟਨ



ਅਮਰਿੰਦਰ ਸਿੰਘ ਦੀ ਸਰਕਾਰ ਬਣ ਗਈ। ਅਸੀਂ ਇਹ ਗੱਲ ਨਹੀਂ ਕਹਾਂਗੇ ਕਿ ਇਸ ਸਰਕਾਰ ਨੇ ਕੁਝ ਵੀ ਨਹੀਂ ਕੀਤਾ, ਕਿਸਾਨਾਂ ਦੇ ਸਾਰੇ ਕਰਜ਼ੇ ਨਾ ਸਹੀ, ਥੋੜ੍ਹੇ-ਬਹੁਤ ਜਿੰਨੇ ਵੀ ਮੁਆਫ ਕਰਨ ਦਾ ਕੰਮ ਕੀਤਾ, ਉਹ ਠੀਕ ਅਸਰ ਪਾਉਣ ਵਾਲਾ ਸੀ, ਪਰ ਇਹੋ ਕਾਫੀ ਨਹੀਂ ਸੀ। ਜਿਨ੍ਹਾਂ ਦੋ ਵੱਡੇ ਮਾਮਲਿਆਂ ਦੀ ਸਹੁੰ ਕੈਪਟਨ ਅਮਰਿੰਦਰ ਸਿੰਘ ਨੇ ਚੁੱਕੀ ਸੀ, ਉਨ੍ਹਾਂ ਵਿਚੋਂ ਨਾ ਅਜੇ ਤੱਕ ਨਸ਼ੀਲੇ ਪਦਾਰਥਾਂ ਦੇ ਵਹਿਣ ਨੂੰ ਨੱਥ ਪਾਉਣ ਵਿਚ ਕਾਮਯਾਬੀ ਮਿਲੀ ਹੈ, ਸਗੋਂ ਕਈ ਕਾਂਗਰਸੀ ਵਿਧਾਇਕਾਂ ਦੇ ਨਾਂ ਵੀ ਇਸ ਨਾਲ ਜੁੜ ਗਏ ਹਨ, ਤੇ ਨਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਕੋਟਕਪੂਰਾ ਤੇ ਬਹਿਬਲ ਕਲਾਂ ਦੇ ਗੋਲੀ ਕਾਂਡਾਂ ਦੇ ਮੁੱਦੇ ਕਿਸੇ ਪਾਸੇ ਲੱਗੇ ਹਨ।

ਪਿਛਲੇ ਸਾਲ ਜਦੋਂ ਵਿਧਾਨ ਸਭਾ ਵਿਚ ਇਸ ਬਾਰੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਪੇਸ਼ ਹੋਈ ਅਤੇ ਇਸ ਮੌਕੇ ਨਮੋਸ਼ੀ ਦਾ ਸਾਹਮਣਾ ਕਰਨ ਦੀ ਥਾਂ ਵਾਕਆਊਟ ਕਰ ਕੇ ਅਕਾਲੀ ਆਗੂ ਮੈਦਾਨ ਖਾਲੀ ਕਰ ਗਏ ਸਨ, ਉਦੋਂ ਸਰਕਾਰ ਨੇ ਇਸ ਬਾਰੇ ਵਿਸ਼ੇਸ਼ ਜਾਂਚ ਟੀਮ ਬਣਾਉਣ ਅਤੇ ਸੀ. ਬੀ. ਆਈ. ਕੋਲ ਚੱਲਦੇ ਕੇਸ ਵਾਪਸ ਲੈਣ ਦਾ ਐਲਾਨ ਕੀਤਾ ਸੀ। ਜਾਂਚ ਕਰਨ ਲਈ ਜੋ ਵਿਸ਼ੇਸ਼ ਟੀਮ ਬਣਾਈ, ਉਹ ਵੀ ਆਸ ਬੰਨ੍ਹਾਉਣ ਵਾਲੀ ਸੀ ਤੇ ਉਸ ਨੇ ਕੁਝ ਹੱਦ ਤੱਕ ਕੰਮ ਵੀ ਕੀਤਾ, ਪਰ ਪਿਛੋਂ ਹੱਕਣ ਨਾਲ ਚੱਲਣ ਵਾਲੀ ਅਤੇ ਹੱਕਣ ਬਿਨਾ ਇੱਕੋ ਥਾਂ ਖੜ੍ਹੀ ਰਹਿਣ ਵਾਲੀ ਬਲਦਾਂ ਦੀ ਜੋੜੀ ਬਣ ਕੇ ਰਹਿ ਗਈ ਤੇ ਸਰਕਾਰ ਦੀ ਬਦਨਾਮੀ ਹੋ ਰਹੀ ਹੈ। ਬਦਨਾਮੀ ਵਿਸ਼ੇਸ਼ ਜਾਂਚ ਟੀਮ ਦੀ ਨਹੀਂ, ਸਰਕਾਰ ਦੀ ਇਸ ਲਈ ਹੈ ਕਿ ਉਹ ਇਸ ਜਾਂਚ ਨੂੰ ਅੱਗੇ ਨਹੀਂ ਤੁਰਨ ਦਿੰਦੀ ਤੇ ਇਹ ਗੱਲ ਹਾਕਮ ਪਾਰਟੀ ਦੇ ਵਿਧਾਇਕ ਤੇ ਮੰਤਰੀ ਵੀ ਕਹੀ ਜਾ ਰਹੇ ਹਨ। ਮੁੱਖ ਮੰਤਰੀ ਨੂੰ ਇੱਕ ਡਿਨਰ ਦੌਰਾਨ ਇਸ ਬਾਰੇ ਕਾਂਗਰਸੀ ਵਿਧਾਇਕਾਂ ਵੱਲੋਂ ਦੱਸੇ ਜਾਣ ਨਾਲ ਵੀ ਕੋਈ ਫਰਕ ਨਹੀਂ ਪਿਆ।

ਅਸੀਂ ਫਿਰ ਉਸੇ ਗੱਲ ਉਤੇ ਆਉਂਦੇ ਹਾਂ। ਰਾਜ ਦੇ ਪਹਿਲੇ ਅੱਧ ਤੱਕ ਸਰਕਾਰ ਦਾ ਖਜ਼ਾਨਾ ਮੰਤਰੀ ਹਰ ਗੱਲ ਦਾ ਇੱਕੋ ਜਵਾਬ ਦਿੰਦਾ ਸੀ ਕਿ ਪਿਛਲੀ ਸਰਕਾਰ ਖਜ਼ਾਨਾ ਖਾਲੀ ਕਰ ਕੇ ਤੁਰ ਗਈ ਹੈ, ਪਰ ਜੇ ਢਾਈ ਸਾਲ ਬਾਅਦ ਵੀ ਇਹੋ ਗੱਲ ਸੁਣਨ ਨੂੰ ਮਿਲਣੀ ਹੈ ਤਾਂ ਲੋਕਾਂ ਵਿਚ ਪਿਛਲਿਆਂ ਬਾਰੇ ਕੌੜ ਦੀ ਥਾਂ ਮੌਜੂਦਾ ਸਰਕਾਰ ਦੇ ਨਿਕੰਮੇ ਹੋਣ ਦਾ ਨਵੀਂ ਤਰ੍ਹਾਂ ਦਾ ਪ੍ਰਭਾਵ ਬਣਨ ਲੱਗ ਪਿਆ ਹੈ। ਸਰਕਾਰ ਦਾ ਮੁਖੀ ਅਜੇ ਤੱਕ ਕਹੀ ਜਾਂਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸੁੱਕਾ ਨਹੀਂ ਜਾਣ ਦੇਣਾ, ਪਰ ਏਦਾਂ ਦੇ ਦਾਅਵਿਆਂ ਦਾ ਜੋ ਅਸਰ ਲੋਕਾਂ ਵਿਚ ਢਾਈ ਸਾਲ ਪਹਿਲਾਂ ਸੀ ਤੇ ਲੋਕਾਂ ਨੂੰ ਜਿੱਡੀ ਆਸ ਹੋਇਆ ਕਰਦੀ ਸੀ, ਉਸ ਦਾ ਪੱਧਰ ਬਹੁਤ ਬੁਰੀ ਤਰ੍ਹਾਂ ਡਿੱਗ ਚੁਕਾ ਹੈ। ਅੱਜ ਹਾਲਤ ਇਸ ਤਰ੍ਹਾਂ ਦੀ ਹੈ ਕਿ ਸਰਕਾਰ ਦੇ ਮੰਤਰੀ ਅਤੇ ਵਿਧਾਇਕ ਆਪਣੇ ਮੁੱਖ ਮੰਤਰੀ ਦੇ ਦਾਅਵੇ ਦੇ ਪੱਖ ਵਿਚ ਓਨਾ ਉਚਾ ਨਹੀਂ ਬੋਲਦੇ, ਜਿੰਨੀ ਉਚੀ ਸੁਰ ਵਿਚ ਇਸ ਤੋਂ ਉਲਟ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਬੋਲਦੇ ਹਨ।

> **ਅੱਜ ਹਾਲਤ ਇਸ ਤਰ੍ਹਾਂ ਦੀ ਹੈ ਕਿ ਸਰਕਾਰ ਦੇ ਮੰਤਰੀ ਅਤੇ ਵਿਧਾਇਕ ਆਪਣੇ ਮੁੱਖ ਮੰਤਰੀ ਦੇ ਦਾਅਵੇ ਦੇ ਪੱਖ ਵਿਚ ਓਨਾ ਉਚਾ ਨਹੀਂ ਬੋਲਦੇ, ਜਿੰਨੀ ਉਚੀ ਸੁਰ ਵਿਚ ਇਸ ਤੋਂ ਉਲਟ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਬੋਲਦੇ ਹਨ।**

ਪ੍ਰਵਚਨ ਕਿੰਨਾ ਵੀ ਚੰਗਾ ਹੋਵੇ, ਪਹਿਲੀ ਵਾਰ ਸੁਣਿਆ ਜਾਵੇ ਤਾਂ ਜੋ ਅਸਰ ਪੈਂਦਾ ਹੈ, ਉਹ ਅਸਰ ਹਰ ਵਾਰੀ ਘਟਦਾ ਜਾਂਦਾ ਹੈ ਤੇ ਫਿਰ ਇਹ ਨੌਬਤ ਆ ਜਾਂਦੀ ਹੈ ਕਿ ਉਸ ਪ੍ਰਵਚਨ ਦੀ ਸੀ. ਡੀ. ਕਾਰ ਦੇ ਡੈਸ਼ ਬੋਰਡ ਵਾਲੇ ਖਾਨੇ ਵਿਚ ਪਈ ਹੁੰਦੀ ਹੈ ਤੇ ਲਾਉਣ ਦਾ ਚੇਤਾ ਸਿਰਫ ਉਦੋਂ ਆਉਂਦਾ ਹੈ, ਜਦੋਂ ਕਿਸੇ ਓਪਰੇ ਨੂੰ ਇਸ ਬਾਰੇ ਦੱਸਣਾ ਹੁੰਦਾ ਹੈ। ਅਮਰਿੰਦਰ ਸਿੰਘ ਦੀਆਂ ਢਾਈ ਸਾਲ ਪਹਿਲਾਂ ਦੀਆਂ ਤਕਰੀਰਾਂ ਥੋੜ੍ਹੇ-ਬਹੁਤ ਵਾਧੇ-ਘਾਟੇ ਨਾਲ ਅੱਜ ਜਦੋਂ ਉਸੇ ਤਰ੍ਹਾਂ ਦੁਹਰਾਈਆਂ ਜਾ ਰਹੀਆਂ ਹਨ ਤਾਂ ਲੋਕ ਸੁਣ-ਸੁਣ ਅੱਕ ਚੁਕੇ ਹਨ। ਉਹ ਅਮਲ ਚਾਹੁੰਦੇ ਹਨ ਤੇ ਅਮਲ ਹੋ ਨਹੀਂ ਰਿਹਾ। ਰਾਜ ਕਰਨ ਵਾਸਤੇ ਮਿਲੇ ਪੰਜ ਸਾਲਾਂ ਵਿਚੋਂ ਅੱਧਾ ਸਮਾਂ ਸਰਕਾਰ ਨੇ ਭੰਗ ਦੇ ਭਾੜੇ ਹੀ ਗੁਆ ਲਿਆ ਜਾਪਦਾ ਹੈ ਤੇ ਅੱਗੋਂ ਇਸ ਦੀ ਕੋਈ ਸੁਰ-ਸੋਧ ਲੋਕਾਂ ਦੇ ਪੱਲੇ ਨਹੀਂ ਪੈ ਰਹੀ। ਮੁੱਖ ਮੰਤਰੀ ਦੀ ਟੀਮ ਵਾਲੇ ਲੋਕ ਅਜੇ ਵੀ ਇਹੋ ਕਹਿੰਦੇ ਹਨ ਕਿ ਮੁਕਾਬਲੇ ਦੀ ਧਿਰ ਕੋਈ ਨਹੀਂ ਰਹੀ, ਅਕਾਲੀਆਂ ਦੇ ਪੈਰ ਨਹੀਂ ਲੱਗਦੇ, ਆਮ ਆਦਮੀ ਪਾਰਟੀ ਹੋਈ ਵੀ ਅਣਹੋਈ ਹੋਈ ਪਈ ਹੈ ਤੇ ਜਦੋਂ ਕੋਈ ਖਤਰਾ ਖੜ੍ਹਾ ਕਰਨ ਜੋਗੀ ਧਿਰ ਹੀ ਨਹੀਂ ਤਾਂ ਚਿੰਤਾ ਕਰਨ ਦੀ ਵੀ ਲੋੜ ਨਹੀਂ। ਉਹ ਇਸ ਮੌਕੇ ਇੱਕ ਨਵੀਂ ਉਠ ਰਹੀ ਧਿਰ ਨੂੰ ਅੱਖੋਂ ਪਰੋਖਾ ਕਰਦੇ ਹਨ। ਇਹ ਧਿਰ 'ਮੋਦੀ-ਮੋਦੀ' ਦੀ ਰੱਟ ਪੰਜਾਬ ਵਿਚ ਲਾਉਣ ਵੀ ਲੱਗ ਪਈ ਹੈ।

ਜੀ ਹਾਂ, ਪੰਜਾਬ ਵਿਚ ਇਹ ਵੇਖਣ ਦੀ ਲੋੜ ਨਹੀਂ ਕਿ ਬਾਬਾ ਬਕਾਲਾ ਦੇ ਰੱਖੜ ਪੁੰਨਿਆ ਦੇ ਇਕੱਠ ਵਿਚ ਭਾਜਪਾ ਦੇ ਪੰਜਾਬ ਪ੍ਰਧਾਨ ਸ਼ਵੇਤ ਮਲਿਕ ਨੇ ਸੁਖਬੀਰ ਸਿੰਘ ਬਾਦਲ ਨੂੰ 'ਭਵਿੱਖ ਦਾ ਮੁੱਖ ਮੰਤਰੀ' ਕਿਹਾ ਹੈ, ਸਗੋਂ ਨੋਟ ਕਰਨ ਦੀ ਗੱਲ ਇਹ ਹੈ ਕਿ ਇੱਕ ਦਿਨ ਪਹਿਲਾਂ ਭਾਜਪਾ ਆਗੂਆਂ ਨੇ ਕੀ ਕਿਹਾ ਸੀ। ਭਾਜਪਾ ਅੱਜ ਕੱਲ੍ਹ ਪੰਜਾਬ ਭਰ ਵਿਚ ਉਚੇਰੀ ਮੈਂਬਰਸ਼ਿਪ ਮੁਹਿੰਮ ਚਲਾ ਰਹੀ ਹੈ ਤੇ ਕਈ ਅਕਾਲੀ ਆਗੂ ਵੀ ਅੰਦਰਖਾਤੇ ਆਪਣੇ ਬੰਦੇ ਇਨ੍ਹਾਂ ਨਾਲ ਤੋਰ ਕੇ ਇਸ ਕੰਮ ਵਿਚ ਇਹ ਸੋਚ ਕੇ ਹਿੱਸਾ ਪਾ ਰਹੇ ਹਨ ਕਿ ਅਗਲੀ ਚੋਣ ਭਾਜਪਾ ਟਿਕਟ ਉਤੇ ਲੜਨੀ ਪੈ ਸਕਦੀ ਹੈ। ਅਕਾਲੀ ਦਲ ਦੀ ਲੀਡਰਸ਼ਿਪ ਇਹ ਜਾਣਦੀ ਹੈ।

> **ਬਾਬਾ ਬਕਾਲਾ ਦੀ ਰੱਖੜ ਪੁੰਨਿਆ ਦੀ ਕਾਨਫਰੰਸ ਤੋਂ ਇੱਕ ਦਿਨ ਪਹਿਲਾਂ ਭਾਜਪਾ ਕੋਟੇ ਦੇ ਤੇਈ ਵਿਧਾਨ ਸਭਾ ਹਲਕਿਆਂ ਲਈ ਅਕਾਲੀ ਦਲ ਦੇ ਆਬਜ਼ਰਵਰਾਂ ਦੀ ਨਿਯੁਕਤੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਨੇ ਐਵੇਂ ਨਹੀਂ ਸੀ ਕੀਤੀ। ਉਨ੍ਹਾਂ ਦੋਹਾਂ ਧਿਰਾਂ ਵਿਚ ਚੱਲਦੀ ਖਿੱਚੋਤਾਣ ਤੋਂ ਇਹ ਸਾਫ ਹੋ ਰਿਹਾ ਹੈ ਕਿ ਅਕਾਲੀ ਦਲ ਦੇ ਉਧੜਧੁੰਮੀ ਵਾਲੇ ਰਾਜ ਦੀ ਥਾਂ ਭਾਜਪਾ 'ਨਰਿੰਦਰ ਮੋਦੀ ਦੀ ਅਗਵਾਈ ਹੇਠ ਕ੍ਰਿਆਸ਼ੀਲ' ਸਰਕਾਰ ਬਣਾਉਣ ਦੇ ਨਵੇਂ ਨਾਅਰੇ ਹੇਠ ਲਾਮਬੰਦੀ ਕਰਨ ਲੱਗ ਪਈ ਹੈ।**

ਬਾਬਾ ਬਕਾਲਾ ਦੀ ਰੱਖੜ ਪੁੰਨਿਆ ਦੀ ਕਾਨਫਰੰਸ ਤੋਂ ਇੱਕ ਦਿਨ ਪਹਿਲਾਂ ਭਾਜਪਾ ਕੋਟੇ ਦੇ ਤੇਈ ਵਿਧਾਨ ਸਭਾ ਹਲਕਿਆਂ ਲਈ ਅਕਾਲੀ ਦਲ ਦੇ ਆਬਜ਼ਰਵਰਾਂ ਦੀ ਨਿਯੁਕਤੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਨੇ ਐਵੇਂ ਨਹੀਂ ਸੀ ਕੀਤੀ। ਉਨ੍ਹਾਂ ਦੋਹਾਂ ਧਿਰਾਂ ਵਿਚ ਚੱਲਦੀ ਖਿੱਚੋਤਾਣ ਤੋਂ ਇਹ ਸਾਫ ਹੋ ਰਿਹਾ ਹੈ ਕਿ ਅਕਾਲੀ ਦਲ ਦੇ ਉਧੜਧੁੰਮੀ ਵਾਲੇ ਰਾਜ ਦੀ ਥਾਂ ਭਾਜਪਾ 'ਨਰਿੰਦਰ ਮੋਦੀ ਦੀ ਅਗਵਾਈ ਹੇਠ ਕ੍ਰਿਆਸ਼ੀਲ' ਸਰਕਾਰ ਬਣਾਉਣ ਦੇ ਨਵੇਂ ਨਾਅਰੇ ਹੇਠ ਲਾਮਬੰਦੀ ਕਰਨ ਲੱਗ ਪਈ ਹੈ। ਚੌਟਾਲਿਆਂ ਤੋਂ ਤਾਜ਼ੇ-ਤਾਜ਼ੇ ਵੱਖ ਹੋਏ ਬਾਦਲ ਪਰਿਵਾਰ ਨੂੰ ਹਰਿਆਣੇ ਦੀਆਂ ਚੋਣਾਂ ਦੌਰਾਨ ਵਰਤਣ ਦੀ ਝਾਕ ਵਿਚ ਭਾਜਪਾ ਹਾਲ ਦੀ ਘੜੀ ਆਪਣੇ ਪੱਤੇ ਖੁੱਲ੍ਹ ਕੇ ਖੇਡਣ ਤੋਂ ਪ੍ਰਹੇਜ਼ ਕਰ ਰਹੀ ਹੈ, ਪਰ ਜਦੋਂ ਹਰਿਆਣਾ ਲੰਘ ਗਿਆ, ਪੰਜਾਬ ਦੀ ਰਾਜਨੀਤੀ ਦਾ ਨਕਸ਼ਾ ਵੀ ਬਦਲਦਾ ਦਿੱਸ ਪੈਣਾ ਹੈ।

ਪੰਜਾਬ ਦੇ ਮੁੱਖ ਮੰਤਰੀ ਦੀ ਹਾਲੇ ਤੱਕ ਇਸ ਨਵੀਂ ਸਥਿਤੀ ਉਤੇ ਕੋਈ ਪ੍ਰਤੀਕ੍ਰਿਆ ਨਹੀਂ ਅਤੇ ਕਾਂਗਰਸੀ ਵਿਧਾਇਕ ਤੇ ਮੰਤਰੀ 'ਰੱਬ ਦੀਆਂ ਦਿੱਤੀਆਂ ਗਾਜਰਾਂ ਵਿਚੇ ਰੰਬਾ ਰੱਖ' ਵਾਲੀ ਸਥਿਤੀ ਦਾ ਲਾਹਾ ਲੈਣ ਰੁੱਝੇ ਹੋਏ ਹਨ। ਇਸ ਪੱਖ ਤੋਂ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਸੋਖੀ ਹੈ, ਜਿਨ੍ਹਾਂ ਨੂੰ ਅਗੇਤਾ ਚਾਨਣ ਹੋ ਗਿਆ ਜਾਪਦਾ ਹੈ ਕਿ ਅਗਲੀਆਂ ਚੋਣਾਂ ਵਿਚ ਅਸੀਂ ਕੋਈ ਏਦਾਂ ਦੀ ਧਿਰ ਨਹੀਂ ਹੋ ਸਕਣਾ, ਜੋ ਇਸ ਰਾਜ ਵਿਚ ਕੋਈ ਫੈਸਲਾਕੁਨ ਅਸਰ ਪਾ ਸਕਦੀ ਹੋਵੇ, ਇਸ ਲਈ ਬਹੁਤੀ ਚਿੰਤਾ ਕਰਨ ਦੀ ਲੋੜ ਨਹੀਂ। ਹੋਰ ਕੋਈ ਧਿਰ ਉਠ ਰਹੀ ਨਹੀਂ ਦਿੱਸਦੀ। ਹਾਲਾਤ ਪੰਜਾਬ ਵਿਚ ਜਿਵੇਂ ਪੈਰੋ-ਪੈਰ ਬਦਲ ਰਹੇ ਹਨ, ਉਨ੍ਹਾਂ ਬਾਰੇ ਸਾਡੀ ਇਹ ਗੱਲ ਅੱਜ ਅਗੇਤੀ ਜਾਪ ਸਕਦੀ ਹੈ, ਪਰ ਜਦੋਂ ਨੂੰ ਇਹ ਸਾਲ ਮੁੱਕਣਾ ਹੈ, ਸ਼ਾਇਦ ਉਦੋਂ ਤੱਕ ਕਈ ਹੋਰ ਲੋਕ ਵੀ ਕਹਿਣ ਲੱਗਣਗੇ।

ਜੰਮੂ-ਕਸ਼ਮੀਰ ਵਿਚ ਧਾਰਾ 370 ਵਲ੍ਹੇਟੇ ਜਾਣ ਪਿੱਛੋਂ ਦੀ ਬਦਲੀ ਹੋਈ ਸਥਿਤੀ ਨੂੰ ਜੋ ਇਸ ਵੇਲੇ ਨਹੀਂ ਵੇਖ ਸਕਦਾ, ਕਦੇ ਵੀ ਨਹੀਂ ਵੇਖ ਸਕੇਗਾ। ਬਰਗਾੜੀ ਤੇ ਬਹਿਬਲ ਕਲਾਂ ਵਾਲੀਆਂ ਬਾਤਾਂ ਸਿਆਸੀ ਭਾਸ਼ਣਾਂ ਨੂੰ ਭਰਪੂਰ ਕਰਨ ਤੇ ਚਹੇਤਿਆਂ ਦੀਆਂ ਤਾੜੀਆਂ ਵਜਾਉਣ ਵਾਸਤੇ ਠੀਕ ਹਨ, ਪਰ ਜਿੱਦਾਂ ਦੇ ਹਾਲਾਤ ਉਭਰ ਰਹੇ ਹਨ, ਉਨ੍ਹਾਂ ਵਿਚ ਇਸ ਨਾਲ ਬੁੱਤਾ ਨਹੀਂ ਸਰਨ ਵਾਲਾ।

# ਹਰੀ ਸਿੰਘ ਡੋਗਰੇ ਨਾਲ ਭਾਰਤ ਦੀ ਸੰਧੀ ਸਹੀਬੰਦ

1947 ਵਿਚ ਦੇਸ਼ ਆਜ਼ਾਦ ਹੋਇਆ ਤਾਂ ਤਿੰਨ ਹਾਕਮਾਂ-ਜੂਨਾਗੜ੍ਹ ਦੇ ਨਵਾਬ, ਹੈਦਰਾਬਾਦ ਦੇ ਨਿਜ਼ਾਮ ਅਤੇ ਜੰਮੂ ਕਸ਼ਮੀਰ ਦੇ ਰਾਜਾ ਹਰੀ ਸਿੰਘ ਨੇ ਆਪਣੀਆਂ ਰਿਆਸਤਾਂ ਭਾਰਤ ਨਾਲ ਮਿਲਾਉਣ ਤੋਂ ਨਾਂਹ ਕਰ ਦਿੱਤੀ। ਹਰੀ ਸਿੰਘ, ਗੁਲਾਬ ਸਿੰਘ ਡੋਗਰੇ ਦਾ ਪੜਪੋਤਾ ਸੀ।

ਹਰਪਾਲ ਸਿੰਘ ਪੰਨੂ
ਫੋਨ: 91-94642-51454

ਕਸ਼ਮੀਰ ਵਿਚ ਮੁਸਲਿਮ ਬਹੁਗਿਣਤੀ ਹੈ, ਜਿਨਾਹ ਨੇ ਸੋਚਿਆ ਕਸ਼ਮੀਰੀ ਆਪੇ ਪਾਕਿਸਤਾਨ ਵਿਚ ਆ ਜਾਣਗੇ। ਉਸ ਨੇ ਆਪਣੇ ਏਲਚੀ ਭੇਜੇ ਤਾਂ ਕਸ਼ਮੀਰੀਆਂ ਨੇ ਅਜੀਬ ਜਵਾਬ ਦਿੱਤਾ। ਕਹਿੰਦੇ, ਇਸਲਾਮ ਦੇ ਕਿਸੇ ਧਾਰਮਿਕ ਲੀਡਰ ਨੇ ਕਦੀ ਇਹ ਵਾਜਬ ਹੀ ਨਹੀਂ ਸਮਝਿਆ ਕਿ ਕਸ਼ਮੀਰ ਰਹਿਣਜੋਗ ਥਾਂ ਹੈ। ਸਾਨੂੰ ਇਸਲਾਮ ਦਾ ਕੀ ਪਤਾ! ਅਸੀਂ ਪਾਕਿਸਤਾਨੀਆਂ ਵਰਗੇ ਮੁਸਲਮਾਨ ਨਹੀਂ ਹਾਂ। ਦੋਹਾਂ ਵਿਚੋਂ ਕਿਸੇ ਦੇਸ਼ ਵਿਚ ਜਾਣ ਦੀ ਥਾਂ ਅਸੀਂ ਆਜ਼ਾਦ ਰਹਾਂਗੇ।

ਕਈ ਹਫਤੇ ਜਦ ਹਰੀ ਸਿੰਘ ਨੇ ਆਜ਼ਾਦੀ ਛੱਡਣ ਦਾ ਕੋਈ ਸੰਕੇਤ ਨਹੀਂ ਦਿੱਤਾ, ਤਦ ਪਾਕਿਸਤਾਨ ਨੇ ਕਬਾਇਲੀਆਂ ਤੋਂ ਕਸ਼ਮੀਰ 'ਤੇ ਹਮਲਾ ਕਰਵਾ ਦਿੱਤਾ। ਦੁਧ ਘਿਉ, ਸ਼ਹਿਦ, ਮੇਵੇ, ਕਸ਼ਮੀਰਨਾਂ ਕਾਬੂ ਕਰਾਂਗੇ, ਕਬਾਇਲੀ ਬਾਗੋਬਾਗ। ਅੰਗਰੇਜ਼ਾਂ ਦਾ ਖਿਆਲ ਸੀ ਕਿ ਹਰੀ ਸਿੰਘ ਡਰਦਾ ਭੱਜ ਜਾਏਗਾ, ਕਸ਼ਮੀਰੀ ਪਾਕਿਸਤਾਨ ਨਾਲ ਰਲ ਜਾਣਗੇ। 24 ਅਕਤੂਬਰ ਨੂੰ ਹਜ਼ਾਰਾਂ ਸ਼ਸਤਰਧਾਰੀ ਕਬਾਇਲੀਆਂ ਦਾ ਕਾਰਵਾਂ ਸ੍ਰੀਨਗਰ ਵਲ ਚੱਲ ਪਿਆ।

ਸਿਵਿਲ ਅਫਸਰ ਵੀ. ਮੈਨਨ, ਸਰਦਾਰ ਪਟੇਲ ਦੇ ਬੜਾ ਨੇੜੇ ਸੀ। ਉਸ ਨੂੰ 25 ਅਕਤੂਬਰ ਨੂੰ ਹਰੀ ਸਿੰਘ ਨਾਲ ਗੱਲ ਕਰਨ ਲਈ ਭੇਜਿਆ। ਡਰਦਾ ਮਾਰਾ ਹਰੀ ਸਿੰਘ ਆਪਣੇ ਦਰਬਾਰ ਸਣੇ ਜੰਮੂ ਆ ਗਿਆ, ਜਿੱਥੇ ਉਸ ਦਾ ਸਰਦੀਆਂ ਦਾ ਕੈਂਪ ਹੁੰਦਾ ਸੀ। ਇਹ ਥਾਂ ਕਬਾਇਲੀਆਂ ਦੇ ਖਤਰੇ ਤੋਂ ਮੁਕਤ ਸੀ। ਹਰੀ ਸਿੰਘ ਦੇ ਪ੍ਰਧਾਨ ਮੰਤਰੀ ਮਹਾਜਨ ਨੇ ਪੰਡਿਤ ਨਹਿਰੂ ਅੱਗੇ ਬੇਨਤੀ ਕੀਤੀ ਕਿ ਸ਼ੀ ਸੈਨਿਕ ਮਦਦ ਕਰੋ, ਭਾਵੇਂ ਕਿਸੇ ਸ਼ਰਤ 'ਤੇ ਕਰੋ। ਜੇ ਭਾਰਤੀ ਸੈਨਾ ਤੁਰੰਤ ਸ੍ਰੀਨਗਰ ਨਾ ਪੁੱਜੀ ਤਾਂ ਮੈਂ ਜਿਨਾਹ ਨਾਲ ਗੱਲ ਕਰਨ ਲਾਹੌਰ ਜਾਵਾਂਗਾ।

ਫਸਟ ਸਿੱਖ ਬਟਾਲੀਅਨ 27 ਅਕਤੂਬਰ ਨੂੰ ਸ੍ਰੀਨਗਰ ਪੁੱਜ ਗਈ। ਮਹਾਜਨ ਦਸਦਾ ਹੈ, ਮੈਂ ਸਵਖਤੇ ਜਹਾਜ਼ਾਂ ਦੀਆਂ ਆਵਾਜ਼ਾਂ ਸੁਣੀਆਂ। ਆਰਮੀ ਪੁੱਜ ਗਈ। ਸਵੇਰੇ ਨੌਂ ਵਜੇ ਮੇਰੇ ਕੋਲ ਸੁਨੇਹਾ ਆਇਆ ਕਿ ਫੌਜ ਨੇ ਐਕਸ਼ਨ ਕਰ ਦਿੱਤਾ। ਕਬਾਇਲੀ ਸ੍ਰੀਨਗਰ ਤਾਂ ਨਹੀਂ ਪੁਜ ਸਕੇ, ਪਰ ਉਨ੍ਹਾਂ ਨੇ ਕਾਫੀ ਹਿੱਸੇ 'ਤੇ ਕਬਜ਼ਾ ਕਰ ਲਿਆ।



ਹਰੀ ਸਿੰਘ ਡੋਗਰਾ

ਜਿਨਾਹ ਨੂੰ ਭਾਰਤੀ ਫੌਜ ਦੇ ਐਕਸ਼ਨ ਦਾ ਪਤਾ ਲੱਗਾ ਤਾਂ ਉਸ ਨੇ ਕਾਰਜਕਾਰੀ ਅੰਗਰੇਜ਼ ਜਰਨੈਲ ਸਰ ਗ੍ਰੇਸੀ ਨੂੰ ਕਿਹਾ ਕਿ ਦੋ ਬ੍ਰਿਗੇਡ ਫੌਜ ਭੇਜੋ-ਇਕ ਰਾਵਲਪਿੰਡੀ ਤੋਂ, ਦੂਜੀ ਸਿਆਲਕੋਟ ਤੋਂ। ਸਿਆਲਕੋਟ ਵਾਲੀ ਸੈਨਾ ਜੰਮੂ 'ਤੇ ਹਮਲਾ ਕਰਕੇ ਹਰੀ ਸਿੰਘ ਨੂੰ ਫੜ ਕੇ ਲਿਆਏਗੀ, ਰਾਵਲਪਿੰਡੀ ਵਾਲੀ ਸ੍ਰੀਨਗਰ 'ਤੇ ਹਮਲਾ ਕਰੇ। ਗ੍ਰੇਸੀ ਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਇਹ ਹਿੰਦ-ਪਾਕਿ ਦੀ ਜੰਗ ਹੈ, ਮੈਂ ਆਪਣੇ ਫੀਲਡ ਮਾਰਸ਼ਲ ਸਰ ਕਲਾਡ ਦੀ ਆਗਿਆ ਬਿਨਾ ਜੰਗ ਵਿਚ ਨਹੀਂ ਉਲਝਾਂਗਾ।

ਕਲਾਡ ਨੇ ਆਗਿਆ ਨਾ ਦੇਣੀ ਸੀ, ਨਾ ਦਿੱਤੀ। ਵਾਇਸਰਾਇ ਲਾਰਡ ਮਾਊਂਟਬੈਟਨ ਨੇ ਬਾਅਦ ਵਿਚ ਦੱਸਿਆ, ਜਿਨਾਹ ਮੈਨੂੰ ਮਿਲਣ ਆਇਆ ਤੇ ਇਤਰਾਜ਼ ਜਤਾਇਆ ਕਿ ਭਾਰਤ ਨੇ ਸ਼ਰੇਆਮ ਹਿੰਸਾ ਰਾਹੀਂ ਹਮਲਾ ਕਰਕੇ ਕਸ਼ਮੀਰ 'ਤੇ ਕਬਜ਼ਾ ਕੀਤਾ ਹੈ, ਜਦੋਂ ਕਿ ਹਰੀ ਸਿੰਘ ਭਾਰਤ ਨਾਲ ਰਲਣਾ ਨਹੀਂ ਸੀ ਚਾਹੁੰਦਾ। ਮੈਂ ਕਿਹਾ, ਕਬਾਇਲੀਆਂ ਨੇ ਪਾਕਿਸਤਾਨ ਦੀ ਸ਼ਹਿ 'ਤੇ ਕਸ਼ਮੀਰ ਉਤੇ ਪਹਿਲਾਂ ਹਮਲਾ ਕੀਤਾ। ਰਾਜਾ ਆਜ਼ਾਦ ਰਹਿਣਾ ਚਾਹੁੰਦਾ ਸੀ, ਕਬਾਇਲੀਆਂ ਦੇ ਹਮਲੇ ਪਿਛੋਂ ਹਰੀ ਸਿੰਘ ਭਾਰਤ ਨਾਲ ਮਿਲ ਗਿਆ, ਇਸ ਦੀ ਜਿੰਮੇਵਾਰੀ ਪਾਕਿਸਤਾਨ ਸਿਰ ਹੈ।

ਪਾਕਿਸਤਾਨੀ ਫੌਜਾਂ ਨੇ ਕੂਚ ਤਾਂ ਕੀਤਾ, ਪਰ ਦੇਰ ਹੋ ਚੁਕੀ ਸੀ। ਉਦੋਂ ਤਕ ਭਾਰਤ ਦੋ-ਤਿਹਾਈ ਰਕਬੇ 'ਤੇ ਕਬਜ਼ਾ ਕਰ ਚੁਕਾ ਸੀ। ਮਰੀ, ਗਿਲਗਿਤ ਅਤੇ ਬਲਿਸਤਾਂ ਪਾਕਿਸਤਾਨ ਕੋਲ ਆ ਗਈਆਂ। ਇਹ ਪਹਿਲੀ ਭਾਰਤ-ਪਾਕਿਸਤਾਨ ਜੰਗ ਇਕ ਸਾਲ ਚੱਲੀ। ਪੰਡਿਤ ਨਹਿਰੂ 1948 ਦੇ ਅਖੀਰ ਵਿਚ ਇਸ ਨੂੰ ਯੂ. ਐਨ. ਓ. ਪਾਸ ਲੈ ਗਏ, ਜਿਸ ਦੀ ਹੁਣ ਤੱਕ ਆਲੋਚਨਾ ਹੋ ਰਹੀ ਹੈ ਕਿ ਘਰ ਦਾ ਮਸਲਾ ਕੌਮਾਂਤਰੀ ਕਿਉਂ ਬਣਾਇਆ ਗਿਆ? ਯੂ. ਐਨ. ਓ. ਨੇ 13 ਅਗਸਤ 1948 ਨੂੰ ਇਕ ਮਤਾ ਤਿਆਰ ਕੀਤਾ, ਜੋ 5 ਜਨਵਰੀ 1949 ਨੂੰ ਲਾਗੂ ਹੋਇਆ, ਜਿਸ 'ਤੇ ਹਰੀ ਸਿੰਘ ਦੇ ਵੀ ਦਸਤਖਤ ਹਨ।

ਮਹਾਰਾਜੇ ਦਾ ਬਿਆਨ, "ਮੈਂ ਸ੍ਰੀਮਾਨ ਇੰਦਰ ਮਹੇਂਦਰ, ਰਾਜਰਾਜੇਸ਼ਵਰ, ਮਹਾਰਾਜਾ ਧਿਰਾਜ, ਸ੍ਰੀ ਹਰੀ ਸਿੰਘ ਜੀ, ਜੰਮੂ ਕਸ਼ਮੀਰ ਦੇ ਨਰੇਸ਼ ਤਥਾ ਤਿੱਬਤਾਦਿ ਦੇਸ਼-ਅਧੀਪਤਿ, ਜੰਮੂ ਕਸ਼ਮੀਰ ਦਾ ਹਾਕਿਮ, ਮੈਂ ਆਪਣੀ ਪ੍ਰਭੁਸੱਤਾ ਭਾਰਤ ਵਿਚ ਮਿਲਾਉਣ ਦੇ ਦਸਤਾਵੇਜ਼ ਉਪਰ ਹਸਤਾਖਰ ਕਰਦਾ ਹਾਂ।"

ਪੰਜਾਬ ਟਾਈਮਜ਼

*ਸਨਿਚਰਵਾਰ, 24 ਅਗਸਤ 2019*

# ਹੜ੍ਹ, ਸਿਆਸਤ ਅਤੇ ਆਵਾਮ

ਪੰਜਾਬ ਵਿਚ ਹੜ੍ਹਾਂ ਦੇ ਹਾਲਾਤ ਨੇ 1988 ਦਾ ਚੇਤਾ ਕਰਵਾ ਦਿੱਤਾ ਹੈ। ਹਾਲਾਤ ਦੀ ਸਿਤਮਜ਼ਰੀਫੀ ਦੇਖੋ ਕਿ ਤਿੰਨ ਦਹਾਕਿਆਂ ਬਾਅਦ ਵੀ ਹੜ੍ਹਾਂ ਨਾਲ ਨਜਿੱਠਣ ਦੇ ਮਾਮਲੇ ਵਿਚ ਪੰਜਾਬ ਸਰਕਾਰ ਸਿਫਰ ਸਾਬਤ ਹੋਈ ਹੈ। ਇਹ ਕਿਸੇ ਇਕ ਸਰਕਾਰ ਜਾਂ ਕਿਸੇ ਇਕ ਸਾਲ ਦਾ ਮਸਲਾ ਨਹੀਂ, ਹਰ ਸਾਲ ਇਹੀ ਵਰਤਾਰਾ ਵਰਤੀਂਦਾ ਹੈ। ਘੱਗਰ ਦਰਿਆ ਕਰੀਬ ਹਰ ਸਾਲ ਹੀ ਫਸਲਾਂ ਅਤੇ ਘਰ ਤਬਾਹ ਕਰਦਾ ਹੈ। ਹਰ ਸਾਲ ਇਹੀ ਚਰਚਾ ਹੁੰਦੀ ਹੈ ਕਿ ਡਰੇਨਾਂ ਬਗੈਰਾ ਦੀ ਵੇਲੇ ਸਿਰ ਸਫਾਈ ਹੋਈ ਹੁੰਦੀ ਤਾਂ ਨੁਕਸਾਨ ਦੀ ਮਾਰ ਘੱਟ ਹੋਣੀ ਸੀ, ਹਾਲਾਂਕਿ ਬਰਸਾਤ ਤੋਂ ਪਹਿਲਾਂ ਵੱਖ-ਵੱਖ ਇਲਾਕਿਆਂ ਦੇ ਸਬੰਧਿਤ ਅਫਸਰਾਂ ਦੇ ਇਹ ਬਿਆਨ ਅਖਬਾਰਾਂ ਵਿਚ ਛਪਦੇ ਹਨ ਕਿ ਹੜ੍ਹਾਂ ਤੋਂ ਬਚਾਅ ਲਈ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਉਂਜ, ਹਕੀਕਤ ਇਹ ਹੈ ਕਿ ਇਹ ਸਰਕਾਰੀ ਪ੍ਰਬੰਧ ਇਨ੍ਹਾਂ ਪ੍ਰਬੰਧਾਂ ਲਈ ਆਏ ਫੰਡ ਹੜੱਪਣ ਦਾ ਹੀ ਮੁਕੰਮਲ ਹੋਇਆ ਹੁੰਦਾ ਹੈ। ਪਹਿਲੀ ਗੱਲ ਤਾਂ ਵੇਲੇ ਸਿਰ ਫੰਡ ਨਹੀਂ ਮਿਲਦੇ; ਫਿਰ ਜਿੰਨੇ ਕੁ ਫੰਡ ਜਾਰੀ ਹੁੰਦੇ ਹਨ, ਉਹ ਰਸਤੇ ਵਿਚ ਹੀ ਰਹਿ ਜਾਂਦੇ ਹਨ। ਹਰ ਵਾਰ ਕਾਗਜ਼ਾਂ 'ਚ ਕਾਰਵਾਈ ਮੁਕੰਮਲ ਕਰ ਲਈ ਜਾਂਦੀ ਹੈ ਅਤੇ ਹਰ ਵਾਰ ਹੀ ਅਜਿਹੇ ਨੁਕਸਾਨ ਬਾਰੇ ਕਿਸੇ ਦੀ ਜਵਾਬਦੇਹੀ ਤੈਅ ਨਹੀਂ ਕੀਤੀ ਜਾਂਦੀ। ਨਤੀਜਾ ਸਭ ਦੇ ਸਾਹਮਣੇ ਹੀ ਹੈ; ਹਰ ਸਾਲ ਇਹੀ ਵਰਤਾਰਾ ਦੁਹਰਾਇਆ ਜਾਂਦਾ ਹੈ।

ਉਂਜ, ਅਜਿਹੇ ਹਾਲਾਤ ਸਿਆਸਤਦਾਨਾਂ ਨੂੰ ਸੂਤ ਬਹੁਤ ਬੈਠਦੇ ਹਨ। ਹੁਣ ਜਿਸ ਤਰ੍ਹਾਂ ਹੜ੍ਹਾਂ ਦੀ ਮਾਰ ਨੇ ਬਾਕੀ ਸਭ ਮਸਲੇ-ਮੁੱਦੇ ਪਿਛਾਂਹ ਧੱਕ ਦਿੱਤੇ ਹਨ, ਹਰ ਪੱਧਰ ਉਤੇ ਇਹੀ ਰੁਝਾਨ ਭਾਰੂ ਰਹਿੰਦਾ ਹੈ। ਪਿਛੇ ਜਿਹੇ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਰਾਸ਼ਟਰਵਾਦ ਦੇ ਮੁੱਦੇ ਨੂੰ ਇਸ ਢੰਗ ਨਾਲ ਹਵਾ ਦਿੱਤੀ ਗਈ ਕਿ ਲੋਕਾਂ ਦੇ ਅਸਲ ਮੁੱਦੇ ਬਹੁਤ ਪਿਛਾਂਹ ਰਹਿ ਗਏ। ਹੁਣ ਮੋਦੀ ਸਰਕਾਰ ਨੇ ਕਸ਼ਮੀਰ ਬਾਰੇ ਸੰਵਿਧਾਨ ਦੀ ਧਾਰਾ 370 ਨੂੰ ਤਾਨਾਸ਼ਾਹ ਢੰਗ ਨਾਲ ਰੱਦ ਕੀਤਾ ਤਾਂ ਇਕ ਵਾਰ ਫਿਰ ਸਾਰੇ ਮਸਲੇ ਗੌਣ ਹੋ ਗਏ। ਹੁਣ ਮੁਲਕ ਦੀ ਸਾਰੀ ਸਿਆਸਤ ਇਸ ਮਸਲੇ 'ਤੇ ਕੇਂਦਰਤ ਹੋ ਗਈ ਹੈ। ਅਸਲ ਵਿਚ ਸਿਆਸਤਦਾਨਾਂ ਅਤੇ ਅਫਸਰਸ਼ਾਹੀ ਦੇ ਹੱਥ ਲੋਕਾਂ ਦੀ ਨਬਜ਼ ਆਈ ਹੋਈ ਹੈ। ਜਦੋਂ ਵੀ ਕੋਈ ਆਵਾਮੀ ਮਸਲਾ ਉਭਰਨ ਲਗਦਾ ਹੈ ਤਾਂ ਅਜਿਹੇ ਮਸਲੇ ਉਭਾਰ ਦਿੱਤੇ ਜਾਂਦੇ ਹਨ। ਭਾਰਤ ਹੀ ਨਹੀਂ, ਪੰਜਾਬ ਦੇ ਕਿਸੇ ਵੀ ਦੌਰ ਬਾਰੇ ਪੁਣ-ਛਾਣ ਦੱਸਦੀ ਹੈ ਕਿ ਸਿਆਸਤਦਾਨਾਂ ਅਤੇ ਅਫਸਰਸ਼ਾਹੀ ਹਰ ਵਾਰ ਇਹੀ ਤਰੀਕਾ ਵਰਤਦੀ ਹੈ। ਅਜਿਹੇ ਮਸਲਿਆਂ ਨੂੰ ਇਸ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ ਕਿ ਮੌਕੇ ਉਤੇ ਇਹੀ ਮਸਲੇ ਵੱਡੇ ਜਾਪਣ ਲਗਦੇ ਹਨ ਅਤੇ ਅਸਲ ਮਸਲੇ ਚਰਚਾ ਤੋਂ ਬਾਹਰ ਹੋ ਜਾਂਦੇ ਹਨ।

ਪਿਛਲੇ ਢਾਈ ਸਾਲਾਂ ਦੌਰਾਨ ਜਦੋਂ ਤੋਂ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਬਣੀ ਹੈ, ਆਵਾਮ ਦਾ ਇਕ ਵੀ ਮਸਲਾ ਹੱਲ ਨਹੀਂ ਹੋ ਸਕਿਆ ਹੈ। ਨਸ਼ਿਆਂ ਦੀ ਮਾਰ ਪਹਿਲਾਂ ਨਾਲੋਂ ਵੀ ਤਿੱਖੀ ਹੋ ਗਈ ਅਤੇ ਨਸ਼ਿਆਂ ਕਾਰਨ ਚੌਤ ਹੋ ਰਹੇ ਨੌਜਵਾਨਾਂ ਦੀਆਂ ਖਬਰਾਂ ਨਿਤ ਦਿਨ ਨਸ਼ਰ ਹੋ ਰਹੀਆਂ ਹਨ। ਬੇਅਦਬੀ ਦੇ ਮਸਲੇ 'ਤੇ ਸਰਕਾਰ ਦੀ ਢੀਠਤਾਈ ਸਭ ਹੱਦਾਂ-ਬੰਨ੍ਹੇ ਪਾਰ ਕਰ ਗਈ ਹੈ। ਇਸ ਮਾਮਲੇ 'ਤੇ ਮੁੱਖ ਮੰਤਰੀ ਅਤੇ ਬਾਦਲਾਂ ਦੇ ਆਪਸ ਵਿਚ ਰਲੇ ਹੋਣ ਦੇ ਦੋਸ਼ ਮੀਡੀਆ ਅੰਦਰ ਲਗਾਤਾਰ ਚਰਚਾ ਵਿਚ ਹਨ। ਮਾੜੀਆਂ ਸਿਹਤ ਸਹੂਲਤਾਂ ਨੇ ਲੋਕਾਂ ਦਾ ਤ੍ਰਾਹ ਕੱਢਿਆ ਹੋਇਆ ਹੈ, ਪਰ ਕਿਸੇ ਪਾਸੇ ਕੋਈ ਕਾਰਵਾਈ ਨਹੀਂ ਹੋ ਰਹੀ। ਕਈ ਮਾਮਲਿਆਂ ਵਿਚ ਲੋਕਾਂ ਨੂੰ ਖੁਦ ਅੱਗੇ ਆਉਣ ਦਾ ਸੁਝਾਅ ਦਿੱਤਾ ਜਾਂਦਾ ਹੈ। ਇਸ ਸੁਝਾਅ ਵਿਚ ਦਮ ਬਹੁਤ ਹੈ, ਪਰ ਇਸ ਦੀ ਸਾਰਥਕਤਾ ਤਾਂ ਹੀ ਬਣਦੀ ਹੈ, ਜੇ ਸਰਕਾਰੀ ਪੱਧਰ 'ਤੇ ਅਜਿਹੇ ਉਦਮਾਂ ਨੂੰ ਹੁਲਾਰਾ ਦਿੱਤਾ ਜਾਂਦਾ ਹੈ। ਪਾਣੀ ਦੀ ਸੰਭਾਲ ਦਾ ਹੀ ਮਸਲਾ ਹੈ। ਇਸ ਮਸਲੇ 'ਤੇ ਆਮ ਬੰਦਾ ਕੀ ਅਤੇ ਕਿੰਨਾ ਯੋਗਦਾਨ ਪਾ ਸਕਦਾ ਹੈ? ਸਰਕਾਰ ਜੇ ਨੀਤੀਆਂ ਬਣਾਵੇ ਤਾਂ ਕੋਈ ਕਾਰਨ ਨਹੀਂ ਕਿ ਕੋਈ ਮਸਲਾ ਹੱਲ ਨਾ ਹੋਵੇ। ਹਕੀਕਤ ਇਹ ਹੈ ਕਿ ਮੁੱਖ ਮੰਤਰੀ ਸਹੁੰ ਖਾ ਕੇ ਵੀ ਨਸ਼ਿਆਂ ਵਰਗੇ ਮਸਲੇ ਨੂੰ ਢੰਗ ਨਾਲ ਹੱਥ ਨਹੀਂ ਪਾ ਰਿਹਾ।

ਕੁੱਲ ਮਿਲਾ ਕੇ ਹਰ ਮਸਲੇ ਦੀ ਘੁੰਡੀ ਚੌਕਸ ਸਰਕਾਰ ਅਤੇ ਪ੍ਰਸ਼ਾਸਨ ਨਾਲ ਜੁੜੀ ਹੋਈ ਹੈ। ਇਸ ਮਸਲੇ 'ਤੇ ਆਵਾਮ ਦੀ ਹਿੱਸੇਦਾਰੀ ਬਹੁਤ ਘੱਟ ਹੈ। ਜਾਹਰ ਹੈ ਕਿ ਜਿੰਨੀ ਦੇਰ ਤਕ ਆਵਾਮ ਨੂੰ ਜਾਗਰੂਕ ਕਰਕੇ ਸਰਕਾਰ ਅਤੇ ਪ੍ਰਸ਼ਾਸਨ ਦੇ ਸਿਰ ਨਹੀਂ ਪਾਇਆ ਜਾਂਦਾ, ਗੱਲ ਕਿਸੇ ਤਣ-ਪੱਤਣ ਲਗਦੀ ਨਜ਼ਰ ਨਹੀਂ ਆਉਂਦੀ। ਵੱਖ-ਵੱਖ ਮੌਕਿਆਂ 'ਤੇ ਮਸਲੇ ਇੰਜ ਹੀ ਪਹਾੜ ਬਣ ਕੇ ਆਮ ਲੋਕਾਂ ਉਤੇ ਟੁੱਟਦੇ ਰਹਿਣਗੇ ਅਤੇ ਸਿਆਸਤਦਾਨ ਤੇ ਅਫਸਰਸ਼ਾਹ ਪਹਿਲਾਂ ਵਾਂਗ ਹੀ ਖਾਨਾਪੂਰਤੀ ਕਰਦੇ ਰਹਿਣਗੇ। ਹੜ੍ਹਾਂ ਦੇ ਹਾਲਾਤ ਨੇ ਵੀ ਕੁਲ ਮਿਲਾ ਕੇ ਇਹੀ ਸਾਬਤ ਕੀਤਾ ਹੈ। ਕੁਝ ਮਹੀਨੇ ਹੁਣ ਇਸ ਸਿਆਸਤ ਦੇ ਲੇਖੇ ਲੱਗ ਜਾਣਗੇ। ਘਰਾਂ ਤੋਂ ਉਜੜੇ ਲੋਕ ਇਕ ਵਾਰ ਫਿਰ ਦਫਤਰਾਂ ਦੇ ਚੱਕਰ ਮਾਰਨ ਲਈ ਮਜਬੂਰ ਹੋਣਗੇ, ਪਰ ਹੋਏ ਨੁਕਸਾਨ ਦੀ ਭਰਪਾਈ ਕਦੀ ਨਹੀਂ ਹੋਵੇਗੀ। ਇਸ ਮਾਮਲੇ 'ਤੇ ਸਭ ਤੋਂ ਉਮਦਾ ਮਿਸਾਲ ਸੰਸਾਰ ਦੇ ਛੋਟੇ ਜਿਹੇ ਮੁਲਕ ਕਿਊਬਾ ਦੀ ਹੈ। ਇਸ ਟਾਪੂ ਮੁਲਕ ਵਿਚ ਅਣਗਿਣਤ ਤੂਫਾਨ ਤੇ ਹੜ੍ਹ ਆਉਂਦੇ ਹਨ, ਪਰ ਉਥੋਂ ਦੀ ਸਰਕਾਰ ਨੇ ਅਜਿਹਾ ਪ੍ਰਬੰਧ ਕਰ ਲਿਆ ਹੋਇਆ ਹੈ ਕਿ ਭਿਅੰਕਰ ਤੋਂ ਭਿਅੰਕਰ ਤੂਫਾਨ ਜਾਂ ਹੜ੍ਹ ਤੋਂ ਨੁਕਸਾਨ ਦਾ ਬਚਾਅ ਰਹਿੰਦਾ ਹੈ। ਆਪਣੀਆਂ ਸਰਕਾਰਾਂ ਅਤੇ ਸਿਆਸਤਦਾਨਾਂ ਦਾ ਬਾਬਾ ਆਦਮ ਬਿਲਕੁੱਲ ਨਿਰਾਲਾ ਹੈ। ਪਾਣੀ ਦੇ ਸੰਕਟ ਦੇ ਹੱਲ ਲਈ ਬਥੇਰੇ ਸਿਆਸਤਦਾਨ ਅਤੇ ਨੌਕਰਸ਼ਾਹ ਇਸਰਾਈਲ ਦਾ ਦੌਰਾ ਕਰ ਆਏ ਹਨ, ਜਿਸ ਨੇ ਪਾਣੀ ਦਾ ਪ੍ਰਬੰਧ ਬਹੁਤ ਸਫਲ ਤਰੀਕੇ ਨਾਲ ਕੀਤਾ ਹੈ, ਪਰ ਇਨ੍ਹਾਂ ਦੌਰਿਆਂ ਦਾ ਨਤੀਜਾ ਅਜੇ ਤਕ ਸਿਫਰ ਹੈ। ਹਾਲ ਹੁਣ ਇਹ ਹੈ ਕਿ ਜਿੰਨੀ ਦੇਰ ਲੋਕ ਆਪਣੇ ਨੁਮਾਇੰਦਿਆਂ ਦੇ ਗਲ 'ਗੂਠਾ ਨਹੀਂ ਦਿੰਦੇ, ਸ਼ਾਇਦ ਕੁਝ ਵੀ ਬਦਲਣ ਵਾਲਾ ਨਹੀਂ। ਲੋਕ ਇਸੇ ਤਰ੍ਹਾਂ ਕੁਦਰਤੀ, ਗੈਰ-ਕੁਦਰਤੀ ਆਫਤਾਂ ਝੱਲਣ ਲਈ ਮਜਬੂਰ ਹੁੰਦੇ ਰਹਿਣਗੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਵਿਲੱਖਣ ਪੱਤਰਕਾਰ!*

'ਮੈਗਸੈਸੇ' ਦਾ ਮਾਣ ਸਨਮਾਨ ਮਿਲਿਆ, ਰੱਖੀ ਜਾਗਦੀ ਜਿਸ ਨੇ ਜ਼ਮੀਰ ਯਾਰੋ।
ਨਾਹੀਂ ਝੁਕਦਾ ਅੱਗੇ ਉਹ ਹਾਕਮਾਂ ਦੇ, ਨਹੀਂ ਪੈਸਾ ਬਣਾਇਆ ਉਸ ਪੀਰ ਯਾਰੋ।
ਟੀ. ਵੀ. ਚੈਨਲਾਂ ਵਾਲੇ ਘੜਮੱਸ ਅੰਦਰ, ਐਨ. ਡੀ. ਟੀ. ਵੀ. ਦੀ ਖਾਸ ਤਾਸੀਰ ਯਾਰੋ।
ਐਂਕਰ ਭੱਜ ਪਏ ਇੰਟਰਵਿਊ ਕਰਨ ਵਾਲੇ, ਸਾਰੇ ਚਾਹੁਣ ਦਿਖਾਉਣੀ ਤਸਵੀਰ ਯਾਰੋ।
ਸਿਫਤਾਂ ਸੌਖੀਆਂ ਕਰਨੀਆਂ ਸੱਚ ਦੀਆਂ, ਐਪਰ ਔਖਾ ਐ ਬਹੁਤ 'ਸਚਿਆਰ' ਹੋਣਾ।
ਹਿੱਸੇ ਆਉਂਦਾ ਏ ਮਾਣ ਇਹ ਵਿਰਲਿਆਂ ਦੇ, ਰਵੀਸ਼ ਕੁਮਾਰ ਜੈਸਾ ਪੱਤਰਕਾਰ ਹੋਣਾ!

# ਸਿਆਸੀ ਖਾਮੀਆਂ ਦੀ ਭੇਟ ਚੜ੍ਹੇ ਕਸ਼ਮੀਰੀ

*ਪੰਜ ਅਗਸਤ ਨੂੰ ਜੰਮੂ ਕਸ਼ਮੀਰ ਦਾ ਵਿਸ਼ੇਸ਼ ਰੁਤਬਾ ਖਤਮ ਕਰਨ ਤੋਂ ਲੈ ਕੇ ਹੁਣ ਤਕ ਵੱਖ-ਵੱਖ ਮੰਚਾਂ ਤੋਂ ਕਸ਼ਮੀਰ ਬਾਰੇ ਭਰਵੀਂ ਚਰਚਾ ਚੱਲ ਰਹੀ ਹੈ। ਮੋਦੀ ਸਰਕਾਰ ਦੇ ਇਸ ਫੈਸਲੇ ਦੀ ਤਿੱਖੀ ਨੁਕਤਾਚੀਨੀ ਲਗਾਤਾਰ ਹੋ ਰਹੀ ਹੈ। ਸੁਮਨਦੀਪ ਕੌਰ ਨੇ ਇਸ ਲੇਖ ਵਿਚ ਕਸ਼ਮੀਰ ਮਸਲੇ ਦੇ ਪਿਛੋਕੜ ਦੀਆਂ ਕੁਝ ਅਹਿਮ ਕੜੀਆਂ ਦੀ ਪੁਣ-ਛਾਣ ਕੀਤੀ ਹੈ ਅਤੇ ਦਰਸਾਇਆ ਹੈ ਕਿ ਕਸ਼ਮੀਰੀ ਆਵਾਮ ਨਾਲ ਕਿਸ ਤਰ੍ਹਾਂ ਮੁੱਢ ਤੋਂ ਹੀ ਸਿਆਸੀ ਧਿਰਾਂ ਨੇ ਵਧੀਕੀ ਕੀਤੀ ਹੈ। -ਸੰਪਾਦਕ*

ਖੂਬਸੂਰਤੀ ਦੇ ਨਾਲ-ਨਾਲ ਜੰਮੂ ਕਸ਼ਮੀਰ ਵੱਖਰੀ ਸਭਿਆਚਾਰਕ ਪਛਾਣ ਲਈ ਵੀ ਜਾਣਿਆ ਜਾਂਦਾ ਹੈ। ਇਤਿਹਾਸਕ ਨਜ਼ਰੀਏ ਤੋਂ ਇਥੋਂ ਦੀ ਫਿਜ਼ਾ ਬੁੱਧ ਦੇ ਸੰਦੇਸ਼, ਵੇਦਾਂਤ ਦੇ ਸਿਧਾਂਤ, ਸ਼ੈਵ ਸੰਪਰਦਾ ਅਤੇ ਸੂਫੀ ਰਹੱਸਵਾਦ ਜਿਹੇ ਦਾਰਸ਼ਨਿਕ ਵਿਚਾਰਾਂ ਨਾਲ ਹਮੇਸ਼ਾ ਲਬਰੇਜ਼ ਰਹੀ ਹੈ। 20ਵੀਂ ਸਦੀ ਦੇ ਸਿਆਸੀ ਦ੍ਰਿਸ਼ ਨੇ ਇਸ ਖਿੱਤੇ ਦੀ ਪਛਾਣ ਨੂੰ ਮਹਿਜ਼ ਹਿੰਦੂ-ਮੁਸਲਿਮ ਦੇ ਆਪਸੀ ਟਕਰਾਅ ਤੱਕ ਮਹਿਦੂਦ ਕਰ ਦਿੱਤਾ।

ਇਹ ਸਿਆਸੀ ਟਕਰਾਅ ਉਦੋਂ ਸ਼ੁਰੂ ਹੋਇਆ, ਜਦੋਂ ਜੰਮੂ ਕਸ਼ਮੀਰ ਦੇ ਰਾਜੇ ਹਰੀ ਸਿੰਘ ਨੇ ਬਾਕੀ ਰਿਆਸਤਾਂ ਦੇ ਉਲਟ ਭਾਰਤ ਅਤੇ ਪਾਕਿਸਤਾਨ ਵਿਚੋਂ ਕਿਸੇ ਵੀ ਦੇਸ਼ ਦਾ ਹਿੱਸਾ ਬਣਨ ਤੋਂ ਨਾਂਹ ਕਰ ਦਿੱਤੀ। ਉਸ ਨੇ ਦੋਹਾਂ ਦੇਸ਼ਾਂ ਨੂੰ

**ਸੁਮਨਦੀਪ ਕੌਰ**
ਰਿਸਰਚ ਸਕਾਲਰ, ਅੰਗਰੇਜ਼ੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
ਫੋਨ: +91-94179-34984

'ਸਟੈਂਡਸਟਿੱਲ' ਸਮਝੌਤੇ ਦਾ ਪ੍ਰਸਤਾਵ ਭੇਜਿਆ, ਜੋ ਪਾਕਿਸਤਾਨ ਨੇ ਤੁਰਤ ਪ੍ਰਵਾਨ ਕਰ ਲਿਆ। ਭਾਰਤ ਨਾਲ ਅਜੇ ਗੱਲਬਾਤ ਚੱਲ ਹੀ ਰਹੀ ਸੀ ਕਿ ਪਾਕਿਸਤਾਨ ਨੇ 'ਸਟੈਂਡਸਟਿੱਲ' ਸਮਝੌਤੇ ਦੀ ਉਲੰਘਣਾ ਕਰਦਿਆਂ ਕਬਾਇਲੀ ਹਮਲਾਵਰਾਂ ਨੂੰ ਕਸ਼ਮੀਰ 'ਤੇ ਧਾਵਾ ਬੋਲਣ ਲਈ ਭੇਜਿਆ, ਜਿਨ੍ਹਾਂ ਨੇ ਉਥੇ ਅਜਿਹੀ ਕਤਲੋਗਾਰਤ ਕੀਤੀ ਜਿਸ ਨੇ ਹਰੀ ਸਿੰਘ ਦੇ ਖੁਦਮੁਖਤਾਰ ਰਹਿਣ ਦੇ ਮਨਸੂਬੇ ਨੂੰ ਚਕਨਾਚੂਰ ਕਰ ਦਿੱਤਾ। ਇਸ ਔਖੀ ਘੜੀ ਉਸ ਕੋਲ ਭਾਰਤ ਤੋਂ ਮਦਦ ਲੈਣ ਤੋਂ ਬਿਨਾ ਕੋਈ ਰਸਤਾ ਨਹੀਂ ਸੀ ਬਚਿਆ, ਲਿਹਾਜ਼ਾ ਉਸ ਨੇ ਕੁਝ ਸ਼ਰਤਾਂ ਤਹਿਤ 'ਇੰਸਟਰੂਮੈਂਟ ਆਫ ਅਕਸੈਸ਼ਨ' 'ਤੇ ਦਸਤਖਤ ਕਰ ਦਿੱਤੇ। ਇਸ ਸਮਝੌਤੇ ਅਨੁਸਾਰ ਸੁਰੱਖਿਆ, ਬਾਹਰੀ ਮਸਲੇ ਤੇ ਸੂਚਨਾ ਦੇ ਵਿਭਾਗ ਭਾਰਤ ਸਰਕਾਰ ਅਧੀਨ ਹੋ ਗਏ ਅਤੇ ਬਾਕੀ ਮਸਲਿਆਂ ਵਿਚ ਜੰਮੂ ਕਸ਼ਮੀਰ ਨੂੰ ਪ੍ਰਭੂਸੱਤਾ ਹਾਸਲ ਸੀ। ਕਾਬਿਲ-ਏ-ਗੌਰ ਹੈ ਕਿ ਗੱਲਬਾਤ ਕਿਸੇ ਸਿਰੇ ਨਾ ਲੱਗਣ ਪਿਛੋਂ ਭਾਰਤ ਨੇ ਇਹ ਮਸਲਾ ਸੰਯੁਕਤ ਰਾਸ਼ਟਰ ਕੋਲ ਉਠਾਇਆ। ਸੰਯੁਕਤ ਰਾਸ਼ਟਰ ਨੇ ਪਾਕਿਸਤਾਨ ਨੂੰ ਆਪਣੀ ਫੌਜ ਕਸ਼ਮੀਰ ਵਿਚੋਂ ਹਟਾਉਣ ਤੇ ਭਾਰਤ ਨੂੰ ਫੌਜ ਘੱਟ ਕਰਨ ਦੀ ਤਾਕੀਦ ਕੀਤੀ ਤਾਂ ਜੋ ਲੋਕਾਂ ਦੀ ਰਾਇ ਜਾਣਨ ਲਈ ਰੈਫਰੈਂਡਮ ਕਰਵਾਇਆ ਜਾ ਸਕੇ, ਪਰ ਪਾਕਿਸਤਾਨ ਦੀ ਨਾਂਹ ਦੇ ਸਿੱਟੇ ਵਜੋਂ ਕਸ਼ਮੀਰ ਦੋ ਹਿੱਸਿਆਂ 'ਚ ਵੰਡਿਆ ਗਿਆ। ਇਸ ਪਿਛੋਂ ਰੈਫਰੈਂਡਮ ਕਦੇ ਸੰਭਵ ਨਾ ਹੋਇਆ।

ਭਾਰਤ ਸਰਕਾਰ ਵਲੋਂ 'ਇੰਸਟਰੂਮੈਂਟ ਆਫ ਅਕਸੈਸ਼ਨ' ਤਹਿਤ ਸੰਵਿਧਾਨ ਵਿਚ ਧਾਰਾ 370 ਅਤੇ 35-ਏ ਸ਼ਾਮਿਲ ਕੀਤੇ ਗਏ, ਜਿਨ੍ਹਾਂ ਨੂੰ ਜੰਮੂ ਕਸ਼ਮੀਰ ਸੰਵਿਧਾਨ ਸਭਾ ਦੀ ਸਹਿਮਤੀ ਤੋਂ ਬਿਨਾ ਹਟਾਇਆ ਨਹੀਂ ਸੀ ਜਾ ਸਕਦਾ। ਜੰਮੂ ਕਸ਼ਮੀਰ ਦੀ ਰਾਜਨੀਤੀ ਮਹਿਜ਼ ਕਸ਼ਮੀਰ 'ਤੇ ਕੇਂਦਰਿਤ ਹੋ ਜਾਣ ਕਾਰਨ ਹਿੰਦੂ ਜਾਗਰਾਂ ਵਿਚ ਬੇਚੈਨੀ ਦਾ ਮਾਹੌਲ ਪੈਦਾ ਹੋ ਗਿਆ। ਸ਼ੇਖ ਅਬਦੁੱਲਾ ਦੀਆਂ ਜਗੀਰਦਾਰ-ਵਿਰੋਧੀ ਨੀਤੀਆਂ ਅਤੇ ਭੂਮੀ ਸੁਧਾਰ ਜਿਹੇ ਫੈਸਲਿਆਂ ਨੇ ਇਸ ਬੇਚੈਨੀ ਨੂੰ ਹੋਰ ਵਧਾ ਦਿੱਤਾ। 1950 ਵਿਚ ਪਰਜਾ ਪ੍ਰੀਸ਼ਦ ਜੋ ਡੋਗਰਾ ਭਾਈਚਾਰੇ ਦੀ ਪ੍ਰਤੀਨਿਧ ਸੀ, ਤੇ ਜਿਸ ਨੇ ਪਿਛੋਂ ਜੰਮੂ ਕਸ਼ਮੀਰ ਵਿਚ ਭਾਰਤੀ ਜਨ ਸੰਘ ਦੀ ਪ੍ਰਤੀਨਿਧਤਾ ਕੀਤੀ, ਨੇ ਧਾਰਾ 370 ਦੀ ਮੁਖਾਲਫਤ ਕੀਤੀ। 1952 ਵਿਚ ਪਰਜਾ ਪ੍ਰੀਸ਼ਦ ਨੇ ਅੰਦੋਲਨ ਸ਼ੁਰੂ ਕੀਤਾ ਜਿਸ ਵਿਚ ਭਾਰਤੀ ਜਨ ਸੰਘ ਦਾ ਪ੍ਰਧਾਨ ਸਿਆਮਾ ਪ੍ਰਸਾਦ ਮੁਖਰਜੀ ਵੀ ਸ਼ਾਮਲ ਹੋਇਆ। ਧਾਰਾ 370 ਖਿਲਾਫ ਆਪਣੇ ਆਖਰੀ ਅੰਦੋਲਨ ਦੌਰਾਨ ਉਸ ਨੇ ਇਹ ਨਾਅਰਾ ਬੁਲੰਦ ਕੀਤਾ, "ਏਕ ਦੇਸ਼ ਮੇਂ ਦੋ ਵਿਧਾਨ, ਦੋ ਪ੍ਰਧਾਨ, ਦੋ ਨਿਸ਼ਾਨ, ਨਹੀਂ ਚਲੇਗਾ, ਨਹੀਂ ਚਲੇਗਾ।" ਆਰ.ਐਸ.ਐਸ. ਦੇ ਮੁਖੀ ਐਮ.ਐਸ. ਗੋਲਵਾਲਕਰ ਨੇ ਰਾਸ਼ਟਰੀ ਏਕੀਕਰਨ ਦੇ ਨਾਂ 'ਤੇ ਕਸ਼ਮੀਰ ਅੰਦੋਲਨ ਦਾ ਸਮਰਥਨ ਕਰਦਿਆਂ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਦਾ ਵਿਰੋਧ ਕੀਤਾ। ਉਹ ਆਪਣੀ ਪੁਸਤਕ 'ਬੰਚ ਆਫ ਥੌਟਸ' ਵਿਚ ਲਿਖਦਾ ਹੈ, "ਸਭ ਤੋਂ ਅਹਿਮ ਕਦਮ ਭਾਰਤੀ ਸੰਵਿਧਾਨ ਦੇ ਸੰਘੀ ਢਾਂਚੇ ਨੂੰ ਖਤਮ ਕਰਨਾ ਅਤੇ ਰਾਜਾਂ ਦੀ ਖੁਦਮੁਖਤਾਰੀ ਨੂੰ ਜੜ੍ਹ ਤੋਂ ਉਖਾੜ ਦੇਣਾ ਹੈ। ਇਸ ਪਿਛੋਂ ਹੀ 'ਇਕ ਦੇਸ਼, ਇਕ ਰਾਜ, ਇਕ ਵਿਧਾਨ ਸਭਾ, ਇਕ ਕਾਰਜਕਾਰੀ ਢਾਂਚਾ' ਕਾਇਮ ਹੋ ਸਕਦਾ ਹੈ।"

ਸੰਨ 1953 ਪਿਛੋਂ ਹਾਲਾਤ ਇਸ ਕਦਰ ਬਦਲੇ ਕਿ ਨਹਿਰੂ ਨੇ ਰੈਫਰੈਂਡਮ ਕਰਵਾਉਣ ਲਈ ਅਸਮਰੱਥਾ ਪ੍ਰਗਟਾਈ। ਹਾਮਿਦ ਬਾਸ਼ਾਨੀ ਦਾ ਵਿਚਾਰ ਹੈ, "ਸੰਯੁਕਤ ਰਾਸ਼ਟਰ ਵਿਚ ਪਾਕਿਸਤਾਨ ਦੀ ਪੁਜੀਸ਼ਨ ਨੂੰ ਨਾਕਾਰਾਤਮਕ ਢੰਗ ਨਾਲ ਪੇਸ਼ ਕਰਨਾ ਵੱਡੀ ਗਲਤੀ ਸੀ ਅਤੇ ਰੈਫਰੈਂਡਮ ਦਾ ਵਾਅਦਾ ਪੂਰਾ ਨਾ ਕਰਨਾ ਸਾਰੀ ਸਮੱਸਿਆ ਦੀ ਜੜ੍ਹ ਬਣਿਆ।" 1957 ਤੱਕ ਭਾਰਤ ਸਰਕਾਰ ਨੇ ਕਸ਼ਮੀਰ ਨੂੰ ਭਾਰਤ ਦਾ ਅਟੁੱਟ ਅੰਗ ਐਲਾਨਣਾ ਸ਼ੁਰੂ ਕਰ ਦਿੱਤਾ, ਜਿਸ ਨੇ ਕਸ਼ਮੀਰੀ ਆਵਾਮ ਵਿਚ ਡਰ ਦਾ ਮਾਹੌਲ ਪੈਦਾ ਕੀਤਾ, ਪਰ ਨੰਦਿਤਾ ਹਾਸਕਰ ਇਸ ਬਾਰੇ ਲਿਖਦੀ ਹੈ, "ਸ਼ੇਖ ਅਬਦੁੱਲਾ ਅਤੇ ਕਸ਼ਮੀਰੀ ਆਵਾਮ ਵਿਚ ਨਹਿਰੂ ਕਰਕੇ ਨਹੀਂ ਸਗੋਂ ਮੁਖਰਜੀ ਅਤੇ ਪਰਜਾ ਪ੍ਰੀਸ਼ਦ ਦੀਆਂ ਨੀਤੀਆਂ ਕਰਕੇ ਬੇਗਾਨਗੀ ਦੀ ਭਾਵਨਾ ਪੈਦਾ ਹੋਈ। ਇਸ ਲਈ ਹਿੰਦੂ ਵਿਚਾਰਧਾਰਾ ਦੇ ਅਧੀਨ ਹੋਣ ਦੀ ਥਾਂ ਉਨ੍ਹਾਂ ਨੇ ਖੁਦਮੁਖਤਾਰੀ ਦੀ ਮੰਗ ਨੂੰ ਹੋਰ ਤਿੱਖਾ ਕਰ ਦਿੱਤਾ।" ਹਾਲਾਂਕਿ ਉਦੋਂ ਤੱਕ ਖੁਦਮੁਖਤਾਰੀ ਦੀ ਮੰਗ ਕਰ ਰਿਹਾ ਇਹ ਆਵਾਮ ਕਿਸੇ ਵੀ ਕੱਟੜਪੰਥੀ ਵਿਚਾਰਧਾਰਾ ਤੋਂ ਮੁਕਤ ਸੀ।

ਨਹਿਰੂ ਦੀ ਮੌਤ ਪਿਛੋਂ ਇਹ ਮਸਲਾ ਇੰਨਾ ਕੁ ਉਲਝ ਗਿਆ ਕਿ ਕਸ਼ਮੀਰ ਅਤੇ ਭਾਰਤ ਆਪਸ ਵਿਚ ਵਿਰੋਧੀ ਧਿਰਾਂ ਵਜੋਂ ਪੇਸ਼ ਕੀਤੇ ਜਾਣ ਲੱਗ ਪਏ। ਐਮ.ਜੇ. ਅਕਬਰ 'ਇੰਡੀਆ: ਦਿ ਸੀਜ ਵਿਦ ਇਨ' ਵਿਚ ਲਿਖਦਾ ਹੈ, "ਜੋ ਫਿਰਕੂ ਤਾਕਤਾਂ ਨਹਿਰੂ ਦੇ ਕਾਰਜਕਾਲ ਦੌਰਾਨ ਹਾਸ਼ੀਏ 'ਤੇ ਰਹੀਆਂ ਸਨ, ਉਨ੍ਹਾਂ ਨੇ ਹੌਲੀ-ਹੌਲੀ ਕੇਂਦਰੀ ਥਾਂ ਮੱਲਣੀ ਸ਼ੁਰੂ ਕਰ ਦਿੱਤੀ।" 13 ਨਵੰਬਰ 1974 ਨੂੰ ਇੰਦਰਾ ਗਾਂਧੀ ਅਤੇ ਸ਼ੇਖ ਅਬਦੁੱਲਾ ਵਿਚਾਲੇ ਕਸ਼ਮੀਰ ਸਮਝੌਤਾ ਹੋਇਆ, ਜਿਸ ਤਹਿਤ ਧਾਰਾ 370 ਅਧੀਨ ਕਸ਼ਮੀਰ ਰਸਮੀ ਤੌਰ 'ਤੇ ਭਾਰਤ ਦਾ ਹਿੱਸਾ ਬਣ ਗਿਆ। ਇਸ ਨੇ ਕਸ਼ਮੀਰੀ ਆਵਾਮ ਅੰਦਰ ਸੁਲਘ ਰਹੀ ਚੰਗਿਆੜੀ 'ਤੇ ਤੇਲ ਪਾਉਣ ਦਾ ਕੰਮ ਕੀਤਾ, ਕਿਉਂ ਜੋ ਉਨ੍ਹਾਂ ਨੂੰ 1953 ਦੇ ਮੁਕਾਬਲੇ ਕਸ਼ਮੀਰ ਦੀ ਪ੍ਰਭੂਸੱਤਾ ਹੋਰ ਘਟਦੀ ਨਜ਼ਰ ਆਈ।

ਸ਼ੇਖ ਅਬਦੁੱਲਾ ਦੀ ਮੌਤ ਪਿਛੋਂ ਫਾਰੂਕ ਅਬਦੁੱਲਾ ਲਈ ਰਸਤਾ ਸੌਖਾ ਨਹੀਂ ਸੀ। 1984 ਵਿਚ ਉਸ ਦੇ ਭਣਵੱਈਏ ਜੀ.ਐਮ. ਸ਼ਾਹ ਦੀ ਮਦਦ ਨਾਲ ਕਾਂਗਰਸ ਨੇ ਉਸ ਦਾ ਤਖਤਾ ਪਲਟ ਦਿੱਤਾ। ਬਤੌਰ ਮੁੱਖ ਮੰਤਰੀ ਸ਼ਾਹ ਦਾ ਕਾਰਜਕਾਲ 'ਕਰਫਿਊ ਸਰਕਾਰ' ਵਾਲਾ ਸਿੱਧ ਹੋਇਆ। 1986 ਵਿਚ ਫਾਰੂਕ ਅਬਦੁੱਲਾ ਦੇ ਕਾਂਗਰਸ ਨਾਲ ਹੱਥ ਮਿਲਾਉਣ ਕਰਕੇ ਕੱਟੜਪੰਥੀ ਅਤੇ ਫਿਰਕੂ ਤਾਕਤਾਂ ਨੂੰ ਸਿੱਧੇ ਤੌਰ 'ਤੇ ਅੱਗੇ ਆਉਣ ਦਾ ਬਹਾਨਾ ਮਿਲ ਗਿਆ। ਮਾਰਚ 1987 ਦੀਆਂ ਅਸੈਂਬਲੀ ਚੋਣਾਂ ਵਿਚ ਹੋਈ ਧਾਂਦਲੀ ਨੇ ਲੋਕਾਂ ਵਿਚ ਰੋਹ ਪੈਦਾ ਕਰ ਦਿੱਤਾ। ਜਿਨ੍ਹਾਂ ਉਮੀਦਵਾਰਾਂ ਨੂੰ ਇਨ੍ਹਾਂ ਚੋਣਾਂ ਦੌਰਾਨ ਕੁੱਟਿਆ-ਮਾਰਿਆ ਗਿਆ, ਉਹ ਵੱਖਵਾਦੀਆਂ ਨਾਲ ਜਾ ਰਲੇ ਅਤੇ ਫਾਰੂਕ ਇਸ ਸਮੇਂ ਦਿੱਲੀ ਦੀ ਸਰਕਾਰ ਨੂੰ ਹੀ 'ਖੁਸ਼ ਕਰਨ' ਵਿਚ ਰੁੱਝਾ ਰਿਹਾ।

ਇੰਜ, ਕਸ਼ਮੀਰੀ ਪਛਾਣ ਦੀ ਲੜਾਈ ਲੜ ਰਹੀਆਂ ਸੈਕੂਲਰ ਤਾਕਤਾਂ ਦੀ ਥਾਂ ਪਾਕਿਸਤਾਨੀ ਹੁਕਮਰਾਨਾਂ ਦੀ ਸਰਪ੍ਰਸਤੀ ਪ੍ਰਾਪਤ ਕੱਟੜਪੰਥੀ ਤਾਕਤਾਂ, ਜਿਵੇਂ ਹਿਜ਼ਬੁਲ ਮੁਜਾਹਿਦੀਨ, ਜਮਾਤ-ਏ-ਇਸਲਾਮੀ ਨੇ ਲੈ ਲਈ। ਪਾਕਿਸਤਾਨ ਨੇ ਇਨ੍ਹਾਂ ਨੂੰ ਵੱਡੇ ਪੱਧਰ 'ਤੇ ਹਥਿਆਰ, ਪੈਸਾ ਅਤੇ ਟ੍ਰੇਨਿੰਗ ਦੇਣੀ ਸ਼ੁਰੂ ਕਰ ਦਿੱਤੀ। ਇਨ੍ਹਾਂ ਸੰਗਠਨਾਂ ਨੇ ਦਾਅਵਾ ਕੀਤਾ ਕਿ ਇਸਲਾਮੀ ਰਿਆਸਤ ਕਾਇਮ ਹੋਣ ਤੱਕ ਕਸ਼ਮੀਰ ਲਈ ਸੰਘਰਸ਼ ਜਾਰੀ ਰਹੇਗਾ।

ਇਸ ਸਮੇਂ ਕੱਟੜਪੰਥੀਆਂ ਨੇ ਕਸ਼ਮੀਰੀ ਹਿੰਦੂਆਂ ਦੀ ਕਤਲੋਗਾਰਤ ਸ਼ੁਰੂ ਕਰ ਦਿੱਤੀ ਅਤੇ ਉਨ੍ਹਾਂ ਨੂੰ ਉਥੋਂ ਹਿਜਰਤ ਕਰਨ ਲਈ ਮਜਬੂਰ ਹੋਣਾ ਪਿਆ। ਪ੍ਰਤੀਕਰਮ ਵਜੋਂ ਭਾਰਤ ਸਰਕਾਰ ਨੂੰ ਇਸ ਮਸਲੇ ਦਾ ਹੱਲ ਵੱਡੀ ਤਾਦਾਦ ਵਿਚ ਫੌਜ ਅਤੇ ਸੀ.ਆਰ.ਪੀ.ਐਫ. ਭੇਜ ਕੇ ਕਸ਼ਮੀਰ ਨੂੰ 'ਮਿਲਟਰੀ ਜ਼ੋਨ' ਤਬਦੀਲ ਕਰਨ ਵਿਚ ਹੀ ਨਜ਼ਰ ਆਇਆ। ਇਸ ਨੇ ਜੰਨਤ ਕਹੀ ਜਾਣ ਵਾਲੀ ਕਸ਼ਮੀਰ ਵਾਦੀ ਨੂੰ ਜਹੰਨੁਮ ਵਿਚ ਬਦਲ ਦਿੱਤਾ।

ਪਿਛਲੇ ਦਿਨੀਂ ਸਰਕਾਰ ਵਲੋਂ ਕਸ਼ਮੀਰ ਜਿਹੇ ਪੇਚੀਦਾ ਮਸਲੇ ਨੂੰ ਕਿਸੇ ਜਮਹੂਰੀ ਢੰਗ ਨਾਲ ਨਜਿੱਠਣ ਦੀ ਥਾਂ ਧਾਰਾ 370 ਮਨਸੂਖ ਕਰਕੇ ਜਿਸ ਤਰ੍ਹਾਂ ਇਸ ਦਾ ਹੱਲ ਲੱਭਣ ਦੀ ਕੋਸ਼ਿਸ਼ ਕੀਤੀ ਗਈ ਹੈ, ਉਹ ਬਹੁਤ ਇਕਪਾਸੜ, ਗੈਰ-ਲੋਕਰਾਜੀ ਅਤੇ ਗੈਰ-ਸੰਵਿਧਾਨਕ ਹੈ। ਮਸਲਨ, ਜੰਮੂ ਕਸ਼ਮੀਰ ਦੇ ਲੋਕਲ ਨੇਤਾਵਾਂ ਨੂੰ ਹਿਰਾਸਤ ਵਿਚ ਲੈਣ, ਵੱਡੀ ਗਿਣਤੀ ਵਿਚ ਸੈਲਾਨੀਆਂ ਨੂੰ ਉਥੋਂ ਬਾਹਰ ਕੱਢਣ, ਮੀਡੀਆ ਤੇ ਸੂਚਨਾ ਸਾਧਨਾਂ 'ਤੇ ਪਾਬੰਦੀ ਲਾਉਣ ਅਤੇ ਤਾਨਾਸ਼ਾਹੀ ਤਰੀਕੇ ਨਾਲ ਕਰਫਿਊ ਲਾ ਕੇ ਲੋਕਾਂ ਨੂੰ ਘਰਾਂ ਵਿਚ ਡੱਕ ਦੇਣ ਨਾਲ ਕਸ਼ਮੀਰੀ ਆਵਾਮ ਵਿਚ ਡਰ ਤੇ ਅਨਿਸ਼ਚਤਤਾ ਦਾ ਮਾਹੌਲ ਪੈਦਾ ਹੋ ਗਿਆ ਹੈ।

ਭਾਰਤੀ ਜਨਤਾ ਪਾਰਟੀ ਦੀਆਂ ਹੋਰ ਭਾਈਵਾਲ ਸਿਆਸੀ ਪਾਰਟੀਆਂ ਇਸ ਨੂੰ ਸ਼ਲਾਘਾਯੋਗ ਕਦਮ ਮੰਨ ਕੇ ਜਸ਼ਨ ਮਨਾ ਰਹੀਆਂ ਹਨ। ਵਿਡੰਬਨਾ ਇਹ ਹੈ ਕਿ ਤਾ-ਉਮਰ ਸੰਘੀ ਢਾਂਚੇ ਦੀ ਪੈਰਵੀ ਕਰ ਰਹੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਇਸ ਨਾਲ ਮੁਤਫਿਕ ਹੁੰਦਿਆਂ ਇਸ ਫੈਸਲੇ ਬਾਰੇ ਖਾਮੋਸ਼ੀ ਧਾਰ ਲਈ। ਲੋਕਲ ਸਿਆਸੀ ਪਾਰਟੀਆਂ ਜਿਵੇਂ ਏ. ਆਈ. ਡੀ. ਐਮ.ਕੇ, ਬੀ. ਐਸ. ਪੀ. ਅਤੇ 'ਆਪ' ਵਲੋਂ ਇਸ ਫੈਸਲੇ ਦੀ ਹਮਾਇਤ ਇਹ ਦਰਸਾਉਂਦੀ ਹੈ ਕਿ ਵਰਤਮਾਨ ਸਿਆਸਤ ਲੋਕ ਹਿਤੈਸ਼ੀ ਹੋਣ ਦੀ ਬਜਾਏ ਕਿਸ ਕਦਰ ਸੌੜੀ ਅਤੇ ਸੰਕੀਰਨ ਹੋ ਚੁੱਕੀ ਹੈ।

ਸਰਕਾਰ ਧਾਰਾ 370 ਨੂੰ ਵਿਕਾਸ ਦੇ ਰਾਹ 'ਚ ਰੁਕਾਵਟ ਐਲਾਨ ਕੇ ਇਕ ਪਾਸੇ ਪਿਛਲੇ ਤਿੰਨ ਦਹਾਕਿਆਂ ਤੋਂ ਲਗਾਤਾਰ ਵਧ ਰਹੀਆਂ ਅਤਿਵਾਦ ਸਰਗਰਮੀਆਂ ਨਾਲ ਨਜਿੱਠਣ ਲਈ ਇਸ ਨੂੰ 'ਠੋਸ ਕਦਮ' ਹੋਣ ਦਾ ਦਾਅਵਾ ਕਰ ਰਹੀ ਹੈ; ਦੂਜੇ ਪਾਸੇ ਜੰਮੂ, ਕਸ਼ਮੀਰ ਤੇ ਲਦਾਖ ਵਿਚ ਆਉਣ ਵਾਲੀ ਸਨਅਤੀ ਕ੍ਰਾਂਤੀ ਦੀ ਪੇਸ਼ੀਨਗੋਈ ਕੀਤੀ ਜਾ ਰਹੀ ਹੈ। ਹਾਲਾਂਕਿ ਸੱਚਾਈ ਇਹ ਹੈ ਕਿ ਜੰਮੂ ਕਸ਼ਮੀਰ ਸਿਹਤ, ਸਿੱਖਿਆ, ਖੁਰਾਕ ਤੇ ਰਿਹਾਇਸ਼ ਸੁਰੱਖਿਆ ਅਤੇ ਲਿੰਗਕ ਸਮਾਨਤਾ ਦੇ ਪੱਖੋਂ ਹੋਰ ਕਈ ਰਾਜਾਂ ਦੇ ਮੁਕਾਬਲੇ ਬਿਹਤਰ ਹੈ। ਜਿਵੇਂ 2017-18 ਵਿਚ ਜੰਮੂ ਕਸ਼ਮੀਰ ਦੀ ਪ੍ਰਤੀ ਵਿਅਕਤੀ ਆਮਦਨ ਮੱਧ ਪ੍ਰਦੇਸ਼, ਉਤਰ ਪ੍ਰਦੇਸ਼, ਉੜੀਸਾ, ਝਾਰਖੰਡ, ਬਿਹਾਰ ਆਦਿ ਰਾਜਾਂ ਤੋਂ ਕਿਤੇ ਵੱਧ ਰਹੀ ਹੈ। ਅੱਜ ਕੱਲ੍ਹ ਭਾਰਤ ਗੰਭੀਰ ਆਰਥਿਕ ਸੰਕਟ ਵਿਚੋਂ ਗੁਜ਼ਰ ਰਿਹਾ ਹੈ। ਸਿਰਫ ਜੁਲਾਈ ਮਹੀਨੇ ਵਿਚ ਹੀ ਆਟੋਮੋਬਾਇਲ ਸੈਕਟਰ ਵਿਚ ਮਾਰੂਤੀ, ਹੁੰਡਾਈ ਅਤੇ ਰਾਇਲ ਇਨਫੀਲਡ ਦੀ ਵਿਕਰੀ ਵਿਚ ਕ੍ਰਮਵਾਰ 33.5, 3.8 ਅਤੇ 22 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ। ਇਕ ਹੋਰ ਰਿਪੋਰਟ ਅਨੁਸਾਰ ਸਟੀਲ ਸਨਅਤ ਦੇ ਧੁਰੇ ਜਮਸ਼ੇਦਪੁਰ 'ਚ ਟਾਟਾ ਸਟੀਲ ਦੀਆਂ ਜਿਥੇ ਕਰੀਬ 30 ਫੈਕਟਰੀਆਂ ਬੰਦ ਹੋ ਚੁੱਕੀਆਂ ਹਨ, ਉਥੇ ਕਈ ਹੋਰ ਫੈਕਟਰੀਆਂ ਆਰਥਿਕ ਮੰਦਵਾੜੇ ਕਾਰਨ ਬੰਦ ਹੋਣ ਦੇ ਕੰਢੇ ਹਨ। ਫਾਡਾ ਅਨੁਸਾਰ ਸਿਰਫ ਆਟੋਮੋਬਾਇਲ ਸੈਕਟਰ 'ਚ ਪਿਛਲੇ ਤਿੰਨ ਮਹੀਨਿਆਂ ਦੌਰਾਨ ਨੌਕਰੀ ਗੁਆਉਣ ਵਾਲੇ ਲੋਕਾਂ ਦੀ ਗਿਣਤੀ ਦੋ ਲੱਖ ਤੱਕ ਪਹੁੰਚ ਗਈ ਹੈ। ਅਜਿਹੀ ਨਾਜ਼ੁਕ ਹਾਲਤ ਨੂੰ ਅੱਖੋਂ-ਪਰੋਖੇ ਕਰ ਕੇ ਸਰਕਾਰ ਵਲੋਂ ਸਾਰਾ ਧਿਆਨ ਧਾਰਾ 370 ਨੂੰ ਖਤਮ ਕਰਨ 'ਤੇ ਕੇਂਦਰਿਤ ਕਰਨਾ ਕਿਥੋਂ ਤੱਕ ਜਾਇਜ਼ ਹੈ?

ਸੋਚਣ ਵਾਲੀ ਗੱਲ ਇਹ ਹੈ ਕਿ ਸੰਘੀ ਢਾਂਚਾ ਖਤਮ ਕਰਕੇ ਕੇਂਦਰੀਕਰਨ ਦੀ ਨੀਤੀ ਦੇ ਦੂਰਗਾਮੀ ਪ੍ਰਭਾਵ ਕੀ ਨਿਕਲਣਗੇ। ਫਿਲਹਾਲ ਆਪਣੇ ਬੁਨਿਆਦੀ ਹੱਕਾਂ ਤੋਂ ਮਹਿਰੂਮ ਕੀਤੇ ਗਏ ਆਮ ਲੋਕ ਆਪਣੇ ਘਰਾਂ ਦੀਆਂ ਚਾਰ-ਦੀਵਾਰੀਆਂ ਵਿਚ ਬੰਦ ਰਹਿਣ ਲਈ ਮਜਬੂਰ ਕਰ ਦਿੱਤੇ ਗਏ ਹਨ। ਸਰਕਾਰ ਦੁਆਰਾ ਭਾਵੇਂ ਬਹੁਤ ਜਲਦ ਹਾਲਾਤ ਸਾਜ਼ਗਾਰ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ ਪਰ ਇਸ ਫੈਸਲੇ ਬਾਰੇ ਜੰਮੂ ਕਸ਼ਮੀਰ ਦੀ ਆਵਾਮ ਦੀ ਕੀ ਪ੍ਰਤੀਕਿਰਿਆ ਹੋਵੇਗੀ, ਇਹ ਤਾਂ ਭਵਿੱਖ ਹੀ ਦੱਸੇਗਾ।

# ਕਸ਼ਮੀਰ ਦੀ ਹਸਤੀ ਮਿਟਾਉਣ ਦਾ ਅਮਲ

**ਪ੍ਰਸਿੱਧ ਇਤਿਹਾਸਕਾਰ ਅਤੇ ਕਾਨੂੰਨਦਾਨ ਏ.ਜੀ. ਨੂਰਾਨੀ ਚਰਚਿਤ ਕਿਤਾਬਾਂ 'ਆਰਟੀਕਲ 370: ਏ ਕਾਂਸਟੀਟਿਊਸ਼ਨਲ ਹਿਸਟਰੀ ਆਫ ਜੰਮੂ ਐਂਡ ਕਸ਼ਮੀਰ' ਅਤੇ 'ਦਿ ਕਸ਼ਮੀਰ ਡਿਸਪਿਊਟ 1947-2012' ਦੇ ਲੇਖਕ ਹਨ। ਉਹ ਜੰਮੂ ਕਸ਼ਮੀਰ ਦੇ ਭਾਰਤ ਨਾਲ ਰਲੇਵੇਂ ਅਤੇ ਧਾਰਾ 370 ਦੀਆਂ ਪੇਚੀਦਗੀਆਂ ਨੂੰ ਬਾਖੂਬੀ ਸਮਝਦੇ ਹਨ। ਇਸ ਲੇਖ ਵਿਚ ਉਨ੍ਹਾਂ ਕਸ਼ਮੀਰ ਦੇ ਤਾਜ਼ਾ ਘਟਨਾਕ੍ਰਮ ਬਾਰੇ ਟਿੱਪਣੀ ਕੀਤੀ ਹੈ ਜਿਸ ਵਿਚ ਕਸ਼ਮੀਰ ਦੇ ਭਵਿਖ ਬਾਰੇ ਬੜੀ ਗਹਿਰ-ਗੰਭੀਰ ਪੇਸ਼ੀਨਗੋਈ ਹੈ। ਇਸ ਲਿਖਤ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ**

ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਵਲੋਂ 5 ਅਗਸਤ ਨੂੰ ਜੋ ਕਦਮ ਚੁੱਕੇ ਗਏ, ਉਨ੍ਹਾਂ ਪਿੱਛੇ ਕੰਮ ਕਰਦੇ ਮਨਸੂਬੇ ਕਸ਼ਮੀਰੀ ਖ਼ੁਦਮੁਖਤਾਰੀ ਤਕ ਸੀਮਤ ਨਹੀਂ। ਉਹ ਤਾਂ ਇਸ ਖੇਤਰ ਨੂੰ ਹੀ ਤਹਿਸ-ਨਹਿਸ ਕਰ ਦੇਣ ਵੱਲ ਸੇਧਤ ਹਨ। ਫੌਜ ਅਤੇ ਨੀਮ-ਫੌਜ ਵਲੋਂ ਘਾਟੀ ਦੀ 'ਸਫਾਈ ਕਰਨ' ਤੋਂ ਬਾਅਦ ਜੋ ਕਾਨੂੰਨੀ ਵਿਵਸਥਾ ਥੋਪੀ ਗਈ, ਉਹ ਪੂਰੇ ਰਾਜ ਨੂੰ ਨਿਸ਼ੱਤਾ ਬਣਾ ਦੇਣ ਵਾਲੀ ਸੀ। ਕਸ਼ਮੀਰ ਦੀ ਪੁਲਿਸ ਤੋਂ ਹਥਿਆਰ ਲੈ ਲਏ ਗਏ। ਸਿਵਲ ਸੇਵਾਵਾਂ ਪੂਰੀ ਤਰ੍ਹਾਂ ਠੱਪ ਕਰ ਦਿੱਤੀਆਂ ਗਈਆਂ ਅਤੇ ਹਰ ਤਰ੍ਹਾਂ ਦਾ



ਏ.ਜੀ. ਨੂਰਾਨੀ

ਸੰਚਾਰ ਬੰਦ ਕਰ ਦਿੱਤਾ ਗਿਆ। ਇਹ ਆਪਣੇ ਆਪ ਵਿਚ ਹੀ ਕਸ਼ਮੀਰੀ ਅਵਾਮ ਦੇ ਬਾਗੀ ਜਜ਼ਬੇ ਦਾ ਸਨਮਾਨ ਹੈ।

ਉਥੇ ਤਿੰਨ ਕਾਨੂੰਨੀ ਕਦਮ ਚੁੱਕੇ ਗਏ। ਕਸ਼ਮੀਰ ਨੂੰ ਖ਼ੁਦਮੁਖਤਾਰੀ ਦੀ ਜ਼ਾਮਨੀ ਦਿੰਦੀ ਧਾਰਾ 370 ਮਨਸੂਖ ਕਰ ਦਿੱਤੀ ਗਈ ਜਿਸ ਨੂੰ ਪਹਿਲਾਂ ਹੀ ਪੂਰੀ ਤਰ੍ਹਾਂ ਖੋਖਲੀ ਬਣਾ ਦਿੱਤਾ ਗਿਆ ਸੀ। ਇਸ ਤੋਂ ਬਾਅਦ, ਜੰਮੂ ਕਸ਼ਮੀਰ ਪੁਨਰ-ਗਠਨ ਐਕਟ 2019 ਪਾਸ ਕੀਤਾ ਗਿਆ। ਇਸ ਜ਼ਰੀਏ ਲਦਾਖ ਨੂੰ ਅੱਡ ਕਰਕੇ ਕੇਂਦਰ ਸ਼ਾਸਤ ਇਲਾਕਾ ਬਣਾ ਦਿੱਤਾ ਗਿਆ। ਮੁਸਲਿਮ ਕਾਰਗਿਲ ਨੂੰ ਬੋਧੀ ਲੇਹ ਨਾਲ ਜੋੜ ਦਿੱਤਾ ਗਿਆ। ਕਸ਼ਮੀਰ ਅਤੇ ਜੰਮੂ ਨੂੰ ਇਕੱਠਾ ਰੱਖ ਕੇ ਇਕ ਕੇਂਦਰ ਸ਼ਾਸਤ ਇਲਾਕਾ ਬਣਾ ਦਿੱਤਾ ਗਿਆ ਜਿਸ ਦਾ ਰਾਜ ਪ੍ਰਬੰਧ 'ਲੈਫਟੀਨੈਂਟ ਗਵਰਨਰ' ਨਾਂ ਦੇ 'ਪ੍ਰਸ਼ਾਸਕ' ਜ਼ਰੀਏ ਸਿੱਧਾ ਨਵੀਂ ਦਿੱਲੀ ਚਲਾਏਗੀ। ਇਸ ਖੇਤਰ ਦਾ ਆਪਣੀ ਪੁਲਿਸ ਜਾਂ ਪਬਲਿਕ ਕਾਨੂੰਨ ਵਿਵਸਥਾ ਉਪਰ ਵੀ ਕੰਟਰੋਲ ਨਹੀਂ ਹੋਵੇਗਾ। ਇਸ ਦੀ ਇਕ ਵਿਧਾਨ ਸਭਾ ਹੋਵੇਗੀ ਜਿਸ ਦੀਆਂ ਤਾਕਤਾਂ ਬਹੁਤ ਹੀ ਸੀਮਤ ਹੋਣਗੀਆਂ।

ਜਦੋਂ 1951 ਵਿਚ ਜਨ ਸੰਘ ਬਣਾਇਆ ਗਿਆ ਤਾਂ ਇਸ ਖਾਤਰ ਸਮੁੱਚੀ ਤਾਕਤ (ਕਾਡਰ ਅਤੇ ਆਗੂ ਦੋਵੇਂ) ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਵਲੋਂ ਮੁਹੱਈਆ ਕੀਤੀ ਗਈ। ਉਦੋਂ ਤੋਂ ਹੀ ਸੰਘ ਪਰਿਵਾਰ ਜੰਮੂ ਅਤੇ ਲਦਾਖ ਨੂੰ ਕਸ਼ਮੀਰ ਤੋਂ ਅਲਹਿਦਾ ਕਰਨ ਦੀ ਮੰਗ ਕਰਦਾ ਆ ਰਿਹਾ ਹੈ।

ਜਦੋਂ 1980 ਵਿਚ ਜਨ ਸੰਘ ਦੀ ਥਾਂ ਭਾਰਤੀ ਜਨਤਾ ਪਾਰਟੀ ਬਣਾਈ ਗਈ, ਇਸ ਨੇ ਵੀ ਉਹੀ ਨੀਤੀ ਅਖਤਿਆਰ ਕੀਤੀ। 1989 ਵਿਚ ਐਲ.ਕੇ. ਅਡਵਾਨੀ ਨੇ ਤਿੰਨ ਮੰਗਾਂ ਦੇ ਰੂਪ ਵਿਚ ਇਸ ਨੀਤੀ ਨੂੰ ਸੂਤਰਬੱਧ ਕੀਤਾ - ਇਕਸਾਰ ਸਿਵਲ ਕੋਡ (ਭਾਵ ਮੁਸਲਿਮ ਪਰਸਨਲ ਲਾਅ ਦਾ ਖਾਤਮਾ), ਅਯੁੱਧਿਆ ਵਿਖੇ ਬਾਬਰੀ ਮਸਜਿਦ ਵਾਲੀ ਜਗ੍ਹਾ ਉਪਰ ਰਾਮ ਮੰਦਰ ਬਣਾਉਣਾ ਅਤੇ ਧਾਰਾ 370 ਨੂੰ ਮਨਸੂਖ ਕਰਨਾ।

ਨਾ ਸਿਰਫ ਤਿੰਨ ਤਲਾਕ ਦਾ ਖਾਤਮਾ ਕਰਕੇ ਸਗੋਂ ਇਸ ਨੂੰ ਇਕ ਫੌਜਦਾਰੀ ਜੁਰਮ ਬਣਾ ਕੇ ਵੱਡਾ ਕਦਮ ਚੁੱਕਿਆ ਗਿਆ। 6 ਦਸੰਬਰ 1992 ਨੂੰ ਬਾਬਰੀ ਮਸਜਿਦ ਤੋੜ ਦਿੱਤੀ ਗਈ ਪਰ ਧਾਰਾ 370 ਅਜੇ ਬਰਕਰਾਰ ਸੀ। ਹੁਣ ਇਹ ਕਾਰਜ ਵੀ ਪੂਰਾ ਕਰ ਲਿਆ ਗਿਆ ਹੈ।

ਸੰਨ 2014 ਵਿਚ ਪੀ.ਡੀ.ਪੀ. ਦੇ ਆਗੂ ਮੁਫਤੀ ਮੁਹੰਮਦ ਸਈਦ ਵਲੋਂ ਭਾਜਪਾ ਨਾਲ ਗੱਠਜੋੜ ਸਰਕਾਰ ਬਣਾ ਕੇ ਆਪਣੇ ਲੋਕਾਂ ਦੇ ਹੱਕ ਇਨ੍ਹਾਂ (ਆਰ.ਐਸ.ਐਸ.) ਨੂੰ ਵੇਚ ਦਿੱਤੇ ਗਏ (ਚੋਣ ਬਾਈਕਾਟ ਦੀ ਬਜਾਏ ਇਨ੍ਹਾਂ ਚੋਣਾਂ ਵਿਚ ਕਸ਼ਮੀਰ ਦੇ ਲੋਕਾਂ ਨੇ ਵੱਡੀ ਤਾਦਾਦ ਵਿਚ ਵੋਟਾਂ ਪਾ ਕੇ ਕਸ਼ਮੀਰ ਦੀਆਂ ਪਾਰਟੀਆਂ, ਪੀ.ਡੀ.ਪੀ. ਅਤੇ ਨੈਸ਼ਨਲ ਕਾਨਫਰੰਸ ਨੂੰ ਜੋਸ਼-ਖਰੋਸ਼ ਨਾਲ ਵੋਟਾਂ ਪਾ ਕੇ ਜਿਤਾਇਆ; ਲੇਕਿਨ ਪੀ.ਡੀ.ਪੀ. ਨੇ ਨੈਸ਼ਨਲ ਕਾਨਫਰੰਸ ਅਤੇ ਕਾਂਗਰਸ ਦੀ ਹਮਾਇਤ ਦੀ ਪੇਸ਼ਕਸ਼ ਠੁਕਰਾ ਕੇ ਭਾਜਪਾ ਨਾਲ ਗੱਠਜੋੜ ਕਰ ਲਿਆ। ਇਹ ਗੱਠਜੋੜ ਆਰ.ਐਸ.ਐਸ. ਦੇ ਸਾਬਕਾ ਅਧਿਕਾਰਕ ਬੁਲਾਰੇ ਅਤੇ ਭਾਜਪਾ ਦੇ ਜਨਰਲ ਸਕੱਤਰ ਰਾਮ ਮਾਧਵ ਵਲੋਂ ਰੱਖੀਆਂ ਆਤਮ-ਸਮਰਪਣ ਦੀਆਂ ਸ਼ਰਤਾਂ ਤਹਿਤ ਹੋਇਆ)। ਇਨ੍ਹਾਂ ਦੇ ਮੈਨੀਫੈਸਟੋ ਤੋਂ ਕਸ਼ਮੀਰ ਨੂੰ ਕੁਝ ਵੀ ਨਹੀਂ ਮਿਲਿਆ। ਆਰਐਸਐਸ ਦੇ ਆਦਮੀ ਨੂੰ ਸਪੀਕਰ ਥਾਪ ਦਿੱਤਾ ਗਿਆ, ਇਕ ਹੋਰ ਡਿਪਟੀ ਮੁੱਖ ਮੰਤਰੀ ਬਣ ਗਿਆ। ਪਹਿਲੀ ਵਾਰ ਘਾਟੀ ਵਿਚ ਆਰਐਸਐਸ ਦੀ ਮੌਜੂਦਗੀ ਹੋ ਗਈ।

2014 ਦੀਆਂ ਚੋਣਾਂ ਵਿਚ ਭਾਜਪਾ ਨੇ ਜੰਮੂ ਵਿਚ ਹੂੰਝਾ ਫੇਰੂ ਜਿੱਤ ਹਾਸਲ ਕਰਨ, ਕਸ਼ਮੀਰ ਵਿਚ ਵੀ ਕੁਝ ਸੀਟਾਂ ਹਥਿਆਉਣ ਉਥੇ ਕੁਝ ਵਿਧਾਇਕਾਂ ਨੂੰ ਖਰੀਦ ਕੇ ਭਾਜਪਾ ਦੀ ਸਰਕਾਰ ਬਣਾਉਣ ਅਤੇ ਇਸ ਦਾ ਮੁੱਖ ਮੰਤਰੀ ਹਿੰਦੂ ਨੂੰ ਬਣਾਉਣ ਲਈ ਹਰ ਹਰਬਾ ਵਰਤਿਆ। ਇਹ 1947 ਤਕ ਜੋ ਮਹਾਰਾਜਾ ਹਰੀ ਸਿੰਘ ਦਾ ਰਾਜ ਰਿਹਾ, ਉਸੇ ਵੱਲ ਪਿਛਲਮੋੜਾ ਸੀ। ਮੁਸਲਿਮ ਕਸ਼ਮੀਰ ਇਨ੍ਹਾਂ ਦੀ ਅੱਖ ਦਾ ਰੋੜ ਸੀ। ਇਨ੍ਹਾਂ ਨੇ ਮਿੱਥ ਲਿਆ ਕਿ ਇਸ ਦੀ ਹਸਤੀ ਮਿਟਾ ਦੇਣੀ ਹੈ।

ਪਾਰਲੀਮੈਂਟ ਅਤੇ ਸਰਕਾਰ ਵਲੋਂ ਧਾਰਾ 370 ਨੂੰ ਮਨਸੂਖ ਕਰਕੇ ਪੁਨਰ-ਗਠਨ ਐਕਟ 2019 ਕਾਨੂੰਨ ਲਾਗੂ ਕਰਨ ਦਾ ਘਿਨਾਉਣਾ ਟੀਚਾ ਵੀ ਇਹੀ ਕਰਨ ਦਾ ਹੈ। ਮੁਫਤੀ ਦਾ ਨਾਂ ਗੱਦਾਰੀ ਦੇ ਇਤਿਹਾਸ ਦੇ ਪੰਨਿਆਂ ਉਪਰ ਹਮੇਸ਼ਾ ਰਹੇਗਾ। ਇਸੇ ਤਰ੍ਹਾਂ ਹੀ ਉਸ ਦੇ ਤਿੰਨ ਮੁੱਖ ਸਹਿਯੋਗੀਆਂ ਦੇ ਨਾਂ ਰਹਿਣਗੇ। ਹੁਣ ਉਨ੍ਹਾਂ ਦੀ ਖਾਮੋਸ਼ੀ ਬਹੁਤ ਜ਼ੋਰਦਾਰ ਆਵਾਜ਼ ਵਿਚ ਸੁਣਾਈ ਦਿੰਦੀ ਹੈ।

ਹੱਥਠੋਕਾ ਮੁੜ-ਹੱਦਬੰਦੀ ਕਮਿਸ਼ਨ ਬਣਾ ਕੇ ਵਿਧਾਨ-ਸਭਾ ਹਲਕਿਆਂ ਦੀ ਨਵੀਂ 'ਹੱਦਬੰਦੀ' ਜ਼ਰੀਏ ਇਸ ਨੂੰ ਸੁਰੱਖਿਅਤ ਕਰ ਲਿਆ ਜਾਵੇਗਾ।

ਇਸ ਤਰ੍ਹਾਂ ਦੇ ਕਦਮ ਰਾਹੀਂ ਇਹ ਕਾਨੂੰਨੀ ਵਿਵਸਥਾ ਕਿਉਂ ਲਿਆਂਦੀ ਗਈ? ਘਿਨਾਉਣੇ ਮਨਸੂਬੇ ਵਿਚ ਇਸ ਦੀ ਕੋਈ ਜਗ੍ਹਾ ਨਹੀਂ ਹੈ। ਸੰਸਥਾ ਦੇ ਤੌਰ 'ਤੇ 1957 ਤੋਂ ਲੈ ਕੇ 1989 ਤਕ ਇਸ ਦਾ ਜੋ ਕਈ ਤਰ੍ਹਾਂ ਦਾ ਇਤਿਹਾਸ ਰਿਹਾ, ਮੌਜੂਦਾ ਚੋਣ ਕਮਿਸ਼ਨ ਦਾ ਵੱਕਾਰ ਸਭ ਤੋਂ ਨੀਵਾਂ ਹੈ।

ਇਸ ਹਮਲੇ ਪ੍ਰਤੀ ਕਸ਼ਮੀਰੀਆਂ ਦਾ ਹੁੰਗਾਰਾ ਉਸੇ ਤਰ੍ਹਾਂ ਦਾ ਹੈ ਜਿਸ ਤਰ੍ਹਾਂ ਜਵਾਹਰ ਲਾਲ ਨਹਿਰੂ ਦੇ ਇਸ਼ਾਰੇ 'ਤੇ 8 ਅਗਸਤ 1953 ਨੂੰ ਸ਼ੇਖ ਅਬਦੁੱਲਾ ਨੂੰ ਗ੍ਰਿਫਤਾਰ ਕਰਨ 'ਤੇ ਸਾਹਮਣੇ ਆਇਆ ਸੀ। ਨਹਿਰੂ ਨੇ ਉਸ ਨੂੰ 11 ਸਾਲ ਕੈਦ ਰੱਖਿਆ ਅਤੇ ਉਸ ਉਪਰ ਪਾਕਿਸਤਾਨ ਵਿਚ ਸ਼ਾਮਲ ਹੋਣ ਦੀ ਕਥਿਤ ਸਾਜ਼ਿਸ਼ ਰਚਣ ਦਾ ਇਲਜ਼ਾਮ ਲਗਾ ਕੇ ਝੂਠਾ ਕੇਸ ਪਾ ਦਿੱਤਾ ਗਿਆ। ਦਿਨਾਂ ਤਕ ਸ੍ਰੀਨਗਰ ਦੀਆਂ ਸੜਕਾਂ ਉਪਰ ਫੌਜ ਦਾ ਰਾਜ ਰਿਹਾ। ਜਾਬਰ ਕਦਮ ਸੜਕਾਂ ਉਪਰ ਰੋਸ ਵਿਖਾਵਿਆਂ ਨੂੰ ਤਾਂ ਰੋਕ ਸਕਦੇ ਹਨ, ਇਹ ਰੋਸ ਆਵਾਜ਼ਾਂ ਦੀ ਸੰਘੀ ਨਹੀਂ ਘੁੱਟ ਸਕਦੇ। ਸਮੁੱਚੇ ਉਪ-ਮਹਾਂਦੀਪ ਅੰਦਰ ਕਿਸੇ ਵੀ ਸਰਜ਼ਮੀਨ ਦੇ ਅਤੀਤ ਦੀਆਂ ਯਾਦਾਂ ਐਨੀਆਂ ਅਸਹਿ ਨਹੀਂ ਜਿੰਨੀਆਂ ਕਸ਼ਮੀਰ ਦੀਆਂ ਯਾਦਾਂ ਹਨ। ਬਾਦਸ਼ਾਹ ਅਕਬਰ ਉਨ੍ਹਾਂ ਦਾ ਨਾਇਕ ਨਹੀਂ ਸਗੋਂ ਉਨ੍ਹਾਂ ਦੀਆਂ ਨਜ਼ਰਾਂ ਵਿਚ ਉਨ੍ਹਾਂ ਦੀ ਸਰਜ਼ਮੀਨ ਨੂੰ ਹੜੱਪਣ ਵਾਲਾ ਖਲਨਾਇਕ ਹੈ। ਉਸ ਨੇ ਤਾਕਤ ਅਤੇ ਧੋਖੇਬਾਜ਼ੀ ਨਾਲ ਕਸ਼ਮੀਰ ਦੇ ਆਖਰੀ ਆਜ਼ਾਦ ਹੁਕਮਰਾਨ ਦਾ ਤਖਤਾ ਪਲਟਿਆ। ਇਤਿਹਾਸਕਾਰ ਡਾ. ਬਸ਼ੀਰ ਅਹਿਮਦ ਸ਼ੇਖ ਨੇ ਸ਼ਾਨਦਾਰ ਹਫਤਾਵਾਰੀ 'ਕਸ਼ਮੀਰ ਲਾਈਫ' ਵਿਚ ਲਿਖਿਆ ਕਿ ਕਸ਼ਮੀਰ ਦਾ ਲਿਖਤੀ ਇਤਿਹਾਸ ਇਕ ਦਹਿ-ਸਦੀ ਤੋਂ ਵਧੇਰੇ ਪੁਰਾਣਾ ਹੈ।

ਖੁਦ ਨਹਿਰੂ ਨੇ 26 ਜੂਨ 1952 ਨੂੰ ਲੋਕ ਸਭਾ ਵਿਚ ਇਹ ਕਿਹਾ: "ਇਹ ਨਾ ਸੋਚੋ ਕਿ ਤੁਸੀਂ ਉਤਰ ਪ੍ਰਦੇਸ਼, ਬਿਹਾਰ ਜਾਂ ਗੁਜਰਾਤ ਦੇ ਕਿਸੇ ਹਿੱਸੇ ਨਾਲ ਨਜਿੱਠ ਰਹੇ ਹੋ। ਤੁਸੀਂ ਐਸੇ ਇਲਾਕੇ ਨਾਲ ਨਜਿੱਠ ਰਹੇ ਹੋ ਜਿਸ ਦਾ ਇਤਿਹਾਸਕ ਤੌਰ 'ਤੇ, ਭੂਗੋਲਿਕ ਤੌਰ 'ਤੇ ਅਤੇ ਹਰ ਤਰ੍ਹਾਂ ਨਾਲ ਖਾਸ ਪਿਛੋਕੜ ਰਿਹਾ ਹੈ। ਜੇ ਅਸੀਂ ਆਪਣੇ ਸਥਾਨਕ ਖਿਆਲ ਅਤੇ ਸਥਾਨਕ ਤੁਅੱਸਬ ਹਰ ਥਾਂ ਲਿਜਾ ਕੇ ਥੋਪਣ ਦੀ ਕੋਸ਼ਿਸ਼ ਕਰਾਂਗੇ, ਅਸੀਂ ਕਦੇ ਵੀ ਪੱਕੇ ਪੈਰੀਂ ਨਹੀਂ ਹੋ ਸਕਾਂਗੇ। ਸਾਨੂੰ ਦੂਰਦ੍ਰਿਸ਼ਟੀ ਵਾਲੇ ਮਨੁੱਖ ਬਣਨਾ ਹੋਵੇਗਾ ਅਤੇ ਉਨ੍ਹਾਂ ਨੂੰ ਸੱਚਮੁੱਚੀ ਆਪਣਾ ਅਨਿੱਖੜ ਅੰਗ ਬਣਾਉਣ ਲਈ ਉਥੋਂ ਦੇ ਤੱਥਾਂ ਨੂੰ ਖੁੱਲ੍ਹੇ ਮਨ ਨਾਲ ਸਵੀਕਾਰ ਕਰਨਾ ਹੋਵੇਗਾ। ਅਸਲੀ ਅਖੰਡਤਾ ਦਿਲੋ-ਦਿਮਾਗ ਦੀ ਹੁੰਦੀ ਹੈ ਅਤੇ ਇਹ ਕਿਸੇ ਸੰਵਿਧਾਨਕ ਮੱਦ ਨਾਲ ਨਹੀਂ ਆਉਂਦੀ ਜੋ ਤੁਸੀਂ ਹੋਰ ਲੋਕਾਂ ਉਪਰ ਥੋਪ ਹੀ ਸਕਦੇ ਹੋ।"

ਪਰ ਇੰਜ ਕਦੇ ਵਾਪਰਿਆ ਨਹੀਂ। 14 ਮਈ 1948 ਨੂੰ ਇੰਦਰਾ ਗਾਂਧੀ ਨੇ ਸ੍ਰੀਨਗਰ ਤੋਂ ਆਪਣੇ ਬਾਪ ਨੂੰ ਲਿਖਿਆ: "ਉਹ ਕਹਿੰਦੇ ਹਨ ਕਿ ਉਨ੍ਹਾਂ ਨੂੰ ਭਰੋਸਾ ਹੈ ਕਿ ਰਾਇਸ਼ੁਮਾਰੀ ਵਿਚ ਸ਼ੇਖ ਅਬਦੁੱਲਾ ਦੀ ਹੀ ਜਿੱਤ ਹੋਵੇਗੀ ਹੈ।" ਅਸਲ ਵਿਚ 1990 ਤੋਂ ਲੈ ਕੇ ਜੋ 'ਆਜ਼ਾਦੀ' ਦਾ ਨਾਅਰਾ ਸਾਡੇ ਕੰਨੀਂ ਪੈ ਰਿਹਾ ਹੈ, ਉਸ ਦਾ ਲੰਮਾ ਇਤਿਹਾਸ ਹੈ। ਲੋਕਾਂ ਦੀ ਐਸੀ ਤਾਂਘ ਨੂੰ ਕਦੇ ਵੀ ਕੁਚਲਿਆ ਨਹੀਂ ਜਾ ਸਕਦਾ।

# ਹਜੂਮ, ਜਮਹੂਰੀਅਤ ਅਤੇ ਭਾਰਤ

ਭਾਰਤ ਦੁਨੀਆ ਅੰਦਰ ਕਈ ਕਾਰਨਾਂ ਕਰਕੇ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਅੱਜ ਚਾਹੇ ਭਾਰਤ ਨੂੰ ਪਰਵਾਸ, ਬੇਰੁਜ਼ਗਾਰੀ, ਗੰਦਗੀ, ਫ਼ਿਰਕਾਪ੍ਰਸਤੀ, ਦੁਨੀਆ ਦੀ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼, ਭੀੜ ਦੀ ਹਿੰਸਾ, ਕੁਤਰਕੀ ਤੇ ਅਨਪੜ੍ਹ ਨੇਤਾਵਾਂ ਜਾਂ ਹਾਸ਼ੀਆਗਤ ਧਿਰਾਂ ਵਿਰੋਧੀ ਮਾਨਸਿਕਤਾ ਵਾਲੇ ਦੇਸ਼ ਵਜੋਂ ਜਾਣਿਆ ਜਾਂਦਾ ਹੈ ਲੇਕਿਨ ਹਾਲਾਤ ਸਦਾ ਅਜਿਹੇ ਨਹੀਂ ਸਨ। ਕੋਈ ਸਮਾਂ ਅਜਿਹਾ ਵੀ ਸੀ ਜਦੋਂ ਭਾਰਤ ਨੂੰ ਆਪਣੀਆਂ ਤਮਾਮ ਬੁਰਾਈਆਂ ਸਮੇਤ ਮਹਾਨ ਦੇਸ਼/ਧਰਤੀ ਹੋਣ ਦਾ ਮਾਣ ਪ੍ਰਾਪਤ ਸੀ। ਉਦੋਂ ਅੱਜ ਦੀਆਂ 'ਸੰਸਾਰ ਸ਼ਕਤੀਆਂ' ਭਾਰਤ ਦੀ ਧਾਕ ਮੰਨਦੀਆਂ ਸਨ। ਹੁਣ ਵੀ ਪੂਰੀ ਦੁਨੀਆ ਦੇ ਵਿਦਵਾਨ, ਖੋਜੀ ਅਤੇ ਚਿੰਤਕ ਮੰਨਦੇ ਹਨ ਕਿ ਭਾਰਤ ਦੁਨੀਆ ਦੀਆਂ ਸਭ ਤੋਂ ਪੁਰਾਣੀਆਂ ਵਿਕਸਿਤ ਸਭਿਆਤਾਵਾਂ ਵਿਚੋਂ ਇਕ ਪੁਰਾਤਨ ਸਭਿਅਤਾ ਦੀ ਧਰਤੀ ਹੈ ਜਿਹੜੀ ਦਰਸ਼ਨ, ਗਿਆਨ, ਚਿੰਤਨ ਅਤੇ ਕਲਾ ਨਾਲ ਮਾਲਾਮਾਲ ਹੈ।

ਸਰਬਜੀਤ

ਉਂਜ, ਦੁਨੀਆ ਦੀਆਂ ਸਭ ਤੋਂ ਪੁਰਾਣੀਆਂ ਵਿਕਸਿਤ ਸਭਿਆਤਾਵਾਂ ਵਿਚੋਂ ਗਿਣੀ ਜਾਂਦੀ ਭਾਰਤੀ ਸਭਿਅਤਾ ਦੇ 'ਅਖੌਤੀ ਉਤਰਾਧਿਕਾਰੀਆਂ' ਦੀ ਭੀੜ ਨੇ ਪਿਛਲੇ ਦਿਨਾਂ ਵਿਚ ਬੇਹੱਦ ਬਰਬਰਤਾ ਅਤੇ ਉਜੱਡਪੁਣੇ ਦਾ ਸਬੂਤ ਦਿੱਤਾ ਹੈ। ਜੋ ਕਸ਼ਮੀਰ ਵਿਚ ਹੋਇਆ ਹੈ, ਇਸ ਭੀੜ ਨੇ ਉਸ ਉਪਰ ਰੱਜ ਕੇ ਖੁਸ਼ੀ ਮਨਾਈ ਹੈ। ਅਜਿਹਾ ਕੁਝ ਵਾਪਰਦਾ ਦੇਖ ਕੇ ਹਰ ਸੰਵੇਦਨਸ਼ੀਲ ਸ਼ਖ਼ਸ ਉਤੇਜਿਤ ਹੋਵੇਗਾ ਲੇਕਿਨ ਇਹ ਸਭ ਪਹਿਲੀ ਵਾਰ ਨਹੀਂ ਹੋਇਆ। 'ਆਜ਼ਾਦੀ ਦੇ ਘਾਣ ਦੇ ਜਸ਼ਨ' ਦਾ ਇਤਿਹਾਸ ਸਦੀਆਂ ਪੁਰਾਣਾ ਹੈ। ਇਤਿਹਾਸ ਨੇ ਅੱਜ ਭੀੜ ਨੂੰ ਇੰਨੀ ਤਾਕਤ ਅਤੇ ਹੌਸਲਾ ਦਿੱਤਾ ਹੈ ਕਿ ਅੱਜ ਹਰ ਸਿਆਣਾ, ਸੰਵੇਦਨਸ਼ੀਲ ਅਤੇ ਚਿੰਤਨਸ਼ੀਲ ਸ਼ਖ਼ਸ ਚੁੱਪ ਰਹਿਣ ਲਈ ਮਜਬੂਰ ਹੈ। ਇਹ ਭੀੜ ਹੁਣ ਇੰਨੀ ਸਿਆਣੀ ਅਤੇ ਪ੍ਰਭਾਵਸ਼ਾਲੀ ਹੋ ਗਈ ਹੈ ਕਿ ਇਸ ਨੇ ਆਪਣੇ ਤੋਂ ਵੱਖਰੇ ਵਿਚਾਰ ਰੱਖਣ ਵਾਲਿਆਂ ਅਤੇ ਧਿਰਾਂ ਦੀ ਪਹਿਲਾਂ ਹੀ ਘੇਰਾਬੰਦੀ ਕਰ ਲਈ ਹੈ। ਇਸ ਘੇਰਾਬੰਦੀ ਰਾਹੀਂ ਭੀੜ ਲੋਕਾਂ ਦੇ ਕੰਮ ਕਰਨ ਦੀਆਂ ਥਾਵਾਂ ਤੋਂ ਲੈ ਕੇ ਘਰ-ਪਰਿਵਾਰ ਅਤੇ ਸੌਣ ਕਮਰਿਆਂ ਤੱਕ ਲਗਾਤਾਰ ਪਿੱਛਾ ਕਰਦੀ ਹੈ। ਇਸ ਭੀੜ ਦੀ ਲੜਾਈ ਦਾ ਇਕੋ-ਇਕ ਢੰਗ ਸਭ ਤੋਂ ਪਹਿਲਾਂ 'ਜੂਝ ਰਹੇ ਸ਼ਖ਼ਸ' ਨੂੰ ਘੇਰ ਕੇ 'ਇਕੱਲਾ ਕਰ ਦੇਣਾ' ਹੈ; ਇਸ ਤੋਂ ਬਾਅਦ ਉਹ ਇਕੱਲੇ ਸ਼ਖ਼ਸ ਨੂੰ 'ਮਾਨਸਿਕ ਤੌਰ 'ਤੇ ਥਕਾ ਕੇ' ਜਾਂ 'ਕੁੱਟ ਕੁੱਟ ਕੇ' ਖਤਮ ਕਰ ਦਿੰਦੀ ਹੈ।

ਮੰਨਿਆ ਜਾ ਰਿਹਾ ਹੈ ਕਿ ਭੀੜ ਦਾ ਅਜਿਹਾ ਕਰੂਪ ਚਿਹਰਾ ਪਹਿਲੀ ਵਾਰ ਸਾਹਮਣੇ ਆ ਰਿਹਾ ਹੈ ਲੇਕਿਨ ਇਹ ਸੱਚ ਨਹੀਂ ਹੈ ਕਿਉਂਕਿ 1947 ਵਿਚ ਹੋਈ ਦੇਸ਼ ਦੀ ਵੰਡ ਵੇਲੇ ਵੀ 'ਭੀੜ' ਨੇ ਭਰਵੀਂ ਹਾਜ਼ਰੀ ਲਵਾਈ ਸੀ। ਇਤਿਹਾਸ ਗਵਾਹ ਹੈ ਕਿ ਵੰਡ ਤੋਂ ਬਾਅਦ ਵੀ ਸਾਧਾਰਨ ਲੋਕ ਆਪਣੇ ਘਰਾਂ ਨੂੰ ਛੱਡਣਾ ਨਹੀਂ ਚਾਹੁੰਦੇ ਸਨ। ਉਨ੍ਹਾਂ ਲਈ ਆਪਣੇ ਘਰ, ਸ਼ਰੀਕੇ, ਭਾਈਚਾਰੇ ਅਤੇ ਧਰਤੀ ਨਵੇਂ ਬਣੇ ਦੇਸ਼ਾਂ ਤੋਂ ਵੱਧ ਮਹੱਤਵਪੂਰਨ ਸਨ। ਅਜਿਹੇ ਸਮੇਂ ਇਨ੍ਹਾਂ 'ਹਿੰਸਕ ਅਤੇ ਜਸ਼ਨ ਮਨਾ ਰਹੀਆਂ ਭੀੜਾਂ' ਨੇ ਹੀ ਲੋਕਾਂ ਨੂੰ ਬੇਘਰ ਅਤੇ ਰਿਫਿਊਜੀ ਹੋਣ ਲਈ ਮਜਬੂਰ ਕੀਤਾ ਸੀ। ਕਸ਼ਮੀਰ ਦੇ ਸਬੰਧ ਵਿਚ ਮਨਾਏ ਜਸ਼ਨਾਂ ਦੀ ਤੰਦ ਇਸ ਤੱਥ ਨਾਲ ਵੀ ਜੁੜਦੀ ਹੈ ਕਿ ਕਿਵੇਂ 1947 ਵਿਚ ਨਵੇਂ ਮੁਲਕ ਦੀ ਉਸਾਰੀ ਦੇ ਪਹਿਲੇ ਪੜਾਅ ਉਪਰ ਹੀ 'ਜਸ਼ਨ ਮਨਾ ਰਹੀ/ਹਿੰਸਕ ਭੀੜ' ਨੂੰ ਕਾਬੂ ਨਹੀਂ ਸੀ ਕੀਤਾ ਗਿਆ। ਉਸ ਸਮੇਂ ਭੀੜ ਨੂੰ ਕਾਬੂ ਕਰਨ ਦੀ ਗੱਲ ਤਾਂ ਛੱਡੋ, ਇਸ ਸਮੁੱਚੇ ਘਟਨਾਕ੍ਰਮ ਬਾਬਤ ਸਾਡੇ ਰਹਿਬਰਾਂ ਨੇ ਆਮ ਕਰਕੇ ਕਦੇ ਕੋਈ ਸੰਵੇਦਨਸ਼ੀਲ ਅਤੇ ਜ਼ਿੰਮੇਵਾਰਾਨਾ ਬਿਆਨ ਤੱਕ ਨਹੀਂ ਦਿੱਤਾ। ਅੱਜ ਵੀ ਪੰਦਰਾਂ ਅਗਸਤ ਜਾਂ ਛੱਬੀ ਜਨਵਰੀ ਦੇ ਉਤਸਵਾਂ ਵਿਚ ਆਜ਼ਾਦੀ ਮਿਲਣ ਸਮੇਂ 1947 ਦੀਆਂ 'ਹਿੰਸਕ/ਜਸ਼ਨ ਵਾਲੀਆਂ ਭੀੜਾਂ' ਦੇ ਤਸ਼ੱਦਦ ਦਾ ਸ਼ਿਕਾਰ ਲੋਕਾਂ ਦਾ ਜ਼ਿਕਰ ਤੱਕ ਨਹੀਂ ਹੁੰਦਾ, ਉਨ੍ਹਾਂ ਤੋਂ ਮੁਆਫੀ ਮੰਗਣੀ ਤਾਂ ਬਹੁਤ ਦੂਰ ਦੀ ਗੱਲ ਰਹੀ। ਅਜਿਹੀਆਂ ਸੰਵੇਦਨਸ਼ੀਲ ਪਹਿਲਕਦਮੀਆਂ ਤਾਂ ਨਵੇਂ ਬਣੇ ਮੁਲਕ ਵਿਚ ਆਉਣ ਵਾਲੀਆਂ ਪੀੜ੍ਹੀਆਂ ਨੇ ਸੰਵੇਦਨਸ਼ੀਲਤਾ, ਦਿਆਨਤਦਾਰੀ ਅਤੇ ਸਹਿਹੋਂਦ ਵਰਗੇ ਲੋਕਤੰਤਰ ਦੇ ਆਧਾਰੀ ਨਿਯਮਾਂ ਦਾ ਸਬਕ ਸਿੱਖਣਾ ਸੀ ਲੇਕਿਨ ਸਪਸ਼ਟ ਤੌਰ ਤੇ ਅਸੀਂ ਇਸ ਵਿਚ ਬੁਰੀ ਤਰ੍ਹਾਂ ਫੇਲ੍ਹ ਰਹੇ ਹਾਂ।

ਸੰਖੇਪ ਵਿਚ ਜਿਸ ਦੇਸ਼ ਦੀ ਆਜ਼ਾਦੀ ਦਾ ਫੈਸਲਾ ਹਿੰਸਕ ਤੇ ਬੇਕਾਬੂ ਭੀੜਾਂ ਰਾਹੀਂ ਮਚਾਈ ਬਰਬਰਤਾ ਦੇ ਸਿਰ ਉਪਰ ਹੋਇਆ ਹੋਵੇ, ਉਸ ਦੇਸ਼ ਤੋਂ ਅੱਜ ਤੁਸੀਂ ਕਸ਼ਮੀਰ ਜਾਂ ਅਜਿਹੇ ਕਿਸੇ ਵੀ ਮਸਲੇ ਉਪਰ 'ਸੰਵੇਦਨਸ਼ੀਲਤਾ' ਦੀ ਉਮੀਦ ਕਿਵੇਂ ਕਰ ਸਕਦੇ ਹੋ? ਇਸ ਤਰ੍ਹਾਂ ਅੱਜ ਹਰ ਜਗ੍ਹਾ ਦਿਖਾਈ ਦੇਣ ਵਾਲੀ 'ਹਿੰਸਕ/ਜਸ਼ਨਾਂ ਵਾਲੀ ਭੀੜ' ਦਾ 'ਬੀਜ' 1947 ਵਿਚ ਹੀ ਬੀਜਿਆ ਜਾ ਚੁੱਕਾ ਸੀ ਜਿਸ ਨੇ 'ਆਜ਼ਾਦੀ ਦੇ ਜਸ਼ਨ ਮੌਕੇ ਹੀ ਲੋਕਾਂ ਤੋਂ ਘਰਾਂ, ਮੁਹੱਲਿਆਂ, ਭਾਈਚਾਰਿਆਂ ਅਤੇ ਦੇਸ਼ਾਂ ਅੰਦਰ ਰਹਿਣ ਦੀ 'ਆਜ਼ਾਦੀ ਧੱਕੇ ਨਾਲ ਖੋਹ ਲਈ' ਸੀ। ਉਸ ਸਮੇਂ ਤੋਂ ਹੀ 'ਧੱਕਾ ਅਤੇ ਧੱਕੇ ਦਾ ਜਸ਼ਨ' ਆਧੁਨਿਕ ਭਾਰਤ ਦਾ ਬਿਨਾ ਲਿਖਿਆ 'ਮੁਕੱਦਸ ਕਾਨੂੰਨ' ਬਣ ਗਿਆ।

ਇਸ ਸਬੰਧ ਵਿਚ ਸਭ ਤੋਂ ਮਹੱਤਵਪੂਰਨ ਹੈ ਕਿ ਜਸ਼ਨਾਂ ਵਾਲੀ/ਹਿੰਸਕ ਭੀੜ ਦਾ ਕੋਈ ਇਕ ਚਿਹਰਾ, ਇਕ ਪਛਾਣ ਜਾਂ ਇਕ ਉਦੇਸ਼ ਨਹੀਂ ਹੈ। ਇਹ ਅਲੱਗ ਅਲੱਗ ਰੂਪਾਂ ਵਿਚ, ਅਲੱਗ ਅਲੱਗ ਥਾਵਾਂ ਉਪਰ, ਅਲੱਗ ਅਲੱਗ ਕਾਰਨਾਂ ਕਰਕੇ ਜਸ਼ਨ ਮਨਾਉਂਦੀਆਂ ਹਨ। ਕਈ ਵਾਰ ਇਹ ਭੀੜਾਂ ਵਿਚਾਰਧਾਰਕ ਤੌਰ ਤੇ ਵਿਰੋਧੀ ਵੀ ਹੁੰਦੀਆਂ ਹਨ। ਇਸ ਸਭ ਕੁਝ ਦੇ ਬਾਵਜੂਦ ਇਨ੍ਹਾਂ ਵਿਚ ਪ੍ਰਤੱਖ ਅਤੇ ਗਹਿਰੀ ਸਾਂਝ ਹੈ ਜਿਸ ਦਾ ਆਧਾਰ ਕੇਵਲ 'ਦੂਜਿਆਂ ਦੀ ਆਜ਼ਾਦੀ ਦੇ ਘਾਣ' ਦਾ ਜਸ਼ਨ ਹੈ। ਇਹ ਫਿਰ ਹਰਿਮੰਦਰ ਸਾਹਿਬ ਉਪਰ ਹਮਲਾ ਹੋਵੇ ਜਾਂ ਬਾਬਰੀ ਮਸਜਿਦ ਦਾ ਗਿਰਾਇਆ ਜਾਣਾ, 'ਭੀੜ' ਹਮੇਸ਼ਾ ਜਸ਼ਨ ਮਨਾਉਂਦੀ ਦਿਖਾਈ ਦਿੰਦੀ ਹੈ। ਇੰਨਾ ਹੀ ਨਹੀਂ, ਜਦ ਦਿੱਲੀ ਵਿਚ ਸਿੱਖ ਕਤਲੇਆਮ ਹੋਇਆ ਤਾਂ ਇਸੇ ਭੀੜ ਨੇ ਜਸ਼ਨ ਮਨਾਇਆ।

ਦੂਜੇ ਪਾਸੇ ਪੰਜਾਬ ਵਿਚ ਹਿੰਦੂਆਂ ਦੇ ਕਤਲ ਸਮੇਂ ਵੀ 'ਭੀੜ' ਖੁਸ਼ੀ ਵਿਚ ਫੁੱਲੀ ਨਹੀਂ ਸਮਾਈ। ਇਸੇ ਤਰ੍ਹਾਂ ਜਦ ਗੁਜਰਾਤ ਵਿਚ ਕਤਲ ਹੋਏ, ਔਰਤਾਂ ਨਾਲ ਬਲਾਤਕਾਰ ਹੋਏ, ਅੱਗਜ਼ਨੀ ਹੋਈ, ਉਦੋਂ ਵੀ 'ਭੀੜ' ਜਸ਼ਨ ਮਨਾ ਰਹੀ ਸੀ। ਕਿਸੇ ਆਜ਼ਾਦ ਦੇਸ਼ ਅੰਦਰ ਜਦੋਂ ਇਕ ਸ਼ਖ਼ਸ ਨੂੰ ਅਤਿਵਾਦੀ ਕਹਿ ਕੇ ਬਿਨਾ ਕਿਸੇ ਠੋਸ ਸਬੂਤ ਦੇ ਬਹੁਗਿਣਤੀ/ਭੀੜ ਦੀ ਸੰਤੁਸ਼ਟੀ ਲਈ ਫਾਂਸੀ ਲਾ ਦਿੱਤਾ ਜਾਂਦਾ ਹੈ ਤਾਂ ਤੁਸੀਂ ਦੱਸੋ ਭੀੜ ਜਸ਼ਨ ਕਿਉਂ ਨਾ ਮਨਾਏ? ਯੂਨੀਵਰਸਿਟੀਆਂ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਜਦ 'ਭੀੜ' ਕਾਨੂੰਨੀ ਰੂਪ ਵਿਚ ਦੋਸ਼ੀ ਸਾਬਿਤ ਨਾ ਹੋਣ ਦੇ ਬਾਵਜੂਦ ਟੀਵੀ ਤੇ ਇੰਟਰਨੈਟ ਰਾਹੀਂ ਦੋਸ਼ੀ ਸਾਬਿਤ ਕਰ ਦਿੰਦੀ ਹੈ ਤਾਂ ਆਧੁਨਿਕਤਾ, ਲੋਕਤੰਤਰ, ਨਿਆਂ-ਵਿਵਸਥਾ ਸਭ ਬੇਮਾਅਨੇ ਹੋ ਜਾਂਦੇ ਹਨ।

ਪਿਛਲੇ ਸਮਿਆਂ ਵਿਚ ਜਦ ਖੁਦਕੁਸ਼ੀਆਂ ਦੇ ਮੂੰਹ ਜਾਣ ਤੋਂ ਇਨਕਾਰੀ ਹੋਏ ਲੱਖਾਂ ਅੰਨਦਾਤੇ/ਕਿਸਾਨ ਕਿਸੇ ਆਸ ਨਾਲ ਭੁੱਖੇ ਢਿੱਡ ਤੇ ਨੰਗੇ ਪੈਰੀਂ ਰਾਜਧਾਨੀਆਂ ਵੱਲ ਵਧੇ ਪਰ ਖਾਲੀ ਹੱਥ ਨਿਰਾਸ਼ੇ ਪਰਤੇ, ਉਦੋਂ ਵੀ ਭੀੜ 'ਹਿੰਦੂ ਸਰਕਾਰ/ਰਾਸ਼ਟਰ' ਬਣਨ/ਬਣਾਉਣ ਦੇ ਜਸ਼ਨਾਂ ਵਿਚ ਮਸਤ ਸੀ। ਇਹ ਇਤਿਹਾਸਕ ਤੌਰ ਤੇ 'ਨੀਰੋ ਦੇ ਬੰਸਰੀ ਬਜਾਉਣ' ਜਿੰਨੀ ਕੋਫਤ ਭਰੀ ਗੱਲ ਹੈ। ਇਸੇ ਤਰ੍ਹਾਂ ਭਾਰਤੀ ਫੌਜ/ਪੁਲਿਸ ਖਿਲਾਫ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚੋਂ ਆਵਾਜ਼ਾਂ ਉਠ ਰਹੀਆਂ ਸਨ ਪਰ ਅੰਨ੍ਹੀ-ਗੂੰਗੀ-ਬੋਲੀ ਭੀੜ ਫੌਜ/ਪੁਲਿਸ ਦੀ ਤਾਕਤ ਦਾ ਜਸ਼ਨ ਮਨਾਉਣ ਵਿਚ ਮਸ਼ਗੂਲ ਸੀ।

ਕਸ਼ਮੀਰ ਵਿਚ ਫੌਜੀ ਅਫਸਰ ਸਥਾਨਕ ਸ਼ਖ਼ਸ ਨੂੰ ਗੱਡੀ ਅੱਗੇ ਬੰਨ੍ਹ ਕੇ ਉਸ ਦਾ 'ਜਲੂਸ' ਕੱਢਦਾ ਹੈ ਅਤੇ ਭੀੜ ਸ਼ਾਬਾਸ਼ੀ ਦੇ ਰਹੀ ਹੈ। ਇਹੀ ਮਾਨਸਿਕਤਾ ਪੰਚਕੂਲਾ ਵਿਚ ਮਰਨ ਵਾਲਿਆਂ ਤੋਂ ਸ਼ਖ਼ਸ ਹੋਣ ਦਾ ਹੱਕ ਖੋਹ ਕੇ ਉਨ੍ਹਾਂ ਨੂੰ ਕੇਵਲ 'ਪ੍ਰੇਮੀ' ਤੱਕ ਸੀਮਤ ਕਰ ਦਿੰਦੀ ਹੈ। ਇਸ ਭੀੜ ਨੇ ਸਾਹਿਤਕਾਰਾਂ, ਪੱਤਰਕਾਰਾਂ, ਸਮਾਜਿਕ ਕਾਰਕੁਨਾਂ ਦੇ ਕਤਲ ਤੇ ਸ਼ਰੇਆਮ ਜਸ਼ਨ ਮਨਾਏ, ਬਲਾਤਕਾਰੀਆਂ ਨੂੰ ਸਨਮਾਨਿਤ ਕੀਤਾ, ਕਿਸੇ ਕਲਾਕਾਰ ਔਰਤ ਦਾ ਨੱਕ ਵੱਢ ਕੇ ਲਿਆਉਣ ਉਪਰ ਇਨਾਮ ਰੱਖਿਆ ਅਤੇ ਹਰ ਵਿਰੋਧੀ ਨੂੰ ਦੇਸ਼ ਛੱਡ ਕੇ ਜਾਣ ਦੇ ਫਰਮਾਨ ਜਾਰੀ ਕੀਤਾ ਲੇਕਿਨ ਕਿਸੇ ਕਾਨੂੰਨ-ਵਿਵਸਥਾ ਨੇ ਕੋਈ ਕਾਰਵਾਈ ਨਹੀਂ ਕੀਤੀ।

ਕੀ ਤੁਸੀਂ ਇਸ ਸਭ ਤੋਂ ਭੀੜ ਦੀ ਤਾਕਤ ਅਤੇ ਮਾਨਸਿਕਤਾ ਦਾ ਅੰਦਾਜ਼ਾ ਲਾ ਸਕਦੇ ਹੋ? ਸ਼ਾਇਦ ਹਾਂ, ਕਿਉਂਕਿ ਇਹ ਭੀੜ ਕਿਤੇ ਹੋਰ ਨਹੀਂ ਹੈ। ਇਹ ਮੈਂ ਤੇ ਤੁਸੀਂ ਹੋ। ਅਸੀਂ ਭੀੜ ਹਾਂ। ਸਾਡੇ ਵਡੇਰਿਆਂ ਨੇ ਪਹਿਲਾਂ ਭੀੜ ਦੀ ਤਾਕਤ ਦਾ ਅੰਦਾਜ਼ਾ ਨਹੀਂ ਲਾਇਆ ਅਤੇ ਸ਼ਾਇਦ ਹੁਣ ਸਾਡੇ ਅੰਦਰ ਅਤੇ ਨੇੜੇ-ਤੇੜੇ ਪਸਰੀ ਭੀੜ ਦੀ ਪਛਾਣ ਨਹੀਂ ਹੋ ਰਹੀ। ਜੇਕਰ ਧਿਆਨ ਨਾਲ ਸੁਣੀਏ ਤਾਂ ਸਾਡੇ ਸਭ ਦੇ ਅੰਦਰ ਸਾਡੀ ਸੁਭਾਵਨ ਨਿਵੇਕਲੀ ਸੋਚ ਨਾਲੋਂ ਵਧੇਰੇ 'ਭੀੜ ਦਾ ਸ਼ੋਰ' ਹੈ। ਇਸ ਲਈ ਅੱਜ ਦੀ ਮੁੱਖ ਲੋੜ 'ਆਪਣੀ ਸਮਝ' ਅਤੇ 'ਭੀੜ ਦੇ ਸ਼ੋਰ' ਵਿਚਾਲੇ ਅੰਤਰ ਕਰਨ ਦੀ ਸਮਰੱਥਾ ਨੂੰ ਪੈਦਾ ਕਰਨਾ ਹੈ।

ਅੱਜ ਜੋ ਹਾਲਾਤ ਭਾਰਤ ਅੰਦਰ ਬਣੇ ਹੋਏ ਹਨ, ਉਸ ਦਰਮਿਆਨ ਸਾਡੇ ਸਾਹਮਣੇ ਕੇਵਲ ਦੋ ਰਾਹ ਹਨ। ਅੱਜ ਜੇਕਰ ਅਸੀਂ ਭੀੜ ਦੇ ਖਿਲਾਫ ਨਹੀਂ ਹਾਂ ਤਾਂ ਸਪੱਸ਼ਟ ਤੌਰ 'ਤੇ ਅਸੀਂ ਇਸ ਦਾ ਹਿੱਸਾ ਹਾਂ। ਸਾਡੇ ਸਮਾਜ ਨੂੰ ਚੋਣ ਕਰਨ ਦੀ ਅਜਿਹੀ ਘਟੀਆ ਹਾਲਤ ਤੱਕ ਲੈ ਕੇ ਆਉਣ ਲਈ ਸਾਡੇ ਵਡੇਰਿਆਂ ਸਮੇਤ ਸਾਨੂੰ ਸਭ ਨੂੰ ਸ਼ਰਮਿੰਦਾ ਹੋਣਾ ਚਾਹੀਦਾ ਹੈ। ਭਾਰਤ ਦੀ ਆਜ਼ਾਦੀ ਨੂੰ ਅਜੇ ਸੌ ਸਾਲ ਵੀ ਪੂਰੇ ਨਹੀਂ ਹੋਏ। ਇਸ ਸੂਰਤ ਵਿਚ ਆਪਣੇ ਹੀ ਲੋਕਾਂ ਦੀਆਂ ਸ਼ਹਿਰੀ ਆਜ਼ਾਦੀਆਂ ਦਾ ਵਾਰ ਵਾਰ ਘਾਣ ਕਰਨਾ ਸ਼ਰਮਸਾਰ ਕਰਨ ਵਾਲਾ ਹੈ। ਲੋਕਤੰਤਰ ਅੰਦਰ ਅਧਿਕਾਰਾਂ ਦੀ ਅਸੀਮਤਾ ਅਤੇ ਫਰਜ਼ਾਂ ਦੀ ਬੇਮੁਖਤਾ ਭੀੜਤੰਤਰ ਅਤੇ ਅਰਾਜਕਤਾ ਨੂੰ ਜਨਮ ਦਿੰਦੀ ਹੈ।

ਮੌਜੂਦਾ ਹਾਲਾਤ ਦੇ ਮੱਦੇਨਜ਼ਰ ਅਸੀਂ ਅਜਿਹੇ ਹਾਲਾਤ ਵੱਲ ਤੇਜ਼ੀ ਨਾਲ ਵਧ ਰਹੇ ਹਾਂ, ਜਦ ਕਾਨੂੰਨ ਅਤੇ ਵਿਵਸਥਾ ਦੇ ਅਸੰਤੁਲਨ ਨਾਲ ਜਮਹੂਰੀਅਤ ਨੂੰ ਵੱਡਾ ਖੋਰਾ ਲੱਗੇਗਾ। ਅਜਿਹਾ ਕਰਨ ਲਈ ਲੋਕਾਂ ਦੀ ਚੇਤਨਾ ਨੂੰ ਲਗਾਤਾਰ 'ਖੁੰਢੀ' ਕਰਕੇ 'ਸਿਸਟਮ ਬਨਾਮ ਚੇਤਨ ਲੋਕਾਂ ਦੀ ਲੜਾਈ' ਨੂੰ 'ਚੇਤਨ ਲੋਕਾਂ ਬਨਾਮ ਭੀੜ ਦੀ ਲੜਾਈ' ਵਿਚ ਤਬਦੀਲ ਕਰ ਦਿੱਤਾ ਗਿਆ ਹੈ।

# ਮੁੱਖ ਮੰਤਰੀ ਵੱਲੋਂ ਜੰਗ-ਏ-ਆਜ਼ਾਦੀ ਯਾਦਗਾਰ ਦਾ ਤੀਜਾ ਪੜਾਅ ਦੇਸ਼ ਨੂੰ ਸਮਰਪਿਤ

**ਕਰਤਾਰਪੁਰ (ਜਲੰਧਰ):** ਦੇਸ਼ ਦੀ ਆਜ਼ਾਦੀ ਦੇ ਸੰਘਰਸ਼ 'ਚ ਪੰਜਾਬੀਆਂ ਵੱਲੋਂ ਪਾਏ ਗਏ ਯੋਗਦਾਨ ਨੂੰ ਬੇਹੱਦ ਭਾਵਪੂਰਨ ਤਰੀਕੇ ਨਾਲ ਰੂਪਮਾਨ ਕਰਦੀ ਜੰਗ-ਏ-ਆਜ਼ਾਦੀ ਯਾਦਗਾਰ ਦੇ ਤੀਸਰੇ ਪੜਾਅ ਦਾ ਉਦਘਾਟਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੀਤਾ ਗਿਆ।

ਯਾਦਗਾਰ ਦਾ ਇਹ ਤੀਸਰਾ ਪੜਾਅ ਜਲ੍ਹਿਆਂਵਾਲਾ ਬਾਗ ਦੇ ਸਾਕੇ ਦੀ ਸ਼ਤਾਬਦੀ ਅਤੇ ਸੈਲੂਲਰ ਜੇਲ੍ਹ (ਕਾਲੇ ਪਾਣੀ) ਦੇ ਸ਼ਹੀਦਾਂ ਨੂੰ ਸਮਰਪਿਤ ਕੀਤਾ ਗਿਆ ਹੈ ਤੇ ਇਤਿਹਾਸ ਦੀਆਂ ਇਨ੍ਹਾਂ ਦੋਵਾਂ ਹੌਲਨਾਕ ਘਟਨਾਵਾਂ ਨੂੰ ਹੋਲੋਗ੍ਰਾਫਿਕ ਤਕਨੀਕ ਨਾਲ ਬਹੁਤ ਹੀ ਭਾਵਪੂਰਨ ਢੰਗ ਨਾਲ ਪ੍ਰਦਰਸ਼ਿਤ ਕੀਤਾ ਗਿਆ ਹੈ। ਇਸ ਮੌਕੇ ਕਰਵਾਏ ਗਏ ਇਕ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਉਨ੍ਹਾਂ ਇਹ ਯਾਦਗਾਰ ਦੇਸ਼ ਵਾਸੀਆਂ ਨੂੰ ਸਮਰਪਿਤ ਕਰਦਿਆਂ ਕਿਹਾ ਕਿ ਦੇਸ਼ ਦੀ ਆਜ਼ਾਦੀ 'ਚ ਪੰਜਾਬੀਆਂ ਦਾ ਯੋਗਦਾਨ ਬੇਮਿਸਾਲ ਹੈ ਤੇ ਇਹ ਯਾਦਗਾਰ ਅਜਿਹੇ ਦੇਸ਼ ਭਗਤਾਂ ਨੂੰ ਸੱਚੀ ਸ਼ਰਧਾਂਜਲੀ ਹੈ, ਜਿਨ੍ਹਾਂ ਨੇ ਦੇਸ਼ ਦੀ ਖਾਤਰ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ।

ਉਨ੍ਹਾਂ ਕਿਹਾ ਕਿ ਯਾਦਗਾਰ ਵਿਚਲੀਆਂ ਵੱਖ-ਵੱਖ ਗੈਲਰੀਆਂ 'ਚ ਆਜ਼ਾਦੀ ਸੰਘਰਸ਼ ਲਈ ਚੱਲੀਆਂ ਵੱਖ-ਵੱਖ ਲਹਿਰਾਂ ਨੂੰ ਅਤਿ ਆਧੁਨਿਕ ਸੂਚਨਾ ਤਕਨੀਕ ਦੀ ਮਦਦ ਨਾਲ ਬਹੁਤ ਹੀ ਭਾਵਪੂਰਨ ਢੰਗ ਨਾਲ ਪੇਸ਼ ਕੀਤਾ ਗਿਆ ਹੈ, ਜਿਨ੍ਹਾਂ




ਨੂੰ ਦੇਖ ਕੇ ਹਰ ਕੋਈ ਭਾਵੁਕ ਹੋ ਜਾਂਦਾ ਹੈ ਤੇ ਅੱਜ ਉਹ ਖੁਦ ਵੀ ਆਪਣੇ ਜਜ਼ਬਾਤ 'ਤੇ ਕਾਬੂ ਨਹੀਂ ਰੱਖ ਸਕੇ। ਉਨ੍ਹਾਂ ਕਿਹਾ ਕਿ ਆਜ਼ਾਦੀ ਦੇ ਪਰਵਾਨਿਆਂ ਨੇ ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਜੋ ਤਸੀਹੇ ਝੱਲੇ, ਉਨ੍ਹਾਂ ਨੂੰ ਦੇਖ ਕੇ ਅੱਜ ਵੀ ਰੂਹ ਕੰਬ ਜਾਂਦੀ ਹੈ ਤੇ ਉਨ੍ਹਾਂ ਦੀ ਬੜੇ ਚਿਰ ਦੀ ਇਹ ਤਮੰਨਾ ਸੀ ਕਿ ਅਜਿਹੇ ਦੇਸ਼ ਭਗਤਾਂ ਦੀ ਕੋਈ ਅਜਿਹੀ ਯਾਦਗਾਰ ਬਣਾਈ ਜਾਵੇ, ਜਿਥੇ ਲੋਕ ਆ ਕੇ ਨਾ ਕੇਵਲ ਇਨ੍ਹਾਂ ਸ਼ਹੀਦਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕਰ ਸਕਣ, ਬਲਕਿ ਨੌਜਵਾਨ ਪੀੜ੍ਹੀ ਵੀ ਪੰਜਾਬੀਆਂ ਦੇ ਗੌਰਵਮਈ ਇਤਿਹਾਸ ਤੋਂ ਸੇਧ ਲੈ ਸਕੇ ਤੇ ਅੱਜ ਉਨ੍ਹਾਂ ਦਾ ਇਹ ਸੁਪਨਾ ਪੂਰਾ ਹੋ ਸਕਿਆ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਸ ਯਾਦਗਾਰ 'ਚ ਆਉਣ ਵਾਲਾ ਹਰ ਵਿਅਕਤੀ ਇਥੋਂ ਕੁਝ ਨਾ ਕੁਝ ਲੈ ਕੇ ਜਾਵੇਗਾ ਅਤੇ ਇਸ ਦਾ ਪ੍ਰਭਾਵ ਉਸ ਦੀ ਸਾਰੀ ਜ਼ਿੰਦਗੀ 'ਤੇ ਬਣਿਆ ਰਹੇਗਾ। ਉਨ੍ਹਾਂ ਮੰਚ 'ਤੇ ਮੌਜੂਦ ਤਕਨੀਕੀ ਸਿੱਖਿਆ, ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਦੇ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਕਿਹਾ ਕਿ ਉਹ ਸਕੂਲੀ ਬੱਚਿਆਂ ਨੂੰ ਇਹ ਯਾਦਗਾਰ ਦਿਖਾਉਣ ਲਈ ਵਿਆਪਕ ਪ੍ਰੋਗਰਾਮ ਉਲੀਕਣ। ਇਸ ਮੌਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਰਿਮੋਟ ਕੰਟਰੋਲ ਨਾਲ ਇਥੋਂ ਹੀ ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ 'ਚ 265.15 ਕਰੋੜ ਰੁਪਏ ਦੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦਾ ਵੀ ਉਦਘਾਟਨ ਕੀਤਾ। ਉਨ੍ਹਾਂ ਦੇ ਸੰਬੋਧਨ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਵੱਖ-ਵੱਖ ਸਮਾਗਮਾਂ 'ਚ ਹਾਜ਼ਰ ਵੱਡੀ ਗਿਣਤੀ ਲੋਕਾਂ ਵੱਲੋਂ ਬਹੁਤ ਹੀ ਗੰਭੀਰਤਾ ਨਾਲ ਸੁਣਿਆ ਗਿਆ।

ਇਸ ਮੌਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਅੱਜ ਨੌਜਵਾਨ ਪੀੜ੍ਹੀ ਆਪਣੇ ਵਿਰਸੇ ਅਤੇ ਇਤਿਹਾਸ ਨੂੰ ਭੁੱਲਦੀ ਜਾ ਰਹੀ ਹੈ ਤੇ ਅਜਿਹੇ 'ਚ ਵਿਰਾਸਤ-ਏ- ਖ਼ਾਲਸਾ, ਵਾਰ ਮਿਊਜ਼ੀਅਮ ਅਤੇ ਜੰਗ-ਏ-ਆਜ਼ਾਦੀ ਵਰਗੀਆਂ ਯਾਦਗਾਰਾਂ ਹੀ ਨੌਜਵਾਨਾਂ ਨੂੰ ਆਪਣੇ ਗੌਰਵਮਈ ਵਿਰਸੇ ਅਤੇ ਇਤਿਹਾਸ ਨਾਲ ਜੋੜਨ 'ਚ ਅਹਿਮ ਯੋਗਦਾਨ ਪਾ ਸਕਦੀਆਂ ਹਨ। ਉਨ੍ਹਾਂ ਸੈਲੂਲਰ ਜੇਲ੍ਹ ਦੇ ਕੀਤੇ ਆਪਣੇ ਦੌਰੇ ਨੂੰ ਯਾਦ ਕਰਦੇ ਹੋਏ ਕਿਹਾ ਕਿ ਉਥੇ ਲਿਖੇ ਸ਼ਹੀਦਾਂ ਦੇ ਨਾਂਵਾਂ ਤੋਂ ਉਹ ਖੁਦ ਵਾਕਫ ਨਹੀਂ ਸਨ ਤੇ ਉਸ ਸਮੇਂ ਹੀ ਉਨ੍ਹਾਂ ਨੇ ਇਹ ਪ੍ਰਣ ਕੀਤਾ ਸੀ ਕਿ ਕਾਲੇ ਪਾਣੀ, ਜਿਥੇ ਇਕ ਵਾਰ ਗਿਆ ਬੰਦਾ ਜ਼ਿੰਦਾ ਵਾਪਸ ਨਹੀਂ ਸੀ ਆਉਂਦਾ ਵਰਗੀਆਂ ਸਜ਼ਾਵਾਂ ਕੱਟਣ ਵਾਲੇ ਸ਼ਹੀਦਾਂ ਦੀ ਕੋਈ ਅਜਿਹੀ ਯਾਦਗਾਰ ਬਣੇ, ਜਿਥੇ ਉਨ੍ਹਾਂ 'ਤੇ ਢਾਹੇ ਗਏ ਜ਼ੁਲਮ ਅਤੇ ਤਸ਼ੱਦਦ ਨੂੰ ਬਿਆਨ ਕਰੇ, ਤਾਂ ਜੋ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਇਹ ਪਤਾ ਲੱਗ ਸਕੇ ਕਿ ਜਿਸ ਆਜ਼ਾਦੀ ਦਾ ਅੱਜ ਉਹ ਨਿੱਘ ਮਾਣ ਰਹੇ ਹਨ, ਉਸ ਨੂੰ ਹਾਸਲ ਕਰਨ ਲਈ ਆਜ਼ਾਦੀ ਪਰਵਾਨਿਆਂ ਨੂੰ ਕਿਸ ਤਰ੍ਹਾਂ ਦੀਆਂ ਮੁਸੀਬਤਾਂ ਝੱਲਣੀਆਂ ਪਈਆਂ ਸਨ ਤੇ ਕੁਰਬਾਨੀਆਂ ਦੇਣੀਆਂ ਪਈਆਂ ਸਨ। ਉਨ੍ਹਾਂ ਨੌਜਵਾਨਾਂ 'ਚ ਪੁਸਤਕਾਂ ਪੜ੍ਹਨ ਦੇ ਘੱਟ ਰਹੇ ਰੁਝਾਨ ਨੂੰ ਦੇਖਦੇ ਹੋਏ ਯਾਦਗਾਰ 'ਚ ਬਣਾਈ ਜਾ ਰਹੀ ਲਾਇਬ੍ਰੇਰੀ ਦਾ ਡਿਜ਼ੀਟੀਲਾਈਜੇਸ਼ਨ ਕੀਤੇ ਜਾਣ ਦਾ ਸੁਝਾਅ ਵੀ ਦਿੱਤਾ।

# ਕੈਪਟਨ ਸਰਕਾਰ ਨੇ ਢਾਈ ਸਾਲ ਦੀ ਹਕੂਮਤ ਪਿਛੋਂ ਵੀ ਨਾ ਦਿੱਤਾ ਮੁਲਾਜ਼ਮਾਂ ਨੂੰ ਕੋਈ ਰਾਹ

**ਚੰਡੀਗੜ੍ਹ:** ਵੱਡੇ ਵਾਅਦੇ ਕਰ ਕੇ ਸੱਤਾ ਵਿਚ ਆਈ ਪੰਜਾਬ ਦੀ ਕੈਪਟਨ ਸਰਕਾਰ ਨੇ ਆਪਣੇ 28 ਮਹੀਨਿਆਂ ਦਾ ਕਾਰਜਕਾਲ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਕੋਈ ਰਾਹ ਨਹੀਂ ਦਿੱਤਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਹੁਣ ਤੱਕ ਦੇ ਰਾਜ ਦੌਰਾਨ ਮੁਲਾਜ਼ਮ ਜਥੇਬੰਦੀਆਂ ਨੂੰ ਮਹਿਜ਼ ਦਰਜਨਾਂ ਮੀਟਿੰਗਾਂ ਦੀਆਂ ਤਰੀਕਾਂ ਹੀ ਦਿੱਤੀਆਂ ਹਨ ਪਰ ਪੱਲੇ ਕੁਝ ਨਹੀਂ ਪਾਇਆ।

ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਦੀ ਗੱਦੀ ਉਪਰ ਬਿਰਾਜਮਾਨ ਹੁੰਦਿਆਂ ਹੀ ਮੁਲਾਜ਼ਮਾਂ ਦੀਆਂ ਸਾਰੀਆਂ ਮੰਗਾਂ ਵਿੱਤੀ ਸੰਕਟ ਦੀ ਆੜ ਹੇਠ ਠੰਢੇ ਬਸਤੇ ਵਿਚ ਪਾ ਦਿੱਤੀਆਂ ਸਨ। ਇਸ ਤਹਿਤ 6ਵੇਂ ਤਨਖਾਹ ਕਮਿਸ਼ਨ ਦੀ ਮਿਆਦ ਦਸੰਬਰ 2019 ਤੱਕ ਵਧਾ ਕੇ ਅਸਿੱਧੇ ਢੰਗ ਨਾਲ ਕਮਿਸ਼ਨ ਨੂੰ ਖੂਹ-ਖਾਤੇ ਪਾ ਦਿੱਤਾ ਹੈ। ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ ਮੁਲਾਜ਼ਮਾਂ ਦੀਆਂ 22% ਡੀਏ ਦੀਆਂ ਬਣਦੀਆਂ 5 ਕਿਸ਼ਤਾਂ 'ਚੋਂ ਸਿਰਫ ਦੋ ਕਿਸ਼ਤਾਂ ਹੀ ਦਿੱਤੀਆਂ ਹਨ। ਡੀਏ ਦਾ ਕਈ ਮਹੀਨਿਆਂ ਦਾ ਬਕਾਇਆ ਦੇਣ ਬਾਰੇ ਤਾਂ ਸਰਕਾਰ ਭੁੱਲ ਗਈ ਜਾਪਦੀ ਹੈ। ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਨਹੀਂ ਕੀਤਾ ਗਿਆ ਤੇ ਹੋਰ ਮੰਗਾਂ ਵੀ ਦੱਬੀਆਂ ਪਈਆਂ ਹਨ।

ਪੰਜਾਬ ਤੇ ਯੂਟੀ ਮੁਲਾਜ਼ਮ ਅਤੇ ਪੈਨਸ਼ਨਰਜ਼ ਐਕਸ਼ਨ ਕਮੇਟੀ ਵੱਲੋਂ 14 ਅਗਸਤ ਨੂੰ ਪਟਿਆਲਾ ਵਿਚ ਕੀਤੀ ਰੈਲੀ ਦੌਰਾਨ ਮੁੱਖ ਮੰਤਰੀ ਨੇ ਮੰਗਾਂ ਮੰਨਣ ਦਾ ਐਲਾਨ ਕਰਨ ਦੀ ਥਾਂ ਮੁੜ 28 ਅਗਸਤ ਨੂੰ ਕੈਬਨਿਟ ਸਬ ਕਮੇਟੀ ਨਾਲ ਮੀਟਿੰਗ ਕਰਨ ਦੀ ਤਰੀਕ ਹੀ ਮੁਲਾਜ਼ਮਾਂ ਦੇ ਪੱਲੇ ਪਾਈ। ਇਸ ਜਥੇਬੰਦੀ ਦੇ ਆਗੂ ਸੱਜਣ ਸਿੰਘ ਨੇ ਲੋਕ ਸਭਾ ਚੋਣਾਂ ਦੌਰਾਨ ਮਰਨ ਵਰਤ ਰੱਖਿਆ ਸੀ। ਇਸ ਦੌਰਾਨ ਸਰਕਾਰ ਨੇ ਚੋਣਾਂ ਖਤਮ ਹੁੰਦਿਆਂ ਹੀ 27 ਮਈ ਨੂੰ ਐਕਸ਼ਨ ਕਮੇਟੀ ਨਾਲ ਮੀਟਿੰਗ ਕਰਨ ਦੀ ਤਰੀਕ ਦਿੱਤੀ ਸੀ ਪਰ ਮੀਟਿੰਗ ਅੱਜ ਤੱਕ ਨਹੀਂ ਕੀਤੀ ਗਈ। ਇਸ ਦੇ ਉਲਟ ਚੰਡੀਗੜ੍ਹ ਪੁਲਿਸ ਨੇ ਸੱਜਣ ਸਿੰਘ ਸਮੇਤ 18 ਆਗੂਆਂ 'ਤੇ ਕੇਸ ਦਰਜ ਕੀਤੇ ਹਨ। ਪੰਜਾਬ ਸੁਬਰਾਡੀਨੇਟ ਸਰਵਿਸਜ਼ ਫੈਡਰੇਸ਼ਨ ਦੇ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ ਨੇ ਕਿਹਾ ਕਿ ਕੈਪਟਨ ਸਰਕਾਰ ਕੋਲੋਂ ਅੱਜ ਤੱਕ ਉਨ੍ਹਾਂ ਨੂੰ ਤਰੀਕਾਂ ਹੀ ਮਿਲੀਆਂ ਹਨ।

ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕੈਪਟਨ ਸਰਕਾਰ 'ਤੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨਾਲ ਵਾਰ-ਵਾਰ ਧੋਖਾ ਅਤੇ ਵਾਅਦਾਖਿਲਾਫੀ ਕਰਨ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਕਿਹਾ ਕਿ ਜਨਵਰੀ 2018 ਤੋਂ ਲੈ ਕੇ ਅੱਜ ਤੱਕ ਮਹਿੰਗਾਈ ਭੱਤੇ ਦੀ ਰਾਸ਼ੀ ਸਰਕਾਰ ਦੱਬੀ ਬੈਠੀ ਹੈ। ਮੀਟਿੰਗਾਂ ਤੇ ਵਾਅਦੇ ਬੇਸਿੱਟਾ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਮੁਲਾਜ਼ਮ ਵਰਗ ਦੀ ਪਿੱਠ 'ਚ ਵਾਰ-ਵਾਰ ਛੁਰਾ ਮਾਰਨਾ ਬੰਦ ਕਰੇ।

## ਰਾਜਾਸਾਂਸੀ ਹਵਾਈ ਅੱਡੇ ਤੋਂ ਬੰਦ ਹੋਈ ਅੰਮ੍ਰਿਤਸਰ-ਬਰਮਿੰਘਮ ਉਡਾਣ ਮੁੜ ਸ਼ੁਰੂ

**ਰਾਜਾਸਾਂਸੀ:** ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡਾ ਰਾਜਾਸਾਂਸੀ ਤੋਂ ਅੰਮ੍ਰਿਤਸਰ-ਬਰਮਿੰਘਮ ਵਿਚਾਲੇ ਸਿੱਧੀ ਚੱਲਣ ਵਾਲੀ ਬੀਤੇ ਕਰੀਬ 5 ਮਹੀਨੇ ਪਹਿਲਾਂ ਬੰਦ ਹੋਈ ਏਅਰ ਇੰਡੀਆ ਦੀ ਉਡਾਣ ਮੁੜ ਸ਼ੁਰੂ ਹੋ ਗਈ ਹੈ। ਦੇਸ਼ ਦੀ ਆਜ਼ਾਦੀ ਦਿਵਸ ਮੌਕੇ 15 ਅਗਸਤ ਨੂੰ ਮੁੜ ਸ਼ੁਰੂ ਹੋਈ ਉਕਤ ਉਡਾਣ ਇਥੋਂ 170 ਯਾਤਰੀ ਲੈ ਕੇ ਬਰਮਿੰਘਮ ਨੂੰ ਰਵਾਨਾ ਹੋਈ।

ਜ਼ਿਕਰਯੋਗ ਹੈ ਕਿ ਇਹ ਉਡਾਣ ਅਪਰੈਲ ਦੇ ਮਹੀਨੇ ਪਾਕਿਸਤਾਨ ਵੱਲੋਂ ਹਵਾਈ ਖੇਤਰ ਦੀ ਸੇਵਾ ਬੰਦ ਕਰਨ ਦੌਰਾਨ ਏਅਰ ਇੰਡੀਆ ਅਧਿਕਾਰੀਆਂ ਵੱਲੋਂ ਬੰਦ ਕਰ ਦਿੱਤੀ ਗਈ ਸੀ, ਜੋ ਮੁੜ ਸ਼ੁਰੂ ਹੋ ਗਈ ਹੈ, ਜਿਸ ਦੇ ਸ਼ੁਰੂ ਹੋਣ ਨਾਲ ਇਥੋਂ ਬਰਮਿੰਘਮ ਜਾਣ ਵਾਲੇ ਯਾਤਰੀਆਂ ਵਿਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਹ ਉਡਾਣ ਹਫਤੇ ਦੇ ਤਿੰਨ ਦਿਨ ਦੁਪਹਿਰ 2 ਵਜੇ ਸੋਮਵਾਰ, ਵੀਰਵਾਰ ਤੇ ਸਨਿਚਰਵਾਰ ਇਥੋਂ ਬਰਮਿੰਘਮ ਲਈ ਉਡਾਣ ਭਰੇਗੀ।

# ਚੰਡੀਗੜ੍ਹ 'ਚ ਅਬੋਹਰ ਦੀਆਂ ਦੋ ਭੈਣਾਂ ਦਾ ਕਤਲ

**ਚੰਡੀਗੜ੍ਹ:** ਸੈਕਟਰ 22 ਵਿਚ ਕਿਰਾਏ 'ਤੇ ਰਹਿੰਦੀਆਂ ਪਿੰਡ ਬਲੂਆਣਾ ਅਬੋਹਰ, (ਫਾਜ਼ਿਲਕਾ) ਦੀਆਂ ਦੋ ਭੈਣਾਂ ਮਨਪ੍ਰੀਤ ਕੌਰ (25) ਅਤੇ ਰਾਜਵੰਤ ਕੌਰ (24) ਦਾ ਆਜ਼ਾਦੀ ਦਿਵਸ ਅਤੇ ਰੱਖੜੀ ਵਾਲੇ ਦਿਨ ਕਤਲ ਕਰ ਦਿੱਤਾ ਗਿਆ। ਪੁਲਿਸ ਨੇ ਲੜਕੀਆਂ ਦੇ ਹੀ ਇਕ ਜਾਣਕਾਰ ਜ਼ੀਰਕਪੁਰ ਦੇ ਵਸਨੀਕ ਕੁਲਦੀਪ ਸਿੰਘ (30) ਨੂੰ ਦਿੱਲੀ ਦੇ ਰੇਲਵੇ ਸਟੇਸ਼ਨ ਤੋਂ ਗ੍ਰਿਫਤਾਰ ਕਰ ਲਿਆ ਹੈ, ਜੋ ਚੰਡੀਗੜ੍ਹ ਪੁਲਿਸ ਦੇ ਸੇਵਾਮੁਕਤ ਥਾਣੇਦਾਰ ਦਾ ਪੁੱਤਰ ਹੈ।

ਚੰਡੀਗੜ੍ਹ ਦੀ ਐਸ.ਐਸ.ਪੀ. ਨੀਲਾਂਬਰੀ ਜਗਦਲੇ ਨੇ ਦੱਸਿਆ ਕਿ ਰੱਖੜੀ ਵਾਲੇ ਦਿਨ ਸਤਵਿੰਦਰ ਸਿੰਘ ਨੇ ਪੁਲਿਸ ਨੂੰ ਇਤਲਾਹ ਦਿੱਤੀ ਸੀ ਕਿ ਸੈਕਟਰ 22-ਸੀ ਦੇ ਮਕਾਨ ਨੰਬਰ 2598 ਦੀ ਦੂਸਰੀ ਮੰਜ਼ਿਲ 'ਤੇ ਉਨ੍ਹਾਂ ਦੇ ਜਾਣਕਾਰਾਂ ਦੀਆਂ ਦੋ ਲੜਕੀਆਂ ਫੋਨ ਨਹੀਂ ਚੁੱਕ ਰਹੀਆਂ ਹਨ ਤੇ ਉਨ੍ਹਾਂ ਦੇ ਕਮਰੇ ਦੇ ਬਾਹਰ ਤਾਲਾ ਲੱਗਾ ਹੋਇਆ ਹੈ। ਪੁਲਿਸ ਨੇ ਮੌਕੇ 'ਤੇ ਜਾ ਕੇ ਜਦੋਂ ਤਾਲਾ ਤੋੜਿਆ ਤਾਂ ਦੋਵੇਂ ਭੈਣਾਂ ਦੀਆਂ ਲਾਸ਼ਾਂ ਖੂਨ ਨਾਲ ਲੱਥ-ਪੱਥ ਪਈਆਂ ਸਨ। ਮਕਾਨ ਦੀ ਪਹਿਲੀ ਮੰਜ਼ਿਲ 'ਤੇ ਰਹਿੰਦੀ ਸ਼ਸ਼ੀ ਬਾਲਾ ਨੇ ਪੁਲਿਸ ਨੂੰ ਦੱਸਿਆ ਕਿ 15 ਅਗਸਤ ਨੂੰ ਤੜਕੇ ਉਨ੍ਹਾਂ ਨੂੰ ਮਨਪ੍ਰੀਤ ਦੀ ਆਵਾਜ਼ ਆ ਰਹੀ ਸੀ, ਜਿਸ ਦੌਰਾਨ ਉਹ ਕੁਰਲਾ-ਕੁਰਲਾ ਕੇ ਕਹਿ ਰਹੀ ਸੀ ਕਿ 'ਮੰਮੀ ਮੈਨੂੰ ਬਚਾ ਲਵੋ।' ਸ਼ਸ਼ੀ ਨੇ ਦੱਸਿਆ ਕਿ ਉਹ ਆਵਾਜ਼ ਸੁਣ ਕੇ ਦੂਸਰੀ ਮੰਜ਼ਿਲ 'ਤੇ ਗਈ ਅਤੇ ਜਦੋਂ ਉਸ ਨੇ ਦਰਵਾਜ਼ਾ ਖੋਲ੍ਹ ਕੇ ਕਮਰੇ ਦੇ ਅੰਦਰ ਦੇਖਣ ਦਾ ਯਤਨ ਕੀਤਾ ਤਾਂ ਉਥੇ ਕੁਲਦੀਪ ਖੜ੍ਹਾ ਸੀ, ਜੋ ਅਕਸਰ ਉਥੇ ਆਉਂਦਾ-ਜਾਂਦਾ ਸੀ। ਕੁਲਦੀਪ ਨੇ ਸ਼ਸ਼ੀ ਨੂੰ ਇਹ ਕਹਿ ਕੇ ਦਰਵਾਜ਼ਾ ਬੰਦ ਕਰ ਦਿੱਤਾ ਕਿ ਕੁਝ ਨਹੀਂ ਹੋਇਆ ਹੈ।

ਉਸ ਨੇ ਦੱਸਿਆ ਕਿ ਬਾਅਦ ਵਿਚ ਕੁਲਦੀਪ ਲੜਕੀਆਂ ਦੇ ਕਮਰੇ ਦੇ ਬਾਹਰ ਤਾਲਾ ਲਾ ਕੇ ਫਰਾਰ ਹੋ ਗਿਆ। ਕੁਲਦੀਪ ਦੋਵੇਂ ਭੈਣਾਂ ਨੂੰ ਕਈ ਸਾਲਾਂ ਤੋਂ ਜਾਣਦਾ ਸੀ। ਦੋਵੇਂ ਕੁੜੀਆਂ ਜ਼ੀਰਕਪੁਰ ਵਿਚ ਕੰਮ ਕਰਦੀਆਂ ਸਨ। ਪੁਲਿਸ ਅਨੁਸਾਰ ਕੁਲਦੀਪ ਵੱਡੀ ਭੈਣ ਮਨਪ੍ਰੀਤ ਨਾਲ ਵਿਆਹ ਕਰਵਾਉਣਾ ਚਾਹੁੰਦਾ ਸੀ ਅਤੇ ਇਸੇ ਗੱਲ ਤੋਂ ਦੋਵਾਂ ਵਿਚਕਾਰ ਕਿਸੇ ਗੱਲੋਂ ਕੁੜੱਤਣ ਚੱਲ ਰਹੀ ਸੀ। ਕੁੜੀਆਂ ਦਾ ਪਰਿਵਾਰ ਵੀ ਕੁਲਦੀਪ ਨੂੰ ਜਾਣਦਾ ਸੀ। ਇਸੇ ਖੁੰਦਕ ਤਹਿਤ ਮੁਲਜ਼ਮ 14 ਅਤੇ 15 ਅਗਸਤ ਦੀ ਰਾਤ ਨੂੰ ਕੁੜੀਆਂ ਦੇ ਕਮਰੇ ਵਿਚ ਆਇਆ ਸੀ। ਉਸ ਨੇ ਕਮਰੇ ਵਿਚ ਆ ਕੇ ਮਨਪ੍ਰੀਤ ਅਤੇ ਉਸ ਦੀ ਛੋਟੀ ਭੈਣ ਰਾਜਵੰਤ ਦਾ ਕਤਲ ਕਰ ਦਿੱਤਾ। ਪੁਲਿਸ ਅਨੁਸਾਰ ਮੁਲਜ਼ਮ ਨੇ ਪਹਿਲਾਂ ਦੋਵਾਂ ਭੈਣਾਂ ਦੇ ਗਲੇ ਘੁੱਟੇ ਅਤੇ ਫਿਰ ਚਾਕੂ ਨਾਲ ਦੋਵਾਂ ਦੀਆਂ ਗਰਦਨਾਂ 'ਤੇ ਵਾਰ ਕਰਕੇ ਮੌਤ ਦੇ ਘਾਟ ਉਤਾਰ ਦਿੱਤਾ।

# ਬੇਰੁਜ਼ਗਾਰ ਅਧਿਆਪਕਾਂ ਦਾ ਸਿੱਖਿਆ ਮੰਤਰੀ ਦੀ ਕੋਠੀ ਅੱਗੇ ਮੋਰਚਾ

**ਸੰਗਰੂਰ:** ਪੰਜਾਬ ਭਰ ਤੋਂ ਪੁੱਜੇ ਈ.ਟੀ.ਟੀ. ਟੈੱਟ ਪਾਸ ਬੇਰੁਜ਼ਗਾਰ ਅਧਿਆਪਕਾਂ ਨੇ ਸਿੱਖਿਆ ਮੰਤਰੀ ਵਿਜੈਇੰਦਰ ਸਿੰਗਲਾ ਦੀ ਕੋਠੀ ਨੇੜੇ ਪੱਕਾ ਮੋਰਚਾ ਲਾ ਦਿੱਤਾ। ਬੇਰੁਜ਼ਗਾਰ ਅਧਿਆਪਕ ਸਿੱਖਿਆ ਮੰਤਰੀ ਵੱਲੋਂ ਭਰਤੀ ਪ੍ਰਕਿਰਿਆ ਸ਼ੁਰੂ ਨਾ ਕਰਨ ਅਤੇ ਭਰਤੀ ਸਬੰਧੀ ਨਵੀਆਂ ਸ਼ਰਤਾਂ ਲਾਉਣ ਤੋਂ ਖਫਾ ਹਨ। ਇਸ ਤੋਂ ਪਹਿਲਾਂ ਈ.ਟੀ.ਟੀ. ਟੈਟ ਪਾਸ ਬੇਰੁਜ਼ਗਾਰ ਅਧਿਆਪਕ ਯੂਨੀਅਨ ਦੀ ਅਗਵਾਈ ਹੇਠ ਬੇਰੁਜ਼ਗਾਰ ਅਧਿਆਪਕ ਸਥਾਨਕ ਬੀ.ਐਸ.ਐਨ.ਐਲ.




ਪਾਰਕ ਵਿੱਚ ਇਕੱਠੇ ਹੋਏ, ਜਿਥੋਂ ਰੋਸ ਮਾਰਚ ਦੌਰਾਨ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦੇ ਹੋਏ ਜਿਉਂ ਹੀ ਬੇਰੁਜ਼ਗਾਰ ਅਧਿਆਪਕ ਸਿੱਖਿਆ ਮੰਤਰੀ ਵਿਜੈਇੰਦਰ ਸਿੰਗਲਾ ਦੀ ਕੋਠੀ ਵੱਲ ਵਧੇ ਤਾਂ ਪੁਲਿਸ ਨੇ ਸਖਤ ਨਾਕਾਬੰਦੀ ਕਰਕੇ ਰੋਕ ਲਿਆ। ਰੋਹ ਵਿਚ ਆਏ ਬੇਰੁਜ਼ਗਾਰ ਅਧਿਆਪਕਾਂ ਨੇ ਕੋਠੀ ਨੇੜੇ ਧੂਰੀ-ਪਟਿਆਲਾ ਬਾਈਪਾਸ ਸੜਕ ਉਪਰ ਰੋਸ ਧਰਨਾ ਲਾਉਂਦਿਆਂ ਆਵਾਜਾਈ ਠੱਪ ਕਰ ਦਿੱਤੀ ਅਤੇ ਪੰਜਾਬ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ।

# ਹੁੱਡਾ ਨੇ ਕਾਂਗਰਸ ਨੂੰ ਦਿਖਾਏ ਬਾਗੀ ਤੇਵਰ

**ਰੋਹਤਕ:** ਹਰਿਆਣਾ ਵਿਚ ਧੜੇਬੰਦੀ ਦਾ ਸ਼ਿਕਾਰ ਕਾਂਗਰਸ ਪਾਰਟੀ ਨੂੰ ਉਸ ਸਮੇਂ ਹੋਰ ਝਟਕਾ ਲੱਗਿਆ ਜਦੋਂ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਆਪਣੀ ਪਾਰਟੀ ਖਿਲਾਫ ਬਗਾਵਤੀ ਤੇਵਰ ਹੋਰ ਤਿੱਖੇ ਕਰ ਲਏ। ਉਂਜ ਉਨ੍ਹਾਂ ਇਥੇ ਕੀਤੀ ਗਈ ਰੈਲੀ ਦੌਰਾਨ ਪਾਰਟੀ ਛੱਡਣ ਦਾ ਖੁੱਲ੍ਹ ਕੇ ਐਲਾਨ ਨਹੀਂ ਕੀਤਾ। ਕਾਂਗਰਸ ਹਾਈਕਮਾਂਡ ਉਨ੍ਹਾਂ ਨੂੰ ਮਨਾਉਣ ਦੀਆਂ ਕੋਸ਼ਿਸ਼ਾਂ 'ਚ ਹੈ ਅਤੇ ਹਰਿਆਣਾ ਮਾਮਲਿਆਂ ਦੇ ਇੰਚਾਰਜ ਗੁਲਾਮ ਨਬੀ ਆਜ਼ਾਦ ਨੇ ਉਨ੍ਹਾਂ ਨੂੰ ਪਾਰਟੀ 'ਚ ਮਾਣ-ਸਨਮਾਨ ਦੇਣ ਦਾ ਭਰੋਸਾ ਦਿੱਤਾ ਹੈ।

ਇਥੇ ਕੀਤੀ ਗਈ 'ਮਹਾ ਪਰਿਵਰਤਨ ਰੈਲੀ' ਨੂੰ ਸੰਬੋਧਨ ਕਰਦਿਆਂ ਸ੍ਰੀ ਹੁੱਡਾ ਨੇ 25 ਮੈਂਬਰੀ ਕਮੇਟੀ ਬਣਾਉਣ ਦਾ ਐਲਾਨ ਕੀਤਾ ਜੋ ਭਵਿੱਖ ਦਾ ਫੈਸਲਾ ਲਵੇਗੀ। ਇਸ ਤੋਂ ਜਾਪਦਾ ਹੈ ਕਿ ਉਹ ਆਪਣੇ ਸਮਰਥਕਾਂ ਨਾਲ ਕਾਂਗਰਸ ਨੂੰ ਛੱਡ ਕੇ ਨਵਾਂ ਧੜਾ ਜਾਂ ਪਾਰਟੀ ਬਣਾ ਸਕਦੇ ਹਨ। ਕਮੇਟੀ 'ਚ ਉਨ੍ਹਾਂ ਦੇ ਸਮਰਥਕ 13 ਕਾਂਗਰਸ ਵਿਧਾਇਕ ਵੀ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਇਹ ਹਰਿਆਣਾ ਦੇ ਲੋਕਾਂ ਦੇ ਭਵਿੱਖ ਦਾ ਸਵਾਲ ਹੈ ਅਤੇ ਉਹ ਇਕੱਲਿਆਂ ਫੈਸਲਾ ਨਹੀਂ ਲੈ ਸਕਦੇ ਹਨ ਜਿਸ ਕਰਕੇ 25 ਮੈਂਬਰੀ



ਕਮੇਟੀ ਬਣਾਈ ਜਾਵੇਗੀ। ਸ੍ਰੀ ਹੁੱਡਾ ਮੁਤਾਬਕ ਇਸ ਦਾ ਫੈਸਲਾ ਬਾਅਦ 'ਚ ਚੰਡੀਗੜ੍ਹ 'ਚ ਐਲਾਨਿਆ ਜਾਵੇਗਾ। ਧਾਰਾ 370 ਨੂੰ ਮਨਸੂਖ ਕਰਨ ਦੀ ਹਮਾਇਤ ਕਰਦਿਆਂ ਉਨ੍ਹਾਂ ਕਿਹਾ ਕਿ ਕਾਂਗਰਸ ਇਸ ਮੁੱਦੇ 'ਤੇ ਗੁੰਮਰਾਹ ਹੋ ਗਈ। ਉਨ੍ਹਾਂ ਕਿਹਾ ਕਿ ਭਾਜਪਾ 370 ਦਾ ਸਹਾਰਾ ਲੈ ਕੇ ਹਰਿਆਣਾ 'ਚ ਆਪਣੀ ਬੇੜੀ ਪਾਰ ਕਰਵਾਉਣਾ ਚਾਹੁੰਦੀ ਹੈ।

ਰੈਲੀ ਦੌਰਾਨ ਉਨ੍ਹਾਂ ਐਲਾਨ ਕੀਤਾ ਕਿ ਜੇਕਰ ਉਹ ਦੁਬਾਰਾ ਹਰਿਆਣਾ ਦੇ ਮੁੱਖ ਮੰਤਰੀ ਬਣੇ ਤਾਂ ਉਨ੍ਹਾਂ ਦੀ ਅਗਵਾਈ ਹੇਠਲੀ ਸਰਕਾਰ 'ਚ ਚਾਰ ਉਪ ਮੁੱਖ ਮੰਤਰੀ ਹੋਣਗੇ। ਇਸ ਤੋਂ ਇਲਾਵਾ ਬੁਢਾਪਾ ਪੈਨਸ਼ਨ 5 ਹਜ਼ਾਰ ਰੁਪਏ, ਕਿਸਾਨਾਂ ਦੇ ਸਾਰੇ ਕਰਜ਼ੇ ਮੁਆਫ ਕਰਨ, ਪੁਰਾਣੀ ਪੈਨਸ਼ਨ ਯੋਜਨਾ ਬਹਾਲ ਕਰਨ, ਗਰੀਬੀ ਰੇਖਾ ਤੋਂ ਹੇਠਾਂ ਰਹਿੰਦੀਆਂ ਮਹਿਲਾਵਾਂ ਨੂੰ 2 ਹਜ਼ਾਰ ਰੁਪਏ ਪ੍ਰਤੀ ਮਹੀਨਾ ਦੀ ਵਿੱਤੀ ਸਹਾਇਤਾ ਦੇਣ, ਬੀ.ਪੀ.ਐਲ. ਪਰਿਵਾਰਾਂ ਨੂੰ 300 ਯੂਨਿਟ ਤੱਕ ਦੀ ਬਿਜਲੀ ਮੁਫਤ ਦੇਣ, ਮਹਿਲਾਵਾਂ ਨੂੰ ਹਰਿਆਣਾ ਰੋਡਵੇਜ਼ ਦੀਆਂ ਬੱਸਾਂ 'ਚ ਮੁਫਤ ਯਾਤਰਾ, ਬੀ.ਪੀ.ਐਲ. ਪਰਿਵਾਰਾਂ ਨੂੰ ਦੋ ਰੁਪਏ 'ਚ ਕਣਕ ਅਤੇ ਚੌਲ ਦੇਣ ਆਦਿ ਜਿਹੇ ਵਾਅਦੇ ਕੀਤੇ।

# ਕਪੂਰਥਲਾ ਸਪੋਰਟਸ ਅਤੇ ਕਲਚਰਲ ਕਲੱਬ, ਨਿਊ ਯਾਰਕ

**ਖੇਡ ਮੇਲਾ ਤਸਵੀਰਾਂ ਦੀ ਜ਼ੁਬਾਨੀ**


























ਤਸਵੀਰਾਂ: ਠਾਕੁਰ ਵੀਡੀਓ

# ਵਧਦੇ ਤਾਪਮਾਨ ਦੀ ਮਾਰ ਤੋਂ ਕਿਵੇਂ ਬਚਿਆ ਜਾਵੇ?



ਡਾ. ਗੁਰਿੰਦਰ ਕੌਰ
ਫੋਨ: 408-493-9776

25 ਜੁਲਾਈ 2019 ਨੂੰ ਯੂਰਪ ਦੇ ਕਈ ਮੁਲਕਾਂ ਵਿਚ ਸੈਂਕੜੇ ਥਾਂਈਂ ਔਸਤ ਤਾਪਮਾਨ ਦੇ ਰਿਕਾਰਡ ਟੁੱਟ ਗਏ, ਜਿਸ ਨਾਲ ਲੱਖਾਂ ਲੋਕ ਪ੍ਰਭਾਵਿਤ ਹੋਏ। ਫਰਾਂਸ ਦੀ ਰਾਜਧਾਨੀ ਪੈਰਿਸ ਵਿਚ ਤਾਪਮਾਨ 72 ਸਾਲ ਦੀ ਔਸਤ ਦਾ ਰਿਕਾਰਡ ਤੋੜਦਾ 40.6 ਡਿਗਰੀ ਸੈਲਸੀਅਸ ਤੱਕ ਜਾ ਪੁੱਜਾ, ਸਗੋਂ ਬੈਲਜੀਅਮ ਦੇ ਸ਼ਹਿਰ ਕਲੀਇਨ ਬਰੋਜ ਵਿਚ 1833 ਤੋਂ ਹੁਣ ਤੱਕ ਦੇ ਸਮੇਂ ਵਿਚ ਸਭ ਤੋਂ ਵੱਧ ਤਾਪਮਾਨ ਰਿਕਾਰਡ ਕੀਤਾ ਗਿਆ। ਇਸ ਤੋਂ ਇਲਾਵਾ ਇੰਗਲੈਂਡ, ਫਰਾਂਸ, ਨੀਦਰਲੈਂਡ, ਸਵਿਟਜ਼ਰਲੈਂਡ, ਫਿਨਲੈਂਡ ਅਤੇ ਹੋਰ ਮੁਲਕਾਂ ਦੀਆਂ ਸੈਂਕੜੇ ਥਾਂਵਾਂ ਦੇ ਨਾਲ ਨਾਲ ਆਰਕਟਿਕ ਧਰੁਵ ਤੱਕ ਦੇ ਖੇਤਰ ਵਿਚ 25 ਜੁਲਾਈ ਨੂੰ ਔਸਤ ਤਾਪਮਾਨ ਦੇ ਵਾਧੇ ਨਾਲ ਪਿਛਲੇ ਸਾਰੇ ਰਿਕਾਰਡ ਟੁੱਟ ਗਏ। ਤਾਪਮਾਨ ਵਿਚ ਇਹ ਵਾਧਾ ਜ਼ਬਰਦਸਤ ਗਰਮ ਹਵਾਵਾਂ ਚੱਲਣ ਕਾਰਨ ਹੋਇਆ ਹੈ। ਯੂਰਪੀਨ ਮਹਾਂਦੀਪ ਵਿਚ ਜੂਨ ਮਹੀਨੇ ਔਸਤ ਤਾਪਮਾਨ 2 ਡਿਗਰੀ ਸੈਲਸੀਅਸ ਦਾ ਵਾਧਾ ਰਿਕਾਰਡ ਕੀਤਾ ਗਿਆ। ਨੋਆ ਏਜੰਸੀ ਅਨੁਸਾਰ ਇਸ ਸਾਲ ਦੱਖਣੀ ਅਤੇ ਉਤਰੀ ਅਮਰੀਕਾ ਵਿਚ ਵੀ ਇਸ ਮਹੀਨੇ ਤਾਪਮਾਨ ਔਸਤ ਤੋਂ ਵੱਧ ਹੀ ਰਿਹਾ ਹੈ। ਜੁਲਾਈ ਮਹੀਨੇ ਅਮਰੀਕਾ ਦੇ ਅੱਧੇ ਤੋਂ ਵੱਧ ਖੇਤਰ ਰਿਕਾਰਡ ਤੋਂ ਵੱਧ ਗਰਮੀ ਦੀ ਮਾਰ ਵਿਚ ਆਏ, ਜਿਸ ਕਾਰਨ 6 ਵਿਅਕਤੀ ਮੌਤ ਦੇ ਮੂੰਹ ਵਿਚ ਜਾ ਪਏ। ਅਮਰੀਕਾ ਅਤੇ ਯੂਰਪ ਦੇ ਮੁਲਕਾਂ ਨੂੰ ਤਾਂ ਆਮ ਤੌਰ 'ਤੇ ਠੰਡੇ ਇਲਾਕਿਆਂ ਵਜੋਂ ਜਾਣਿਆ ਜਾਂਦਾ ਹੈ, ਜੇ ਇਨ੍ਹਾਂ ਇਲਾਕਿਆਂ ਵਿਚ ਲੋਕ ਗਰਮੀ ਕਾਰਨ ਮਰਨ ਲੱਗ ਪਏ ਹਨ ਤਾਂ ਗਰਮ ਮੁਲਕਾਂ ਦੇ ਲੋਕਾਂ ਦੀ ਕੀ ਹਾਲਤ ਹੋਵੇਗੀ? ਇਹ ਅੰਦਾਜ਼ਾ ਲਾਉਂਦਿਆਂ ਅੱਖਾਂ ਅੱਗੇ ਹਨੇਰਾ ਆ ਜਾਂਦਾ ਹੈ।

ਮਨੁੱਖੀ ਗਤੀਵਿਧੀਆਂ ਕਾਰਨ ਆਈ ਮੌਸਮੀ ਤਬਦੀਲੀ ਨਾਲ ਵੱਖ ਵੱਖ ਥਾਂਵਾਂ 'ਤੇ ਗਰਮ ਦਿਨਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਸਟੀਫਨ ਲੇਹ ਦੀ 16 ਜੁਲਾਈ 2019 ਨੂੰ ਛਪੀ ਇਕ ਖੋਜ ਅਨੁਸਾਰ ਅਗਲੇ 20 ਸਾਲਾਂ ਵਿਚ ਲੱਖਾਂ ਅਮਰੀਕੀਆਂ ਨੂੰ ਭਿਆਨਕ ਗਰਮੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜੇ ਅਮਰੀਕਨ ਬਾਸ਼ਿੰਦਿਆਂ ਵਿਚ ਕਾਰਬਨ ਨਿਕਾਸੀ ਹੁਣ ਵਾਲੀ ਰਫਤਾਰ ਨਾਲ ਹੀ ਜਾਰੀ ਰਹੀ ਤਾਂ ਇਸ ਦੇ ਕੁਝ ਖੇਤਰਾਂ ਵਿਚ ਤਾਪਮਾਨ 52.7 ਡਿਗਰੀ ਸੈਲਸੀਅਸ ਤੱਕ ਵਧ ਸਕਦਾ ਹੈ।

ਸਟੀਫਨ ਲੇਹ ਨੇ ਤਾਪਮਾਨ ਅਤੇ ਨਮੀ ਦੀਆਂ ਹਾਲਤਾਂ ਦਾ ਕਾਉਂਟੀ ਅਨੁਸਾਰ ਅਧਿਐਨ ਕਰਦਿਆਂ ਇੰਕਸ਼ਾਫ ਕੀਤਾ ਹੈ ਕਿ 2050 ਤੱਕ ਮੁਲਕ ਦੇ ਉਤਰ ਤੋਂ ਲੈ ਕੇ ਦੱਖਣ ਤੱਕ ਵੱਸੇ ਲਗਭਗ ਸਾਰੇ ਖੇਤਰਾਂ ਵਿਚ ਅੱਤ ਦੀ ਗਰਮੀ ਦੇ ਦਿਨਾਂ ਵਿਚ ਵਾਧਾ ਹੋ ਜਾਵੇਗਾ। ਸਭ ਤੋਂ ਘੱਟ ਵਾਧਾ (9 ਦਿਨਾਂ ਦਾ) ਸਿਆਟਲ ਸ਼ਹਿਰ ਵਿਚ ਹੋਵੇਗਾ, ਕਿਉਂਕਿ ਇਹ ਸ਼ਹਿਰ ਮੁਲਕ ਦੇ ਉਤਰੀ ਖੇਤਰ ਵਿਚ ਸਥਿਤ ਹੈ, ਪਰ ਉਤਰ ਤੋਂ ਦੱਖਣੀ ਹਿੱਸੇ ਵੱਲ ਨੂੰ ਗਰਮੀ ਦੇ ਦਿਨਾਂ ਦੀ ਗਿਣਤੀ ਵਧਦੀ ਹੋਈ ਮਿਥੀ ਗਈ ਹੈ, ਜਿਸ ਨਾਲ ਮਿਆਮੀ ਵਿਚ ਦਿਨਾਂ ਦੀ ਗਿਣਤੀ ਵਧ ਕੇ 178 ਤੱਕ ਹੋ ਸਕਦੀ ਹੈ। ਇਸ ਖੋਜ ਅਨੁਸਾਰ ਆਉਣ ਵਾਲੇ 60 ਸਾਲਾਂ ਵਿਚ ਅਮਰੀਕਾ ਦੀ ਇਕ-ਤਿਹਾਈ ਆਬਾਦੀ ਗਰਮੀ ਨਾਲ ਸਬੰਧਿਤ ਖਤਰਨਾਕ ਬਿਮਾਰੀਆਂ ਦਾ ਸ਼ਿਕਾਰ ਹੋ ਜਾਵੇਗੀ।

ਡਬਲਿਊ. ਐਮ. ਓ. ਦੀ ਇਕ ਰਿਪੋਰਟ ਅਨੁਸਾਰ 2019 ਦੇ ਜਨਵਰੀ ਤੋਂ ਜੂਨ ਮਹੀਨੇ ਤੱਕ ਆਸਟਰੇਲੀਆ, ਭਾਰਤ, ਪਾਕਿਸਤਾਨ ਅਤੇ ਮੱਧ ਯੂਰਪੀ ਮੁਲਕਾਂ ਨੇ ਵੀ ਇਸ ਸਾਲ ਤਾਪਮਾਨ ਦੀ ਕਰੋਪੀ ਝੱਲੀ ਹੈ। ਮਈ ਦੇ ਅਖੀਰਲੇ ਅਤੇ ਜੂਨ ਦੇ ਪਹਿਲੇ ਹਫਤੇ ਭਾਰਤ ਦੇ ਕਈ ਸ਼ਹਿਰਾਂ ਵਿਚ ਤਾਪਮਾਨ 50 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ ਸੀ। 2 ਅਤੇ 3 ਜੂਨ ਨੂੰ ਤਾਂ ਮੌਸਮ ਨਿਗਰਾਨੀ ਵੈਬਸਾਈਟ ਐਲਡੋਰਾਡੋ ਅਨੁਸਾਰ ਦੁਨੀਆਂ ਦੇ ਸਭ ਤੋਂ ਗਰਮ 15 ਸ਼ਹਿਰਾਂ ਵਿਚੋਂ 11 ਭਾਰਤ, 2 ਚੀਨ ਅਤੇ 2 ਪਾਕਿਸਤਾਨ ਵਿਚ ਸਨ। ਦੱਖਣੀ ਰਾਜ ਕੇਰਲ, ਤੇਲੰਗਾਨਾ, ਤਾਮਿਲਨਾਡੂ, ਆਂਧਰਾ ਪ੍ਰਦੇਸ਼ ਅਤੇ ਕਰਨਾਟਕ ਤਾਂ ਫਰਵਰੀ ਅਤੇ ਮਾਰਚ ਵਿਚ ਹੀ ਔਸਤ ਨਾਲੋਂ ਵਧ ਤਾਪਮਾਨ ਦੀ ਲਪੇਟ ਵਿਚ ਆਏ ਸਨ।

ਆਰਕਟਿਕ ਧਰੁਵ ਉਤੇ ਔਸਤ ਤਾਪਮਾਨ ਵਿਚ ਵਾਧਾ ਧਰਤੀ ਉਤਲੇ ਔਸਤ ਤਾਪਮਾਨ ਦੇ ਵਾਧੇ ਤੋਂ ਦੁੱਗਣੀ ਰਫਤਾਰ ਨਾਲ ਹੋ ਰਿਹਾ। ਵਰਤਮਾਨ ਸਮੇਂ ਆਰਕਟਿਕ ਧਰੁਵ ਉਤੇ ਤਾਪਮਾਨ 1970 ਦੇ ਦਹਾਕੇ ਨਾਲੋਂ 2.3 ਡਿਗਰੀ ਸੈਲਸੀਅਸ ਵਧ ਚੁਕਾ ਹੈ। ਆਰਕਟਿਕ ਧਰੁਵ ਦੇ ਔਸਤ ਤਾਪਮਾਨ ਵਿਚ ਵਾਧੇ ਨਾਲ ਦੁਨੀਆਂ ਦੇ ਸਾਰੇ ਮੁਲਕਾਂ ਦੇ ਮੌਸਮੀ ਚੱਕ ਉਤੇ ਪ੍ਰਭਾਵ ਪੈਂਦਾ ਹੈ। ਇਸ ਨਾਲ ਧਰਤੀ ਉਤੇ ਤਾਪਮਾਨ ਦੀ ਵੰਡ ਭਾਵ ਗਰਮੀ ਤੇ ਸਰਦੀ ਦੇ ਦਿਨਾਂ ਦੀ ਗਿਣਤੀ ਅਤੇ ਤਾਪਮਾਨ ਦੇ ਵਾਧੇ ਤੇ ਘਾਟੇ ਦੀ ਤੀਬਰਤਾ ਅਤੇ ਘਣਤਾ ਦੇ ਨਾਲ ਮੀਂਹ ਤੇ ਬਰਫ ਪੈਣ ਦੀ ਮਾਤਰਾ 'ਤੇ ਵੀ ਪ੍ਰਭਾਵ ਪਿਆ ਹੈ।

ਇਸ ਸਾਲ ਆਰਕਟਿਕ ਧਰੁਵ ਉਤੇ ਬਰਫੀਲਾ ਖੇਤਰ 1981-2010 ਦੀ ਔਸਤ ਨਾਲੋਂ 10.5 ਫੀਸਦ ਅਤੇ ਅਨਟਾਰਟਿਕ ਉਤੇ 8.5 ਫੀਸਦ ਘੱਟ ਰਿਕਾਰਡ ਕੀਤਾ ਗਿਆ ਹੈ, ਜਿਸ ਦਾ ਤਾਪਮਾਨ ਦੇ ਵਾਧੇ ਨਾਲ ਸਿੱਧਾ ਸਬੰਧ ਹੈ। ਆਈ. ਪੀ. ਸੀ. ਸੀ. ਦੀ ਇਕ ਰਿਪੋਰਟ ਅਨੁਸਾਰ ਜੇ ਆਰਕਟਿਕ ਧਰੁਵ ਤੋਂ ਤਾਪਮਾਨ ਦੇ ਵਾਧੇ ਨਾਲ ਸਾਰੀ ਬਰਫ ਪਿਘਲ ਜਾਂਦੀ ਹੈ ਤਾਂ ਗਰਮੀਆਂ ਵਿਚ ਤਾਪਮਾਨ ਦੀ ਮਾਰ ਹੁਣ ਨਾਲੋਂ 10 ਗੁਣਾ ਵਧ ਜਾਵੇਗੀ।

ਨੋਆ ਦੀ 19 ਜੁਲਾਈ 2019 ਨੂੰ ਰਿਲੀਜ਼ ਹੋਈ ਇਕ ਰਿਪੋਰਟ ਅਨੁਸਾਰ ਪਿਛਲੇ 140 ਸਾਲਾਂ ਦੇ ਰਿਕਾਰਡ ਅਨੁਸਾਰ 2019 ਦਾ ਜੂਨ ਮਹੀਨਾ ਹੁਣ ਤੱਕ ਦੇ ਜੂਨ ਮਹੀਨਿਆਂ ਵਿਚੋਂ ਸਭ ਤੋਂ ਗਰਮ ਰਿਹਾ ਹੈ। 20ਵੀਂ ਸਦੀ ਦੇ ਜੂਨ ਦੇ ਮਹੀਨਿਆਂ ਦੇ ਔਸਤ ਤਾਪਮਾਨ (15.5 ਡਿਗਰੀ ਸੈਲਸੀਅਸ) ਤੋਂ ਇਹ ਤਾਪਮਾਨ 0.95 ਡਿਗਰੀ ਸੈਲਸੀਅਸ (1.71 ਡਿਗਰੀ ਫਾਰਨਹਾਈਟ) ਵੱਧ ਆਂਕਿਆ ਗਿਆ ਹੈ, ਜੋ ਚਿੰਤਾ ਦਾ ਵਿਸ਼ਾ ਹੈ।




2015 ਤੋਂ ਹਰ ਸਾਲ ਗਰਮ ਹਵਾਵਾਂ ਦੀ ਆਮਦ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਪਿਛਲੇ 4 ਸਾਲ ਰਿਕਾਰਡ ਅਨੁਸਾਰ ਹੁਣ ਤੱਕ ਦੇ ਸਭ ਤੋਂ ਗਰਮ ਸਾਲ ਰਹੇ ਹਨ। ਸਾਲ 2018 ਤਾਪਮਾਨ ਦੇ ਵਾਧੇ ਅਨੁਸਾਰ ਚੌਥੇ ਨੰਬਰ ਉਤੇ ਸੀ। ਹੁਣ ਤੱਕ ਸਭ ਤੋਂ ਗਰਮ ਸਾਲ ਭਾਵੇਂ 2016 ਰਿਹਾ ਹੈ, ਪਰ ਨੋਆ ਅਨੁਸਾਰ 2019 ਦਾ ਜਨਵਰੀ ਤੋਂ ਜੂਨ ਤੱਕ ਦਾ ਔਸਤ ਤਾਪਮਾਨ 2016 ਦੇ ਇਸ ਸਮੇਂ ਦੇ ਔਸਤ ਤਾਪਮਾਨ ਤੋਂ ਵੱਧ ਰਿਕਾਰਡ ਕੀਤਾ ਗਿਆ ਹੈ। ਡਬਲਿਊ. ਐਮ. ਓ. ਅਨੁਸਾਰ 2019 ਦਾ ਸਾਲ ਹੁਣ ਤੱਕ ਦਾ ਪੰਜਵਾਂ ਸਭ ਤੋਂ ਗਰਮ ਸਾਲ ਅਤੇ 2015-2019 ਤੱਕ ਦੇ 5 ਸਾਲ ਹੁਣ ਤੱਕ ਦੇ ਰਿਕਾਰਡ ਅਨੁਸਾਰ ਲਗਾਤਾਰ ਸਭ ਤੋਂ ਗਰਮ ਸਾਲ ਹੋ ਸਕਦੇ ਹਨ। ਵਰਤਮਾਨ ਸਮੇਂ ਦੌਰਾਨ ਵਾਯੂਮੰਡਲ ਵਿਚ ਕਾਰਬਨਡਾਇਆਕਸਾਈਡ ਦੀ ਮਾਤਰਾ 415 ਪਾਰਟਸ ਪ੍ਰਤੀ ਮਿਲੀਅਨ ਹੈ, ਜੋ 3 ਮਿਲੀਅਨ ਸਾਲਾਂ ਵਿਚ ਸਭ ਤੋਂ ਵੱਧ ਹੈ।

ਤਾਪਮਾਨ ਦਾ ਇਸ ਤਰ੍ਹਾਂ ਲਗਾਤਾਰ ਵਧਣਾ ਇਕ ਗੰਭੀਰ ਚੁਣੌਤੀ ਬਣ ਗਿਆ ਹੈ, ਕਿਉਂਕਿ ਮੌਸਮੀ ਚੱਕਰ ਵਿਚ ਤੇਜ਼ੀ ਨਾਲ ਤਬਦੀਲੀ ਆ ਰਹੀ ਹੈ, ਜਿਵੇਂ ਇਕ ਪਾਸੇ ਗਰਮੀ ਦੀ ਮਾਰੂ ਲਹਿਰ ਅਤੇ ਦੂਜੇ ਪਾਸੇ ਭਾਰੀ ਬਰਫਬਾਰੀ ਅਤੇ ਇਕ ਪਾਸੇ ਭਾਰੀ ਮੀਂਹ ਪੈਣ ਕਾਰਨ ਕਈ ਇਲਾਕਿਆਂ ਵਿਚ ਸੋਕਾ ਪੈਣਾ ਸ਼ੁਰੂ ਹੋ ਗਿਆ ਹੈ, ਜਿਸ ਨਾਲ ਆਉਣ ਵਾਲੇ ਸਮੇਂ ਵਿਚ ਅਨਾਜ ਅਤੇ ਪਾਣੀ ਵਿਚ ਭਾਰੀ ਕਮੀ ਆ ਸਕਦੀ ਹੈ।

ਆਈ. ਪੀ. ਸੀ. ਸੀ. ਦੀ ਸਾਲ 2014 ਦੀ ਇਕ ਰਿਪੋਰਟ ਵਿਚ ਮੌਸਮ ਵਿਚ ਆ ਰਹੀਆਂ ਤਬਦੀਲੀਆਂ ਬਾਰੇ ਚਿੰਤਾਜਨਕ ਤੱਥ ਪੇਸ਼ ਕਰਦਿਆਂ ਚਿਤਾਵਨੀ ਦਿੱਤੀ ਗਈ ਸੀ ਕਿ ਜੇ ਗਰੀਨਹਾਊਸ ਗੈਸਾਂ ਦੀ ਨਿਕਾਸੀ ਨੂੰ ਘਟਾਉਣ ਲਈ ਠੋਸ ਕਦਮ ਨਾ ਚੁਕੇ ਗਏ ਤਾਂ ਮੌਸਮੀ ਤਬਦੀਲੀਆਂ ਦੇ ਪ੍ਰਭਾਵਾਂ ਤੋਂ ਦੁਨੀਆਂ ਦਾ ਕੋਈ ਵੀ ਮੁਲਕ ਬਚ ਨਹੀਂ ਸਕੇਗਾ। ਇਸ ਰਿਪੋਰਟ ਵਿਚ ਇਹ ਵੀ ਖੁਲਾਸਾ ਕੀਤਾ ਗਿਆ ਸੀ ਕਿ ਧਰਤੀ ਉਤੇ ਵਧਦਾ ਤਾਪਮਾਨ ਛੋਟੇ ਟਾਪੂਆਂ ਤੋਂ ਲੈ ਕੇ ਵੱਡੇ ਮਹਾਂਦੀਪਾਂ ਤੱਕ ਅਤੇ ਗਰੀਬ ਤੇ ਅਮੀਰ ਮੁਲਕਾਂ ਦੇ ਨਾਲ ਨਾਲ ਧਰਤੀ ਦੇ ਸਾਰੇ ਖਿੱਤਿਆਂ ਨੂੰ ਆਪਣੀ ਮਾਰ ਵਿਚ ਲੈ ਚੁਕਾ ਹੈ।



ਆਈ. ਪੀ. ਸੀ. ਸੀ. ਨੇ ਅਕਤੂਬਰ 2018 ਵਿਚ ਰਿਲੀਜ਼ ਇਕ ਰਿਪੋਰਟ ਵਿਚ ਖੁਲਾਸਾ ਕਰਦਿਆਂ ਸਪਸ਼ਟ ਕੀਤਾ ਕਿ ਹੁਣ ਸਾਡੇ ਕੋਲ ਤਾਪਮਾਨ 1.5 ਡਿਗਰੀ ਸੈਲਸੀਅਸ ਤੱਕ ਦਾ ਵਾਧਾ ਰੋਕਣ ਲਈ ਸਿਰਫ 12 ਸਾਲ ਹਨ, ਇਸ ਪਿਛੋਂ ਮਾਮੂਲੀ ਜਿਹਾ (ਅੱਧਾ ਡਿਗਰੀ ਸੈਲਸੀਅਸ) ਵਾਧਾ ਵੀ ਮਾਰੂ ਸਾਬਤ ਹੋਵੇਗਾ, ਜਿਸ ਨਾਲ ਹੜ੍ਹ, ਸੋਕਾ, ਅੱਤ ਦੀ ਗਰਮੀ ਅਤੇ ਠੰਡ ਮਨੁੱਖਾਂ ਸਮੇਤ ਹਰ ਤਰ੍ਹਾਂ ਦੇ ਜੀਵ-ਜੰਤੂਆਂ ਲਈ ਮਾਰੂ ਸਾਬਤ ਹੋਣਗੇ। ਇਸੇ ਸਾਲ ਮਾਰਚ ਮਹੀਨੇ ਗਲੋਬਲ ਇਨਵਾਇਰਨਮੈਂਟਲ ਆਊਟਲੁਕ ਦੀ 'ਸਿਹਤਮੰਦ ਗ੍ਰਹਿ ਅਤੇ ਸਿਹਤਮੰਦ ਲੋਕ' ਦੇ ਸਿਰਲੇਖ ਹੇਠ ਛਪੀ ਇਕ ਰਿਪੋਰਟ ਵਿਚ ਵੀ ਮਨੁੱਖੀ ਗਤੀਵਿਧੀਆਂ ਕਾਰਨ ਆ ਰਹੀਆਂ ਮੌਸਮੀ ਤਬਦੀਲੀਆਂ ਅਤੇ ਵਿਗਾੜਾਂ ਬਾਰੇ ਗੰਭੀਰ ਚਿੰਤਾ ਪ੍ਰਗਟਾਉਂਦਿਆਂ ਧਰਤੀ ਅਤੇ ਇਸ ਉਤੇ ਵਿਚਰ ਰਹੇ ਹਰ ਪ੍ਰਕਾਰ ਦੇ ਜੀਵ-ਜੰਤੂਆਂ ਦੀ ਹੋਂਦ ਤੇ ਉਨ੍ਹਾਂ ਦੇ ਸਿਹਤਮੰਦ ਜੀਵਨ ਲਈ ਛੇਤੀ ਤੋਂ ਛੇਤੀ ਉਪਰਾਲੇ ਕਰਨ ਲਈ ਪੁਰਜ਼ੋਰ ਸਿਫਾਰਸ਼ ਕੀਤੀ ਗਈ ਹੈ।

ਰਿਪੋਰਟਾਂ ਤੋਂ ਇਹ ਸਾਫ ਜਾਹਰ ਹੈ ਕਿ ਸਾਰੇ ਮੁਲਕਾਂ ਨੂੰ ਰਲਮਿਲ ਕੇ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਤੇਜ਼ੀ ਨਾਲ ਗਰੀਨਹਾਊਸ ਗੈਸਾਂ ਦੀ ਨਿਕਾਸੀ ਨੂੰ ਘੱਟ ਕਰਨ ਦੇ ਉਪਰਾਲੇ ਕਰਨੇ ਚਾਹੀਦੇ ਹਨ। ਸਾਲ 2014 ਦੀ ਆਈ.ਪੀ.ਸੀ.ਸੀ. ਦੀ ਇਕ ਰਿਪੋਰਟ ਪਿਛੋਂ ਭਾਵੇਂ ਪੈਰਿਸ ਮੌਸਮੀ ਸੰਧੀ 'ਚ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਘੱਟ ਕਰਨ ਲਈ ਸਾਰੇ ਮੁਲਕਾਂ ਨੇ ਰੂਪ ਰੇਖਾ ਉਲੀਕੀ ਸੀ, ਪਰ ਉਸ ਨੂੰ ਅਮਲੀ ਜਾਮਾ ਪਹਿਨਾਉਣ ਤੋਂ ਪਹਿਲਾਂ ਹੀ 2017 ਵਿਚ ਅਮਰੀਕਾ ਦੇ ਰਾਸ਼ਟਰਪਤੀ ਨੇ ਉਸ ਤੋਂ ਬਾਹਰ ਨਿਕਲਣ ਦਾ ਐਲਾਨ ਕਰ ਦਿੱਤਾ ਤੇ ਕਿਹਾ ਕਿ ਇਹ ਸੰਧੀ ਅਮਰੀਕਾ ਦੇ ਅਰਥਚਾਰੇ ਦੇ ਹਿੱਤ 'ਚ ਨਹੀਂ।

2018 ਵਿਚ ਆਈ ਰਿਪੋਰਟ ਦੇ ਨਤੀਜੇ ਅਮਰੀਕਾ, ਸਾਊਦੀ ਅਰਬ, ਕੁਵੈਤ ਅਤੇ ਰੂਸ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਪੋਲੈਂਡ ਦੇ ਸ਼ਹਿਰ ਕਾਟੋਵਿਸ ਵਿਚ 2018 ਵਿਚ ਹੋਈ ਕਾਨਫਰੰਸ ਵਿਚ ਪੈਰਿਸ ਮੌਸਮੀ ਸੰਧੀ ਨੂੰ ਅਮਲ ਵਿਚ ਲਿਆਉਣ ਲਈ ਤਾਪਮਾਨ ਸੁਰੱਖਿਆ ਦੇ ਵਾਧੇ ਦੀ ਹੱਦ 1.5 ਡਿਗਰੀ ਸੈਲਸੀਅਸ ਤੱਕ ਰੋਕਣ ਉਤੇ ਕੋਈ ਫੈਸਲਾ ਨਾ ਹੋ ਸਕਿਆ। ਜੇ ਤਾਪਮਾਨ ਦੇ ਵਾਧੇ ਉਤੇ ਲਗਾਮ ਪਾਉਣ ਵਾਲੀਆਂ ਕੌਮਾਂਤਰੀ ਕਾਨਫਰੰਸਾਂ ਫੇਲ੍ਹ ਹੁੰਦੀਆਂ ਰਹੀਆਂ ਤਾਂ ਧਰਤੀ ਅਤੇ ਇਸ 'ਤੇ ਰਹਿਣ ਵਾਲੇ ਜੀਵ-ਜੰਤੂ ਅਣਕਿਆਸੇ ਮੌਸਮੀ ਵਿਗਾੜਾਂ ਦੀ ਮਾਰ ਝੱਲਣ ਲਈ ਮਜਬੂਰ ਹੋ ਜਾਣਗੇ।

ਮੌਸਮੀ ਤਬਦੀਲੀ ਦੇ ਵਿਗਾੜਾਂ ਤੋਂ ਨਿਜਾਤ ਪਾਉਣ ਲਈ ਸਾਨੂੰ ਕੌਮਾਂਤਰੀ ਪੱਧਰ ਤੋਂ ਲੈ ਕੇ ਕੌਮੀ, ਖੇਤਰੀ ਅਤੇ ਸਥਾਨਕ ਪੱਧਰ 'ਤੇ ਉਪਰਾਲੇ ਕਰਨੇ ਚਾਹੀਦੇ ਹਨ। ਕੌਮਾਂਤਰੀ ਪੱਧਰ ਉਤੇ ਇਸੇ ਸਾਲ 23 ਸਤੰਬਰ ਨੂੰ ਸੰਯੁਕਤ ਰਾਸ਼ਟਰ ਦੇ ਸੈਕਟਰੀ ਜਨਰਲ ਐਨਟੋਨੀਓ ਗੁਟਰਸ ਨੇ ਤਾਪਮਾਨ ਦੇ ਵਾਧੇ ਉਤੇ ਕਾਬੂ ਪਾਉਣ ਲਈ ਨਿਊ ਯਾਰਕ ਵਿਚ ਇਕ ਸਪੈਸ਼ਲ ਕਲਾਈਮੇਟ ਸੰਮੇਲਨ ਰੱਖਿਆ ਹੈ ਅਤੇ ਇਸ ਵਿਚ ਸਿਰਫ ਉਹ ਹੀ ਮੁਲਕ ਹਿੱਸਾ ਲੈਣਗੇ, ਜਿਨ੍ਹਾਂ ਦੀਆਂ ਆਪਣੇ ਮੁਲਕ 'ਚ ਕਾਰਬਨ ਨਿਕਾਸੀ ਦੀ ਕਟੌਤੀ ਵਧਾਉਣ ਲਈ ਚੰਗੀਆਂ ਤਜਵੀਜ਼ਾਂ/ਯੋਜਨਾਵਾਂ ਹਨ।

ਇਸ ਪਿਛੋਂ ਚਿੱਲੀ ਦੇ ਸ਼ਹਿਰ ਸੈਨਤਿਆਗੋ ਵਿਚ ਸੀ. ਓ. ਪੀ. 25 ਵਿਚ ਵੀ ਇਸ ਬਾਰੇ ਡੂੰਘਾਈ ਨਾਲ ਵਿਚਾਰ-ਵਟਾਂਦਰਾ ਕਰਕੇ 2020 ਵਿਚ ਬਰਤਾਨੀਆ ਵਿਚ ਹੋਣ ਵਾਲੀ ਸੀ. ਓ. ਪੀ. 26 ਲਈ ਵਿਉਂਤਬੰਦੀ ਤਿਆਰ ਕੀਤੀ ਜਾਵੇ, ਕਿਉਂਕਿ 2020 ਵਿਚ ਹੋਣ ਵਾਲੀ ਸੀ. ਓ. ਪੀ. 26 ਵਿਚ ਕਾਰਬਨ ਨਿਕਾਸੀ ਦੀ ਕਟੌਤੀ ਕਰਨ ਲਈ ਸਾਰੇ ਮੁਲਕਾਂ ਦੀ ਰਾਇ ਨਾਲ ਅੰਤਿਮ ਫੈਸਲਾ ਲਿਆ ਜਾਵੇਗਾ ਅਤੇ ਤਾਪਮਾਨ ਦੇ ਵਾਧੇ ਨੂੰ 1.5 ਡਿਗਰੀ ਸੈਲੀਅਸ ਤੱਕ ਰੋਕਣ ਦਾ ਉਪਰਾਲਾ ਕੀਤਾ ਜਾਵੇਗਾ।

ਸਵਾਲ ਹੈ ਕਿ ਇਨ੍ਹਾਂ ਕਾਨਫਰੰਸਾਂ ਵਿਚ ਕਿੰਨੀ ਸਫਲਤਾ ਮਿਲਦੀ ਹੈ? ਇਸ ਤੋਂ ਇਲਾਵਾ ਕੌਮੀ ਪੱਧਰ 'ਤੇ ਵੀ ਕਾਰਵਾਈ ਦੀ ਲੋੜ ਹੈ। ਬਰਤਾਨੀਆ, ਆਇਰਲੈਂਡ, ਕੈਨੇਡਾ ਅਤੇ ਫਰਾਂਸ ਵਰਗੇ ਕੁਝ ਮੁਲਕਾਂ ਨੇ ਮੌਸਮੀ ਐਮਰਜੈਂਸੀ ਦਾ ਐਲਾਨ ਕੀਤਾ ਹੈ, ਜੋ ਇਸ ਸਬੰਧ ਵਿਚ ਤੇਜ਼ੀ ਨਾਲ ਕਦਮ ਚੁੱਕਣ ਦੀ ਨੀਅਤ ਨੂੰ ਵੀ ਦਰਸਾਉਂਦਾ ਇਕ ਸ਼ਲਾਘਾਯੋਗ ਕਦਮ ਹੈ। ਗਰੀਨਹਾਊਸ ਗੈਸਾਂ ਦੀ ਨਿਕਾਸੀ ਨੂੰ ਘੱਟ ਕਰਨ ਲਈ ਹਰ ਮੁਲਕ ਨੂੰ ਚਾਹੀਦਾ ਹੈ ਕਿ ਤੇਲ, ਕੋਇਲੇ ਆਦਿ ਦੀ ਵਰਤੋਂ ਘਟਾ ਕੇ ਕੁਦਰਤੀ ਸਰੋਤਾਂ ਭਾਵ ਹਵਾ, ਪਾਣੀ ਅਤੇ ਸੂਰਜੀ ਸਰੋਤਾਂ ਤੋਂ ਊਰਜਾ ਪੈਦਾ ਕਰੇ। ਇਸ ਦੇ ਨਾਲ ਨਾਲ ਜੰਗਲਾਂ ਦੇ ਰਕਬੇ ਵਿਚ ਵਾਧਾ ਕਰਨਾ ਚਾਹੀਦਾ ਹੈ, ਕਿਉਂਕਿ ਰੁੱਖ ਗਰੀਨਹਾਊਸ ਗੈਸਾਂ ਨੂੰ ਕਾਫੀ ਮਾਤਰਾ ਵਿਚ ਆਪਣੇ ਅੰਦਰ ਜਜ਼ਬ ਕਰ ਲੈਂਦੇ ਹਨ।

ਇੱਥੇ ਇਹ ਜਾਣ ਲੈਣਾ ਵੀ ਜ਼ਰੂਰੀ ਹੈ ਕਿ ਜੰਗਲਾਂ ਥੱਲੇ ਰਕਬਾ ਵਧਣਾ ਜ਼ਰੂਰੀ ਹੈ, ਨਾ ਕਿ ਫਸਲਾਂ ਜਾਂ ਵਪਾਰਕ ਰੁੱਖਾਂ ਥੱਲੇ ਜਿਵੇਂ ਸਾਡੇ ਮੁਲਕ ਵਿਚ ਪਿਛਲੇ ਦੋ ਸਾਲਾਂ ਵਿਚ ਜੰਗਲਾਂ ਥੱਲੇ ਇਕ ਫੀਸਦ ਰਕਬਾ ਵਧਿਆ ਹੈ, ਪਰ ਅਸਲ ਵਿਚ ਇਸ ਵਿਚੋਂ 82 ਫੀਸਦ ਰਕਬਾ ਖੇਤੀਬਾੜੀ ਜਦਕਿ ਸਿਰਫ 4.4 ਫੀਸਦ ਜੰਗਲਾਂ ਥੱਲੇ ਵਧਿਆ ਹੈ। ਇਸੇ ਤਰ੍ਹਾਂ ਯੂਰਪ ਦੇ ਕੁਝ ਮੁਲਕਾਂ ਜਿਵੇਂ ਸਵੀਡਨ, ਫਿਨਲੈਂਡ, ਸਪੇਨ ਅਤੇ ਫਰਾਂਸ ਵਿਚ ਜੰਗਲਾਂ ਦਾ ਰਕਬਾ ਵਧ ਰਿਹਾ ਹੈ ਅਤੇ ਇਹ ਵਾਧਾ 1990-2015 ਦੌਰਾਨ ਲਗਭਗ 90,000 ਵਰਗ ਮੀਟਰ ਆਂਕਿਆ ਗਿਆ ਹੈ, ਪਰ ਇਹ ਵਾਧਾ ਵੀ ਉਨ੍ਹਾਂ ਦਰਖਤਾਂ ਦਾ ਹੀ ਹੈ, ਜਿਨ੍ਹਾਂ ਦੀ ਲਕੜੀ ਕਾਗਜ਼ ਅਤੇ ਇਮਾਰਤਾਂ ਬਣਾਉਣ ਲਈ ਵਰਤੀ ਜਾਂਦੀ ਹੈ। ਇਸ ਲਈ ਇਸ ਸਮੇਂ ਜੰਗਲਾਂ ਦੇ ਉਸ ਰਕਬੇ ਵਿਚ ਵਾਧਾ ਕਰਨਾ ਚਾਹੀਦਾ ਹੈ, ਜੋ ਗਰੀਨ ਹਾਊਸ ਗੈਸਾਂ ਨੂੰ ਵੱਧ ਤੋਂ ਵੱਧ ਜਜ਼ਬ ਕਰ ਸਕਣ।

ਇਸ ਤੋਂ ਇਲਾਵਾ ਹਰ ਇਕ ਮੁਲਕ ਨੂੰ ਆਵਾਜਾਈ ਦੇ ਜਨਤਕ ਸਾਧਨਾਂ ਨੂੰ ਇੰਨਾ ਚੁਸਤ-ਦਰੁਸਤ ਬਣਾ ਦੇਣਾ ਚਾਹੀਦਾ ਹੈ ਕਿ ਲੋਕ ਨਿੱਜੀ ਸਾਧਨਾਂ ਨੂੰ ਆਪ-ਮੁਹਾਰੇ ਤਿਆਗ ਦੇਣ। ਹਰ ਵਿਅਕਤੀ ਨੂੰ ਨਿੱਜੀ ਤੌਰ 'ਤੇ ਉਪਰਾਲੇ ਕਰਨ ਦੀ ਵੀ ਲੋੜ ਹੈ, ਜਿਵੇਂ ਕੁਦਰਤੀ ਸਾਧਨਾਂ ਦੀ ਲੋੜ ਅਨੁਸਾਰ ਵਰਤੋਂ ਅਤੇ ਊਰਜਾ ਨਾਲ ਚੱਲਣ ਵਾਲੇ ਸਾਧਨ ਜਿਵੇਂ ਘਰਾਂ ਦੀ ਲਾਈਟ, ਪੱਖੇ, ਏ. ਸੀ., ਟੀ. ਵੀ. ਆਦਿ ਦੀ ਵਰਤੋਂ ਘੱਟ ਕਰਕੇ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਘੱਟ ਕੀਤੀ ਜਾ ਸਕਦੀ।

ਇਸ ਦੇ ਨਾਲ ਨਾਲ ਸਵੀਡਨ ਦੀ 16 ਸਾਲਾ ਲੜਕੀ ਗਰੀਟਾ ਥੁਨਬਰਗ, ਜਿਸ ਨੇ 'ਫਰਾਈਡੇਅ ਫਾਰ ਫਿਊਚਰ' ਮੁਹਿੰਮ ਚਲਾ ਕੇ ਸਾਰੀ ਦੁਨੀਆਂ ਦੇ ਸਕੂਲੀ ਬੱਚਿਆਂ ਨੂੰ ਵਾਤਾਵਰਣ ਦੀ ਖਸਤਾ ਹਾਲਤ ਬਾਰੇ ਜਾਗਰੂਕ ਕਰਕੇ ਆਪਣੇ ਮੁਲਕ ਦੀ ਸਰਕਾਰ ਨੂੰ ਫਰਾਈਡੇਅ (ਸ਼ੁੱਕਰਵਾਰ) ਨੂੰ ਸਕੂਲ ਨਾ ਜਾ ਕੇ, ਆਪਣੇ ਸ਼ਹਿਰ ਵਿਚ ਹੀ ਕਿਸੇ ਇਕ ਖਾਸ ਥਾਂ ਇਕੱਠੇ ਹੋ ਕੇ ਸ਼ਾਂਤੀਪੂਰਵਕ ਰੋਸ ਪ੍ਰਗਟ ਕਰਕੇ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਲਈ ਸੋਚਣ ਲਈ ਮਜਬੂਰ ਕਰਨ ਦੀ ਮੁਹਿੰਮ ਚਲਾਈ ਹੈ ਤਾਂ ਕਿ ਸਰਕਾਰਾਂ ਆਪਣੀਆਂ ਆਰਥਕ ਵਿਕਾਸ ਦੀਆਂ ਗਿਣਤੀਆਂ-ਮਿਣਤੀਆਂ ਛੱਡ ਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਸਿਹਤਮੰਦ ਵਾਤਾਵਰਣ ਬਣਾਉਣ ਲਈ ਤੇਜ਼ੀ ਨਾਲ ਉਪਰਾਲੇ ਸ਼ੁਰੂ ਕਰ ਦੇਣ। ਇਸ ਲਈ ਹਰ ਮੁਲਕ ਦੀ ਸਰਕਾਰ ਨੂੰ ਆਪਣੇ ਤੌਰ 'ਤੇ ਅਤੇ ਕੌਮਾਂਤਰੀ ਪੱਧਰ ਉਤੇ ਸਾਂਝੇ ਤੌਰ 'ਤੇ ਇਸ ਪੀੜ੍ਹੀ ਤੋਂ ਸਿੱਖਿਆ ਲੈਂਦਿਆਂ, ਬਿਨਾ ਦੇਰੀ ਕੀਤੇ ਮੌਸਮੀ ਤਬਦੀਲੀਆਂ ਦੀ ਭਿਆਨਕ ਮਾਰ ਤੋਂ ਬਚਣ ਦੇ ਤੇਜ਼ੀ ਨਾਲ ਉਪਰਾਲੇ ਕਰਨੇ ਚਾਹੀਦੇ ਹਨ।




## ਅਪਾਹਜ ਦੀਆਂ ਸੋਚਾਂ

ਖੋਹ ਲਏ ਅੰਗ ਤੂੰ ਵੈਰੀ ਬਣ ਕੇ
ਜ਼ਿੰਦਗੀ ਸੁਪਨਿਆਂ ਵਿਚ ਅਸਾਂ ਮਰ ਲਈ।
ਰੂਹ ਸਾਡੀ ਨੂੰ ਕੀਤਾ ਜ਼ਖਮੀ
ਖਿੱਚਣ ਲਈ ਤੂੰ ਆਪਣੇ ਦਰ ਲਈ।

ਜਦ ਘੁਰਕੀ ਤੇਰੀ ਮੰਨਣੋਂ ਹਟ ਗਏ
ਮਰਜੀ ਤੂੰ ਵੀ ਆਪਣੀ ਕਰ ਲਈ।
ਜੱਲਾਦਾਂ ਵਾਲੀ ਸਜ਼ਾ ਵੀ ਤੇਰੀ
ਬਿਨ ਹੰਝੂ ਅਸੀਂ ਸੁੱਟੇ ਜਰ ਲਈ।

ਕਈ ਮੱਤਾਂ ਦੇ ਕੇ ਚਲੇ ਗਏ
ਕਈਆਂ ਮੰਜੇ ਬਹਿ ਚੌਕੀ ਭਰ ਲਈ।
ਸਾਡੀ ਖਾਮੋਸ਼ੀ ਨੂੰ ਜਿੱਤ ਸਮਝ ਗਏ
ਖੁਸ਼ ਹੁੰਦੇ ਜਿਵੇਂ ਗੰਗਾ ਤਰ ਲਈ।

ਤੂੰ ਮੌਤੇ ਕਿਉਂ ਕਾਹਲੀ ਪਾਈ?
ਸਬਰ ਨਾਲ ਜਰਾ ਠਹਿਰ ਕੇ ਮਰ ਲਈਂ।
ਕਰੂੰ ਉਡੀਕ ਸਿਵਿਆਂ ਵਿਚ ਤੇਰੀ
ਬਲਦੀ ਅੱਗ 'ਤੇ ਆ ਕੇ ਧਰ ਲਈਂ।

ਸਾੜ ਦਈਂ ਸਾਡੇ ਤਨ ਦੇ ਚੰਮ ਨੂੰ
ਮੁੱਠ ਹੱਡੀਆਂ ਦੀ ਝੋਲੀ ਭਰ ਲਈਂ।
ਸਵਾਹ ਹਵਾ ਵਿਚ ਉਡ-ਪੁਡ ਜਾਣੀ
ਪਿਛੋਂ ਮੰਤਰ ਸਾਰੇ ਪੜ੍ਹ ਲਈਂ।

ਕੁਝ ਹੰਝੂ ਹੋਣਗੇ ਮੇਰੇ ਵਿਛੜਨ ਦੇ
ਕਈ ਕਿਰਨੇ ਆਪਣੀ ਮੌਤ ਦੇ ਡਰ ਲਈ।
ਚੰਦ ਕੁ ਹੁਕਾਂ ਗਮ ਦੀਆਂ ਕਈਆਂ
ਉਚੀ ਮਾਰ ਕੇ ਹਾਜ਼ਰੀ ਭਰ ਲਈ।

-ਪਰਦੀਪ ਠੱਕਰਵਾਲ
ਸੈਨ ਹੋਜ਼ੇ, ਕੈਲੀਫੋਰਨੀਆ।

# ਗੁੰਦਿਆ ਪਰਾਂਦਾ ਰੀਝਾਂ ਨਾਲ ਵੇ...

ਸਭਿਆਚਾਰ

ਬਣ ਠਣ ਕੇ ਰਹਿਣ, ਸੱਜ ਸੰਵਰ ਕੇ ਵਿਚਰਨ ਤੇ ਹਾਰ ਸ਼ਿੰਗਾਰ ਕਰਨ ਨੂੰ ਪੰਜਾਬਣ ਦੀ ਦਿਲੀ ਰੀਝ ਕਹਿ ਲੈਂਦੇ ਹਨ। ਹਾਰ ਸ਼ਿੰਗਾਰ ਉਹ ਉਦੋਂ ਤੋਂ ਸਿੱਖ ਜਾਂਦੀ ਹੈ, ਜਦੋਂ ਬਚਪਨ ਵਿਚ ਉਹ ਘਰੇ ਕੁੜੀਆਂ/ਔਰਤਾਂ ਨੂੰ ਹਾਰ ਸ਼ਿੰਗਾਰ ਕਰਦਿਆਂ ਵੇਖਦੀ ਹੈ ਜਾਂ ਗੁੱਡੇ-ਗੁੱਡੀ ਦੇ ਵਿਆਹ ਦੀ ਖੇਡ ਖੇਡਦਿਆਂ ਉਹ ਖਿਡਾਉਣਿਆਂ ਦਾ ਹਾਰ ਸ਼ਿੰਗਾਰ ਕਰ ਰਹੀ ਹੁੰਦੀ ਹੈ। ਉਹ ਆਪਣੇ ਵਾਲਾਂ ਦਾ ਸ਼ਿੰਗਾਰ ਕਰਨਾ ਵੀ ਬਚਪਨ ਵਿਚ ਹੀ ਸਿੱਖ ਜਾਂਦੀ ਹੈ। ਸੰਘਣੇ, ਮੁਲਾਇਮ ਤੇ ਲੰਮੇ ਵਾਲ ਉਸ ਦੀ ਸੁੰਦਰਤਾ 'ਚ ਵਾਧਾ ਕਰਦੇ ਹਨ। ਵਾਲਾਂ ਦੀ ਸੰਭਾਲ, ਵਾਲ ਵਾਹ ਕੇ ਗੁੱਤ ਕਰਨ ਤੇ ਗੁੱਤ 'ਚ ਕਾਲਾ



**ਡਾ. ਪ੍ਰਿਤਪਾਲ ਸਿੰਘ ਮਹਿਰੋਕ**
ਫੋਨ: 91-98885-10185

ਜਾਂ ਰੰਗਦਾਰ ਪਰਾਂਦਾ ਸਜਾਉਣ ਦਾ ਉਸ ਦਾ ਸ਼ੌਕ ਬਹੁਤ ਪੁਰਾਣਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਪਰਾਂਦਾ ਪਰਿਬੰਧਨ ਜਾਂ ਇਸਤ੍ਰੀਆਂ ਦੇ ਕੇਸ ਬੰਨ੍ਹਣ ਦਾ ਡੋਰਾ" ਹੁੰਦਾ ਹੈ (ਗੁਰ ਸ਼ਬਦ ਰਤਨਾਕਰ ਮਹਾਨਕੋਸ਼, ਪੰਨਾ 2640)।

ਪਰਾਂਦਾ ਵੱਖ ਵੱਖ ਰੰਗਾਂ ਦੇ ਰੇਸ਼ਮੀ ਜਾਂ ਸੂਤੀ ਧਾਗੇ ਨਾਲ ਬੁਣਿਆ ਜਾਂਦਾ ਹੈ। ਪਰਾਂਦੇ ਨੂੰ ਵਾਲਾਂ ਨੂੰ ਸ਼ਿੰਗਾਰਨ ਵਾਲੀ, ਖੂਬਸੂਰਤ ਜੜਤ ਵਾਲੀ ਡੋਰੀ ਵੀ ਕਹਿ ਲਿਆ ਜਾਂਦਾ ਹੈ। ਲਾਲ ਤੇ ਗੁਲਾਬੀ ਰੰਗ ਦਾ ਪਰਾਂਦਾ ਮੁਟਿਆਰਾਂ ਦਾ ਮਨਭਾਉਂਦਾ ਪਰਾਂਦਾ ਸਮਝਿਆ ਜਾਂਦਾ ਹੈ। ਪਰਾਂਦੇ ਦੀ ਸੁੰਦਰਤਾ ਵਿਚ ਵਾਧਾ ਕਰਨ ਲਈ ਉਸ ਨੂੰ ਛੋਟੇ ਛੋਟੇ ਸ਼ੀਸ਼ਿਆਂ, ਮੋਤੀਆਂ, ਮਣਕਿਆਂ, ਬਾਰੀਕ ਘੁੰਗਰੂਆਂ, ਝਾਲਰਾਂ, ਮੋਤੀਆਂ ਦੀਆਂ ਲੜੀਆਂ, ਚਮਕੀਲੇ ਸਿਤਾਰਿਆਂ ਆਦਿ ਨਾਲ ਬੁਣਿਆ/ਸ਼ਿੰਗਾਰਿਆ ਜਾਂਦਾ ਹੈ। ਹਰ ਸਮੇਂ ਦੇ ਨਵੇਂ ਨਵੇਲੇ ਫੈਸ਼ਨ ਦੇ ਚਲਨ ਅਨੁਸਾਰ ਕਾਲੇ, ਗੁਲਾਬੀ ਤੇ ਲਾਲ ਰੰਗ ਦੇ ਪਰਾਂਦੇ ਦਾ ਵਿਸ਼ੇਸ਼ ਮਹੱਤਵ ਬਣਿਆ ਆ ਰਿਹਾ ਹੈ। ਪੰਜਾਬ ਵਿਚ ਪਟਿਆਲਾ, ਜਲੰਧਰ, ਅੰਮ੍ਰਿਤਸਰ, ਲੁਧਿਆਣਾ ਤੇ ਕਈ ਹੋਰ ਸ਼ਹਿਰਾਂ ਵਿਚ ਬਣੇ ਪਰਾਂਦਿਆਂ ਨੂੰ ਕੁੜੀਆਂ ਬੇਹੱਦ ਪਸੰਦ ਕਰਦੀਆਂ ਹਨ:

ਕਾਲੇ ਰੰਗ ਦਾ ਪਰਾਂਦਾ ਪਟਿਆਲਿਓਂ ਲਿਆਂਦਾ
ਉਹਦੀ ਖੁਲ੍ਹਦੀ ਡੋਰ ਨੂੰ ਬੁਣ ਭਾਬੀਏ
ਮੇਰੀਆਂ ਝਾਂਜਰਾਂ ਦਾ ਸ਼ੋਰ ਗੁਲ ਸੁਣ ਭਾਬੀਏ...।

ਵਿਆਹਾਂ ਜਾਂ ਹੋਰ ਸਮਾਜਕ/ਸਭਿਆਚਾਰਕ ਸਮਾਗਮਾਂ ਮੌਕੇ ਜਾਂ ਕਿਸੇ ਦਿਨ ਦਿਹਾਰ 'ਤੇ ਮੁਟਿਆਰਾਂ ਬੜੇ ਸ਼ੌਕ ਨਾਲ ਗੁੱਤ ਵਿਚ ਪਰਾਂਦਾ ਸਜਾਉਂਦੀਆਂ ਹਨ। ਪੰਜਾਬੀ ਵਿਚ ਰਚੇ ਗਏ ਹਰਮਨ ਪਿਆਰੇ ਕਾਵਿ ਅਤੇ ਪੰਜਾਬੀ ਲੋਕ ਕਾਵਿ ਵਿਚ ਪਰਾਂਦੇ ਦਾ ਜ਼ਿਕਰ ਬਹੁਤ ਥਾਈਂ ਹੋਇਆ ਹੈ। ਕਈ ਗੀਤਾਂ ਨੇ ਇਸ ਹੱਦ ਤੱਕ ਲੋਕ ਮਕਬੂਲੀਅਤ ਹਾਸਲ ਕੀਤੀ ਹੈ ਕਿ ਉਹ ਦਰਸ਼ਕਾਂ/ਸਰੋਤਿਆਂ ਦੇ ਮਨਾਂ ਦੇ ਬੇਹੱਦ ਕਰੀਬ ਰਹੇ ਹਨ,

ਕਾਲੇ ਰੰਗ ਦਾ ਪਰਾਂਦਾ
ਮੇਰੇ ਸੱਜਣਾਂ ਲਿਆਂਦਾ
ਨੀ ਮੈਂ ਚੁੰਮ ਚੁੰਮ ਰੱਖਦੀ ਫਿਰਾਂ...।

ਕਾਲੀ ਤੇਰੀ ਗੁੱਤ ਤੇ
ਪਰਾਂਦਾ ਤੇਰਾ ਲਾਲ ਨੀ...।

'ਕਾਲਾ ਡੋਰੀਆ ਕੁੰਡੇ ਨਾਲ ਅੜਿਆ ਈ ਓਏ...।' ਆਦਿ ਗੀਤਾਂ ਵਿਚ ਪਰਾਂਦੇ ਦਾ ਜਸ ਗਾਇਨ ਕੀਤਾ ਗਿਆ ਹੈ। ਪੰਜਾਬੀ ਲੋਕ ਗੀਤਾਂ ਵਿਚ ਪਰਾਂਦੇ ਦੀ ਵੱਖ ਵੱਖ ਪਹਿਲੂਆਂ ਤੋਂ ਮਹਿਮਾ ਗਾਈ ਗਈ ਮਿਲਦੀ ਹੈ,

ਬੋਲੀ ਪਾ ਕੇ ਜਦੋਂ ਮੈਂ ਗਿੱਧੇ ਵਿਚ ਦਿੱਤਾ ਗੇੜਾ
ਅੱਡੀ ਦੀ ਧਮਕ ਨਾਲ ਮੈਂ ਹਿਲਾ 'ਤਾ ਵਿਹੜਾ
ਮੇਰੇ ਗੋਰੇ ਪੈਰਾਂ ਵਿਚ ਨੱਚਦਾ ਭੁਚਾਲ ਵੇ
ਨਹੀਂ ਖੁੱਲ੍ਹਦਾ ਗੱਭਰੂਆ
ਗੁੰਦਿਆ ਪਰਾਂਦਾ ਰੀਝਾਂ ਨਾਲ ਵੇ...।

ਘੁੰਗਰੀਆਂ ਪਰਾਂਦੇ ਨੂੰ,
ਘੁੰਗਰੀਆਂ ਪਰਾਂਦੇ ਨੂੰ
ਆਖ ਰਹੀ ਮੈਂ ਜਾਂਦੇ ਨੂੰ
ਕਹਿ ਜਾਈਂ ਵੇ ਲਲਾਰੀ ਨੂੰ
ਦੇਹ ਡੋਬਾ, ਦੇਹ ਡੋਬਾ, ਫੁਲਕਾਰੀ ਨੂੰ...।

ਸਮਾਜ ਦੇ ਕਈ ਵਰਗਾਂ ਵਿਚ ਅਕਸਰ ਕੁੜੀ ਦੇ ਵਿਆਹ ਵੇਲੇ ਡੋਲੀ ਤੋਰਨ ਤੋਂ ਪਹਿਲਾਂ ਉਸ ਦਾ ਸਿਰ ਗੁੰਦਣ ਦੀ ਰਸਮ ਹੁੰਦੀ ਸੀ। ਕੁੜੀ ਦੀਆਂ ਸਹੇਲੀਆਂ ਤੇ ਰਿਸ਼ਤੇਦਾਰ ਕੁੜੀਆਂ ਵਿਸ਼ੇਸ਼ ਤੌਰ 'ਤੇ ਬਣਾਇਆ ਜਾਂ ਖਰੀਦ ਕੇ ਲਿਆਂਦਾ ਪਰਾਂਦਾ ਗੁੰਦ ਕੇ ਉਸ ਦੀ ਗੁੱਤ ਵਿਚ ਸਜਾਉਂਦੀਆਂ ਸਨ।



ਨਵੀਂ ਵਿਆਹੀ ਨੂੰ ਉਸ ਦਾ ਪਤੀ ਵੀ ਤੋਹਫੇ ਵਜੋਂ ਪਰਾਂਦਾ ਭੇਟ ਕਰਦਾ। ਉਸ ਸਮੇਂ ਉਸ ਦੀ ਖੁਸ਼ੀ ਦੀ ਕੋਈ ਹੱਦ ਨਹੀਂ ਸੀ ਰਹਿੰਦੀ। ਫਿਰ ਜਦੋਂ ਉਸ ਨੇ ਗੁੱਤ ਕਰਨੀ ਹੁੰਦੀ, ਉਸ ਪਰਾਂਦੇ ਨੂੰ ਉਹ ਅਗੰਮੀ ਚਾਅ ਨਾਲ ਆਪਣੀ ਗੁੱਤ ਵਿਚ ਸਜਾਉਂਦੀ।

ਪਰਾਂਦਾ ਸ਼ਗਨ ਦੇ ਰੂਪ 'ਚ ਵੀ ਕੁੜੀਆਂ ਨੂੰ ਭੇਜਿਆ ਜਾਂਦਾ ਰਿਹਾ ਹੈ। ਕੁੜੀ ਆਪਣੇ ਪਤੀ ਬਾਰੇ ਤੇ ਪਰਾਂਦੇ ਬਾਰੇ ਕੁਝ ਅਜਿਹੇ ਬੋਲ ਉਚਾਰਦੀ ਹੈ,

ਉਹਦੇ ਨਾਲ ਜਚਦੀ ਹਾਂ ਮੈਂ
ਤੇ ਮੇਰੇ ਨਾਲ ਉਹ ਜਚਦਾ
ਮਾਹੀ ਨਾਲ ਨੱਚਦੀ ਹਾਂ ਮੈਂ
ਤੇ ਗੁੱਤ ਨਾ' ਪਰਾਂਦਾ ਨੱਚਦਾ...।

ਗੁੱਤ ਵਿਚ ਗੁੰਦਿਆ ਪਰਾਂਦਾ ਉਸ ਦੀ ਖੂਬਸੂਰਤੀ ਵਿਚ ਵਾਧਾ ਕਰਨ ਵਿਚ ਸਹਾਈ ਹੁੰਦਾ ਹੈ। ਇਕ ਰੰਗੇ ਜਾਂ ਬਹੁ ਰੰਗੇ ਧਾਗਿਆਂ ਦੀਆਂ ਲੜੀਆਂ ਨੂੰ ਡਾਢੀ ਜੁਗਤੀ ਨਾਲ ਔਰਤਾਂ ਜਦੋਂ ਖੂਬਸੂਰਤ ਪਰਾਂਦੇ ਦੇ ਰੂਪ ਵਿਚ ਢਾਲਦੀਆਂ ਸਨ ਤਾਂ ਉਹ ਪਰਾਂਦਾ ਉਨ੍ਹਾਂ ਦੀ ਹਸਤ ਕਲਾ ਦਾ ਵਧੀਆ ਤੇ ਵੇਖਣਯੋਗ ਨਮੂਨਾ ਬਣ ਜਾਂਦਾ ਸੀ। ਗੁੱਤ ਨੂੰ ਵੱਖ ਵੱਖ ਰੰਗਾਂ ਤੇ ਡਿਜ਼ਾਇਨਾਂ ਨਾਲ ਬਣਾਏ ਪਰਾਂਦੇ ਨਾਲ ਸ਼ਿੰਗਾਰਨਾ ਆਪਣੀ ਮਿਸਾਲ ਆਪ ਹੁੰਦਾ ਸੀ। ਗੁੱਤ ਅਤੇ ਪਰਾਂਦੇ ਦਾ ਆਪਸ ਵਿਚ ਬਹੁਤ ਨੇੜਲਾ ਸਬੰਧ ਹੈ, ਅਸਲ ਵਿਚ ਗੁੱਤ ਤੇ ਪਰਾਂਦਾ ਇਕ ਦੂਜੇ ਦੇ ਪੂਰਕ ਹਨ।

ਤੇਰੀ ਗੁੱਤ ਦਾ ਪਰਾਂਦਾ ਭੁੰਜੇ ਡਿੱਗਿਆ
ਨੀ ਉਹ ਸੱਪ ਵਾਂਗੂੰ ਵਲ ਪਿਆ ਖਾਂਵਦਾ
ਮੇਰੇ ਹੱਥ ਚੁੱਕ ਕੇ ਫੜਾ ਦੇ ਵੇ
ਤੈਨੂੰ ਕਿਹੜੀ ਗੱਲੋਂ ਡਰ ਆਂਵਦਾ...।

ਭੰਗੜਾ ਤੇ ਗਿੱਧਾ ਪਾਉਣ ਵਾਲੇ ਮੁੰਡੇ ਕੁੜੀਆਂ ਸਬੰਧਤ ਨਾਚ ਦੀ ਲੋੜ ਤੇ ਸੁਭਾਅ ਅਨੁਸਾਰ ਵਿਸ਼ੇਸ਼ ਤੌਰ 'ਤੇ ਬਣਾਏ ਗਏ ਵਸਤਰਾਂ ਦੀ ਵਰਤੋਂ ਸਮੇਂ, ਉਨ੍ਹਾਂ ਨੂੰ ਸ਼ਿੰਗਾਰਨ ਵੇਲੇ ਉਨ੍ਹਾਂ 'ਤੇ ਪਰਾਂਦੇ ਵੀ ਬੰਨ੍ਹਦੇ/ਸਜਾਉਂਦੇ ਹਨ। ਪਰਾਂਦਿਆਂ ਨਾਲ ਅਲਗੋਜ਼ੇ, ਤੂੰਬੀ, ਢੋਲ ਆਦਿ ਜਿਹੇ ਲੋਕ ਸਾਜ਼ਾਂ ਦਾ ਸ਼ਿੰਗਾਰ ਵੀ ਕੀਤਾ ਜਾਂਦਾ ਹੈ।

ਸਮੇਂ ਦੇ ਬਦਲਣ ਨਾਲ ਪਹਿਰਾਵੇ ਵਿਚ ਬਹੁਤ ਵੱਡੇ ਪੱਧਰ 'ਤੇ ਤਬਦੀਲੀ ਆਈ ਹੈ। ਮੰਡੀ ਸਭਿਆਚਾਰ ਵਿਚ ਹਾਰ ਸ਼ਿੰਗਾਰ ਕਰਨ ਤੇ ਸੱਜ-ਸੰਵਰ ਕੇ ਰਹਿਣ ਦੇ ਅਨੇਕ ਨਵੇਂ ਢੰਗ ਤਰੀਕੇ ਤੇ ਸੰਦ ਉਪਲਬਧ ਹਨ। ਹੁਣ ਪਰਾਂਦਾ ਵਿਆਹ ਸਮਾਗਮਾਂ 'ਤੇ ਜਾਂ ਵਿਸ਼ੇਸ਼ ਮੌਕਿਆਂ 'ਤੇ ਹੀ ਗੁੱਤ ਵਿਚ ਸਜਾਇਆ ਜਾਂਦਾ ਹੈ। ਬਹੁਤੀਆਂ ਹਾਲਤਾਂ ਵਿਚ ਹੁਣ ਪਰਾਂਦੇ ਪੁਰਾਣੀਆਂ ਅਲਮਾਰੀਆਂ, ਟਰੰਕਾਂ ਵਿਚ ਰੱਖੇ ਹੋਏ ਜਾਂ ਹਨੇਰੇ ਕਮਰਿਆਂ ਵਿਚ ਕਿੱਲੀਆਂ ਨਾਲ ਟੰਗੇ ਹੋਏ ਮਿਲਣਗੇ। ਕਿਧਰੇ ਕਿਧਰੇ ਹਾਰ ਸ਼ਿੰਗਾਰ ਦੀਆਂ ਪੁਰਾਣੀਆਂ ਵਸਤਾਂ ਨੂੰ ਸਾਂਭ ਸੰਭਾਲ ਕੇ ਰੱਖੀ ਬੈਠੀਆਂ ਬਜ਼ੁਰਗ ਔਰਤਾਂ ਕੋਲੋਂ ਅਜੇ ਵੀ ਪੁਰਾਣੇ ਪਰਾਂਦਿਆਂ ਦੇ ਨਮੂਨੇ ਵੇਖੇ ਜਾ ਸਕਦੇ ਹਨ। ਹੱਥਾਂ ਨਾਲ ਬਣਾਏ ਪਰਾਂਦਿਆਂ ਦੀ ਥਾਂ ਹੁਣ ਮਸ਼ੀਨਾਂ ਨਾਲ ਬਣਾਏ ਜਾਂਦੇ ਪਰਾਂਦਿਆਂ ਨੇ ਲੈ ਲਈ ਹੈ। ਮਸ਼ੀਨਾਂ ਨਾਲ ਬਣਾਏ ਜਾਂਦੇ ਪਰਾਂਦਿਆਂ ਦੇ ਰੰਗ ਰੂਪ, ਵੰਨਗੀਆਂ, ਸਫਾਈ, ਸਜਾਵਟ, ਫੱਬਤ ਵਿਚ ਜਿੱਥੇ ਬਾਕਮਾਲ ਵਾਧਾ ਹੋਇਆ ਹੈ, ਉਥੇ ਉਹ ਮਨਮੋਹਕ ਵੀ ਬਣ ਗਏ ਹਨ। ਇੰਜ ਪਰਾਂਦੇ ਬਣਾਉਣ ਦੀ ਕਲਾ ਦੀ ਪੱਧਰ ਵਿਚ ਨਿਸਚੇ ਹੀ ਵਿਸਥਾਰ ਹੋਇਆ ਹੈ।

# ਸੋਹਣ ਸਿੰਘ ਮੀਸ਼ਾ ਦੀ ਸ਼ਾਇਰੀ ਦੇ ਮੱਦਾਹ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਕੁਝ ਦਿਨਾਂ ਤੱਕ ਪੰਜਾਬੀ ਕਵੀ ਸੋਹਣ ਸਿੰਘ ਮੀਸ਼ਾ ਨੂੰ ਇਸ ਦੁਨੀਆਂ ਤੋਂ ਕੂਚ ਹੋਇਆਂ 33 ਸਾਲ ਹੋ ਜਾਣੇ ਹਨ। ਪੰਜਾਬੀ ਗ਼ਜ਼ਲਗੋਈ ਨੂੰ ਉਰਦੂ ਗ਼ਜ਼ਲਗੋਈ ਦੇ ਟਾਕਰੇ ਦੀ ਬਣਾਉਣ ਵਾਲੇ ਤਿੰਨ ਕਵੀਆਂ-ਸ. ਸ. ਮੀਸ਼ਾ, ਸੁਰਜੀਤ ਪਾਤਰ ਤੇ ਸੁਖਵਿੰਦਰ ਅੰਮ੍ਰਿਤ ਵਿਚੋਂ ਉਹ ਸਭ ਤੋਂ ਪਹਿਲਾ ਹੋਇਆ ਸੀ। ਉਸ ਨੇ ਪੰਜਾਬੀ ਗ਼ਜ਼ਲ ਨੂੰ ਸਹਿਜ ਤੇ ਸੂਹਜ ਹੀ ਨਹੀਂ ਬਖਸ਼ਿਆ, ਇਸ ਨੂੰ ਬੜਬੋਲੀ ਹੋਣ ਤੋਂ ਵੀ ਬਚਾਇਆ। ਜੇ ਮੈਂ ਉਸ ਦੀਆਂ ਗ਼ਜ਼ਲਾਂ ਵਿਚੋਂ ਦੋ ਮਿਸਾਲਾਂ ਦੇਣੀਆਂ ਹੋਣ ਤਾਂ ਹੇਠ ਲਿਖੇ ਮਤਲਅ ਵਾਲੀਆਂ ਚੁਣਾਂਗਾ,

1. ਔਧੀ ਰਾਤ ਪਹਿਰ ਦੇ ਤੜਕੇ
ਅੱਖਾਂ ਵਿਚ ਉਨੀਂਦਾ ਰੜਕੇ।
2. ਨ੍ਹੇਰਿਆਂ ਵਿਚ ਟਿਮਟਿਮਾਈਏ ਦੋਸਤੋ
ਅੱਖੀਆਂ ਦੀਵੇ ਬਣਾਈਏ ਦੋਸਤੋ।

ਪਹਿਲੀ ਗ਼ਜ਼ਲ ਵਿਚ ਸੂਹਜ ਤੇ ਸਹਿਜ ਹੈ ਅਤੇ ਦੂਜੀ ਦੀ ਬੁੱਕਲ ਤੇ ਹਿਰਦਾ ਵਿਸ਼ਾਲ ਹੈ। ਪਹਿਲਾਂ ਸੂਹਜ ਤੇ ਫੇਰ ਵਿਸ਼ਾਲਤਾ।

ਤੇਰੀ ਧੂੜ ਵੀ ਸੁਰਮੇ ਵਰਗੀ
ਸੱਜਣਾ ਦੇ ਪਿੰਡ ਜਾਂਦੀ ਸੜਕੇ।
ਸਿਖਰ ਦੁਪਹਿਰੇ ਕੱਲ ਇਕ ਰਾਹੀ
ਡਿੱਗਾ ਆਪਣੀ ਛਾਂ ਵਿਚ ਅੜ ਕੇ।
ਲੋ ਹੀ ਲੋ ਸੀ ਸੇਕ ਨਹੀਂ ਸੀ
ਦੇਖ ਲਿਆ ਮੈਂ ਜੁਗਨੂੰ ਫੜ ਕੇ।
ਜੋ ਗੱਲ ਤੈਥੋਂ ਕਹਿ ਨਾ ਹੋਈ
ਉਹ ਮੇਰੇ ਵੀ ਦਿਲ ਵਿਚ ਰੜਕੇ।
ਜਾਨ ਰਹੀ ਨਾ ਤੇਰੇ ਬਾਝੋਂ
ਨਬਜ਼ ਵੀ ਚੱਲੇ ਦਿਲ ਵੀ ਧੜਕੇ।

ਮੈਨੂੰ ਇਸ ਗ਼ਜ਼ਲ ਦੇ ਉਸ ਸ਼ਿਅਰ ਦੇ ਸਹਿਜ ਨੇ ਪ੍ਰਭਾਵਤ ਕੀਤਾ ਹੈ, ਜਿਸ 'ਚ ਕਵੀ ਸਿਖਰ ਦੁਪਹਿਰੇ ਤੁਰਦੇ ਰਾਹੀ ਨੂੰ ਆਪਣੇ ਹੀ ਪਰਛਾਵੇਂ ਵਿਚ ਅੜ ਕੇ ਡਿੱਗਾ ਵਿਖਾਉਂਦਾ ਹੈ। ਇਸ ਸ਼ਿਅਰ ਦੀ ਵਿਲੱਖਣਤਾ ਵੱਡੇ ਤੋਂ ਵੱਡੇ ਗ਼ਜ਼ਲਗੋ ਦੇ ਹਾਣ ਦੀ ਹੈ; ਮਾਤ ਪਾਉਣ ਵਾਲੀ ਵੀ।

ਦੂਜੀ ਗ਼ਜ਼ਲ ਦੇ ਕੁਝ ਸ਼ਿਅਰ ਹਨ:

ਪਾਲਤੂ ਚਿੜੀਆਂ ਤੋਂ ਕੁਝ ਤਾਂ ਸਿੱਖੀਏ
ਪਿੰਜਰਿਆਂ ਵਿਚ ਚਹਿਚਹਾਈਏ ਦੋਸਤੋ।
ਸੱਚੀਆਂ ਗੱਲਾਂ ਦੇ ਖੰਭ ਕਤਰੇ ਗਏ
ਆਓ ਅਫਵਾਹਾਂ ਉਡਾਈਏ ਦੋਸਤੋ।
ਵਿਛੜੇ ਹੋਏ ਹਾਂ ਆਪਣੇ ਆਪ ਤੋਂ
ਕੀ ਕਿਸੇ ਨੂੰ ਮਿਲਣ ਜਾਈਏ ਦੋਸਤੋ।
ਦੇਖ ਕੇ ਸ਼ੀਸ਼ੇ 'ਚ ਆਪਣੇ ਆਪ ਨੂੰ



*ਸੋਹਣ ਸਿੰਘ ਮੀਸ਼ਾ*

ਆਪਣਾ ਚੇਤਾ ਕਰਾਈਏ ਦੋਸਤੋ।
ਰਾਤ ਠੰਢੀ ਸੀਤ ਠੱਕਾ ਕਹਿਰ ਦਾ
ਅਗਨ ਅੰਗਾਂ ਵਿਚ ਮਘਾਈਏ ਦੋਸਤੋ।
ਘੁੱਪ ਹਨੇਰੇ ਵਿਚ ਟਟਹਿਣੇ ਢੂੰਡੀਏ
ਦੇਵੀਆਂ ਦਿਉਤੇ ਧਿਆਈਏ ਦੋਸਤੋ।

ਇਸ ਗ਼ਜ਼ਲ ਦੀ ਬੁੱਕਲ ਪੂਰੇ ਸੰਸਾਰ ਜਿੰਨੀ ਵਿਸ਼ਾਲ ਹੈ। ਸੱਚੀਆਂ ਗੱਲਾਂ ਦੇ ਖੰਭ ਕਤਰੇ ਜਾਣ ਤੇ ਅਫਵਾਹਾਂ ਦੀ ਸ਼ਰਨ ਪੈਣ 'ਤੇ ਵਿਅੰਗ ਕਰਦੀ ਹੈ ਅਤੇ ਦੇਵੀ ਦਿਉਤੇ ਧਿਆਉਣ ਨੂੰ ਘੁੱਪ ਹਨੇਰੇ ਵਿਚ ਟਟਹਿਣੇ ਢੂੰਡਣਾ ਦਰਸਾਉਂਦੀ ਹੈ। ਹੈ ਨਾ ਉਤਮਤਾ ਦੀ ਸਿਖਰ ਤੇ ਕਮਾਲ!

ਇਹ ਰਚਨਾਵਾਂ ਅੱਧੀ ਸਦੀ ਪਹਿਲਾਂ ਦੀਆਂ ਹਨ। ਜਿਉਂ ਜਿਉਂ ਸਮਾਂ ਲੰਘਦਾ ਜਾ ਰਿਹਾ ਹੈ, ਇਨ੍ਹਾਂ ਦਾ ਮੁੱਲ ਤੇ ਪ੍ਰਭਾਵ ਵਧ ਰਿਹਾ ਹੈ। ਇਸੇ ਸਾਲ ਲੋਕਗੀਤ ਪ੍ਰਕਾਸ਼ਨ, ਮੋਹਾਲੀ ਨੇ ਐਸ. ਐਸ. ਮੀਸ਼ਾ ਦਾ ਸੰਪੂਰਨ ਕਾਵਿ ਇੱਕ ਜਿਲਦ ਵਿਚ ਛਾਪਿਆ ਹੈ ਤੇ ਹੁਣ ਮੀਸ਼ਾ ਦੇ ਜੂਨੀਅਰ ਮਿੱਤਰ ਤੇ ਮੱਦਾਹ ਬਰਜਿੰਦਰ ਸਿੰਘ ਹਮਦਰਦ ਨੇ ਮੀਸ਼ਾ ਦੀ ਗ਼ਜ਼ਲਗੋਈ ਨੂੰ ਆਪਣੀ ਸੂਹਜ ਤੇ ਸਹਿਜ ਭਰੀ ਆਵਾਜ਼ ਦੇ ਕੇ ਸੀ.ਡੀ./ਸੰਗੀਤਕ ਐਲਬਮਾਂ ਵਿਚ ਸਮੋਇਆ ਹੈ। ਤੁਸੀਂ ਸਰਬਵਿਆਪੀ ਅਪੀਲ ਵਾਲੀ ਤੇ ਦੋਸਤਾਂ ਨੂੰ ਸੰਬੋਧਤ ਗ਼ਜ਼ਲ ਹਮਦਰਦ ਦੀ 'ਦਰਦ-ਏ-ਦਿਲ' ਨਾਂ ਦੀ ਸੀ. ਡੀ. ਵਿਚੋਂ 'ਜਾਨ ਰਹੀ ਨਾ ਤੇਰੇ ਬਾਝੋਂ' ਅਤੇ ਇਕ ਸੂਹਜ ਭਾਵੀ ਗ਼ਜ਼ਲ 'ਜੁਗਨੂੰ' ਨਾਂ ਦੀ ਸੀ. ਡੀ. ਵਿਚੋਂ ਸੁਣ ਸਕਦੇ ਹੋ। 'ਜੁਗਨੂੰ' ਬਰਜਿੰਦਰ ਹੁਰਾਂ ਦੀ ਦੂਜੀ ਸੀ. ਡੀ. ਸੀ ਤੇ 'ਦਰਦ-ਏ-ਦਿਲ' ਹੁਣ ਤੱਕ ਦੀ ਆਖਰੀ।

ਚੇਤੇ ਰਹੇ, ਉਰਦੂ ਗ਼ਜ਼ਲਗੋ ਮਿਰਜ਼ਾ ਅਸਦੁੱਲਾ ਖਾਂ ਗਾਲਿਬ ਵੀ ਆਪਣੇ ਜੀਵਨ ਕਾਲ ਵਿਚ ਏਨਾ ਪ੍ਰਸਿੱਧ ਨਹੀਂ ਸੀ ਹੋਇਆ, ਜਿੰਨਾ ਸਮਾਂ ਪਾ ਕੇ। ਜੇ ਉਸ ਨੂੰ ਪ੍ਰਸਿੱਧ ਕਰਨ ਵਾਲੇ ਅੱਧੀ ਦਰਜਨ ਗਾਇਕ ਉਸ ਦੀ ਰਚਨਾਕਾਰੀ ਦੇ ਮੱਦਾਹ ਸਨ ਤਾਂ ਮੀਸ਼ਾ ਨੂੰ ਅਮਰ ਕਰਨ ਵਾਲਿਆਂ ਵਿਚ ਬਰਜਿੰਦਰ ਸਿੰਘ ਹਮਦਰਦ ਦਾ ਨਾਂ ਸਭ ਤੋਂ ਉਤੇ ਬੋਲੇਗਾ। ਹਮਦਰਦ ਪੰਜਾਬੀ ਜਗਤ ਨੂੰ ਮੀਸ਼ਾ ਦੀਆਂ ਗ਼ਜ਼ਲਾਂ 'ਤੇ ਆਧਾਰਤ ਤਿੰਨ ਸੀਡੀਆਂ/ਸੰਗੀਤਕ ਐਲਬਮਾਂ ਦੇ ਚੁਕਾ ਹੈ ਤੇ ਚੌਥੀ ਦੇਣ ਵਾਲਾ ਹੈ। ਹਮਦਰਦ ਨੇ ਆਪਣੀ ਸਹਿਜ ਤੇ ਸੂਹਜ ਭਰੀ ਆਵਾਜ਼ ਉਰਦੂ ਦੀ ਸ਼ਾਇਰੀ ਦੇ ਉਚਤਮ ਹਸਤਾਖਰਾਂ ਨੂੰ ਬਖਸ਼ੀ ਹੈ, ਪਰ ਉਨ੍ਹਾਂ ਵਿਚੋਂ ਕਿਸੇ ਨੂੰ ਵੀ ਉਹ ਸ਼ਰਫ ਨਹੀਂ ਹਾਸਲ ਜਿਸ ਦੀ ਪੇਸ਼ਕਾਰੀ ਇਕ ਤੋਂ ਵਧ ਸੀਡੀਆਂ ਵਿਚ ਹੋਈ ਹੋਵੇ। ਕਾਰਨ ਸਿਰਫ ਇਹ ਨਹੀਂ ਕਿ ਮੀਸ਼ਾ, ਹਮਦਰਦ ਹੁਰਾਂ ਦਾ ਸੀਨੀਅਰ ਤੇ ਮਿੱਤਰ ਸੀ, ਮੀਸ਼ਾ ਦੀ ਰਚਨਾਕਾਰੀ ਵਿਚ ਸੁਰ-ਤਾਲ ਦਾ ਅਨੋਖਾ ਸੁਮੇਲ ਹੈ।

ਗ਼ਜ਼ਲਾਂ ਪੜ੍ਹਨ ਤੇ ਸੁਣਨ ਦੇ ਸ਼ੌਕੀਨ ਜਾਣਦੇ ਹਨ, ਜ਼ਰੂਰੀ ਨਹੀਂ ਕਿ ਕਿਸੇ ਗ਼ਜ਼ਲ ਦੇ ਸਾਰੇ ਸ਼ਿਅਰਾਂ ਦੇ ਅਰਥ ਮਿਲਦੇ-ਜੁਲਦੇ ਹੋਣ। ਇਹ ਵੀ ਕਿ ਕਿਸੇ ਸ਼ਿਅਰ ਵਿਚ ਉਠਾਏ ਪ੍ਰਸ਼ਨ ਦਾ ਉਤਰ ਕਿਸੇ ਹੋਰ ਗ਼ਜ਼ਲ ਦੇ ਸ਼ਿਅਰ ਵਿਚ ਹੁੰਦਾ ਹੈ। ਜੇ ਇਸ ਕਥਨ ਦੀ ਪੁਸ਼ਟੀ ਮੀਸ਼ਾ ਦੀ ਰਚਨਾਕਾਰੀ ਵਿਚੋਂ ਕਰਨੀ ਹੋਵੇ ਤਾਂ ਮੈਂ 'ਰੇਤ ਦਾ ਟਿੱਬਾ ਵੀ ਲਗਦਾ ਤੂਰ ਹੈ' ਕਾਫੀਆ ਤੇ ਰਦੀਫ ਵਾਲੀ ਗ਼ਜ਼ਲ ਦੇ ਦੋ ਸ਼ਿਅਰ ਲੈਂਦਾ ਹਾਂ। ਇਨ੍ਹਾਂ




ਵਿਚੋਂ ਇੱਕ ਸ਼ਿਅਰ ਸਥਿਤੀ ਜਾਂ ਸਵਾਲ ਪੈਦਾ ਕਰਦਾ ਹੈ, ਦੂਜਾ ਜਵਾਬ ਬਣ ਜਾਂਦਾ ਹੈ,

(ੳ) ਹੁਕਮ ਹੈ ਕਿ ਚਹਿਚਹਾਓ ਪੰਛੀਓ
ਬਾਗਾਂ ਵਿਚ ਨਾ ਫਲ, ਨਾ ਫੁੱਲ, ਨਾ ਬੂਰ ਹੈ।
ਪਾਲਤੂ ਚਿੜੀਆਂ ਤੋਂ ਕੁਝ ਤਾਂ ਸਿੱਖੀਏ
ਪਿੰਜਰਿਆਂ ਵਿਚ ਚਹਿਚਹਾਈਏ ਦੋਸਤੋ।
(ਅ) ਇਸ਼ਕ ਨਹੀਂ ਹੈ ਮੇਰੇ ਵੱਸ ਤਾਂ ਉਸ ਤੋਂ
ਹੁਸਨ ਕਿਹੜਾ ਸੰਭਾਲ ਹੁੰਦਾ ਹੈ।
ਮੇਰੇ ਘਰ ਤੋਂ ਤੇਰਾ ਘਰ ਤਾਂ ਦੋ ਕਦਮ
ਤੇਰੇ ਘਰ ਤੋਂ ਮੇਰਾ ਘਰ ਕਿਉਂ ਦੂਰ ਹੈ।

ਇਹ ਸ਼ਿਅਰ ਡਾ. ਹਮਦਰਦ ਦੀਆਂ ਚੁਣੀਆਂ ਗ਼ਜ਼ਲਾਂ ਵਿਚੋਂ ਹਨ। ਮੀਸ਼ਾ ਦੇ ਹਮਦਰਦਾਂ ਵਿਚ ਕੇਵਲ ਬਰਜਿੰਦਰ ਸਿੰਘ ਹੀ ਸ਼ਾਮਲ ਨਹੀਂ, ਮੈਂ ਅਤੇ ਲੋਕਗੀਤ ਪ੍ਰਕਾਸ਼ਨ ਵਾਲਾ ਹਰੀਸ਼ ਜੈਨ ਵੀ ਹੈ; ਤੇ ਹੋਰ ਅਨੇਕਾਂ!

**ਅੰਤਿਕਾ: ਐਸ. ਐਸ. ਮੀਸ਼ਾ ਦੇ ਇੱਕ ਖਤ ਵਿਚੋਂ**

ਜਿਸ ਘੜੀ ਦੀ ਉਮੀਦ ਹੈ ਤੈਨੂੰ
ਉਸ ਘੜੀ ਨੇ ਕਦੀ ਨਹੀਂ ਹੋਣਾ।
ਇਸ਼ਕ ਨੂੰ ਮੁਲਤਵੀ ਤਾਂ ਕਰ ਦਈਏ
ਮੌਤ ਨੇ ਮੁਲਤਵੀ ਨਹੀਂ ਹੋਣਾ।

# ਸਬਰ ਦੀ ਦਾਸਤਾਨ

## ਸ਼ਹੀਦ ਊਧਮ ਸਿੰਘ ਦੇ ਜੀਵਨ ਦੇ ਵਰਕੇ ਫਰੋਲਦੀ ਕਿਤਾਬ 'ਦਿ ਪੇਸ਼ੈਂਟ ਅਸੈਸਿਨ'

ਘਟਨਾ 13 ਮਾਰਚ 1940 ਦੀ ਹੈ। ਵੈਸਟਮਿਨਸਟਰ (ਲੰਡਨ) ਵਿਚ ਬ੍ਰਿਟਿਸ਼ ਪਾਰਲੀਮੈਂਟ ਦੇ ਐਨ ਨੇੜੇ ਕੈਕਸਟਨ ਹਾਲ ਵਿਚ ਜਲਸੇ ਲਈ ਕਾਫੀ ਵੱਡੀ ਭੀੜ ਜੁੜੀ ਹੋਈ ਸੀ। ਦਾਖਲਾ ਕਾਰਡਾਂ ਦੀ ਫੀਸ ਕਾਫੀ ਉਚੀ ਸੀ, ਪਰ ਬੁਲਾਰਿਆਂ ਦੇ ਨਾਂ ਅਤੇ ਰੁਤਬੇ ਹੀ ਅਜਿਹੇ ਸਨ ਕਿ ਲੋਕ ਉਨ੍ਹਾਂ ਨੂੰ ਸੁਣਨ ਲਈ ਦੂਰੋਂ-ਦੂਰੋਂ ਆਏ। ਬ੍ਰਿਟੇਨ ਅਤੇ ਉਸ ਦੇ ਇਤਿਹਾਦੀ ਮੁਲਕ, ਉਨ੍ਹੀਂ ਦਿਨੀਂ ਦੂਜੇ ਸੰਸਾਰ ਯੁੱਧ ਵਿਚ ਪੂਰੀ ਤਰ੍ਹਾਂ ਖੁੱਭ ਚੁਕੇ ਸਨ। ਲਿਹਾਜ਼ਾ, ਦੇਸ਼-ਪਿਆਰ ਦੇ ਜਜ਼ਬੇ ਦੇ ਬਾਵਜੂਦ ਲੋਕ ਆਪਣੀਆਂ ਚਿੰਤਾਵਾਂ ਦਾ ਹੱਲ ਵੀ ਚਾਹੁੰਦੇ ਸਨ। ਜਲਸੇ ਵਿਚ ਵਿਚਾਰ-ਚਰਚਾ ਦਾ ਵਿਸ਼ਾ ਸੀ: 'ਅਫਗਾਨਿਸਤਾਨ ਦੇ ਹਾਲਾਤ ਅਤੇ ਉਸ ਮੁਲਕ ਨੂੰ ਜਰਮਨੀ ਦੇ ਇਤਿਹਾਦੀ ਸੋਵੀਅਤ ਸੰਘ ਤੋਂ ਦਰਪੇਸ਼ ਖਤਰੇ।' ਬੁਲਾਰੇ ਸਨ: ਸਰ ਮਾਈਕਲ ਓ'ਡਵਾਇਰ, ਲਾਰਡ ਜ਼ੈਟਲੈਂਡ, ਸਰ ਲੂਈਸ ਡੇਨ ਅਤੇ


ਸੁਰਿੰਦਰ ਸਿੰਘ ਤੇਜ

ਲਾਰਡ ਲੈਮਿੰਗਟਨ। ਚਾਰੋਂ ਆਪਣੇ ਆਪ ਨੂੰ ਭਾਰਤ ਅਤੇ ਦੱਖਣੀ ਏਸ਼ੀਆ ਦੇ ਮਾਮਲਿਆਂ ਦੇ ਮਾਹਿਰ ਸਮਝਦੇ ਸਨ। ਓ'ਡਵਾਇਰ ਜੱਲ੍ਹਿਆਂਵਾਲਾ ਬਾਗ ਸਾਕੇ ਸਮੇਂ ਪੰਜਾਬ ਦਾ ਲੈਫਟੀਨੈਂਟ ਗਵਰਨਰ ਸੀ। ਉਸ ਨੇ ਨਾ ਸਿਰਫ ਇਸ ਸਾਕੇ ਨੂੰ ਜਾਇਜ਼ ਠਹਿਰਾਇਆ ਸੀ, ਸਗੋਂ ਇਸ ਤੋਂ ਅਗਲੇ ਹੀ ਦਿਨ ਗੁੱਜਰਾਂਵਾਲਾ ਵਿਚ ਜੁੜੇ ਲੋਕਾਂ 'ਤੇ ਜਹਾਜਾਂ ਰਾਹੀਂ ਬੰਬਾਰੀ ਅਤੇ ਗੋਲੀਬਾਰੀ ਵੀ ਕਰਵਾਈ ਸੀ। ਲਾਰਡ ਜ਼ੈਟਲੈਂਡ ਬ੍ਰਿਟਿਸ਼ ਕੈਬਨਿਟ ਵਿਚ ਭਾਰਤ ਬਾਰੇ ਮੰਤਰੀ ਸੀ। ਲੂਈਸ ਡੇਨ, ਓ'ਡਵਾਇਰ ਤੋਂ ਪੂਰਬੀ ਪੰਜਾਬ ਦਾ ਲੈਫਟੀਨੈਂਟ ਗਵਰਨਰ ਸੀ। ਲਾਰਡ ਲੈਮਿੰਗਟਨ ਬੰਬੇ ਪ੍ਰੈਜ਼ੀਡੈਂਸੀ ਦਾ ਸਾਬਕਾ ਗਵਰਨਰ ਸੀ।

ਭਾਸ਼ਣਾਂ ਦਾ ਸਿਲਸਿਲਾ ਮੁੱਕਦਿਆਂ ਹੀ ਇਕ ਟੋਪਧਾਰ ਸ਼ਖਸ ਨੇ ਓ'ਡਵਾਇਰ ਦੇ ਐਨ ਨੇੜੇ ਢੁੱਕ ਕੇ ਰਿਵਾਲਵਰ ਕੱਢਿਆ। ਓ'ਡਵਾਇਰ ਨੂੰ ਦੋ ਗੋਲੀਆਂ ਲੱਗੀਆਂ। ਉਹ ਥਾਂ 'ਤੇ ਹੀ ਢੇਰ ਹੋ ਗਿਆ। ਬਾਕੀ ਤਿੰਨ ਬੁਲਾਰਿਆਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਪਰ ਸਮਿੱਥ ਐਂਡ ਵੈਸਨ ਰਿਵਾਲਵਰ ਵਿਚ ਸਮੱਸਿਆ ਕਾਰਨ ਗੋਲੀਬਾਰੀ ਬਹੁਤੀ ਅਸਰਦਾਰ ਸਾਬਤ ਨਾ ਹੋਈ। ਹਮਲਾਵਰ ਆਪਣੀ ਤਰਫੋਂ ਪੂਰੀ ਤਿਆਰੀ ਕਰ ਕੇ ਆਇਆ ਸੀ ਪਰ ਰਿਵਾਲਵਰ ਦਾ ਬੋਰ ਵੱਡਾ ਹੋਣ ਅਤੇ ਗੋਲੀਆਂ ਦਾ ਕੈਲੀਬਰ ਘੱਟ ਹੋਣ ਦੀ ਅਸਲੀਅਤ ਤੋਂ ਵਾਕਫ ਨਹੀਂ ਸੀ। ਜ਼ੈਟਲੈਂਡ ਮਾਮੂਲੀ ਜ਼ਖਮੀ ਹੋਇਆ, ਬਾਕੀ ਦੋਵੇਂ ਵੱਧ ਫੱਟੜ ਹੋਏ। ਹਮਲਾਵਰ ਨੇ ਬਚ ਨਿਕਲਣ ਦੀ ਕੋਸ਼ਿਸ਼ ਨਹੀਂ ਕੀਤੀ। ਗ੍ਰਿਫਤਾਰੀ ਦਿੱਤੀ, ਆਪਣਾ ਨਾਂ ਮੁਹੰਮਦ ਸਿੰਘ ਆਜ਼ਾਦ ਦੱਸਿਆ ਅਤੇ ਕਬੂਲਿਆ ਕਿ ਉਸ ਦਾ ਅਸਲ ਨਿਸ਼ਾਨਾ ਤਾਂ ਮਾਈਕਲ ਓ'ਡਵਾਇਰ ਹੀ ਸੀ, ਬਾਕੀ ਤਿੰਨ ਤਾਂ ਬੋਨਸ ਵਾਂਗ ਸਨ।

ਇਹ ਨਾਟਕੀ ਅੰਸ਼ ਬ੍ਰਿਟਿਸ਼ ਪੱਤਰਕਾਰ, ਲੇਖਕ ਤੇ ਪੇਸ਼ਕਾਰ ਅਨੀਤਾ ਆਨੰਦ ਦੀ ਕਿਤਾਬ 'ਦਿ ਪੇਸ਼ੈਂਟ ਅਸੈਸਿਨ' (ਧੀਰਜਵਾਨ ਹੱਤਿਆਰਾ) ਦਾ ਹਿੱਸਾ ਹੈ। ਮੁਹੰਮਦ ਸਿੰਘ ਆਜ਼ਾਦ ਉਰਫ ਸ਼ਹੀਦ ਊਧਮ ਸਿੰਘ ਸਾਡੇ ਲਈ ਭਾਰਤੀ ਆਜ਼ਾਦੀ ਸੰਗਰਾਮ ਦਾ ਮਹਾਂਨਾਇਕ ਹੈ। ਭਾਰਤੀ ਸਿਆਸੀ-ਸਮਾਜਕ ਦ੍ਰਿਸ਼ਾਵਲੀ ਨਾਲ ਜੁੜੀਆਂ ਸਭ ਧਿਰਾਂ ਉਸ ਨੂੰ ਆਪਣਾ ਆਦਰਸ਼ ਦੱਸਦੀਆਂ ਹਨ। ਮੁਹੰਮਦ ਸਿੰਘ ਆਜ਼ਾਦ ਦੱਸ ਕੇ ਉਸ ਨੇ ਆਪਣੇ ਆਪ ਨੂੰ ਸੈਕੂਲਰਵਾਦ ਦੇ ਪ੍ਰਤੀਕ ਵਜੋਂ ਉਭਾਰਿਆ, ਇਸ ਉਤੇ ਹਿੰਦੂਤਵੀ ਸੰਗੇ-ਪੰਥੀਆਂ ਨੂੰ ਕੋਈ ਉਜ਼ਰ ਨਹੀਂ। ਨਾ ਹੀ ਕੋਈ ਉਜ਼ਰ ਉਸ ਕਾਂਗਰਸ ਨੂੰ ਹੈ, ਜਿਸ ਦੇ ਮੋਹਤਬਰ ਮਹਾਤਮਾ ਗਾਂਧੀ ਨੇ ਓ'ਡਵਾਇਰ ਦੇ ਕਤਲ ਨੂੰ 'ਪਾਗਲਪੰਥੀ' ਅਤੇ ਜਵਾਹਰ ਲਾਲ ਨਹਿਰੂ ਨੇ 'ਅਫਸੋਸਨਾਕ ਕਾਰਵਾਈ' ਦੱਸਿਆ ਸੀ (ਇਹ ਵੀ ਵਿਡੰਬਨਾ ਹੈ ਕਿ ਇਸੇ ਕਾਂਗਰਸ ਦੇ ਸਰਬਰਾਹਾਂ ਨੇ ਸਾਢੇ ਤਿੰਨ ਦਹਾਕੇ ਬਾਅਦ ਊਧਮ ਸਿੰਘ ਦੀਆਂ ਅਸਥੀਆਂ ਨੂੰ ਬਰਤਾਨਵੀ ਕਬਰ ਵਿਚੋਂ ਕਢਵਾ ਕੇ ਕੌਮੀ ਸਨਮਾਨਾਂ ਨਾਲ ਵਤਨ ਲਿਆਂਦਾ ਅਤੇ ਸ਼ਹੀਦ ਦਾ ਦਰਜਾ ਦਿੱਤਾ)।

ਊਧਮ ਸਿੰਘ ਬਾਰੇ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਵਿਚ ਦੋ ਦਰਜਨ ਦੇ ਕਰੀਬ ਕਿਤਾਬਾਂ ਮੌਜੂਦ ਹਨ। ਮਰਾਠੀ ਤੇ ਹੋਰ ਭਾਰਤੀ ਭਾਸ਼ਾਵਾਂ ਦੀਆਂ ਪ੍ਰਕਾਸ਼ਨਾਵਾਂ ਮਿਲਾ ਕੇ ਇਹ ਗਿਣਤੀ ਕਾਫੀ ਵੱਡੀ ਹੋ ਜਾਂਦੀ ਹੈ। ਪ੍ਰਿੰਸੀਪਲ ਪਾਖਰ ਸਿੰਘ ਦੀ ਕਿਤਾਬ 'ਭਾਰਤ ਦਾ ਗੌਰਵ' ਅਤੇ ਡਾ. ਸਿਕੰਦਰ ਸਿੰਘ ਰਚਿਤ 'ਦਿ ਟ੍ਰਾਇਲ ਆਫ ਊਧਮ ਸਿੰਘ' ਆਪੋ ਆਪਣੇ ਪ੍ਰਕਾਸ਼ਨ ਸਮੇਂ ਕਾਫੀ ਚਰਚਿਤ ਰਹੀਆਂ ਹਨ ਅਤੇ ਹੁਣ ਵੀ ਜਾਣਕਾਰੀ ਦਾ ਮੁੱਖ ਸਰੋਤ ਹਨ। ਕੌਮੀ ਨਾਇਕਾਂ ਦਾ ਜੀਵਨੀ-ਲੇਖਣ ਆਸਾਨ ਵਿਧਾ ਨਹੀਂ। ਲੇਖਕ ਉਤੇ ਸੰਸਕਾਰਾਂ ਤੇ ਮਨੋ-






ਕਿਤਾਬ ਦੀ ਲੇਖਕਾ ਅਨੀਤਾ ਆਨੰਦ

ਸਮਾਜਕ ਵਲਵਲਿਆਂ ਦਾ ਦਬਾਅ ਹੀ ਇੰਨਾ ਹੁੰਦਾ ਹੈ ਕਿ ਉਹ ਮਹਿਮਾਕਾਰੀ ਵੇਗਾਂ ਤੋਂ ਆਪਣਾ ਬਚਾਅ ਨਹੀਂ ਕਰ ਪਾਉਂਦਾ। ਅਨੀਤਾ ਆਨੰਦ ਨੇ ਅਜਿਹੀ ਬੇਲੋੜੀ ਉਸਤਤ ਤੋਂ ਬਚਣ ਦਾ ਯਤਨ ਕੀਤਾ ਹੈ, ਪਰ ਉਹ ਇਸ ਯਤਨ ਨੂੰ ਪੂਰਾ ਕਾਮਯਾਬ ਨਹੀਂ ਮੰਨਦੀ। ਉਸ ਅਨੁਸਾਰ ਊਧਮ ਸਿੰਘ ਦਾ ਕਿਰਦਾਰ ਹੀ ਇੰਨਾ ਹੈਰਤਅੰਗੇਜ਼ ਸੀ ਕਿ ਉਸ ਉਤੇ ਰਸ਼ਕ ਕਰਨ ਤੋਂ ਬਚਿਆ ਨਹੀਂ ਸੀ ਜਾ ਸਕਦਾ। ਸੁਨਾਮ ਦੇ ਗਰੀਬ, ਕੰਬੋਜ ਪਰਿਵਾਰ ਵਿਚ ਜਨਮਿਆ ਪਰ ਬਹੁਤ ਨਿੱਕੀ ਉਮਰੇ ਯਤੀਮ ਹੋਣ ਕਾਰਨ ਅੰਮ੍ਰਿਤਸਰ ਦੇ ਸੈਂਟਰਲ ਖਾਲਸਾ ਯਤੀਮਖਾਨੇ ਵਿਚ ਪਲਿਆ ਸਾਧਾਰਨ ਮੁੰਡਾ ਜਲ੍ਹਿਆਂਵਾਲਾ ਬਾਗ ਦੇ ਖੂਨੀ ਸਾਕੇ ਤੋਂ ਇਸ ਹੱਦ ਤਕ ਦੁਖੀ ਹੋਇਆ ਕਿ ਕਹਿਰਵਾਨਾਂ ਦੀ ਜਾਨ ਦੀ ਠਾਣ ਲਈ। ਇਸ ਮਿਸ਼ਨ ਦੀ ਪੂਰਤੀ ਦੀ ਖਾਤਿਰ ਉਸ ਨੂੰ ਅੱਧੀ ਦੁਨੀਆਂ ਗਾਹੁਣੀ ਪਈ, ਦਰਜਨਾਂ ਜੋਖਿਮ ਉਠਾਉਣੇ ਪਏ, ਕਈ ਕਸਬ ਅਪਨਾਉਣੇ ਪਏ, ਕਈ ਭੇਸ ਵਟਾਉਣੇ ਪਏ ਪਰ ਅੰਤ ਵਿਚ ਉਸ ਨੇ ਕਾਮਯਾਬੀ ਉਸੇ ਤਰ੍ਹਾਂ ਦੀ ਹਾਸਲ ਕੀਤੀ ਜਿਸ ਤਰ੍ਹਾਂ ਦੀ ਉਹ ਚਾਹੁੰਦਾ ਸੀ। ਬ੍ਰਿਟਿਸ਼ ਸਰਕਾਰ, ਤੇ ਇਕ ਹੱਦ ਤਕ ਕਈ ਤਤਕਾਲੀਨ ਭਾਰਤੀ ਨੇਤਾਵਾਂ ਨੇ ਵੀ, ਉਸ ਦੀ ਕਾਮਯਾਬੀ ਨੂੰ ਗਲਤ ਰੰਗਤ ਦੇਣ ਦੇ ਯਤਨ ਕੀਤੇ ਪਰ ਇਹ ਯਤਨ ਵੀ ਦੇਰ-ਸਵੇਰ ਨਾਕਾਮ ਸਾਬਤ ਹੋਏ।

ਅਨੀਤਾ ਆਨੰਦ ਦੀ ਕਿਤਾਬ ਊਧਮ ਸਿੰਘ ਦੀਆਂ ਖੂਬੀਆਂ ਦੇ ਨਾਲ-ਨਾਲ ਖਾਮੀਆਂ ਉਤੇ ਵੀ ਉਂਗਲ ਧਰਦੀ ਹੈ। ਕਿਤਾਬ ਅਨੁਸਾਰ ਊਧਮ ਸਿੰਘ ਆਪਣੇ ਮਿਸ਼ਨ ਉਪਰ ਇਸ ਹੱਦ ਤਕ ਕੇਂਦ੍ਰਿਤ ਸੀ ਕਿ ਉਸ ਨੇ ਨੈਤਿਕਤਾ ਤੇ ਅਨੈਤਿਕਤਾ ਦੀਆਂ ਹੱਦਾਂ ਦੀ ਪਰਵਾਹ ਨਹੀਂ ਕੀਤੀ। ਉਸ ਦੇ ਬਹੁਤੇ ਮਦਦਗਾਰਾਂ ਨੂੰ ਵੱਡੇ ਖਮਿਆਜ਼ੇ ਭੁਗਤਣੇ ਪਏ। ਅਜਿਹੇ ਲੋਕਾਂ ਵਿਚ ਅਨੀਤਾ ਦੇ ਪਤੀ ਸਇਮਨ ਸਿੰਘ ਦੇ ਕੁਝ ਵਡੇਰੇ ਵੀ ਸ਼ਾਮਲ ਸਨ। ਇੰਜ ਹੀ ਅਮਰੀਕਾ ਛੱਡਣ ਪਿਛੋਂ ਉਸ ਨੇ ਆਪਣੇ ਮੈਕਸਿਕੀ ਪਤਨੀ ਅਤੇ ਦੋ ਬੱਚਿਆਂ ਦੀ ਸਾਰ ਲੈਣੀ ਵੀ ਵਾਜਬ ਨਾ ਸਮਝੀ। ਅਨੀਤਾ ਮੁਤਾਬਿਕ ਜਿਵੇਂ ਊਧਮ ਸਿੰਘ ਨਿਰੋਲ ਦੁੱਧ-ਧੋਤੀ ਸ਼ਖਸੀਅਤ ਨਹੀਂ ਸੀ, ਉਵੇਂ ਮਾਈਕਲ ਓ'ਡਵਾਇਰ ਜਾਂ 'ਅੰਮ੍ਰਿਤਸਰ ਦਾ ਬੁੱਚੜ' ਬ੍ਰਿਗੇਡੀਅਰ ਜਨਰਲ ਰੈਗੀਨਾਲਡ ਡਾਇਰ ਵੀ ਨਿਰੇ ਸਿਆਹ ਕਿਰਦਾਰ ਨਹੀਂ ਸਨ। ਉਨ੍ਹਾਂ ਦੇ ਕਿਰਦਾਰ ਅੰਦਰ ਵੀ ਬਹੁਤ ਕੁਝ ਸਲੂਣੀ ਸੀ, ਪਰ ਹਜ਼ਾਰ ਤੋਂ ਵੱਧ ਬੇਦੋਸ਼ਿਆਂ ਦੀ ਬੇਕਿਰਕੀ ਨਾਲ ਜਾਨ ਲੈਣ ਅਤੇ ਅਜਿਹੇ ਕਾਰੇ 'ਤੇ ਇਕ ਵਾਰ ਵੀ ਪਛਤਾਵਾ ਨਾ ਕਰਨ ਵਾਲੇ ਇਨ੍ਹਾਂ ਦੋਹਾਂ ਕਿਰਦਾਰਾਂ ਪ੍ਰਤੀ ਗੈਰ-ਅੰਤਰਮੁਖੀ ਪਹੁੰਚ ਅਪਨਾਉਣੀ ਵੀ ਉਸ ਲੇਖਕ ਲਈ ਆਪਣੀ ਰੂਹ ਦੇ ਸ਼ੋਸ਼ਣ ਤੋਂ ਘੱਟ ਨਹੀਂ ਜਿਸ ਦਾ ਆਪਣਾ ਦਾਦਾ ਈਸ਼ਵਰ ਦਾਸ ਆਨੰਦ 1919 ਦੇ ਸਾਕੇ ਵਾਲੇ ਦਿਨ ਜਲ੍ਹਿਆਂਵਾਲਾ ਬਾਗ ਵਿਚ ਹਾਜ਼ਰ ਸੀ ਅਤੇ ਸਾਰੀ ਜ਼ਿੰਦਗੀ ਇਸੇ ਝੋਰੇ ਨਾਲ ਘੁਲਦਾ ਰਿਹਾ ਕਿ ਕਤਲੇਆਮ ਵਾਪਰਨ ਤੋਂ ਚੰਦ ਮਿੰਟ ਪਹਿਲਾਂ ਕੋਈ ਘਰੇਲੂ ਕੰਮ ਯਾਦ ਆਉਣ ਕਾਰਨ ਉਹ ਬਾਗ ਤੋਂ ਬਾਹਰ ਕਿਉਂ ਗਿਆ।

'ਦਿ ਪੇਸ਼ੈਂਟ ਅਸੈਸਿਨ' ਅਨੀਤਾ ਆਨੰਦ ਦੀ ਤੀਜੀ ਕਿਤਾਬ ਹੈ। ਪਹਿਲੀ ਕਿਤਾਬ 'ਸੋਫੀਆ' ਮਹਾਰਾਜਾ ਦਲੀਪ ਸਿੰਘ ਦੀ ਬੇਟੀ ਬਾਰੇ ਸੀ। ਦੂਜੀ 'ਕੋਹਿਨੂਰ' ਨਾਮਵਰ ਇਤਿਹਾਸਕਾਰ ਵਿਲੀਅਮ ਡੈਲਰਿੰਪਲ ਨਾਲ ਉਸ ਦਾ ਸਾਂਝਾ ਉਦਮ ਸੀ। ਹੁਣ ਤੀਜੀ ਕਿਤਾਬ ਨਾ ਸਿਰਫ ਊਧਮ ਸਿੰਘ ਦੀ ਘਾਲਣਾ ਬਾਰੇ ਹੈ ਸਗੋਂ ਬਰਤਾਨਵੀ ਰਾਜ ਦੀ ਕਰਤੂਤਾਂ ਅਤੇ ਢੰਗ ਦਾ ਦਸਤਾਵੇਜ਼ੀ ਬਿਰਤਾਂਤ ਵੀ ਹੈ। ਰੜਕਣ ਵਾਲੀ ਗੱਲ ਸਿਰਫ ਇਕੋ ਹੈ: ਭਰਵੀਂ ਖੋਜ ਤੇ ਨਵੇਂ-ਨਰੋਏ ਪ੍ਰਮਾਣਾਂ ਦੇ ਬਾਵਜੂਦ ਇਹ ਕਿਤਾਬ ਅਤਿਅੰਤ ਅਹਿਮ ਭੇਤ ਖੋਲ੍ਹਣ ਵਿਚ ਨਾਕਾਮ ਰਹੀ ਹੈ ਕਿ 1919 ਦੇ ਸਾਕੇ ਵਾਲੇ ਦਿਨ ਊਧਮ ਸਿੰਘ ਜਲ੍ਹਿਆਂਵਾਲਾ ਬਾਗ ਅੰਦਰ ਮੌਜੂਦ ਸੀ ਜਾਂ ਨਹੀਂ।

1857 ਦਿੱਲੀ-ਦਿੱਲੀ: ਮਨਮੋਹਨ ਬਾਵਾ ਬਹੁਪੱਖੀ ਸ਼ਖਸੀਅਤ ਤੇ ਬਹੁਵਿਧਾਈ ਲੇਖਕ ਹੈ। ਉਸ ਦਾ ਨਵਾਂ ਨਾਵਲ '1857 ਦਿੱਲੀ-ਦਿੱਲੀ' ਹੈ। ਇਹ ਨਾਵਲ 1857 ਦੇ ਸੰਗਰਾਮ ਸਮੇਂ ਦਿੱਲੀ ਦੀ ਦਸ਼ਾ ਅਤੇ ਇਸ ਦਸ਼ਾ ਵਿਚ ਸਿੱਖਾਂ ਦੀ ਭੂਮਿਕਾ ਦਾ ਝਰੋਖਾ ਹੈ।


1857 ਦਾ ਸੰਗਰਾਮ ਆਪਣੀ ਨਾਕਾਮੀ ਦੇ ਬਾਵਜੂਦ ਕੌਮੀ ਯਕਜਹਿਤੀ ਦੇ ਪ੍ਰਤੀਕ ਵਜੋਂ ਭਾਰਤੀ ਇਤਿਹਾਸ ਦਾ ਅਹਿਮ ਅਧਿਆਇ ਹੈ। ਸਾਡੇ ਅਜੋਕੇ ਹੁਕਮਰਾਨ ਦਿੱਲੀ ਉਤੇ ਇਕ ਦਹਿਸਦੀ ਤਕ ਕਾਬਜ਼ ਰਹੇ ਮੁਸਲਿਮ ਹੁਕਮਰਾਨਾਂ ਬਾਰੇ ਭਾਵੇਂ ਜੋ ਮਰਜ਼ੀ ਪ੍ਰਚਾਰ ਕਰਨ, ਇਸ ਹਕੀਕਤ ਨੂੰ ਦਰਕਿਨਾਰ ਨਹੀਂ ਕੀਤਾ ਜਾ ਸਕਦਾ ਕਿ ਇਨ੍ਹਾਂ ਮੁਸਲਿਮ ਹੁਕਮਰਾਨਾਂ ਨੇ ਹਿੰਦੋਸਤਾਨ ਦੇ ਮਨੋ-ਸਮਾਜਕ ਏਕੀਕਰਨ ਦੇ ਸੰਕਲਪ ਨੂੰ ਲਗਾਤਾਰ ਹੁਲਾਰਾ ਦਿੱਤਾ। ਦਿੱਲੀ ਦਾ ਹਿੰਦ ਦੇ ਮਰਕਜ਼ ਵਾਲਾ ਰੁਤਬਾ ਇਨ੍ਹਾਂ ਸੁਲਤਾਨਾਂ-ਪਾਦਸ਼ਾਹਾਂ ਦੀ ਹੀ ਦੇਣ ਸੀ। ਇਹੀ ਕਾਰਨ ਹੈ ਕਿ ਜਦੋਂ ਫਿਰੰਗੀਆਂ ਖਿਲਾਫ ਵਿਦਰੋਹ ਸ਼ੁਰੂ ਹੋਇਆ ਤਾਂ ਬੰਗਾਲ ਤੋਂ ਲੈ ਕੇ ਕੋਹਾਟ ਤਕ ਦੀਆਂ ਬ੍ਰਿਟਿਸ਼ ਛਾਉਣੀਆਂ 'ਚ ਬੈਠੇ ਹਿੰਦੀ ਸਿਪਾਹੀਆਂ ਨੇ ਪਹਿਲੀ ਵਾਰ ਮਜ਼ਹਬੀ ਤੇ ਜਾਤੀਵਾਦੀ ਵਲਗਣਾਂ ਤਿਆਗ ਕੇ ਹਿੰਦੀਆਂ ਵਾਲੀ ਏਕਤਾ ਦਿਖਾਈ ਤੇ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਨੂੰ ਆਪਣਾ ਮਰਕਜ਼ੀ ਨੇਤਾ ਮੰਨ ਕੇ ਦਿੱਲੀ ਵੱਲ ਚਾਲੇ ਪਾਏ।

ਨਾਵਲ ਵਿਚ ਮਨਮੋਹਨ ਬਾਵਾ ਦਾ ਫੋਕਸ ਦਿੱਲੀ ਦੀ ਸਲਾਮਤੀ ਲਈ ਲੜਨ ਵਾਲੇ ਸਿੱਖ ਫੌਜੀਆਂ ਦੀ ਭੂਮਿਕਾ 'ਤੇ ਵੀ ਹੈ ਅਤੇ ਗੋਰਿਆਂ ਦੀ ਚਾਕਰੀ ਕਾਰਨ ਦਿੱਲੀ 'ਤੇ ਵਹਿਸ਼ਤ ਢਾਹੁਣ ਵਾਲੇ ਸਿੱਖਾਂ ਉਤੇ ਵੀ। ਉਸ ਦੀ ਹਮਦਰਦੀ, ਸਲਾਮਤੀ ਲਈ ਲੜਨ ਵਾਲਿਆਂ ਨਾਲ ਹੈ। ਇਤਿਹਾਸਮੁਖੀ ਗਲਪ ਆਸਾਨ ਵਿਧਾ ਨਹੀਂ। ਇਸ ਵਿਚ ਕਲਪਨਾ ਤੇ ਹਕੀਕਤ ਦਾ ਸੰਤੁਲਨ ਬਿਠਾਉਣਾ ਬੇਹਦ ਜ਼ਰੂਰੀ ਹੁੰਦਾ ਹੈ। ਮਨਮੋਹਨ ਬਾਵਾ ਨੇ ਇਸ ਜ਼ਰੂਰਤ ਨੂੰ ਪੂਰਾ ਕੀਤਾ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 31 ਅਗਸਤ 2019 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-392



*ਬਾਬਾ ਜੀ ਹਨ ਪਾਠ ਸੁਣਾਉਂਦੇ ਪੋਤੇ ਬਣੇ ਸ੍ਰੋਤੇ।*
*ਬੀਬੇ ਰਾਣੇ ਬਣ ਕੇ ਬੈਠੇ, ਜਿਵੇਂ ਸਿਖਾਏ ਤੋਤੇ!*

## ਕੈਪਸ਼ਨ ਮੁਕਾਬਲਾ-390



ਮੰਮੀ ਨੂੰ ਵੀ ਢੰਗ ਆ ਗਿਆ
ਮੈਨੂੰ ਕਿਵੇਂ ਸੁਲਾਉਣਾ।
ਚੱਲੋ, ਇਕੱਲੇ ਨਾਲੋਂ ਦੋ ਭਲੇ
ਭਾਵੇਂ ਹੋਵੇ ਕੋਈ ਖਿਡਾਉਣਾ।
**-ਜਗਮੀਤ ਸਿੰਘ ਪੰਧੇਰ**
**ਵਿੰਨੀਪੈਗ, ਐਮ. ਬੀ. (ਕੈਨੇਡਾ)**
**ਫੋਨ: 1-431-887-7222**

---

ਮਾਂ ਬੱਚੇ ਦੀਆਂ ਰਮਜ਼ਾਂ ਜਾਣੇ
ਸੌਣ ਨੂੰ ਲੋਰੀ, ਨਿੱਘ ਬੱਚਾ ਭਾਲੇ।
ਟੋਕਰੇ 'ਚ ਪਾ ਕਰ ਲਿਆ ਨੇੜੇ
ਨਿਗਾਹ ਵੀ ਰੱਖਣੀ, ਕੰਮ ਕਰ ਲਊ ਨਾਲੇ।
ਟਿਕੇ ਬੱਚੇ ਦਾ ਲੈ ਲਾਹਾ ਪੂਰਾ
ਸੁੱਖ ਤਿਆਗ, ਘਰ-ਬਾਰ ਸੰਭਾਲੇ।
**-ਦਵਿੰਦਰ ਕੌਰ**

---

ਕਰ ਲੈ ਅਰਾਮ ਸੋਹਣਿਆ
ਫਿਰ ਤਾਂ ਹੋਣੀ ਚੱਲ ਸੋ ਚੱਲ।
ਬੇਫਿਕਰੀ ਤੈਨੂੰ ਹੈ ਬਖਸ਼ੀ
ਇਹ ਮਿਲਣੀ ਨਾ ਫਿਰ ਕੱਲ੍ਹ।
ਨਵਾਂ ਪ੍ਰਾਹੁਣਾ ਹੈਂ ਧਰਤ ਦਾ
ਹਾਲੇ ਸਭ ਨੂੰ ਡਾਢਾ ਚਾਅ।
ਟੈਡੀ ਬੀਅਰ 'ਚ ਲਪੇਟ ਕੇ
ਦਿੱਤਾ ਟੋਕਰੇ 'ਚ ਤੈਨੂੰ ਪਾ।
**-ਸੇਵਾ ਸਿੰਘ ਨੂਰਪੁਰੀ**

---

ਟੈਡੀ ਬੀਅਰ ਪਿਆਰਾ ਚੂੰਚਰ ਨੂੰ
ਸੌਂਦਾ ਉਸ ਦੇ ਨਾਲ,
ਸੁਪਨੇ ਵਿਚ ਵੀ ਟੈਡੀ ਬੀਅਰ ਦਾ
ਭੂੰਚਰ ਰੱਖੇ ਖਿਆਲ।
ਸੁੱਤੇ ਭੂੰਚਰ ਦਾ ਲਾਹਾ ਮਾਂ ਨੂੰ
ਕੰਮ ਕਾਹਲੀ-ਕਾਹਲੀ ਕਰਦੀ,
ਪੋਚੇ ਲਾਵੇ, ਕੱਪੜੇ ਧੋਵੇ
ਕਰੇ ਸਫਾਈ ਘਰ ਦੀ।
ਸੌਂ ਜਾ ਮੇਰੇ ਰਾਜ-ਦੁਲਾਰੇ
ਸੌਂ ਜਾ ਮੇਰੇ ਨਾਲ।
ਮਾਂ ਦੀਆਂ ਸੱਧਰਾਂ ਦਾ
ਜ਼ਰਾ ਤੂੰ ਰੱਖ ਖਿਆਲ।
**-ਮਾਸਟਰ ਪ੍ਰੀਤਮ ਸਿੰਘ ਲੰਮੇ**
**ਫੋਨ: 925-325-2486**

---

ਆਪ ਗਿੱਲੇ ਪੈ ਬੱਚੇ ਪਾਵੇ ਸੁੱਕੀ ਥਾਂ।
ਉਸ ਔਰਤ ਨੂੰ ਕਹਿੰਦੇ ਸਾਰੇ ਮਾਂ।
ਪਾ ਟੋਕਰੀ ਵਿਚ ਬੱਚੇ ਨੂੰ
ਨਾਲ ਖਿਡੌਣਾ ਪਾਇਆ।
ਬੜੇ ਪਿਆਰ ਨਾਲ ਸੁੱਤਾ ਬੱਚਾ
ਕਿਸ ਸੋਹਣੀ ਮਾਂ ਦਾ ਜਾਇਆ।
ਤੰਦਰੁਸਤੀ ਬਖਸ਼ੀਂ ਰੱਬਾ ਹਰ ਬੱਚੇ ਨੂੰ
ਹੁੰਦੇ ਦੇਸ਼, ਕੌਮ ਦਾ ਸਰਮਾਇਆ।
**-ਗੋਰਾ ਪ੍ਰਜਾਪਤ, ਨਿਊ ਯਾਰਕ**
**ਫੋਨ: 718-640-6660**

---

ਬੱਚਾ ਬਿਨ ਮਾਂ, ਮੱਛੀ ਬਿਨ ਪਾਣੀ
ਫਸ ਜਾਂਦੀ ਮਾਂ ਕਸੂਤੀ
ਬੱਚਾ ਵਿਲਕ ਵਿਲਕ ਹਾਲੋਂ ਬੇਹਾਲ ਹੁੰਦਾ।
ਮਜਬੂਰੀ ਕੀ ਨਹੀਂ ਕੰਮ ਕਰਾਉਂਦੀ।
ਕੋਈ ਬਰਾਂਡੀ ਦਾ ਘੁੱਟ ਦੇ ਬੱਚਾ ਸੁਲਾਵੇ
ਕੋਈ ਦੇ ਖਿਡੌਣਾ ਪਰਚਾਵੇ
ਜਾਂ ਲੈ ਕੁੱਛੜ ਘਰ ਦਾ ਕੰਮ ਨਿਪਟਾਵੇ।
ਛਾਬਾ ਰੋਟੀਆਂ ਦਾ ਵੀ ਉਸੇ ਪਕਾਉਣਾ
ਪਰਿਵਾਰ ਤਾਂ ਆ ਬਹਿੰਦਾ
ਲੈ ਮੂੜ੍ਹਾ, ਪੀੜ੍ਹੀ
ਪੱਕੀ ਪਕਾਈ ਪਰੋਸੀ ਥਾਲੀ ਹੀ ਉਡੀਕਦੇ।
**-ਦਰਸ਼ਨਪਾਲ ਦੋਸਾਂਝ**

# ਸਿਆਸੀ ਧਿਰਾਂ ਨੇ ਅਕਾਲ ਤਖਤ ਦੇ ਹੁਕਮਾਂ ਨੂੰ ਵਿਸਾਰਿਆ

## ਰੱਖੜ ਪੁੰਨਿਆ ਜੋੜ ਮੇਲਾ

**ਰਈਆ:** ਰੱਖੜ ਪੁੰਨਿਆ ਦੇ ਜੋੜ ਮੇਲੇ 'ਤੇ ਬਾਬਾ ਬਕਾਲਾ ਵਿਚ ਹੋਈ ਸਿਆਸੀ ਕਾਨਫਰੰਸ ਵਿਚ ਪੰਜਾਬ ਦੀਆਂ ਸਿਆਸੀ ਧਿਰਾਂ ਨੇ ਅਕਾਲ ਤਖਤ ਵੱਲੋਂ ਜਾਰੀ ਹੁਕਮਾਂ ਦੀ ਭੋਰਾ ਪਰਵਾਹ ਨਹੀਂ ਕੀਤੀ ਤੇ ਆਪਣੇ ਸਿਆਸੀ ਵਿਰੋਧੀਆਂ ਨੂੰ ਖੁੱਲ੍ਹ ਕੇ ਰਗੜੇ ਲਾਉਣ ਉਤੇ ਸਾਰਾ ਜ਼ੋਰ ਲਾਇਆ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਚੰਡੀਗੜ੍ਹ ਪੰਜਾਬ ਨੂੰ ਦੇਣ ਅਤੇ ਪੰਜਾਬ ਨੂੰ ਆਪਣਾ ਵੱਖਰਾ ਹਾਈ ਕੋਰਟ ਬਣਾਉਣ ਦੀ ਕੇਂਦਰ ਸਰਕਾਰ ਪਾਸੋਂ ਮੰਗ ਦਾ ਮੁੱਦਾ ਤਾਂ ਚੁੱਕਿਆ ਪਰ ਇਸ ਲਈ ਢਿੱਲ ਦਾ ਦੋਸ਼ ਕਾਂਗਰਸ ਸਰਕਾਰ ਸਿਰ ਹੀ ਮੜ੍ਹਿਆ।

ਉਨ੍ਹਾਂ ਕਿਹਾ ਕਿ ਦੇਸ਼ ਦੀ ਆਜ਼ਾਦੀ ਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਸਿੱਖਾਂ ਨੇ ਕੀਤੀਆਂ ਪਰ ਗਾਂਧੀ ਪਰਿਵਾਰ ਨੇ ਹਜ਼ਾਰਾਂ ਨਿਰਦੋਸ਼ ਸਿੱਖਾਂ ਦਾ ਕਤਲੇਆਮ ਕਰਾਇਆ, ਦੋਸ਼ੀਆਂ ਨੂੰ ਸਜ਼ਾਵਾਂ ਤੋਂ ਬਚਾਉਣ ਲਈ ਹਰ ਹੀਲਾ ਵਰਤਿਆ ਤੇ ਪੁਸ਼ਤਪਨਾਹੀ ਕੀਤੀ। ਇਸ ਖਿਲਾਫ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਨਸਾਫ ਅਤੇ ਜਾਂਚ ਲਈ ਐਸ.ਆਈ.ਟੀ. ਬਣਾਈ, ਨਤੀਜਾ ਇਹ ਕਿ ਅੱਜ ਸੱਜਣ ਕੁਮਾਰ ਵਰਗੇ ਜੇਲ੍ਹਾਂ ਵਿਚ ਬੰਦ ਹੋ ਕੇ ਸਜ਼ਾਵਾਂ ਭੁਗਤ ਰਹੇ ਹਨ। ਉਨ੍ਹਾਂ ਕਾਂਗਰਸ ਸਰਕਾਰ ਤੋਂ ਕੋਈ ਉਮੀਦ ਨਾ ਰੱਖਣ ਦੀ ਗਲ ਕਹੀ ਅਤੇ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਮੁੜ ਆਵੇਗੀ ਅਤੇ ਅਜਿਹੇ ਕਾਰਜ ਕੀਤੇ ਜਾਣਗੇ ਜਿਸ ਨਾਲ ਪੰਜਾਬ ਮੁੜ ਨੰਬਰ ਇਕ 'ਤੇ ਆਵੇਗਾ। ਸ੍ਰੀ ਬਾਦਲ ਨੇ ਪੰਜਾਬ ਦੇ ਦਰਿਆਈ ਪਾਣੀਆਂ ਦਾ ਹੱਕ ਖੋਹਣ ਲਈ ਕਾਂਗਰਸ ਨੂੰ ਦੋਸ਼ੀ ਠਹਿਰਾਇਆ।

ਉਧਰ, ਕਾਂਗਰਸ ਵੱਲੋਂ ਕਰਵਾਈ ਗਈ ਸਿਆਸੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਹਿਕਾਰਤਾ ਤੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਮੋਦੀ ਸਰਕਾਰ ਦੇਸ਼ 'ਚ ਘੱਟ ਗਿਣਤੀਆਂ ਨੂੰ ਜਿਸ ਤਰ੍ਹਾਂ ਨੁਕਸਾਨ ਪਹੁੰਚਾ ਰਹੀ ਹੈ। ਇਸ ਤਰ੍ਹਾਂ ਇਕ ਦਿਨ ਦੇਸ਼ ਖਤਮ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਰਾਜਾਂ ਨੂੰ ਖੁਦਮੁਖਤਿਆਰੀ ਦੀ ਮੰਗ ਕਰਨ ਵਾਲੇ ਪ੍ਰਕਾਸ਼ ਸਿੰਘ ਬਾਦਲ ਦੇ ਫਰਜ਼ੰਦ ਸੁਖਬੀਰ ਸਿੰਘ ਬਾਦਲ ਵੱਲੋਂ ਜੰਮੂ-ਕਸ਼ਮੀਰ 'ਚ ਧਾਰਾ 370 ਨੂੰ ਖਤਮ ਕਰਨ ਦੀ ਜੋ ਹਮਾਇਤ ਕੀਤੀ ਗਈ ਹੈ, ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਮੋਦੀ ਦੀ ਤੋਪ ਦਾ ਮੂੰਹ ਪੰਜਾਬ ਵੱਲ ਵੀ ਹੋ ਸਕਦਾ ਹੈ।

ਬਾਦਲ ਪਰਿਵਾਰ 'ਤੇ ਵਰ੍ਹਦਿਆਂ ਰੰਧਾਵਾ ਨੇ ਕਿਹਾ ਕਿ ਪੰਜਾਬ ਦੇ ਲੋਕ ਸਾਡੇ ਤੋਂ ਬਰਗਾੜੀ ਬੇਅਦਬੀ ਕੇਸ ਬਾਰੇ ਸੁਆਲ ਪੁੱਛਦੇ ਹਨ ਪਰ ਪੰਜਾਬ ਸਰਕਾਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਨੂੰ ਭੱਜਣ ਨਹੀਂ ਦੇਵੇਗੀ। ਉਨ੍ਹਾਂ ਕਿਹਾ ਕਿ ਸੀ.ਬੀ.ਆਈ. ਨੇ ਇਸ ਕੇਸ ਦੀ ਜਾਂਚ ਬੰਦ ਕਰਕੇ ਜੋ ਕਲੋਜ਼ਰ ਰਿਪੋਰਟ ਦਿੱਤੀ ਸੀ, ਉਸ ਵਿਰੁੱਧ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਐਡਵੋਕੇਟ ਜਨਰਲ ਨੂੰ ਕਾਨੂੰਨੀ ਪੈਰਵਾਈ ਕਰਨ ਦੇ ਨਿਰਦੇਸ਼ ਦੇ ਦਿੱਤੇ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਬੇਅਦਬੀ ਕੀਤੀ ਤੇ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਵਿਚ ਪਾਇਆ ਹੈ, ਸਾਡੀ ਸਰਕਾਰ ਉਨ੍ਹਾਂ ਨੂੰ ਸਜ਼ਾ ਦਿਵਾ ਕੇ ਰਹੇਗੀ। ਸਿਹਤ ਮੰਤਰੀ ਪੰਜਾਬ ਬਲਬੀਰ ਸਿੰਘ ਸਿੱਧੂ ਨੇ ਕੇਂਦਰ ਦੀ ਭਾਜਪਾ ਸਰਕਾਰ ਦੀ ਅਲੋਚਨਾ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਦੇਸ਼ ਦੀਆਂ ਕਈ ਸੰਵਿਧਾਨਿਕ ਸੰਸਥਾਵਾਂ ਨੂੰ ਹੌਲੀ-ਹੌਲੀ ਖਤਮ ਕਰ ਰਹੀ ਹੈ ਪਰ ਬਾਦਲ ਪਰਿਵਾਰ ਨੇ ਮੋਦੀ ਅੱਗੇ ਗੋਡੇ ਟੇਕੇ ਹੋਏ ਹਨ। ਬਾਦਲ ਪਰਿਵਾਰ ਨੂੰ ਨਸ਼ਿਆਂ ਲਈ ਜ਼ਿੰਮੇਵਾਰ ਠਹਿਰਾਉਂਦਿਆਂ ਉਨ੍ਹਾਂ ਕਿਹਾ ਕਿ ਬਾਦਲ ਤੇ ਮਜੀਠੀਆ ਪਰਿਵਾਰਾਂ ਨੇ ਜਿੰਨਾ ਨੁਕਸਾਨ ਪੰਜਾਬ ਦਾ ਕੀਤਾ ਹੈ, ਸਾਡੀ ਸਰਕਾਰ ਉਸ ਦੀ ਭਰਪਾਈ ਲਈ ਯਤਨ ਕਰ ਰਹੀ ਹੈ।

ਰੱਖੜ ਪੁੰਨਿਆ ਮੇਲੇ ਮੌਕੇ ਬਾਬਾ ਬਕਾਲਾ ਵਿਚ ਜਿਥੇ ਰਵਾਇਤੀ ਅਕਾਲੀ, ਕਾਂਗਰਸੀ ਅਤੇ ਆਮ ਆਦਮੀ ਪਾਰਟੀਆਂ ਨੇ ਸਿਆਸੀ ਕਾਨਫਰੰਸਾਂ ਕਰਕੇ ਇਕ ਦੂਜੇ 'ਤੇ ਦੂਸ਼ਣਬਾਜ਼ੀ ਕੀਤੀ ਉਥੇ ਲੋਕ ਇਨਸਾਫ ਪਾਰਟੀ ਨੇ ਪੰਜਾਬ ਦੇ ਪਾਣੀਆਂ ਲਈ ਸੰਜੀਦਾ ਹੋ ਕੇ ਰਾਜਸਥਾਨ ਨੂੰ ਜਾਂਦੇ ਪਾਣੀ ਦੀ 16 ਲੱਖ ਕਰੋੜ ਰੁਪਏ ਕੀਮਤ ਵਸੂਲਣ ਲਈ ਤਿਆਰ ਕੀਤੀ ਜਾ ਰਹੀ ਪਟੀਸ਼ਨ ਲਈ 6 ਕੈਂਪ ਲਗਾ ਕੇ ਜੋੜ ਮੇਲੇ ਵਿਚ ਪਹੁੰਚੀਆਂ ਸੰਗਤਾਂ ਤੋਂ ਦਸਤਖ਼ਤ ਕਰਵਾਏ। ਇਸ ਮੌਕੇ ਪਾਰਟੀ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਨੇ ਸੰਗਤਾਂ ਨੂੰ ਪਾਣੀ ਦੇ ਜਨ ਅੰਦੋਲਨ ਸਬੰਧੀ ਪੋਸਟਰ ਵੰਡ ਕੇ ਜਾਗਰੂਕ ਕੀਤਾ। ਕੈਂਪਾਂ ਦੀ ਸਮਾਪਤੀ ਤੋਂ ਬਾਅਦ ਪਾਰਟੀ ਪ੍ਰਧਾਨ ਸ੍ਰੀ ਬੈਂਸ ਦੀ ਹਾਜ਼ਰੀ ਵਿਚ ਚਰਨਦੀਪ ਸਿੰਘ ਭਿੰਡਰ ਨੇ ਦੱਸਿਆ ਕਿ 20 ਹਜ਼ਾਰ ਤੋਂ ਵੱਧ ਸੰਗਤ ਨੇ ਦਸਤਖ਼ਤ ਕਰਕੇ ਪਾਣੀਆਂ ਦੇ ਸੰਘਰਸ਼ ਵਿਚ ਯੋਗਦਾਨ ਪਾਇਆ।

## 'ਆਪ' ਵੱਲੋਂ ਪੰਜਾਬੀਆਂ ਲਈ ਵਾਅਦਿਆਂ ਦੀ ਝੜੀ

**ਰਈਆ:** ਇਤਿਹਾਸਕ ਨਗਰ ਬਾਬਾ ਬਕਾਲਾ ਵਿਚ ਮੇਲਾ ਰੱਖੜ ਪੁੰਨਿਆ 'ਤੇ ਆਮ ਆਦਮੀ ਪਾਰਟੀ ਵੱਲੋਂ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਭਗਵੰਤ ਮਾਨ ਨੇ ਕਿਹਾ ਕੇ ਪੰਜਾਬ ਦੇ ਲੋਕ ਜੇ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਾ ਦੇਣ ਤਾਂ



ਦਿੱਲੀ ਦੀ ਤਰ੍ਹਾਂ ਪੰਜਾਬ ਵਿਚ ਸਿਹਤ ਸੇਵਾਵਾਂ ਅਤੇ ਸਿੱਖਿਆ ਬਿਲਕੁਲ ਮੁਫਤ ਕਰਕੇ ਲੋਕਾਂ ਦੀ ਹਾਲਤ ਸੁਧਾਰੀ ਜਾਵੇਗੀ। ਚੰਗੀ ਸਿੱਖਿਆ ਦੇ ਕੇ ਬੇਰੁਜ਼ਗਾਰੀ ਖਤਮ ਕੀਤੀ ਜਾ ਸਕਦੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਵਿਚ ਬਿਜਲੀ ਪੈਦਾ ਹੋਣ 'ਤੇ ਪ੍ਰਤੀ ਯੂਨਿਟ 10 ਰੁਪਏ ਤੋਂ ਵੱਧ ਲਿਆ ਜਾ ਰਿਹਾ ਹੈ, ਜਦਕਿ ਦਿੱਲੀ ਵਿਚ ਕੇਜਰੀਵਾਲ ਸਰਕਾਰ ਬਾਹਰੋਂ ਬਿਜਲੀ ਖਰੀਦ ਕੇ ਵੀ ਇਕ ਰੁਪਏ ਯੂਨਿਟ ਲੋਕਾਂ ਨੂੰ ਬਿਜਲੀ ਦੇ ਰਹੀ ਹੈ ਅਤੇ ਨਾਲ ਹੀ 200 ਯੂਨਿਟ ਮੁਆਫ ਵੀ ਕੀਤੇ ਗਏ ਹਨ। ਸ੍ਰੀ ਮਾਨ ਨੇ ਕਿਹਾ ਕਿ ਇਹ ਜਿਹੜੀ ਆਜ਼ਾਦੀ ਅਸੀਂ ਅੱਜ ਮਨਾ ਰਹੇ ਹਾਂ ਇਹ ਤਾਂ ਵੱਡੇ ਲੋਕਾਂ ਤੱਕ ਹੀ ਰਹਿ ਗਈ ਹੈ। ਆਮ ਆਦਮੀ ਤੱਕ ਤਾਂ ਆਜ਼ਾਦੀ ਪਹੁੰਚੀ ਹੀ ਨਹੀਂ ਹੈ। ਇਸ ਮੌਕੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਲੀਡਰ ਹਰਪਾਲ ਚੀਮਾ ਨੇ ਕਿਹਾ ਕਿ ਪੰਜਾਬ ਵਿੱਚ ਦੋਵੇਂ ਪਾਰਟੀਆਂ ਮਿਲ ਕੇ ਰਾਜ ਕਰ ਰਹੀਆਂ ਹਨ। ਜਿਵੇਂ ਅਕਾਲੀ ਭਾਜਪਾ ਸਰਕਾਰ ਨੇ ਦਸ ਸਾਲ ਲੋਕਾਂ ਨੂੰ ਲੁੱਟ ਕੇ ਖਾਧਾ ਹੈ ਉਸੇ ਤਰ੍ਹਾਂ ਹੁਣ ਕਾਂਗਰਸ ਦੀ ਸਰਕਾਰ ਉਸੇ ਰਸਤੇ 'ਤੇ ਚੱਲ ਰਹੀ ਹੈ।

# ਸ਼੍ਰੋਮਣੀ ਅਕਾਲੀ ਦਲ ਦੇ ਖਜਾਨੇ ਨੂੰ ਫੰਡਾਂ ਦਾ ਸੋਕਾ

**ਬਠਿੰਡਾ:** ਸ਼੍ਰੋਮਣੀ ਅਕਾਲੀ ਦਲ ਦਾ ਖ਼ਜ਼ਾਨਾ ਖਾਲੀ ਹੋਣ ਕੰਢੇ ਹੈ। ਹੁਣ ਅਕਾਲੀ ਦਲ ਨੂੰ ਬਾਹਰੋਂ ਮਿਲਣ ਵਾਲਾ ਚੰਦਾ ਘਟ ਗਿਆ ਹੈ ਅਤੇ ਬਾਦਲ ਪਰਿਵਾਰ ਦੀਆਂ ਕੰਪਨੀਆਂ ਹੀ ਚੰਦਾ ਦੇਣ ਲਈ ਮੋਹਰੀ ਬਣੀਆਂ ਹਨ। ਬਾਦਲ ਪਰਿਵਾਰ ਖੁਦ ਹੀ ਅਕਾਲੀ ਦਲ ਨੂੰ ਦਾਨ ਦੇ ਖੁੱਲ੍ਹੇ ਗੱਫੇ ਵਰਤਾ ਰਿਹਾ ਹੈ। ਰੋਚਕ ਗੱਲ ਇਹ ਹੈ ਕਿ ਬਾਦਲ ਪਰਿਵਾਰ ਦੀ ਡੱਬਵਾਲੀ ਟਰਾਂਸਪੋਰਟ ਅਤੇ ਔਰਬਿਟ ਰਿਜ਼ੋਰਟ ਕੰਪਨੀ ਵੱਲੋਂ ਅਕਾਲੀ ਦਲ ਨੂੰ ਇਕ ਹੱਥ ਚੰਦਾ ਦਿੱਤਾ ਜਾ ਰਿਹਾ ਹੈ ਤੇ ਦੂਜੇ ਬੰਨੇ ਔਰਬਿਟ ਏਵੀਏਸ਼ਨ ਨੂੰ ਅਕਾਲੀ ਦਲ ਕਰੋੜਾਂ ਦਾ ਕਿਰਾਇਆ ਤਾਰ ਰਿਹਾ ਹੈ। ਦੱਸਣਯੋਗ ਹੈ ਕਿ ਕੰਪਨੀਜ਼ ਐਕਟ 2013 ਤਹਿਤ ਜੋ ਕੰਪਨੀ ਸਿਆਸੀ ਧਿਰਾਂ ਨੂੰ ਚੰਦਾ ਦਿੰਦੀ ਹੈ, ਉਸ ਨੂੰ

### ਬਾਹਰੋਂ ਮਿਲਣ ਵਾਲਾ ਚੰਦਾ ਘਟਿਆ

ਆਮਦਨ ਕਰ ਤੋਂ ਛੋਟ ਮਿਲ ਜਾਂਦੀ ਹੈ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਚੋਣ ਕਮਿਸ਼ਨ ਨੂੰ ਜੋ ਹੁਣ ਤਾਜ਼ਾ ਸੂਚਨਾ ਭੇਜੀ ਹੈ, ਉਸ ਅਨੁਸਾਰ ਸਾਲ 2018-19 ਵਿਚ ਅਕਾਲੀ ਦਲ ਨੂੰ 1.75 ਕਰੋੜ ਚੰਦੇ ਵਜੋਂ ਪ੍ਰਾਪਤ ਹੋਏ ਹਨ, ਜਿਸ 'ਚੋਂ



ਪੰਜਾਹ ਫੀਸਦੀ ਤੋਂ ਵੱਧ ਦਾਨ ਬਾਦਲ ਪਰਿਵਾਰ ਵੱਲੋਂ ਦਿੱਤਾ ਗਿਆ ਹੈ। ਮੈਸਰਜ਼ ਡੱਬਵਾਲੀ ਟਰਾਂਸਪੋਰਟ ਦੇ ਡਾਇਰੈਕਟਰ ਲਖਵੀਰ ਸਿੰਘ ਨੇ ਅਕਾਲੀ ਦਲ ਨੂੰ 45 ਲੱਖ ਰੁਪਏ ਅਤੇ ਔਰਬਿਟ ਰਿਜ਼ੋਰਟ ਪ੍ਰਾਈਵੇਟ ਲਿਮਟਿਡ ਗੁੜਗਾਓਂ ਦੇ ਐਮ.ਡੀ ਲਖਵੀਰ ਸਿੰਘ ਨੇ 59 ਲੱਖ ਰੁਪਏ ਚੰਦੇ ਵਜੋਂ ਦਿੱਤੇ ਹਨ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਪਾਰਟੀ ਨੂੰ 5.60 ਲੱਖ ਰੁਪਏ ਦਿੱਤੇ ਹਨ ਜਦੋਂ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 60 ਹਜ਼ਾਰ ਦਾ ਪਾਰਟੀ ਨੂੰ ਦਾਨ ਦਿੱਤਾ ਹੈ।

ਵੇਰਵਿਆਂ ਅਨੁਸਾਰ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ 60 ਹਜ਼ਾਰ ਅਤੇ ਬਿਕਰਮ ਸਿੰਘ ਮਜੀਠੀਆ ਨੇ ਵੀ 60 ਹਜ਼ਾਰ ਚੰਦੇ ਵਜੋਂ ਪਾਰਟੀ ਨੂੰ ਦਿੱਤੇ ਹਨ। ਬਰਨਾਲਾ ਦੇ ਰੁਪਿੰਦਰ ਗੁਪਤਾ ਨੇ 6 ਲੱਖ ਦਿੱਤੇ ਹਨ ਜਦੋਂ ਕਿ ਸਾਬਕਾ ਮੰਤਰੀ ਜਨਮੇਜਾ ਸਿੰਘ ਸੇਖੋਂ ਨੇ ਇਕ ਲੱਖ ਰੁਪਏ ਦਾ ਚੰਦਾ ਦਿੱਤਾ ਹੈ। ਚੰਦਾ ਦੇਣ ਵਾਲੇ ਜ਼ਿਆਦਾ ਪਾਰਟੀ ਆਗੂ ਹੀ ਹਨ। ਬਾਹਰੋਂ ਮਿਲਣ ਵਾਲੇ ਚੰਦੇ ਨੂੰ ਫਿਲਹਾਲ ਬਰੇਕ ਲੱਗੀ ਹੋਈ ਹੈ। ਅਕਾਲੀ ਦਲ ਨੂੰ ਹਕੂਮਤ ਦੇ ਆਖਰੀ ਵਰ੍ਹੇ ਸਾਲ 2016-17 ਵਿਚ 115 ਲੋਕਾਂ ਤੇ ਕੰਪਨੀਆਂ ਤੋਂ 15.45 ਕਰੋੜ ਦਾ ਚੰਦਾ ਪ੍ਰਾਪਤ ਹੋਇਆ ਸੀ ਅਤੇ ਸਾਲ 2009-10 ਵਿਚ ਪਾਰਟੀ ਨੂੰ 7.14 ਕਰੋੜ ਦਾ ਚੰਦਾ ਮਿਲਿਆ ਸੀ। ਹਕੂਮਤ ਸਮੇਂ ਤਾਂ ਅਕਾਲੀ ਦਲ ਨੂੰ ਸ਼ਰਾਬ ਕੰਪਨੀਆਂ ਅਤੇ ਰੀਅਲ ਅਸਟੇਟ ਕੰਪਨੀਆਂ ਤੋਂ ਮੋਟਾ ਗੱਫਾ ਮਿਲ ਜਾਂਦਾ ਸੀ। ਲੰਘੇ ਮਾਲੀ ਵਰ੍ਹੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੂੰ ਜੀ-ਨੈਕਸਟ ਮੀਡੀਆ ਪ੍ਰਾਈਵੇਟ ਲਿਮਟਿਡ (ਪੀ.ਟੀ.ਸੀ) ਤੋਂ 25 ਲੱਖ ਰੁਪਏ ਦਾ ਚੰਦਾ ਮਿਲਿਆ ਹੈ।

ਸ਼੍ਰੋਮਣੀ ਅਕਾਲੀ ਦਲ ਨੂੰ ਸਾਲ 2017-18 ਵਿਚ 3.91 ਕਰੋੜ ਦੀ ਆਮਦਨ ਹੋਈ ਸੀ ਅਤੇ ਇਕੱਲੀ ਭਰਤੀ ਮੁਹਿੰਮ ਤੋਂ 1.06 ਕਰੋੜ ਰੁਪਏ ਕਮਾ ਲਏ ਸਨ। ਹੁਣ ਅਕਾਲੀ ਦਲ ਨੂੰ ਬਾਹਰੋਂ ਮਿਲਣ ਵਾਲਾ ਚੰਦਾ ਘੱਟ ਗਿਆ ਹੈ ਅਤੇ ਬਾਦਲ ਪਰਿਵਾਰ ਦੀਆਂ ਕੰਪਨੀਆਂ ਹੀ ਚੰਦਾ ਦੇਣ ਲਈ ਮੋਹਰੀ ਬਣੀਆਂ ਹਨ। ਨਜ਼ਰ ਮਾਰੀਏ ਤਾਂ ਸਾਲ ਪੰਜਾਬ ਚੋਣਾਂ 2017 ਵਿਚ ਸ਼੍ਰੋਮਣੀ ਅਕਾਲੀ ਦਲ ਨੇ ਔਰਬਿਟ ਏਵੀਏਸ਼ਨ ਦਾ ਹੈਲੀਕਾਪਟਰ ਵਰਤਿਆ ਸੀ ਜਿਸ ਦੇ 1.37 ਕਰੋੜ ਦਲ ਨੇ ਤਾਰੇ ਸਨ। ਸਾਲ 2017-18 ਦੀ ਆਡਿਟ ਰਿਪੋਰਟ ਅਨੁਸਾਰ ਸ਼੍ਰੋਮਣੀ ਅਕਾਲੀ ਦਲ 1.87 ਕਰੋੜ ਦਾ ਕਰਜ਼ਦਾਰ ਇਕੱਲੀ ਔਰਬਿਟ ਏਵੀਏਸ਼ਨ ਦਾ ਸੀ ਅਤੇ ਪੀ.ਟੀ.ਸੀ ਦੇ ਵੀ ਦਲ ਵੱਲ 57.50 ਲੱਖ ਖੜ੍ਹੇ ਸਨ।

ਸ਼੍ਰੋਮਣੀ ਅਕਾਲੀ ਦਲ ਦੇ ਖ਼ਜ਼ਾਨਚੀ ਅਤੇ ਵਿਧਾਇਕ ਐਨ.ਕੇ.ਸ਼ਰਮਾ ਦਾ ਕਹਿਣਾ ਸੀ ਕਿ ਪਾਰਟੀ ਤਰਫੋਂ ਹੁਣ ਮੈਂਬਰਸ਼ਿਪ ਮੁਹਿੰਮ ਸ਼ੁਰੂ ਕੀਤੀ ਹੈ ਅਤੇ ਮੈਂਬਰਸ਼ਿਪ ਫੀਸ 5 ਰੁਪਏ ਤੋਂ ਵਧਾ ਕੇ ਐਤਕੀਂ 10 ਰੁਪਏ ਕਰ ਦਿੱਤੀ ਹੈ ਜਿਸ ਨਾਲ ਦਲ ਕੋਲ ਕਾਫੀ ਪੈਸਾ ਆ ਜਾਵੇਗਾ। ਉਨ੍ਹਾਂ ਦੱਸਿਆ ਕਿ ਦਲ ਨੂੰ ਕੋਈ ਮਾਲੀ ਸਮੱਸਿਆ ਨਹੀਂ ਹੈ। ਜਦੋਂ ਪਾਰਟੀ ਨੂੰ ਜ਼ਰੂਰਤ ਪੈਂਦੀ ਹੈ ਤਾਂ ਉਦੋਂ ਫੰਡ ਇਕੱਠਾ ਕਰ ਲਿਆ ਜਾਂਦਾ ਹੈ। ਐਤਕੀਂ ਪਾਰਟੀ ਦਾ 50 ਲੱਖ ਮੈਂਬਰਸ਼ਿਪ ਦਾ ਟੀਚਾ ਰੱਖਿਆ ਗਿਆ ਹੈ।

## ਸ਼ਹੀਦੀ ਕਾਨਫਰੰਸ 'ਚ ਅਕਾਲੀ ਦਲ ਦੀ ਧੜੇਬੰਦੀ ਉਭਰੀ

**ਪਾਇਲ:** ਸ਼ਹੀਦ ਕਰਨੈਲ ਸਿੰਘ ਈਸੜੂ ਦੇ ਸ਼ਹੀਦੀ ਸਮਾਗਮ ਸਬੰਧੀ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਕਰਵਾਈ ਸ਼ਹੀਦੀ ਕਾਨਫਰੰਸ ਧੜੇਬੰਦੀ ਦੀ ਭੇਟ ਚੜ੍ਹ ਗਈ। ਜਿਥੇ ਇਸ ਮੌਕੇ ਕੋਈ ਵੀ ਪਹਿਲੀ ਕਤਾਰ ਦਾ ਲੀਡਰ ਇਸ ਕਾਨਫਰੰਸ ਵਿਚ ਨਾ ਪੁੱਜਾ, ਉਥੇ ਲੋਕ ਵੀ ਘੱਟ ਗਿਣਤੀ ਵਿਚ ਹਾਜ਼ਰ ਸਨ।

ਹਲਕੇ ਦੇ ਯੂਥ ਅਕਾਲੀ ਦਲ ਕੋਰ ਕਮੇਟੀ ਮੈਂਬਰ ਯਾਦਵਿੰਦਰ ਸਿੰਘ ਯਾਦੂ, ਸ਼੍ਰੋਮਣੀ ਕਮੇਟੀ ਮੈਂਬਰ ਦਵਿੰਦਰ ਸਿੰਘ ਖਟੜਾ ਤੇ ਹਲਕਾ ਕੋਆਰਡੀਨੇਟਰ ਬੂਟਾ ਸਿੰਘ ਰਾਏਪੁਰ ਤੇ ਹਲਕੇ ਦੇ ਹੋਰ ਸੀਨੀਅਰ ਆਗੂ ਕਾਨਫਰੰਸ ਵਿਚ ਨਾ ਪੁੱਜੇ। ਇਸ ਮੌਕੇ ਸਾਬਕਾ ਸਪੀਕਰ ਵਿਧਾਨ ਸਭਾ ਡਾ. ਚਰਨਜੀਤ ਸਿੰਘ ਅਟਵਾਲ ਨੇ ਸ਼ਹੀਦ ਕਰਨੈਲ ਸਿੰਘ ਈਸੜੂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸ਼ਹੀਦ ਦੇਸ਼ ਤੇ ਕੌਮ ਦਾ ਸਰਮਾਇਆ ਹੁੰਦੇ ਹਨ, ਜਿਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਅੱਜ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਇਸ ਮੌਕੇ ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਪੰਜਾਬ ਦਾ ਪਾਣੀ ਕਿਸੇ ਵੀ ਕੀਮਤ 'ਤੇ ਦੂਸਰੇ ਸੂਬਿਆਂ ਨੂੰ ਨਹੀਂ ਜਾਣ ਦਿੱਤਾ ਜਾਵੇਗਾ। ਇਸ ਮੌਕੇ ਭਾਜਪਾ ਕਿਸਾਨ ਮੋਰਚਾ ਦੇ ਸੂਬਾ ਪ੍ਰਧਾਨ ਬਿਕਰਮਜੀਤ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਧਾਰਾ 370 ਤੇ 35-ਏ ਖਤਮ ਕਰਕੇ ਦੇਸ਼ ਨੂੰ ਅਖੰਡ ਭਾਰਤ ਬਣਾਇਆ ਹੈ।

## ਕੈਪਟਨ ਸ਼ਹੀਦਾਂ ਦੀਆਂ ਬਰਸੀਆਂ 'ਤੇ ਨਹੀਂ ਜਾਂਦੇ: ਮਾਨ

**ਪਾਇਲ:** ਗੋਆ ਦੀ ਆਜ਼ਾਦੀ ਦੇ ਮਹਾਨ ਸ਼ਹੀਦ ਕਰਨੈਲ ਸਿੰਘ ਈਸੜੂ ਦੀ ਬਰਸੀ ਮੌਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਆਮ ਆਦਮੀ ਪਾਰਟੀ ਦੇ ਮੈਂਬਰ ਪਾਰਲੀਮੈਂਟ ਭਗਵੰਤ ਸਿੰਘ ਮਾਨ ਅਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਪੁੱਜੇ। ਉਨ੍ਹਾਂ ਸ਼ਹੀਦ ਕਰਨੈਲ ਸਿੰਘ ਦੇ ਆਦਮ ਕੱਦ ਬੁੱਤ 'ਤੇ ਫੁੱਲ ਮਾਲਾਵਾਂ ਭੇਟ ਕੀਤੀਆਂ। ਸ੍ਰੀ ਮਾਨ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਸ਼ਹੀਦਾਂ ਦੀਆਂ ਬਰਸੀਆਂ 'ਤੇ ਤਾਂ ਨਹੀਂ ਜਾਂਦੇ।

ਸ. ਮਾਨ ਨੇ ਕਿਹਾ ਕਿ ਪਿਛਲੇ ਤਿੰਨ ਸਾਲ ਸਰਕਾਰ ਬਣੀ ਨੂੰ ਹੋ ਗਏ ਪਰ ਉਹ ਕਦੇ ਵੀ ਈਸੜੂ ਨਹੀਂ ਪੁੱਜੇ ਤੇ ਨਾ ਸ਼ਹੀਦ ਊਧਮ ਸਿੰਘ ਦੀ ਬਰਸੀ 'ਤੇ ਸੁਨਾਮ ਗਏ। ਭਗਤ ਰਵਿਦਾਸ ਦਾ ਮੰਦਰ ਢਾਹੇ ਜਾਣ ਬਾਰੇ ਉਨ੍ਹਾਂ ਕਿਹਾ ਕਿ ਜਿਹੜੀ ਡੀ.ਡੀ.ਏ. ਹੈ, ਇਹ ਕੇਂਦਰ ਸਰਕਾਰ ਦੇ ਅਧੀਨ ਹੈ ਤੇ ਇਹ ਕੰਮ ਕੇਂਦਰ ਸਰਕਾਰ ਦਾ ਹੈ।

## ਪੰਜਾਬ ਦੇ 4500 ਪੱਤਰਕਾਰਾਂ ਨੂੰ ਸਰਬੱਤ ਸਿਹਤ ਬੀਮਾ ਯੋਜਨਾ ਅਧੀਨ ਲਿਆਂਦਾ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਹਾਲ ਹੀ ਵਿਚ ਸਾਰਿਆਂ ਨੂੰ ਸਿਹਤ ਬੀਮਾ ਦੇਣ ਲਈ ਸ਼ੁਰੂ ਕੀਤੀ ਅਹਿਮ ਸਕੀਮ 'ਸਰਬੱਤ ਸਿਹਤ ਬੀਮਾ ਯੋਜਨਾ' ਦਾ ਲਾਹਾ ਪੱਤਰਕਾਰਾਂ ਨੂੰ ਦੇਣ ਦਾ ਫੈਸਲਾ ਕੀਤਾ ਹੈ। ਪੱਤਰਕਾਰ ਭਾਈਚਾਰੇ ਨੇ ਮੁੱਖ ਮੰਤਰੀ ਦੇ ਐਲਾਨ ਦਾ ਸੁਆਗਤ ਕੀਤਾ ਹੈ।

ਸਕੀਮ ਅਧੀਨ ਲਗਭਗ 4500 ਪੱਤਰਕਾਰਾਂ ਨੂੰ ਫਾਇਦਾ ਮਿਲੇਗਾ। ਗਰੀਬੀ ਰੇਖਾ ਤੋਂ ਹੇਠਲੇ ਪਰਿਵਾਰਾਂ ਨੂੰ ਸਿਹਤ ਬੀਮਾ ਦੇਣ ਲਈ ਸ਼ੁਰੂ ਕੀਤੀ ਪ੍ਰਧਾਨ ਮੰਤਰੀ ਸਿਹਤ ਬੀਮਾ ਯੋਜਨਾ ਦਾ ਦਾਇਰਾ ਵਧਾ ਕੇ ਸੂਬਾ ਸਰਕਾਰ ਨੇ ਸਰਬੱਤ ਸਿਹਤ ਬੀਮਾ ਯੋਜਨਾ ਸਕੀਮ ਤਹਿਤ 42.5 ਲੱਖ ਪਰਿਵਾਰਾਂ ਨੂੰ ਲਿਆਂਦਾ ਹੈ ਜੋ ਪਹਿਲੀ ਜੁਲਾਈ 2019 ਤੋਂ ਅਮਲ ਵਿਚ ਲਿਆਂਦੀ ਗਈ ਹੈ। ਸੂਬਾ ਸਰਕਾਰ ਵੱਲੋਂ ਐਕਰੀਡੇਟਿਡ ਕੀਤੇ ਅਤੇ ਪੀਲਾ ਕਾਰਡ ਧਾਰਕ ਪੱਤਰਕਾਰ ਇਸ ਸਕੀਮ ਦਾ ਲਾਭ ਲੈਣ ਲਈ ਯੋਗ ਹੋਣਗੇ। ਇਸ ਸਕੀਮ ਤਹਿਤ ਪ੍ਰੀਮੀਅਮ ਦਾ ਸਾਰਾ ਖਰਚਾ ਸੂਬਾ ਸਰਕਾਰ ਝੱਲੇਗੀ। ਇਸ ਸਕੀਮ ਤਹਿਤ ਪੰਜਾਬ ਵਿਚ ਕਰੀਬ 400 ਪ੍ਰਾਈਵੇਟ ਹਸਪਤਾਲ ਸੂਚੀਬੱਧ ਕੀਤੇ ਗਏ ਹਨ। ਸੂਬਾ ਸਰਕਾਰ ਵੱਲੋਂ ਪ੍ਰਤੀ ਪਰਿਵਾਰ ਪ੍ਰਤੀ ਸਾਲ 5 ਲੱਖ ਰੁਪਏ ਦਾ ਸਿਹਤ ਬੀਮਾ ਕਵਰ ਕਰਨ ਲਈ ਕੁਝ ਮਹੀਨੇ ਪਹਿਲਾ ਫੈਸਲਾ ਲੈ ਕੇ ਪ੍ਰਧਾਨ ਮੰਤਰੀ ਸਿਹਤ ਬੀਮਾ ਯੋਜਨਾ ਦਾ ਦਾਇਰਾ ਵਧਾਇਆ ਗਿਆ ਸੀ। 42.5 ਲੱਖ ਪਰਿਵਾਰਾਂ ਵਿਚੋਂ 14.86 ਲੱਖ ਪਰਿਵਾਰ ਪ੍ਰਧਾਨ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਆਉਂਦੇ ਹਨ ਜਿਨ੍ਹਾਂ ਦੇ ਪ੍ਰੀਮੀਅਮ ਦਾ ਖਰਚਾ ਕੇਂਦਰ ਤੇ ਸੂਬਾ ਸਰਕਾਰ ਵੱਲੋਂ 60:40 ਦੀ ਅਨੁਪਾਤ ਵਿਚ ਕੀਤਾ ਜਾਵੇਗਾ।

## ਖਾਲਿਸਤਾਨੀਆਂ ਨਾਲ ਸਬੰਧਾਂ ਦੇ ਦੋਸ਼ 'ਚ ਔਰਤ ਦਿੱਲੀ ਹਵਾਈ ਅੱਡੇ ਤੋਂ ਗ੍ਰਿਫਤਾਰ

**ਬਟਾਲਾ:** ਪੰਜਾਬ ਵਿਚ ਰੈਫਰੈਂਡਮ 2020 ਦੇ ਨਾਂ ਨਾਲ ਨੌਜਵਾਨਾਂ ਨੂੰ ਸੋਸ਼ਲ ਸਾਈਟ ਦੇ ਜ਼ਰੀਏ ਉਕਸਾਉਣ ਅਤੇ ਖਾਲਿਸਤਾਨ ਪੱਖੀ ਜਥੇਬੰਦੀ ਨਾਲ ਜੁੜੀ ਇਕ ਔਰਤ ਕੁਲਬੀਰ ਕੌਰ, ਜੋ ਮਲੇਸ਼ੀਆ 'ਚ ਰਹਿੰਦੀ ਸੀ, ਨੂੰ ਬਟਾਲਾ ਪੁਲਿਸ ਵੱਲੋਂ ਦਿੱਲੀ ਹਵਾਈ ਅੱਡੇ ਤੋਂ ਗ੍ਰਿਫਤਾਰ ਕੀਤਾ ਗਿਆ। ਉਸ ਨੂੰ ਬਟਾਲਾ ਡਿਊਟੀ ਮੈਜਿਸਟਰੇਟ ਦੇ ਸਾਹਮਣੇ ਪੇਸ਼ ਕੀਤਾ ਗਿਆ ਅਤੇ ਉਥੇ ਅਦਾਲਤ ਵਲੋਂ ਔਰਤ ਨੂੰ 6 ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜਿਆ ਗਿਆ ਹੈ।

ਪੁਲਿਸ ਵੱਲੋਂ ਇਕ ਸਾਲ ਪਹਿਲੇ 3 ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਸੀ, ਜਿਨ੍ਹਾਂ ਨੇ ਥਾਣਾ ਰੰਗੜ ਨੰਗਲ ਅਧੀਨ ਆਉਂਦੇ ਪਿੰਡ ਧੰਦੋਈ ਦੇ ਬੱਸ ਅੱਡੇ 'ਤੇ ਸ਼ਰਾਬ ਦੇ ਠੇਕੇ ਨੂੰ ਅੱਗ ਲਗਾਈ ਸੀ, ਜਦੋਂ ਉਨ੍ਹਾਂ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਤਾਂ ਪੁੱਛਗਿੱਛ 'ਚ ਖੁਲਾਸਾ ਹੋਇਆ ਕਿ ਉਹ ਰੈਫਰੈਂਡਮ 2020 ਦੇ ਨਾਲ ਜੁੜੇ ਹਨ ਅਤੇ ਇਸ ਮਾਮਲੇ 'ਚ ਪੁਲਿਸ ਵੱਲੋਂ ਉਨ੍ਹਾਂ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ।

ਡੀ.ਐਸ.ਪੀ. ਨੇ ਦੱਸਿਆ ਕਿ ਇਸ ਮਾਮਲੇ 'ਚ ਉਕਤ ਔਰਤ ਦਾ ਨਾਂ ਆਇਆ ਸੀ ਤੇ ਉਸ ਖਿਲਾਫ ਮਾਮਲਾ ਦਰਜ ਸੀ ਅਤੇ ਉਸ ਨੂੰ ਫੜਨ ਲਈ ਵਾਰੰਟ ਵੀ ਜਾਰੀ ਹੋਏ ਸਨ। ਇਸ ਤੋਂ ਇਲਾਵਾ ਪੁਲਿਸ ਵੱਲੋਂ ਇਮੀਗ੍ਰੇਸ਼ਨ ਨੂੰ ਵੀ ਇਤਲਾਹ ਕਰ ਦਿੱਤੀ ਗਈ ਸੀ। ਹੁਣ ਜਦੋਂ ਉਹ ਮਲੇਸ਼ੀਆ ਤੋਂ ਵਾਪਸ ਪਹੁੰਚੀ ਤਾਂ ਦਿੱਲੀ ਹਵਾਈ ਅੱਡੇ 'ਤੇ ਪੁਲਿਸ ਉਸ ਨੂੰ ਫੜ ਲਿਆ। ਜ਼ਿਕਰਯੋਗ ਹੈ ਕਿ ਉਕਤ ਔਰਤ ਦੇ ਨਾਲ ਇਕ 8 ਸਾਲ ਦਾ ਬੱਚਾ ਵੀ ਸੀ ਅਤੇ ਸੂਤਰਾਂ ਮੁਤਾਬਕ ਭਾਰਤ ਵੱਲੋਂ ਮਲੇਸ਼ੀਆ 'ਚ ਦਿੱਤੀ ਜਾਣਕਾਰੀ ਤੋਂ ਬਾਅਦ ਹੀ ਡਿਪੋਰਟ ਹੋ ਕੇ ਵਾਪਸ ਪਰਤੀ ਹੈ।

# ਵੈਨੇਜ਼ੂਏਲਾ, ਲਾਤੀਨੀ ਅਮਰੀਕਾ ਅਤੇ ਅਮਰੀਕਾ

**ਮਨਦੀਪ**

ਇਸ ਸਮੇਂ ਸੰਸਾਰ ਦੇ ਤਿੰਨ ਮਹਾਂਦੀਪਾਂ-ਏਸ਼ੀਆ, ਅਫਰੀਕਾ ਤੇ ਦੱਖਣੀ ਅਮਰੀਕਾ ਦੇ ਅਨੇਕਾਂ ਮੁਲਕਾਂ ਦੀ ਆਰਥਿਕ-ਸਮਾਜਿਕ ਦਸ਼ਾ ਬੇਹੱਦ ਪਤਲੀ ਹੈ। ਪੱਛੜੀਆਂ ਆਰਥਿਕਤਾਵਾਂ ਵਾਲੇ ਇਹ ਮੁਲਕ ਸਾਮਰਾਜੀ ਮੁਲਕਾਂ ਦੇ ਆਰਥਿਕ-ਸਿਆਸੀ ਦਾਬੇ ਹੇਠ ਹਨ। ਇਨ੍ਹਾਂ ਦੇਸ਼ਾਂ ਨੂੰ ਸਾਮਰਾਜੀ ਮੁਲਕਾਂ ਦੀਆਂ ਨੀਤੀਆਂ ਅਤੇ ਘੁਰਕੀਆਂ ਦੀ ਲਗਾਤਾਰ ਤਾਬ ਝੱਲਣੀ ਪੈ ਰਹੀ ਹੈ। ਪੱਛੜੇ ਮੁਲਕਾਂ ਅੰਦਰ ਆਜ਼ਾਦ ਵਪਾਰ ਦੀ ਨੀਤੀ ਹੇਠ ਸਾਮਰਾਜੀ ਵਿੱਤੀ ਸਰਮਾਏ ਦੀ ਇਜਾਰੇਦਾਰੀ ਕਾਇਮ ਕਰਕੇ ਅਤੇ ਪੱਛੜੇ ਮੁਲਕਾਂ ਦੀਆਂ ਆਰਥਿਕਤਾਵਾਂ ਨੂੰ ਪੰਗੂ ਬਣਾ ਕੇ ਉਸ ਨੂੰ ਆਪਣੇ ਆਰਥਿਕ-ਸਿਆਸੀ ਹਿੱਤਾਂ ਅੱਗੇ ਝੁਕਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਸੰਸਾਰ ਆਰਥਿਕਤਾ ਦੇ ਵਰਤਮਾਨ ਇਤਿਹਾਸ ਵਿਚ ਵੈਨੇਜ਼ੁਏਲਾ ਇਸ ਦੀ ਉਘੜਵੀਂ ਮਿਸਾਲ ਹੈ ਜੋ ਇਸ ਸਮੇਂ ਮਹਾਂਮੰਦੀ ਨਾਲ ਜੂਝ ਰਿਹਾ ਹੈ।

ਵੈਨੇਜ਼ੁਏਲਾ ਇਸ ਸਮੇਂ ਸੰਸਾਰ ਦਾ ਇਕੋ-ਇਕ ਅਜਿਹਾ ਮੁਲਕ ਹੈ ਜੋ ਗਹਿਰੇ ਆਰਥਿਕ-ਸਮਾਜਿਕ ਤੇ ਸਿਆਸੀ ਸੰਕਟ ਵਿਚ ਘਿਰਿਆ ਹੋਇਆ ਹੈ। ਅੰਕੜੇ ਬਹੁਤ ਹੈਰਾਨੀਜਨਕ ਹਨ। ਇਸ ਦੀ ਮਹਿੰਗਾਈ ਦਰ ਪਿਛਲੇ ਸਾਲਾਂ ਨਾਲੋਂ ਦਸ ਲੱਖ ਫੀਸਦੀ ਤੱਕ ਵਧ ਗਈ ਹੈ। ਵਿਦੇਸ਼ੀ ਕਰਜ਼ 156 ਲੱਖ ਅਮਰੀਕੀ ਡਾਲਰ ਤੋਂ ਉਪਰ ਜਾ ਚੁੱਕਾ ਹੈ। ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਗਰੀਬੀ, ਦਵਾਈਆਂ ਦੀ ਘਾਟ, ਕਿੱਲਤ, ਬਜਟ ਘਾਟਾ, ਲੁੱਟਾਂ-ਖੋਹਾਂ ਤੇ ਭੁੱਖਮਰੀ ਦੀ ਹਾਲਤ ਅੰਕੜਿਆਂ ਤੋਂ ਕਿਤੇ ਵੱਧ ਭਿਆਨਕ ਹੈ। ਦੇਸ਼ ਦੇ 23 ਵਿਚੋਂ 19 ਸੂਬੇ ਪੀਣ ਵਾਲੇ ਪਾਣੀ ਦੇ ਸੰਕਟ ਨਾਲ ਜੂਝ ਰਹੇ ਹਨ। 190 ਦੇਸ਼ਾਂ ਦੀ ਸੂਚੀ ਵਿਚੋਂ ਵੈਨੇਜ਼ੁਏਲਾ ਦਾ ਵਪਾਰਕ ਦਰਜਾ 188 ਤੱਕ ਪਹੁੰਚ ਚੁੱਕਾ ਹੈ।

ਇਹੀ ਨਹੀਂ, ਪਿਛਲੇ ਕੁਝ ਸਾਲਾਂ ਵਿਚ 40 ਲੱਖ ਪੇਸ਼ਾਵਰ ਤੇ ਪੜ੍ਹਿਆ ਲਿਖਿਆ ਤਬਕਾ ਦੇਸ਼ ਵਿਚੋਂ ਹਿਜਰਤ ਕਰ ਚੁੱਕਾ ਹੈ। ਇਹ ਮਨੁੱਖੀ ਧਨ ਮੁਲਕ ਦੀ ਕੁੱਲ ਆਬਾਦੀ ਦਾ 10 ਫੀਸਦੀ ਹਿੱਸਾ ਬਣਦਾ ਹੈ। ਤੇਲ ਦੀ ਪੈਦਾਵਾਰ ਲਗਾਤਾਰ ਡਿੱਗ ਰਹੀ ਹੈ ਅਤੇ ਨਵੇਂ ਨਿਵੇਸ਼ਕ ਵੈਨੇਜ਼ੁਏਲਾ ਵੱਲ ਮੂੰਹ ਨਹੀਂ ਕਰ ਰਹੇ; ਬਲਕਿ ਅਨੇਕਾਂ ਵਿਦੇਸ਼ੀ ਨਿਵੇਸ਼ਕ ਆਪਣੇ ਅਸਾਸੇ ਸਸਤੇ ਭਾਅ ਵੇਚ ਕੇ ਮੁਲਕ ਛੱਡ ਚੁੱਕੇ ਹਨ। 150 ਬਹੁ-ਕੌਮੀ ਕੰਪਨੀਆਂ ਨੇ ਆਪਣੀ ਪੈਦਾਵਾਰ ਘਟਾ ਦਿੱਤੀ ਹੈ, ਕਾਮਿਆਂ ਦੀ ਛਾਂਟੀ ਕਰ ਦਿੱਤੀ ਹੈ ਅਤੇ ਕਾਮਿਆਂ ਦੀਆਂ ਉਜਰਤਾਂ ਘਟਾ ਦਿੱਤੀਆਂ ਹਨ। ਇਹ ਕੰਪਨੀਆਂ ਵੀ ਹਾਲਾਤ ਸੁਧਰਨ (ਸੱਤਾ ਬਦਲੀ) ਦੀ ਆਸ ਵਿਚ ਹੀ ਰੁਕੀਆਂ ਹੋਈਆਂ ਹਨ। ਵਿਦੇਸ਼ੀ ਨਿਵੇਸ਼ ਜੋ 2016 ਵਿਚ 9.9 ਫੀਸਦੀ ਸੀ, ਘਟ ਕੇ 2017 ਵਿਚ 6.6 ਫੀਸਦੀ ਤੇ ਆ ਗਿਆ ਅਤੇ ਚਾਲੂ ਵਰ੍ਹੇ ਵਿਚ ਇਸ ਦੀ ਦਰ ਹੋਰ ਹੇਠਾਂ ਡਿੱਗ ਗਈ ਹੈ। ਮਹਾਂਮੰਦੀ ਕਰਕੇ ਸੌ-ਪੰਜ ਸੌ ਦੀ ਕਾਗਜ਼ੀ ਕਰੰਸੀ ਦੀ ਕੋਈ ਵੁਕਅਤ ਨਹੀਂ ਰਹੀ। ਇਸ ਲਈ ਕੇਂਦਰੀ ਬੈਂਕ ਨੂੰ ਕ੍ਰਮਵਾਰ ਦਸ, ਵੀਹ ਅਤੇ ਪੰਜਾਹ ਹਜ਼ਾਰ ਦੀ ਕਾਗਜ਼ੀ ਕਰੰਸੀ ਜਾਰੀ ਕਰਨ ਲਈ ਮਜਬੂਰ ਹੋਣਾ ਪਿਆ ਹੈ।

19ਵੀਂ ਸਦੀ ਦੇ ਦੂਜੇ ਦਹਾਕੇ (1810-1823) ਵਿਚ ਵੈਨੇਜ਼ੁਏਲਾ ਨੇ ਜਿੱਤ ਤੱਕ ਲਗਾਤਾਰ 13 ਸਾਲ ਸਪੇਨੀ ਸਾਮਰਾਜ ਦੀ ਬਸਤੀਵਾਦੀ ਗੁਲਾਮੀ ਤੋਂ ਮੁਕਤੀ ਦੀ ਲੜਾਈ ਲੜੀ ਸੀ। ਮੌਜੂਦਾ ਦੌਰ ਵਿਚ ਵੈਨੇਜ਼ੁਏਲਾ ਨੂੰ ਪਿਛਲੇ 16 ਸਾਲ ਤੋਂ (2003 ਤੋਂ) ਅਮਰੀਕੀ ਸਾਮਰਾਜ ਦੀ ਆਰਥਿਕ ਗੁਲਾਮੀ ਖਿਲਾਫ ਸੰਘਰਸ਼ ਕਰਨਾ ਪੈ ਰਿਹਾ ਹੈ। ਵੈਨੇਜ਼ੁਏਲਾ ਦਾ ਬਸਤੀਵਾਦ ਖਿਲਾਫ ਪਹਿਲਾ ਆਜ਼ਾਦੀ ਦੀ ਸੰਘਰਸ਼ ਸਿੱਧੇ ਤੌਰ ਤੇ ਸਿਆਸੀ ਆਜ਼ਾਦੀ ਦਾ ਸੰਘਰਸ਼ ਸੀ ਪਰ ਮੌਜੂਦਾ ਸੰਘਰਸ਼ ਆਰਥਿਕ ਆਜ਼ਾਦੀ ਤੇ ਖੁਦਮੁਖਤਾਰੀ ਦਾ ਹੈ। ਉਹ ਖੁਦਮੁਖਤਾਰੀ ਜੋ ਇਸ ਦੇ ਸਿਆਸੀ ਪਹਿਲੂਆਂ ਨੂੰ ਲਗਾਤਾਰ ਪ੍ਰਭਾਵਿਤ ਕਰ ਰਹੀ ਹੈ।

ਵੈਨੇਜ਼ੁਏਲਾ ਸੰਸਾਰ ਦਾ ਸਭ ਤੋਂ ਵੱਧ ਤੇਲ ਵਾਲਾ ਮੁਲਕ ਹੈ। ਤੇਲ ਪਦਾਰਥ ਇਸ ਦੀ ਕੁੱਲ ਘਰੇਲੂ ਪੈਦਾਵਾਰ ਵਿਚ 25 ਫੀਸਦੀ ਯੋਗਦਾਨ ਪਾਉਂਦੇ ਹਨ ਅਤੇ ਇਸ ਦੇ ਬਰਾਮਦ ਵਿਚ 95 ਫੀਸਦੀ। ਦੇਸ਼ ਦੀ ਆਰਥਿਕ ਨਿਰਭਰਤਾ ਇਕਹਿਰੇ ਉਤਪਾਦ ਤੇ ਹੋਣ ਕਰਕੇ ਵੈਨੇਜ਼ੁਏਲਾ ਉਤਪਾਦਨ ਦੇ ਬਾਕੀ ਖੇਤਰਾਂ ਨੂੰ ਜ਼ਿਆਦਾ ਵਿਕਸਿਤ ਤੇ ਨਿਪੁੰਨ ਨਹੀਂ ਕਰ ਸਕਿਆ। ਇਤਿਹਾਸਕ ਇਨਕਲਾਬੀ ਬੋਲੀਵਰੀਅਨ ਸੁਧਾਰਾਂ ਦੇ ਬਾਵਜੂਦ ਆਜ਼ਾਦੀ ਦੇ 200 ਸਾਲ ਬਾਅਦ ਵੀ ਵੈਨੇਜ਼ੁਏਲਾ ਦੇ ਸੱਜੇਪੱਖੀ ਅਤੇ 'ਖੱਬੇਪੱਖੀ' ਆਰਥਿਕ ਨਿਰਭਰਤਾ ਹਾਸਲ ਨਹੀਂ ਕਰ ਸਕੇ।

ਹੁਣ ਸਾਮਰਾਜੀ ਮੁਲਕਾਂ ਵਿਚ ਵਪਾਰਕ ਜੰਗ ਕਾਰਨ ਸੰਸਾਰ ਮਾਰਕਿਟ ਵਿਚ ਤੇਲ ਅਤੇ ਹੋਰ ਕੱਚੇ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਵਿਚ ਉਤਰਾਅ-ਚੜ੍ਹਾਅ ਆਉਂਦੇ ਰਹਿੰਦੇ ਹਨ। ਇਕਹਿਰੀ ਉਤਪਾਦਕ ਨਿਰਭਰਤਾ ਕਰਕੇ ਇਹ ਉਤਰਾਅ-ਚੜ੍ਹਾਅ ਵੈਨੇਜ਼ੁਏਲਾ ਦੀ ਆਰਥਿਕਤਾ ਉਤੇ ਗਹਿਰਾ ਅਸਰ ਪਾਉਂਦੇ ਹਨ। ਹੋਰ ਖੇਤਰਾਂ ਵਿਚ ਬਦਲਵਾਂ ਵਿਕਸਿਤ ਢਾਂਚਾ ਨਾ ਹੋਣ ਕਰਕੇ ਇਸ ਦੀ ਘਰੇਲੂ ਮੰਡੀ, ਵਿਦੇਸ਼ੀ ਦਰਾਮਦਾਂ ਉਤੇ ਨਿਰਭਰ ਹੈ। ਵੈਨੇਜ਼ੁਏਲਾ ਦੀਆਂ ਹਾਕਮ ਜਮਾਤਾਂ ਆਰਥਿਕ ਅਸਥਿਰਤਾ ਕਰਕੇ ਹੋਰ ਖੇਤਰਾਂ ਵਿਚ ਮਜ਼ਬੂਤ ਆਰਥਿਕ ਢਾਂਚਾ ਵਿਕਸਿਤ ਨਹੀਂ ਕਰ ਸਕੀਆਂ। ਇਸ ਲਈ ਵਕਤੀ ਰਾਹਤ ਲਈ ਕਰੰਸੀ ਫੰਡ ਵਧਾਉਣ, ਕੌਮਾਂਤਰੀ ਅਸਾਸੇ ਸਿਰਜਣ ਤੇ ਅਮਰੀਕੀ ਡਾਲਰ ਨੂੰ ਭੰਜ ਦੇਣ ਲਈ ਦੇਸ਼ ਦੇ ਸਰਕਾਰੀ ਸਾਧਨਾਂ (ਬੰਦਰਗਾਹਾਂ ਤੇ ਹਵਾਈ ਅੱਡੇ ਆਦਿ) ਨੂੰ ਪ੍ਰਾਈਵੇਟ ਹੱਥਾਂ ਵਿਚ ਵੇਚ ਕੇ ਪਬਲਿਕ ਖੇਤਰ ਲਈ ਫੰਡ ਜੁਟਾਉਣੇ ਪੈ ਰਹੇ ਹਨ, ਕਦੇ ਸਾਮਰਾਜੀ ਮੁਲਕਾਂ ਨਾਲ ਘਾਟੇਵੰਦੇ ਸਮਝੌਤੇ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਦੋ ਦਹਾਕਿਆਂ ਤੋਂ ਇਸ ਨੂੰ ਅਮਰੀਕੀ ਗੁੱਸੇ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਅਮਰੀਕਾ ਵਾਸਤੇ ਤੇਲ ਸਰੋਤਾਂ ਲਈ ਇਸ ਸਮੇਂ ਵੈਨੇਜ਼ੁਏਲਾ ਸਭ ਤੋਂ ਮਹੱਤਵਪੂਰਨ ਕੇਂਦਰ ਹੈ ਕਿਉਂਕਿ ਅਰਬ ਖਿੱਤਾ ਹੁਣ ਜ਼ਿਆਦਾ 'ਸੁਰੱਖਿਅਤ' ਨਹੀਂ ਰਿਹਾ। ਕਿਸੇ ਸਮੇਂ ਅਮਰੀਕਾ ਨੇ ਅਤਿਵਾਦ ਦਾ ਬਹਾਨਾ ਬਣਾ ਕੇ ਇਰਾਕ ਤੇ ਲਿਬੀਆ ਦੇ ਤੇਲ ਸਰੋਤਾਂ ਉਤੇ ਕਬਜ਼ੇ ਦੀ ਨੀਤੀ ਨਾਲ ਹਮਲਾ ਕੀਤਾ ਅਤੇ ਉਥੇ ਉਸ ਨੂੰ ਖਾੜੀ ਮੁਲਕਾਂ ਵਿਚੋਂ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਿਆ। ਦੂਸਰਾ, ਸਾਊਦੀ ਅਰਬ ਤੇ ਦੂਜੇ ਅਰਬ ਮੁਲਕਾਂ ਨੇ ਸਾਮਰਾਜੀ ਵਪਾਰਕ ਜੰਗ ਦੌਰਾਨ ਅਮਰੀਕੀ ਡਾਲਰ ਦੀ ਅਣਦੇਖੀ ਕਰਦਿਆਂ ਦੂਜੇ ਸਾਮਰਾਜੀ ਮੁਲਕਾਂ ਨਾਲ ਸਮਝੌਤੇ ਕਰਕੇ ਤੇਲ ਨੂੰ ਅਮਰੀਕਾ ਖਿਲਾਫ ਹਥਿਆਰ ਦੇ ਤੌਰ ਤੇ ਵਰਤਣਾ ਸ਼ੁਰੂ ਕਰ ਦਿੱਤਾ।

ਅਮਰੀਕਾ ਨੇ ਸ਼ੁਰੂ ਵਿਚ ਤੇਲ ਦੀ ਖਰੀਦ ਵਿਚ ਗੋਲਡ ਸਟੈਂਡਰਡ ਖਤਮ ਹੋਣ ਬਾਅਦ ਸੰਸਾਰ ਮੰਡੀ ਵਿਚ ਡਾਲਰ ਰਾਹੀਂ ਸੰਚਾਰ ਹੋਣ ਦੇ ਮੌਕੇ ਦਾ ਲਾਹਾ ਲਿਆ। ਤੇਲ ਦੀ ਖਰੀਦ ਦਾ ਸੰਚਾਲਨ ਡਾਲਰ ਵਿਚ ਹੋਣ ਕਰਕੇ ਇਸ ਦੀ ਮੰਗ ਵਧੀ ਅਤੇ ਇਹ ਅਮਰੀਕੀ ਆਰਥਿਕਤਾ ਦੀ ਗਲੋਬਲ ਸ਼ਕਤੀ ਦਾ ਨਵਾਂ ਥੰਮ੍ਹ ਬਣ ਕੇ ਉਭਰਿਆ। ਤੇਲ ਵਪਾਰ ਲਈ ਕਿਉਂਕਿ ਵੈਨੇਜ਼ੁਏਲਾ ਦੀ ਨਿਰਭਰਤਾ ਸ਼ੁਰੂ ਵਿਚ ਪੂਰੀ ਤਰ੍ਹਾਂ ਅਮਰੀਕੀ ਡਾਲਰ ਉਤੇ ਸੀ, ਇਸ ਲਈ ਵੈਨੇਜ਼ੁਏਲਾ ਦੇ ਤੇਲ ਕੇਂਦਰਾਂ ਅਤੇ ਕੱਚੇ ਕੁਦਰਤੀ ਸਾਧਨਾਂ ਉਤੇ ਅਮਰੀਕੀ ਬਹੁ-ਕੌਮੀ ਕੰਪਨੀਆਂ ਤੇ ਸੰਸਾਰ ਵਿੱਤੀ ਸੰਸਥਾਵਾਂ ਦੀ ਦਖਲਅੰਦਾਜ਼ੀ ਬਣੀ ਰਹੀ। ਦੂਸਰਾ ਸਸਤੀਆਂ ਜ਼ਮੀਨਾਂ, ਘੱਟ ਉਜਰਤਾਂ ਤੇ ਸਸਤੇ ਕੱਚੇ ਪਦਾਰਥਾਂ ਕਰਕੇ ਇਹ ਖੇਤਰ ਅਮਰੀਕਾ ਲਈ ਬਹੁਤ ਲਾਹੇਵੰਦ ਹੈ।

ਉਂਜ, ਚੀਨ ਦੇ ਯੁਆਨ, ਯੂਰੋ ਜ਼ੋਨ ਅਤੇ ਹੁਣ ਵੈਨੇਜ਼ੁਏਲਾ ਵਿਚ (ਵਿੱਤੀ ਰੋਕਾਂ ਦਾ ਮੁਕਾਬਲਾ ਕਰਨ ਲਈ) ਪੈਟਰੋ ਕਰੰਸੀ ਨੇ ਇਸ ਲਈ ਨਵੀਂ ਸਿਰਦਰਦੀ ਖੜ੍ਹੀ ਕਰ ਦਿੱਤੀ। ਅਮਰੀਕਾ ਆਪਣੀ ਵਿੱਤੀ ਸਰਦਾਰੀ ਕਾਇਮ ਰੱਖਣ ਲਈ ਵੈਨੇਜ਼ੁਏਲਾ ਵਿਚ ਲਗਾਤਾਰ ਆਰਥਿਕ ਜੰਗ ਲੜ ਰਿਹਾ ਹੈ, ਇਸ ਮਕਸਦ ਲਈ ਉਹ ਆਪਣੀ ਫੌਜੀ ਨੀਤੀ ਦਾ ਖੁੱਲ੍ਹੇਆਮ ਇਸਤੇਮਾਲ ਕਰ ਰਿਹਾ ਹੈ। ਅਮਰੀਕਾ ਆਪਣੀਆਂ ਕੂਟਨੀਤਿਕ ਚਾਲਾਂ ਨਾਲ ਵੈਨੇਜ਼ੁਏਲਾ ਦੀ ਸਰਮਾਏਦਾਰੀ ਦੇ ਇਕ ਹਿੱਸੇ ਨੂੰ ਗੰਢ ਕੇ ਵੈਨੇਜ਼ੁਏਲਾ ਦਾ ਸਿਆਸੀ ਧਰਾਤਲ ਬਦਲਣ ਲਈ ਯਤਨਸ਼ੀਲ ਹੈ। ਇਸ ਸਮੇਂ ਵੈਨੇਜ਼ੁਏਲਾ ਨੂੰ ਸੰਸਾਰ ਵਿੱਤੀ ਸੰਸਥਾਵਾਂ ਕੋਲੋਂ ਆਰਥਿਕ ਸਹਾਇਤਾ ਦੀ ਬੇਹੱਦ ਜ਼ਰੂਰਤ ਹੈ ਪਰ ਇਹ ਦੋਵੇਂ ਸੰਸਥਾਵਾਂ ਮੌਜੂਦਾ 'ਖੱਬੇਪੱਖੀ' ਰਾਸ਼ਟਰਪਤੀ ਨਿਕੋਲਸ ਮਾਦੂਰੋ ਦੀ ਸਹਾਇਤਾ ਦੀ ਬਜਾਏ ਵਿਰੋਧੀ ਧਿਰ ਦੇ ਸੱਜੇਪੱਖੀ ਖੁਆਨ ਗੁਆਇਦੋ ਦੀ ਮਦਦ ਕਰਨ ਲਈ ਤਿਆਰ ਹਨ।

ਇਸ ਤੋਂ ਇਲਾਵਾ ਵੈਨੇਜ਼ੁਏਲਾ ਨੇ ਚੀਨ ਅਤੇ ਰੂਸ ਨਾਲ ਵਪਾਰਕ ਮਸ਼ਕ ਹੋਰ ਤੇਜ਼ ਕਰ ਦਿੱਤੀ ਹੈ। ਚੀਨ ਸੰਸਾਰ ਦਾ ਦੂਜਾ ਵੱਡਾ ਤੇਲ ਖਪਤਕਾਰ ਹੈ ਅਤੇ ਉਹ ਤੇਲ ਵਪਾਰ ਲਈ ਯੁਆਨ ਸਟੈਂਡਰਡ ਨੂੰ ਹੁਲਾਰਾ ਦੇ ਰਿਹਾ ਹੈ। ਚੀਨ ਇਸ ਸਮੇਂ ਅਮਰੀਕੀ ਸੰਸਾਰ ਚੌਧਰ ਦਾ ਸਭ ਤੋਂ ਵੱਡਾ ਵਿਰੋਧੀ ਹੈ ਅਤੇ ਉਸ ਨਾਲ ਵਪਾਰਕ ਜੰਗ ਦਾ ਸਭ ਤੋਂ ਵੱਡਾ ਦੁਸ਼ਮਣ ਹੈ। ਇਸ ਸੂਰਤ ਵਿਚ ਵੈਨੇਜ਼ੁਏਲਾ ਅਮਰੀਕਾ ਦੇ ਆਰਥਿਕ ਹਿੱਤਾਂ ਦੇ ਨਾਲ ਨਾਲ ਸਵੈਮਾਣ ਦਾ ਸਵਾਲ ਵੀ ਹੈ। ਵੈਨੇਜ਼ੁਏਲਾ ਦੱਖਣੀ ਅਮਰੀਕੀ ਮਹਾਂਦੀਪ ਦਾ ਸਿਆਸੀ ਦ੍ਰਿਸ਼ ਬਦਲ ਸਕਦਾ ਹੈ। ਜੇ ਵੈਨੇਜ਼ੁਏਲਾ ਇਸ ਮਹਾਂਦੀਪ ਵਿਚ ਅਮਰੀਕੀ ਚੌਧਰ ਨੂੰ ਚੁਣੌਤੀ ਦੇਣ ਵਿਚ ਕਾਮਯਾਬ ਰਿਹਾ ਤਾਂ ਇਸ ਮਹਾਂਦੀਪ ਵਿਚ ਚੀਨ ਦਾ ਵਪਾਰਕ ਵਿਸਥਾਰ ਵਧਣ ਦੀਆਂ ਸੰਭਾਵਨਾਵਾਂ ਹਨ। ਜਿੱਥੇ ਅਮਰੀਕਾ ਚੀਨ ਨੂੰ ਏਸ਼ਿਆਈ ਮੁਲਕਾਂ ਰਾਹੀਂ ਘੇਰ ਰਿਹਾ ਹੈ, ਉਥੇ ਚੀਨ ਵੀ ਉਸ ਦੀ ਬਗਲ ਵਿਚ ਆ ਕੇ ਬੈਠ ਜਾਣ ਦਾ ਮੌਕਾ ਨਹੀਂ ਗਵਾਉਣਾ ਚਾਹੁੰਦਾ। ਚੀਨ ਵਾਂਗ ਅਮਰੀਕਾ ਦਾ ਵਿਰੋਧੀ ਰੂਸ ਵੀ ਵੈਨੇਜ਼ੁਏਲਾ ਨੂੰ ਕਰਜ਼ ਅਤੇ ਸਹਾਇਤਾ ਦੇ ਰਿਹਾ ਹੈ। ਰੂਸ ਅਤੇ ਚੀਨ ਦੀ ਵੈਨੇਜ਼ੁਏਲਾ ਵਿਚ ਰੁਚੀ ਕਰਕੇ ਹੀ ਵੈਨੇਜ਼ੁਏਲਾ ਅਜੇ ਤੱਕ ਖੜ੍ਹਾ ਹੈ; ਨਹੀਂ ਤਾਂ ਹੁਣ ਤੱਕ ਇਕ ਹੋਰ ਇਰਾਕ ਬਣਾ ਦਿੱਤਾ ਗਿਆ ਹੁੰਦਾ।

ਵੈਨੇਜ਼ੁਏਲਾ ਦੇ ਤੇਲ ਭੰਡਾਰ ਅਤੇ ਕੱਚੇ ਤੇਲ ਸਾਧਨਾਂ ਉਤੇ ਖੁਦਮੁਖਤਾਰੀ ਸਾਮਰਾਜੀ ਤਾਕਤਾਂ ਦੇ ਇਕ ਜਾਂ ਦੂਜੇ ਧੜੇ ਨਾਲ ਮਿਲ ਕੇ ਚੱਲਣ ਨਾਲ ਬੱਝੀ ਹੋਈ ਹੈ। ਸਾਮਰਾਜੀ ਦੌਰ ਅੰਦਰ ਆਰਥਿਕ ਨਿਰਭਰਤਾ ਅਤੇ ਪੱਛੜੇ ਮੁਲਕਾਂ ਦਾ ਅਸਾਵਾਂ ਆਰਥਿਕ ਢਾਂਚਾ ਇਨ੍ਹਾਂ ਮੁਲਕਾਂ ਦੀਆਂ ਸਿਆਸੀ ਆਜ਼ਾਦੀਆਂ ਲਈ ਮਾਈ-ਬਾਪ ਦੀ ਭੂਮਿਕਾ ਨਿਭਾਉਂਦਾ ਆ ਰਿਹਾ ਹੈ। ਸਾਮਰਾਜੀ ਵਿੱਤੀ ਸਰਮਾਏ ਨੂੰ ਚੁਣੌਤੀ ਦੇਣ ਦੇ ਇਵਜ਼ ਵਿਚ ਇਹ ਮੁਲਕ ਆਰਥਿਕ ਸਦਮੇ ਝੱਲਣ ਲਈ ਸਰਾਪੇ ਹੋਏ ਹਨ। ਸੰਸਾਰ ਸਾਹਮਣੇ ਅੱਜ ਇਹ ਆਰਥਿਕ ਸਦਮਾ ਵੈਨੇਜ਼ੁਏਲਾ ਝੱਲ ਰਿਹਾ ਹੈ।

ਵੈਨੇਜ਼ੁਏਲਾ ਵਿਚ ਤਕਨੀਕ ਵਪਾਰ ਦਾ ਕੋਈ ਵੱਡਾ ਸੋਮਾ ਨਹੀਂ ਹੈ। ਘਰੇਲੂ ਕਾਰੋਬਾਰ ਸਾਮਰਾਜੀ ਵਿੱਤੀ ਸਰਮਾਏ ਤੇ ਨਿਰਭਰ ਹੈ। ਸਨਅਤ ਵਿਚ ਬਹੁ-ਕੌਮੀ ਕੰਪਨੀਆਂ ਦੀ ਸਰਦਾਰੀ ਹੈ। 16 ਸਾਲ ਤੋਂ ਅਮਰੀਕਾ ਦੀ ਆਰਥਿਕ ਘੇਰਾਬੰਦੀ ਨੇ ਇਸ ਦੀ ਆਰਥਿਕਤਾ ਦਾ ਲੱਕ ਤੋੜ ਦਿੱਤਾ ਹੈ। ਅਮਰੀਕਾ ਨੇ ਤੇਲ ਦੀ ਵਿਕਰੀ ਅਤੇ ਅਦਾਇਗੀ ਦੀਆਂ ਸ਼ਰਤਾਂ (ਕੀਮਤਾਂ ਤੇ ਮਿਤੀਆਂ ਦੇ ਰੂਪ ਵਿਚ), ਵਸਤਾਂ ਦੀ ਮਾਤਰਾ, ਕੀਮਤਾਂ ਮਿੱਥ ਕੇ ਅਤੇ ਕਈ ਹੋਰ ਤਰੀਕਿਆਂ ਨਾਲ ਤੇਲ ਸਨਅਤ ਵਿਚ ਦਬਦਬਾ ਕਾਇਮ ਕੀਤਾ। ਆਰਥਿਕ ਘੇਰਾਬੰਦੀ ਅਤੇ ਵੈਨੇਜ਼ੁਏਲਾ ਸਰਕਾਰ ਦੇ ਵਿਰੋਧ ਕਾਰਨ ਵਕਤੀ ਤੌਰ ਤੇ ਭਾਵੇਂ ਅਮਰੀਕੀ ਵਿੱਤੀ ਸਰਮਾਏ ਅਤੇ ਅਮਰੀਕਾ ਆਧਾਰਿਤ ਕੰਪਨੀਆਂ ਨੂੰ ਵੀ ਘਾਟਾ ਝੱਲਣਾ ਪੈ ਰਿਹਾ ਹੈ ਪਰ ਅਮਰੀਕਾ ਵੈਨੇਜ਼ੁਏਲਾ ਦੀ ਸੱਤਾ ਬਦਲੀ ਵਿਚ ਮੁੱਖ ਧਿਰਵਾਲ ਬਣ ਕੇ ਆਰਥਿਕ ਘਾਟਿਆਂ ਦੀ ਭਰਪਾਈ ਕਰਨ ਦੀ ਤਾਕ ਵਿਚ ਹੈ। ਉਹ ਵੈਨੇਜ਼ੁਏਲਾ ਦੀ ਮੰਡੀ ਉਤੇ ਪੂਰਨ ਕਬਜ਼ਾ ਚਾਹੁੰਦਾ ਹੈ ਅਤੇ ਇਸ ਨੂੰ ਬਾਕੀ ਸੰਸਾਰ ਸ਼ਕਤੀਆਂ ਨਾਲ ਸਾਂਝਾ ਨਹੀਂ ਕਰਨਾ ਚਾਹੁੰਦਾ। ਵੈਨੇਜ਼ੁਏਲਾ ਦੀ ਮੌਜੂਦਾ ਆਰਥਿਕ ਦਸ਼ਾ ਨੇ ਇਹ ਦਿਖਾ ਦਿੱਤਾ ਕਿ ਮੁਲਕ ਦੀ ਆਰਥਿਕ ਨਿਰਭਰਤਾ ਬਿਨਾ ਪੱਛੜੇ ਮੁਲਕਾਂ ਦੀ ਸਿਆਸੀ ਆਜ਼ਾਦੀ ਕਿੰਨੀ ਅਧੂਰੀ ਹੈ।

# ਮੋਦੀ ਨੂੰ ਸ਼ਿਆਮਾ ਪ੍ਰਸਾਦ ਮੁਖਰਜੀ ਯਾਦ ਕਿਉਂ ਨਾ ਆਇਆ?

**ਅਭੈ ਕੁਮਾਰ ਦੂਬੇ**

ਕਸ਼ਮੀਰ ਉਤੇ ਪਾਕਿਸਤਾਨ ਦੀ ਕੌਮਾਂਤਰੀ ਚੁਣੌਤੀ ਦਾ ਠੀਕ ਢੰਗ ਨਾਲ ਮੁਕਾਬਲਾ ਕਰਨ ਲਈ ਜ਼ਰੂਰੀ ਹੈ ਕਿ ਸਰਕਾਰ ਜਲਦੀ ਤੋਂ ਜਲਦੀ ਉਥੋਂ ਦੇ ਹਾਲਾਤ ਨੂੰ ਆਮ ਵਾਂਗ ਬਣਾਉਣ ਵਿਚ ਸਫਲਤਾ ਹਾਸਲ ਕਰੇ। ਚੀਨ ਪਾਕਿਸਤਾਨ ਦੇ ਨਾਲ ਮੋਢੇ ਨਾਲ ਮੋਢਾ ਮਿਲਾ ਕੇ ਇਸ ਮਾਮਲੇ ਨੂੰ ਸੰਯੁਕਤ ਰਾਸ਼ਟਰ ਵਿਚ ਲਿਜਾਣ ਲਈ ਤਿਆਰ ਹੈ। ਸ਼ਾਇਦ ਇਹੀ ਕਾਰਨ ਹੈ ਕਿ ਸਰਕਾਰ ਨੇ ਹਾਲਾਤ ਆਮ ਵਾਂਗ ਬਣਾਉਣ ਦੀ ਦਿਸ਼ਾ ਵਿਚ ਕਦਮ ਵਧਾਉਣ ਦੀ ਕੋਸ਼ਿਸ਼ ਤੇਜ਼ ਕਰ ਦਿੱਤੀ ਹੈ। ਇਹ ਗੱਲ ਵੱਖ ਹੈ ਕਿ ਫਿਲਹਾਲ ਘਾਟੀ ਦੀ ਤਾਂ ਗੱਲ ਹੀ ਛੱਡੋ, ਜੰਮੂ ਵਿਚ ਵੀ ਮੀਡੀਆ, ਸੰਚਾਰ ਅਤੇ ਸਿਆਸੀ ਸਰਗਰਮੀਆਂ 'ਤੇ ਪਾਬੰਦੀਆਂ ਹਟਾਉਣ ਦੇ ਲਈ ਸਰਕਾਰ ਜੇਕਰ ਇਕ ਕਦਮ ਚੁੱਕਦੀ ਹੈ ਤਾਂ ਉਸ ਨੂੰ ਦੋ ਕਦਮ ਪਿਛੇ ਰੱਖਣੇ ਪੈਂਦੇ ਹਨ।

ਮੁਸ਼ਕਿਲਾਂ ਬਹੁਤ ਹਨ ਅਤੇ ਏਨੀਆਂ ਕਿ ਉਨ੍ਹਾਂ ਦਾ ਅੰਦਾਜ਼ਾ ਲਗਾਉਣਾ ਹੀ ਮੁਸ਼ਕਿਲ ਹੈ। ਇਹੀ ਕਾਰਨ ਹੈ ਕਿ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਪੂਰੇ 10 ਦਿਨ ਕਸ਼ਮੀਰ ਵਿਚ ਬਿਤਾਏ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੇ ਹਨ ਤੇ ਉਹ ਇਹ ਵੀ ਜਾਣਦੇ ਹਨ ਕਿ ਵਿਰੋਧੀ ਧਿਰਾਂ ਵਲੋਂ ਕੀਤੀ ਗਈ ਆਲੋਚਨਾ ਕਮਜ਼ੋਰ ਹੋਣ ਅਤੇ ਇਸ ਦਰਮਿਆਨ ਧਾਰਾ 370 ਹਟਾਉਣ-ਰੱਖਣ ਦੇ ਮਤਭੇਦ ਹੋਣ ਦੇ ਬਾਵਜੂਦ ਅਜੇ ਉਸ ਮੋਰਚੇ 'ਤੇ ਲੜਾਈ ਨੂੰ ਪੂਰੀ ਤਰ੍ਹਾਂ ਨਾਲ ਜਿੱਤਿਆ ਹੋਇਆ ਨਹੀਂ ਮੰਨਿਆ ਜਾ ਸਕਦਾ। ਭਾਜਪਾ ਅਤੇ ਸਰਕਾਰ ਭਾਵੇਂ ਆਪਣੇ ਬਹੁਮਤ ਦੇ ਕਾਰਨ ਕਿੰਨਾ ਵੀ ਆਤਮ-ਵਿਸ਼ਵਾਸ ਦਿਖਾਉਂਦੀ ਹੋਵੇ ਪਰ ਆਜ਼ਾਦੀ ਦਿਵਸ 'ਤੇ ਲਾਲ ਕਿਲ੍ਹੇ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਭਾਸ਼ਣ ਵਿਚ ਉਨ੍ਹਾਂ ਦੇ ਮਨ ਅੰਦਰਲੇ ਸ਼ੰਕਿਆਂ ਨੂੰ ਪੜ੍ਹਿਆ ਜਾ ਸਕਦਾ ਹੈ।

ਭਾਸ਼ਣ ਸੁਣਨ ਤੋਂ ਬਾਅਦ ਸਾਫ ਹੋ ਗਿਆ ਕਿ ਪ੍ਰਧਾਨ ਮੰਤਰੀ ਰਾਸ਼ਟਰੀ ਸਿਆਸਤ ਦੀਆਂ ਮਜਬੂਰੀਆਂ ਕਾਰਨ ਹੀ ਧਾਰਾ 370 ਨੂੰ ਹਟਾਉਣ ਦੇ ਮਾਮਲੇ ਵਿਚ ਆਪਣੀ ਪਾਰਟੀ ਦੀ ਇਸ ਨਾਲ ਸਬੰਧਿਤ ਵਿਰਾਸਤ ਨੂੰ ਠੰਢੇ ਬਸਤੇ ਵਿਚ ਪਾਉਣ ਦੇ ਲਈ ਤਿਆਰ ਹੋ ਗਏ ਹਨ। ਉਨ੍ਹਾਂ ਦੀ ਕੋਸ਼ਿਸ਼ ਆਪਣੀ ਪਾਰਟੀ ਦੀ ਵਿਰਾਸਤ ਨੂੰ ਨਜ਼ਰਅੰਦਾਜ਼ ਕਰਕੇ ਕਿਸੇ ਨਾ ਕਿਸੇ ਤਰ੍ਹਾਂ ਇਸ ਨੂੰ ਬਸਤੀਵਾਦ ਵਿਰੋਧੀ ਅੰਦੋਲਨ ਦੇ ਨਾਲ ਜੋੜਨ ਦਾ ਸਿਆਸੀ ਤੋੜ-ਜੋੜ ਕਰਨ ਦੀ ਹੈ। ਇਸ ਲਈ ਉਨ੍ਹਾਂ ਨੇ ਆਪਣੇ ਡੇਢ ਘੰਟੇ ਦੇ ਭਾਸ਼ਣ ਵਿਚ ਇਕ ਵਾਰ ਵੀ ਸ਼ਿਆਮਾ ਪ੍ਰਸਾਦ ਮੁਖਰਜੀ ਦਾ ਜ਼ਿਕਰ ਨਹੀਂ ਕੀਤਾ। ਧਾਰਾ 370 ਹਟਾਉਣ ਨੂੰ ਉਨ੍ਹਾਂ ਨੇ 'ਸਰਦਾਰ ਪਟੇਲ ਦਾ ਸੁਪਨਾ' ਦੱਸਿਆ।

ਗ੍ਰਹਿ ਮੰਤਰੀ ਅਮਿਤ ਸ਼ਾਹ ਸਣੇ ਭਾਜਪਾ ਦੇ ਕਈ ਨੇਤਾ ਵੀ ਸੰਸਦ ਅਤੇ ਜਨਤਕ ਮੰਚਾਂ ਤੋਂ ਇਹ ਕਹਿੰਦੇ ਰਹੇ ਹਨ ਕਿ ਪਟੇਲ ਅਤੇ ਅੰਬੇਡਕਰ ਵੀ ਧਾਰਾ 370 ਦੇ ਪੱਖ ਵਿਚ ਨਹੀਂ ਸਨ ਪਰ ਇਹ ਕਹਿੰਦੇ ਹੋਏ ਉਹ ਨਾਲ ਹੀ ਮੁਖਰਜੀ ਨੂੰ ਇਸ ਦਾ ਮੁੱਖ ਸਿਹਰਾ ਦਿੰਦੇ ਰਹੇ ਹਨ। ਸਹੀ ਵੀ ਹੈ ਕਿਉਂਕਿ ਸ਼ਿਆਮਾ ਪ੍ਰਸਾਦ ਮੁਖਰਜੀ ਨੇ ਇਸੇ ਮੁੱਦੇ 'ਤੇ ਸੰਘਰਸ਼ ਕਰਦਿਆਂ ਆਪਣੇ ਪ੍ਰਾਣ ਦਿੱਤੇ ਸਨ ਪਰ ਪ੍ਰਧਾਨ ਮੰਤਰੀ ਨੇ ਉਨ੍ਹਾਂ ਦਾ ਨਾਂ ਨਹੀਂ ਲਿਆ। ਮੁਖਰਜੀ ਦੀ ਭੂਮਿਕਾ ਨੂੰ ਲਾਂਭੇ ਕਰ ਦੇਣਾ ਗਲਤੀ ਨਾਲ ਕੀਤਾ ਗਿਆ ਕੰਮ ਨਹੀਂ ਸੀ। ਮੇਰਾ ਮੰਨਣਾ ਹੈ ਕਿ ਪ੍ਰਧਾਨ ਮੰਤਰੀ ਨੇ ਇਹ ਜਾਣ-ਬੁੱਝ ਕੇ ਕੀਤਾ ਹੈ। ਸ਼ਾਇਦ ਨਰਿੰਦਰ ਮੋਦੀ ਇਹ ਸਮਝਦੇ ਹਨ ਕਿ ਮੁਖਰਜੀ ਦਾ ਜ਼ਿਕਰ ਕਰਨ ਨਾਲ ਧਾਰਾ 370 ਵਾਲਾ ਮਾਮਲਾ ਜਨਸੰਘ ਅਤੇ ਭਾਰਤੀ ਜਨਤਾ ਪਾਰਟੀ ਤੱਕ ਸੀਮਤ ਰਹਿ ਜਾਂਦਾ ਹੈ। ਜੇ ਗੈਰ-ਜਨਸੰਘੀ ਸਿਆਸੀ ਹਸਤੀਆਂ ਦੀ ਭੂਮਿਕਾ 'ਤੇ ਧਿਆਨ ਕੇਂਦਰਿਤ ਕੀਤਾ ਜਾਵੇ ਤਾਂ ਇਸ ਨੂੰ ਇਕ ਤੰਗ ਸੋਚ ਵਾਲੇ ਵਿਚਾਰਧਾਰਕ ਉਦੇਸ਼ ਦੀ ਥਾਂ ਇਕ ਰਾਸ਼ਟਰੀ ਉਦੇਸ਼ ਦੇ ਰੂਪ ਵਿਚ ਪੇਸ਼ ਕੀਤਾ ਜਾ ਸਕੇਗਾ।

ਇਥੇ ਇਹ ਸਵਾਲ ਵੀ ਉਠਦਾ ਹੈ ਕਿ ਵਿਰੋਧੀ ਧਿਰਾਂ ਪ੍ਰਧਾਨ ਮੰਤਰੀ ਨੂੰ ਇਸ ਵਿਰਾਸਤ ਸਬੰਧੀ ਤੋੜ-ਜੋੜ ਕਰਨ ਦੀ ਸੌਖਿਆਂ ਹੀ ਇਜਾਜ਼ਤ ਦੇ ਦੇਣਗੀਆਂ? ਵਿਰੋਧੀ ਧਿਰਾਂ ਚਾਹੁਣ ਤਾਂ ਇਸ ਸਵਾਲ 'ਤੇ ਤੱਥਾਂ ਨੂੰ ਸਾਹਮਣੇ ਰੱਖ ਕੇ ਭਾਜਪਾ ਅਤੇ ਪ੍ਰਧਾਨ ਮੰਤਰੀ ਨੂੰ ਸਖਤ ਚੁਣੌਤੀ ਦੇ ਸਕਦੀਆਂ ਹਨ। ਇਹ ਗੱਲ ਸੌਖਿਆਂ ਹੀ ਸਾਬਤ ਕੀਤੀ ਜਾ ਸਕਦੀ ਹੈ ਕਿ ਸਰਦਾਰ ਪਟੇਲ ਨੇ ਕਸ਼ਮੀਰ ਦੇ ਭਾਰਤ ਵਿਚ ਮਿਲਣ ਦੀ ਪ੍ਰਕਿਰਿਆ ਨੂੰ ਅੰਤਿਮ ਰੂਪ ਦੇਣ ਵਿਚ ਨਹਿਰੂ ਦਾ ਵਿਰੋਧ ਕਰਨ ਦੀ ਥਾਂ ਉਨ੍ਹਾਂ ਦੀ ਮਦਦ ਕੀਤੀ ਸੀ। ਇਹ ਸਰਦਾਰ ਪਟੇਲ ਹੀ ਸਨ ਜਿਨ੍ਹਾਂ ਨੇ ਆਪਣੇ ਸਿਆਸੀ ਪ੍ਰਭਾਵ ਅਤੇ ਰੁਤਬੇ ਦੀ ਵਰਤੋਂ ਕਰਕੇ ਕਾਂਗਰਸ ਦੇ ਅੰਦਰ ਇਸ ਸਵਾਲ 'ਤੇ ਉਸ ਸਮੇਂ ਦੀ ਲੀਡਰਸ਼ਿਪ ਨੂੰ ਸਮਝਾਇਆ ਸੀ। ਨਹੀਂ ਤਾਂ ਨਹਿਰੂ ਇਸ ਪ੍ਰਕਿਰਿਆ ਨੂੰ ਆਪਣੀ ਯੋਜਨਾ ਦੇ ਮੁਤਾਬਿਕ ਨਹੀਂ ਚਲਾ ਸਕਦੇ ਸਨ।

ਦਰਅਸਲ, ਦੇਸ਼ ਦੀਆਂ ਸਾਰੀਆਂ ਛੋਟੀਆਂ-ਵੱਡੀਆਂ ਰਿਆਸਤਾਂ ਨੂੰ ਆਜ਼ਾਦ ਭਾਰਤ ਵਿਚ ਮਿਲਾਉਣ ਵਾਲੇ ਪਟੇਲ ਚੰਗੀ ਤਰ੍ਹਾਂ ਜਾਣਦੇ ਸਨ ਕਿ ਹੈਦਰਾਬਾਦ ਤੇ ਜੂਨਾਗੜ੍ਹ ਜਿਹੀਆਂ ਰਿਆਸਤਾਂ ਨੂੰ ਭਾਰਤ ਨਾਲ ਮਿਲਾਉਣਾ ਵੱਖਰੀ ਗੱਲ ਹੈ ਅਤੇ ਕਸ਼ਮੀਰ ਨੂੰ ਮਿਲਾਉਣਾ ਹੋਰ ਗੱਲ ਹੈ। ਹੈਦਰਾਬਾਦ ਦਾ ਸ਼ਾਸਕ ਮੁਸਲਮਾਨ ਸੀ ਪਰ ਬਹੁਗਿਣਤੀ ਅਵਾਮ ਹਿੰਦੂ ਸੀ। ਇਸੇ ਤਰ੍ਹਾਂ ਜੂਨਾਗੜ੍ਹ ਦਾ ਸ਼ਾਸਕ ਮੁਸਲਮਾਨ ਸੀ ਪਰ ਬਹੁਗਿਣਤੀ ਅਵਾਮ ਹਿੰਦੂ ਸੀ। ਇਸ ਦੇ ਉਲਟ ਕਸ਼ਮੀਰ ਦਾ ਸ਼ਾਸਕ ਹਿੰਦੂ ਸੀ ਅਤੇ ਅਵਾਮ ਬਹੁਗਿਣਤੀ ਮੁਸਲਿਮ ਸੀ। ਨਹਿਰੂ ਦੀ ਨੀਤੀ ਨੂੰ ਪਟੇਲ ਦਾ ਸਮਰਥਨ ਮੁੱਖ ਰੂਪ ਨਾਲ ਇਸੇ ਪਹਿਲੂ ਦੇ ਕਾਰਨ ਸੀ। ਇਹ ਜ਼ਰੂਰ ਹੈ ਕਿ ਪਟੇਲ ਦਾ ਇਹ ਸਮਰਥਨ ਸੌ ਫੀਸਦੀ ਨਹੀਂ ਰਿਹਾ ਹੋਵੇਗਾ। ਉਨ੍ਹਾਂ ਵਲੋਂ ਕੋਈ ਨਾ ਕੋਈ ਆਲੋਚਨਾ ਜ਼ਰੂਰ ਰਹੀ ਹੋਵੇਗੀ ਪਰ ਜੇ ਉਹ ਆਲੋਚਨਾ ਸੀ ਵੀ ਤਾਂ ਉਸ ਦਾ ਦਸਤਾਵੇਜ਼ੀ ਸਬੂਤ ਸਾਡੇ ਕੋਲ ਨਹੀਂ ਹੈ।

ਜਿਥੋਂ ਤਕ ਅੰਬੇਡਕਰ ਦੀ ਧਾਰਾ 370 ਨਾਲ ਨਾਰਾਜ਼ਗੀ ਦਾ ਸਵਾਲ ਹੈ, ਤੱਥ ਸਾਫ ਹਨ। ਬਾਬਾ ਸਾਹਿਬ ਦੀਆਂ ਲਿਖਤਾਂ ਅਤੇ ਭਾਸ਼ਣਾਂ ਵਿਚ ਕਿਤੇ ਅਜਿਹਾ ਨਹੀਂ ਮਿਲਦਾ ਕਿ ਉਨ੍ਹਾਂ ਨੇ ਧਾਰਾ 370 ਦਾ ਵਿਰੋਧ ਕੀਤਾ ਹੋਵੇ (ਹਾਲਾਂਕਿ ਉਨ੍ਹਾਂ ਨੇ ਸਪਸ਼ਟ ਰੂਪ ਨਾਲ ਧਾਰਾ 370 ਦਾ ਸਮਰਥਨ ਵੀ ਕਦੇ ਨਹੀਂ ਕੀਤਾ)। ਇਹ ਸਹੀ ਹੈ ਕਿ ਸੰਵਿਧਾਨ ਸਭਾ ਵਿਚ ਧਾਰਾ 370 ਦਾ ਪ੍ਰਸਤਾਵ ਉਨ੍ਹਾਂ ਨੇ ਪੇਸ਼ ਨਹੀਂ ਕੀਤਾ ਸੀ (ਇਹ ਪ੍ਰਸਤਾਵ ਸੋਧ ਦੇ ਰੂਪ ਵਿਚ ਮਹਾਰਾਜਾ ਹਰੀ ਸਿੰਘ ਦੇ ਦੀਵਾਨ ਰਹਿ ਚੁੱਕੇ ਗੋਪਾਲ ਸੁਆਮੀ ਅਯੰਗਰ ਨੇ ਪੇਸ਼ ਕੀਤਾ ਸੀ)। ਇਸ ਸੋਧ 'ਤੇ ਸੰਵਿਧਾਨ ਸਭਾ ਵਿਚ ਹੋਈ ਬਹਿਸ ਵਿਚ ਕਿਤੇ ਵੀ ਅੰਬੇਡਕਰ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਦਾ ਵਿਰੋਧ ਕਰਦੇ ਨਹੀਂ ਦਿਸਦੇ ਪਰ ਨਾਲ ਹੀ ਇਹ ਵੀ ਸਹੀ ਹੈ ਕਿ ਉਹ ਕਿਸੇ ਵੀ ਦੇਸੀ ਰਿਆਸਤ ਨੂੰ ਹੋਰ ਭਾਰਤੀ ਰਾਜਾਂ ਤੋਂ ਜ਼ਿਆਦਾ ਅਧਿਕਾਰ ਦੇਣ ਦੇ ਵਿਰੋਧੀ ਸਨ। ਰਾਸ਼ਟਰ ਨਿਰਮਾਤਾ ਦੇ ਰੂਪ ਵਿਚ ਅੰਬੇਡਕਰ ਮਜ਼ਬੂਤ ਕੇਂਦਰ ਦਾ ਪੱਖ ਲੈਂਦੇ ਸਨ। ਉਨ੍ਹਾਂ ਦੀ ਚਿੰਤਾ ਸੀ ਕਿ ਭਾਰਤ ਦੀ ਏਕਤਾ ਤੇ ਅਖੰਡਤਾ ਦੀ ਸੁਰੱਖਿਆ ਹੋਣੀ ਹੈ ਅਤੇ ਸੂਬਿਆਂ ਨੂੰ ਅਜਿਹਾ ਕੋਈ ਅਧਿਕਾਰ ਨਹੀਂ ਦੇਣਾ ਚਾਹੀਦਾ ਜਿਸ ਨਾਲ ਉਹ ਕੇਂਦਰ ਦੀ ਪ੍ਰਭੁਸੱਤਾ 'ਤੇ ਕੋਈ ਸਵਾਲੀਆ ਨਿਸ਼ਾਨ ਲਗਾ ਸਕਣ। ਉਂਜ, ਉਨ੍ਹਾਂ ਨੇ ਇਸ ਸਬੰਧ ਵਿਚ ਕਸ਼ਮੀਰ ਨੂੰ ਮਿਲਣ ਵਾਲੇ ਵਿਸ਼ੇਸ਼ ਅਧਿਕਾਰ ਦਾ ਵਿਸ਼ੇਸ਼ ਰੂਪ ਨਾਲ ਕਦੇ ਵੀ ਜ਼ਿਕਰ ਨਹੀਂ ਸੀ ਕੀਤਾ। ਭਾਜਪਾ ਦੇ ਨੇਤਾ ਉਨ੍ਹਾਂ ਦੇ ਜਿਸ ਕਥਨ ਦਾ ਜ਼ਿਕਰ ਕਰਦੇ ਹਨ, ਉਹ ਦਰਅਸਲ ਉਨ੍ਹਾਂ ਦੇ ਨਾਂ 'ਤੇ ਜਨਸੰਘ ਦੇ ਨੇਤਾ ਬਲਰਾਜ ਮਧੋਕ ਦਾ ਕਥਨ ਚਿਪਕਾਇਆ ਗਿਆ ਹੈ। ਸੰਘ ਪਰਿਵਾਰ ਦੇ ਆਪਣੇ ਮੁੱਖ ਪੱਤਰ ਵਿਚ ਛਪੇ ਇਸ ਕਥਨ ਨੂੰ ਅੰਬੇਡਕਰ ਦਾ ਅਧਿਕਾਰਤ ਕਥਨ ਨਹੀਂ ਮੰਨਿਆ ਜਾ ਸਕਦਾ।

ਸਾਨੂੰ ਇਕ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਕਸ਼ਮੀਰ ਮੁਸਲਮਾਨਾਂ ਅਤੇ ਦੇਸ਼ ਦੀ ਵੰਡ ਸਬੰਧੀ ਅੰਬੇਡਕਰ ਦੇ ਵਿਚਾਰ ਉਨ੍ਹਾਂ ਦੇ ਪ੍ਰਚਲਿਤ ਧਰਮ ਨਿਰਪੱਖ ਅਤੇ ਗਰਮ ਖਿਆਲ ਅਕਸ ਨਾਲ ਮੇਲ ਨਹੀਂ ਖਾਂਦੇ। ਕਸ਼ਮੀਰ ਬਾਰੇ ਉਨ੍ਹਾਂ ਦੀ ਰਾਇ ਸੀ ਕਿ ਉਸ ਦਾ ਮੁਸਲਮਾਨ ਬਹੁਗਿਣਤੀ ਵਾਲਾ ਇਲਾਕਾ ਪਾਕਿਸਤਾਨ ਵਿਚ ਜਾਣਾ ਚਾਹੀਦਾ ਹੈ ਅਤੇ ਬੁੱਧ (ਲੱਦਾਖ) ਅਤੇ ਹਿੰਦੂ ਬਹੁਗਿਣਤੀ ਵਾਲਾ ਖੇਤਰ ਭਾਰਤ ਵਿਚ ਰਹਿਣਾ ਚਾਹੀਦਾ ਹੈ। ਜ਼ਾਹਿਰ ਹੈ ਕਿ ਉਹ ਕਿਸੇ ਵੀ ਮੁਸਲਮਾਨ ਬਹੁਗਿਣਤੀ ਵਾਲੇ ਖੇਤਰ ਦੇ ਭਾਰਤ ਵਿਚ ਬਣੇ ਰਹਿਣ ਨੂੰ ਭਵਿਖ ਵਿਚ ਆ ਸਕਣ ਵਾਲੀਆਂ ਮੁਸ਼ਕਿਲਾਂ ਦੇ ਸ਼ੀਸ਼ੇ ਵਿਚੋਂ ਦੇਖਦੇ ਸਨ। ਜ਼ਾਹਿਰ ਹੈ ਕਿ ਅੰਬੇਡਕਰ ਵਰਗੀ ਹਸਤੀ ਨੂੰ ਆਪਣੇ ਪੱਖ ਜਾਂ ਵਿਰੋਧ ਵਿਚ ਇਸਤੇਮਾਲ ਕਰਨ ਨਾਲ ਸਾਡਾ ਵਰਤਮਾਨ ਰਾਸ਼ਟਰੀ ਜੀਵਨ ਹੋਰ ਗੁੰਝਲਾਂ ਵਿਚ ਫਸ ਸਕਦਾ ਹੈ।

# ਹਿੰਦ-ਪਾਕਿ ਪ੍ਰਮਾਣੂ ਜੰਗ ਦਾ ਅਸਲੀ ਖਤਰਾ

ਭਖਦੇ ਮਸਲੇ

***ਭਾਰਤ ਵਿਚ ਜਦੋਂ ਦੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸਰਕਾਰ ਬਣੀ ਹੈ, ਘੱਟਗਿਣਤੀਆਂ ਪ੍ਰਤੀ ਨਫਰਤ ਦੀ ਭਾਵਨਾ ਵਧੀ ਹੈ ਅਤੇ ਪਾਕਿਸਤਾਨ ਨਾਲ ਸਬੰਧਾਂ ਵਿਚ ਹੋਰ ਕਸ਼ੀਦਗੀ ਆਈ ਹੈ। ਜਦੋਂ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੂਜੀ ਵਾਰ ਬਣੀ ਹੈ, ਇਸ ਦੇ ਆਗੂਆਂ ਦੀ ਭਾਸ਼ਾ ਵਿਚ ਪਾਕਿਸਤਾਨ ਪ੍ਰਤੀ ਨਫਰਤ ਦੀ ਭਾਵਨਾ ਹੋਰ ਵੀ ਵਧੀ ਹੈ ਅਤੇ ਹੁਣ ਉਹ ਪਾਕਿਸਤਾਨ ਨਾਲ ਪ੍ਰਮਾਣੂ ਜੰਗ ਛੇੜਨ ਅਤੇ ਉਸ ਨੂੰ ਤਬਾਹ ਕਰਨ ਦੀਆਂ ਗੱਲਾਂ ਕਰਨ ਲੱਗੇ ਹਨ। ਕੁਝ ਅਖਬਾਰ ਅਤੇ ਰਸਾਲੇ ਵੀ ਭਾਜਪਾ ਆਗੂਆਂ ਦੀ ਜ਼ੁਬਾਨ ਬੋਲਣ ਲੱਗੇ ਹਨ। ਇਸ ਲੇਖ ਵਿਚ ਲੇਖਕ ਨੇ ਇਸ ਮੁੱਦੇ ਦੀ ਡੂੰਘੀ ਪੁਣਛਾਣ ਕੀਤੀ ਹੈ। -ਸੰਪਾਦਕ***

ਕੁਝ ਮਹੀਨੇ ਪਹਿਲਾਂ ਜਦੋਂ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਰਾਜ ਸਭਾ ਮੈਂਬਰ ਅਤੇ ਸੰਘ ਪਰਿਵਾਰ ਦੇ ਸਿਧਾਂਤਕਾਰ ਸੁਬਰਾਮਨੀਅਨ ਸਵਾਮੀ ਨੇ ਆਪਣੇ ਇਕ ਟਵੀਟ ਵਿਚ ਇਹ ਲਿਖਿਆ ਸੀ ਕਿ ਪਾਕਿਸਤਾਨ ਨਾਲ ਹੋਣ ਵਾਲੀ ਪ੍ਰਮਾਣੂ ਜੰਗ ਵਿਚ 5-7 ਕਰੋੜ ਲੋਕਾਂ ਦੇ ਮਰਨ ਤੋਂ ਡਰਨ ਦੀ ਕੋਈ ਲੋੜ ਨਹੀਂ, ਕਿਉਂਕਿ ਜੇ ਇਹ ਜੰਗ ਹੋਈ ਤਾਂ ਇਸ ਜੰਗ ਵਿਚ ਪਾਕਿਸਤਾਨ ਹਮੇਸ਼ਾ ਲਈ ਤਬਾਹ ਹੋ ਜਾਵੇਗਾ। ਉਦੋਂ ਇਹ ਟਵੀਟ ਪੜ੍ਹ ਕੇ ਲਗਦਾ ਸੀ ਕਿ ਸ਼ਾਇਦ ਇਹ ਧਮਕੀ ਕਿਸੇ ਸਿਰ ਫਿਰੇ ਜਨੂੰਨੀ ਬੰਦੇ ਦੀ ਮਾਨਸਿਕ ਭੜਾਸ ਹੈ; ਪਰ ਪਿਛੋਂ ਵਾਪਰੀਆਂ ਘਟਨਾਵਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਇਹ ਧਮਕੀ ਕਿਸੇ ਸਿਰ ਫਿਰੇ ਜਨੂੰਨੀ ਬੰਦੇ ਦੀ ਪਾਕਿਸਤਾਨ ਵਿਰੋਧੀ ਮਾਨਸਿਕ ਭੜਾਸ ਨਹੀਂ, ਸਗੋਂ ਮੋਦੀ ਸਰਕਾਰ

ਗੁਰਬਚਨ ਸਿੰਘ

ਦੀ ਸੋਚੀ-ਸਮਝੀ ਫੌਜੀ ਯੁਧਨੀਤੀ ਦਾ ਇਕ ਅਹਿਮ ਹਿੱਸਾ ਹੈ। ਬਾਲਾਕੋਟ, ਸਰਜੀਕਲ ਸਟਰਾਈਕ, ਫੌਜੀ ਜਰਨੈਲਾਂ ਵਲੋਂ ਪਾਕਿਸਤਾਨ ਨੂੰ ਤਬਾਹ ਕਰ ਦੇਣ ਦੀਆਂ ਧਮਕੀਆਂ, ਸਭ ਇਸੇ ਯੁਧਨੀਤੀ ਅਧੀਨ ਹੋ ਰਿਹਾ ਹੈ। ਕਸ਼ਮੀਰ ਦੀ ਖੁਦਮੁਖਤਿਆਰੀ ਨਾਲ ਸਬੰਧਤ ਧਾਰਾ 370 ਨੂੰ ਖਤਮ ਕਰਨ ਦਾ ਐਲਾਨ ਕਰਦਿਆਂ ਅਮਿਤ ਸ਼ਾਹ ਦਾ ਪਾਰਲੀਮੈਂਟ ਵਿਚ ਇਹ ਕਹਿਣਾ ਕਿ ਸਾਡਾ ਅਗਲਾ ਕਦਮ ਪਾਕਿਸਤਾਨ ਦੇ ਕਬਜੇ ਹੇਠਲੇ ਕਸ਼ਮੀਰ ਤੇ ਚੀਨ ਦੇ ਕਬਜੇ ਹੇਠਲੇ ਅਕਸਾਈਚਿੰਨ ਖੇਤਰ ਨੂੰ ਆਜ਼ਾਦ ਕਰਵਾਉਣਾ ਹੈ, ਵੀ ਇਸੇ ਯੁਧਨੀਤੀ ਦਾ ਹਿੱਸਾ ਜਾਪਦਾ ਹੈ।

ਪਾਕਿਸਤਾਨ ਨੂੰ ਇਨ੍ਹਾਂ ਧਮਕੀਆਂ ਰਾਹੀਂ ਮਾਨਸਿਕ ਤੌਰ 'ਤੇ ਪ੍ਰਮਾਣੂ ਜੰਗ ਲੜਨ ਲਈ ਤਿਆਰ ਕੀਤਾ ਜਾ ਰਿਹਾ ਹੈ ਤੇ ਨਾਲ ਹੀ ਇਸ ਖੇਤਰ ਵਿਚ ਪ੍ਰਮਾਣੂ ਜੰਗ ਲਈ ਮਾਹੌਲ ਸਿਰਜਿਆ ਜਾ ਰਿਹਾ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਇਹ ਕਹਿ ਕੇ ਇਸ ਯੁਧਨੀਤੀ ਦੀ ਪੁਸ਼ਟੀ ਕਰ ਦਿਤੀ ਹੈ ਕਿ ਭਾਰਤ ਪਹਿਲਾਂ ਪ੍ਰਮਾਣੂ ਬੰਬ ਨਾ ਵਰਤਣ ਦੇ ਆਪਣੇ ਫੈਸਲੇ ਨੂੰ ਭਵਿਖ ਵਿਚ ਬਦਲ ਵੀ ਸਕਦਾ ਹੈ। ਸੁਬਰਾਮਨੀਅਨ ਸਵਾਮੀ ਨੇ ਰਾਜਨਾਥ ਸਿੰਘ ਦੀ ਇਸ ਚਿਤਾਵਨੀ ਨੂੰ ਸਹੀ ਠਹਿਰਾਉਂਦਿਆਂ ਲਿਖਿਆ ਹੈ ਕਿ ਹੁਣ ਦੀ ਪਾਕਿਸਤਾਨੀ ਲੀਡਰਸ਼ਿਪ 1998 ਨਾਲੋਂ ਵੱਧ 'ਪਾਗਲ' ਹੈ, ਇਸ ਲਈ ਪ੍ਰਮਾਣੂ ਬੰਬ ਦੀ ਅਗਾਊਂ ਵਰਤੋਂ ਹੁਣ ਲੋੜੀਂਦੀ ਬਣ ਗਈ ਹੈ। ਸਵਾਮੀ ਦੇ ਲਿਖਣ ਅਨੁਸਾਰ ਜਦੋਂ ਹੀ ਇਹ ਯਕੀਨ ਹੋ ਜਾਏ ਕਿ (ਭਾਰਤੀ ਫੌਜਾਂ ਹੱਥੋਂ ਰਵਾਇਤੀ ਜੰਗ ਵਿਚ ਹਾਰ ਕੇ) ਅਪਮਾਨਤ ਹੋਇਆ ਪਾਕਿਸਤਾਨ ਪ੍ਰਮਾਣੂ ਹਮਲਾ ਕਰ ਸਕਦਾ ਹੈ, ਉਦੋਂ ਹੀ ਉਸ ਉਤੇ ਪ੍ਰਮਾਣੂ ਹਮਲਾ ਕਰ ਦੇਣਾ ਚਾਹੀਦਾ ਹੈ। ਭਾਵ ਹੁਣ ਪ੍ਰਮਾਣੂ ਬੰਬਾਂ ਦੀ ਵਰਤੋਂ ਕਿਆਫਿਆਂ




ਦੇ ਆਧਾਰ ਉਤੇ ਵੀ ਕੀਤੀ ਜਾ ਸਕਦੀ ਹੈ।

ਪਾਠਕਾਂ ਦੇ ਮਨ ਵਿਚ ਇਹ ਸੁਆਲ ਪੈਦਾ ਹੋ ਸਕਦਾ ਹੈ ਕਿ ਆਪਣੀ ਇਸ ਚਰਚਾ ਲਈ ਅਸੀਂ ਸੁਬਰਾਮਨੀਅਨ ਸਵਾਮੀ ਦੇ ਕਥਨਾਂ ਨੂੰ ਹੀ ਕਿਉਂ ਆਧਾਰ ਬਣਾ ਰਹੇ ਹਾਂ? ਕਾਰਨ ਇਹ ਹੈ ਕਿ 2013 ਦੇ ਅਖੀਰ ਵਿਚ 2014 ਦੀਆਂ ਪਾਰਲੀਮੈਂਟ ਚੋਣਾਂ ਲਈ ਭਾਜਪਾ ਦੀ ਚੋਣ ਰਣਨੀਤੀ ਦਾ ਐਲਾਨ ਸਭ ਤੋਂ ਪਹਿਲਾਂ ਇਸੇ ਸਵਾਮੀ ਨੇ ਕੀਤਾ ਸੀ। ਇਹ ਗੱਲ ਸਵਾਮੀ ਨੇ ਹੀ ਕਹੀ ਸੀ ਕਿ ਵੋਟਾਂ ਸਿਰਫ ਆਰਥਕ ਵਿਕਾਸ ਦੇ ਨਾਂ ਉਤੇ ਹੀ ਨਹੀਂ ਮਿਲਦੀਆਂ, ਸਗੋਂ ਧਰਮ ਦੇ ਆਧਾਰ 'ਤੇ ਵੀ ਲਈਆਂ ਜਾ ਸਕਦੀਆਂ ਹਨ। ਇਹ ਗੱਲ ਵੀ ਸੁਬਰਾਮਨੀਅਨ ਸਵਾਮੀ ਨੇ ਹੀ ਕਹੀ ਸੀ, "ਯੂਨਾਈਟਡ ਹਿੰਦੂਜ਼, ਡਿਵਾਈਡ ਮਿਨਾਰਟੀਜ਼।" ਭਾਵ ਹਿੰਦੂਆਂ ਨੂੰ ਇਕਮੁਠ ਕਰੋ ਤੇ ਘਟਗਿਣਤੀਆਂ ਦੀ ਵੋਟ ਨੂੰ ਆਪਸ ਵਿਚ ਪਾੜ ਕੇ ਰਖੋ। ਇਸੇ ਚੋਣ ਰਣਨੀਤੀ ਹੇਠ ਭਾਜਪਾ ਨੇ 2014 ਤੇ 2019 ਦੀਆਂ ਪਾਰਲੀਮੈਂਟ ਚੋਣਾਂ ਜਿੱਤੀਆਂ ਹਨ।

ਇਸ ਫੌਜੀ ਯੁਧਨੀਤੀ ਨੂੰ ਅਮਲੀ ਰੂਪ ਕਿਵੇਂ ਦਿੱਤਾ ਜਾਏ, ਇਸ ਲਈ 15 ਅਗਸਤ ਨੂੰ ਸੁਬਰਾਮਨੀਅਨ ਸਵਾਮੀ ਨੇ ਹੀ ਇਕ ਹੋਰ ਟਵੀਟ ਲਿਖਿਆ ਹੈ, "ਕਸ਼ਮੀਰ ਵਿਚ ਫੌਰੀ ਐਕਟ ਕਰਨ ਲਈ ਮੋਦੀ ਅਤੇ ਉਸ ਦੇ ਗ੍ਰਹਿ ਮੰਤਰੀ ਨੂੰ ਵਧਾਈ। ਪਰ ਪਾਕਿਸਤਾਨੀ ਕਸ਼ਮੀਰ ਲੈਣ ਤੋਂ ਬਿਨਾ ਕਸ਼ਮੀਰ ਸਮੱਸਿਆ ਬਣੀ ਰਹੇਗੀ। ਪਾਕਿਸਤਾਨੀ ਕਸ਼ਮੀਰ ਲੈਣ ਲਈ ਸਾਨੂੰ ਇਕੋ ਵੇਲੇ ਪਾਕਿਸਤਾਨ ਨੂੰ ਚਾਰ ਟੁਕੜਿਆਂ ਵਿਚ ਵੰਡ ਦੇਣਾ ਚਾਹੀਦਾ ਹੈ। ਜੇ ਅਮਰੀਕਾ ਨੇ 28 ਸਤੰਬਰ ਨੂੰ ਅਫਗਾਨਿਸਤਾਨ ਵਿਚ ਚੋਣਾਂ ਦੀ ਸਹਿਮਤੀ ਦੇ ਦਿੱਤੀ ਤਾਂ ਅਫਗਾਨਿਸਤਾਨ ਭਾਰਤ ਦਾ ਸੰਗੀ ਹੋਵੇਗਾ। ਜੇ ਇਰਾਨ ਨਿਰਪੱਖ ਰਿਹਾ ਅਤੇ ਚੀਨ ਨੂੰ ਚੰਗੀ ਤਰ੍ਹਾਂ ਸਮਝਾ ਦਿੱਤਾ ਗਿਆ ਤਾਂ ਇਹ ਕੰਮ ਹੋਰ ਵੀ ਸੌਖਾ ਹੋ ਜਾਏਗਾ।"

ਲਗਭੱਗ ਇਹੀ ਗੱਲ ਬੜੇ ਰੋਸ ਭਰੇ ਮਨ ਨਾਲ ਇਮਰਾਨ ਖਾਨ ਨੇ ਪਾਕਿਸਤਾਨੀ ਕਸ਼ਮੀਰ ਦੀ ਅਸੈਂਬਲੀ ਨੂੰ ਸੰਬੋਧਨ ਕਰਦਿਆਂ ਕਹੀ ਹੈ। ਉਸ ਨੇ ਕਿਹਾ ਹੈ ਕਿ ਮੋਦੀ ਸਰਕਾਰ ਵਲੋਂ ਪਾਕਿਸਤਾਨੀ ਕਸ਼ਮੀਰ ਵਿਚ ਫੌਜੀ ਕਾਰਵਾਈ ਕਰਨ ਦੀ ਸਾਡੇ ਕੋਲ ਪੁਖਤਾ ਜਾਣਕਾਰੀ ਹੈ ਅਤੇ ਆਰ. ਐਸ. ਐਸ. ਦੀ ਹਿਟਲਰੀ ਨੀਤੀ ਉਤੇ ਚਲ ਕੇ ਮੋਦੀ ਸਰਕਾਰ ਦੇਸ਼ ਵਿਚੋਂ ਮੁਸਲਮਾਨਾਂ ਸਮੇਤ ਸਾਰੀਆਂ ਧਾਰਮਿਕ ਘਟ ਗਿਣਤੀਆਂ ਨੂੰ ਰਾਜਸੀ ਗੁਲਾਮੀ ਵੱਲ ਧੱਕਣਾ ਚਾਹੁੰਦੀ ਹੈ। ਉਹ ਦੋਹਾਂ ਦੇਸ਼ਾਂ ਵਿਚਾਲੇ ਜੰਗੀ ਮਾਹੌਲ ਸਿਰਜ ਕੇ ਪਾਕਿਸਤਾਨ ਨਾਲ ਰਵਾਇਤੀ ਜੰਗ ਲਾਉਣੀ ਚਾਹੁੰਦੀ ਹੈ, ਜਿਸ ਦਾ ਸੁਭਾਵਿਕ ਸਿੱਟਾ ਦੋ ਦੇਸ਼ਾਂ ਵਿਚਾਲੇ ਪ੍ਰਮਾਣੂ ਜੰਗ ਵਿਚ ਨਿਕਲੇਗਾ। ਇਮਰਾਨ ਖਾਨ ਨੇ ਆਲਮੀ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਜੇ ਦੋਹਾਂ ਦੇਸ਼ਾਂ ਵਿਚਾਲੇ ਜੰਗ ਲੱਗੀ ਤਾਂ ਇਸ ਦਾ ਜ਼ਿੰਮੇਵਾਰ ਆਲਮੀ ਭਾਈਚਾਰਾ ਹੋਵੇਗਾ, ਜੋ ਮੋਦੀ ਸਰਕਾਰ ਵਲੋਂ ਕਸ਼ਮੀਰੀਆਂ ਨੂੰ ਫੌਜੀ ਬੂਟਾਂ ਹੇਠ ਦਰੜ ਦੇਣ ਦੀਆਂ ਨੀਤੀਆ ਬਾਰੇ ਚੁਪ ਵੱਟੀ ਬੈਠਾ ਹੈ।

ਦਰਅਸਲ ਇਮਰਾਨ ਖਾਨ ਦੇ ਇਸ ਰੋਸ ਦਾ ਕਾਰਨ ਉਸ ਦੀਆਂ ਇਸ ਖੇਤਰ ਵਿਚ ਸਦੀਵੀ ਅਮਨ ਕਾਇਮ ਕਰਨ ਦੀਆਂ ਕੋਸ਼ਿਸ਼ਾਂ ਦਾ ਅਸਫਲ ਹੋਣਾ ਵੀ ਹੈ। ਕਰਤਾਰਪੁਰ ਲਾਂਘੇ ਨੂੰ ਖੋਲ੍ਹਣ ਦਾ ਸੱਦਾ ਭੇਜਣ ਤੋਂ ਪਹਿਲਾਂ ਯੂਨਾਈਟਿਡ ਨੇਸ਼ਨਜ਼ ਦੇ ਸਕੱਤਰ ਜਨਰਲ, ਰੂਸੀ ਫੌਜ ਦੇ ਮੁਖੀ ਅਤੇ ਚੀਨ ਦੇ ਰਾਜਦੂਤ ਦਾ ਦਰਬਾਰ ਸਾਹਿਬ ਮੱਥਾ ਟੇਕਣ ਲਈ ਆਉਣਾ, ਪੰਜਾਬ ਦੇ ਲੋਕਾਂ ਨੂੰ ਮਿਲਣਾ, ਵਾਹਗਾ ਬਾਰਡਰ ਉਤੇ ਜਾ ਕੇ ਆਉਣਾ ਅਤੇ ਪੱਤਰਕਾਰਾਂ ਦੇ ਪੁਛਣ 'ਤੇ ਇਹ ਕਹਿਣਾ ਕਿ ਚੀਨ ਇਹ ਬਾਰਡਰ ਖੋਲ੍ਹਣ ਦੇ ਹੱਕ ਵਿਚ ਹੈ, ਸਪਸ਼ਟ ਇਸ਼ਾਰਾ ਕਰਦਾ ਹੈ ਕਿ ਇਮਰਾਨ ਖਾਨ ਵਲੋਂ ਕਰਤਾਰਪੁਰ ਲਾਂਘੇ ਨੂੰ ਖੋਲ੍ਹਣ ਦਾ ਦਿੱਤਾ ਗਿਆ ਸੱਦਾ ਯੂਨਾਈਟਿਡ ਨੇਸ਼ਨਜ਼, ਰੂਸ ਅਤੇ ਚੀਨ ਦੀ ਸਲਾਹ ਨਾਲ ਦਿੱਤਾ ਗਿਆ ਸੀ। ਇਸ ਸੱਦੇ ਲਈ ਪਾਕਿਸਤਾਨੀ ਫੌਜ ਦੀ ਸਹਿਮਤੀ ਵੀ ਲਈ ਗਈ ਸੀ। ਇਸੇ ਕਰਕੇ ਨਵਜੋਤ ਸਿੰਘ ਸਿੱਧੂ ਨੂੰ ਇਹ ਸੱਦਾ ਪਾਕਿਸਤਾਨੀ ਫੌਜ ਦੇ ਮੁਖੀ ਬਾਜਵਾ ਰਾਹੀਂ ਦਿੱਤਾ ਗਿਆ ਸੀ।



ਸੁਬਰਾਮਨੀਅਨ ਸਵਾਮੀ

***ਇਸ ਫੌਜੀ ਯੁਧਨੀਤੀ ਨੂੰ ਅਮਲੀ ਰੂਪ ਕਿਵੇਂ ਦਿੱਤਾ ਜਾਏ, ਇਸ ਲਈ 15 ਅਗਸਤ ਨੂੰ ਸੁਬਰਾਮਨੀਅਨ ਸਵਾਮੀ ਨੇ ਹੀ ਇਕ ਹੋਰ ਟਵੀਟ ਲਿਖਿਆ ਹੈ, "ਕਸ਼ਮੀਰ ਵਿਚ ਫੌਰੀ ਐਕਟ ਕਰਨ ਲਈ ਮੋਦੀ ਅਤੇ ਉਸ ਦੇ ਗ੍ਰਹਿ ਮੰਤਰੀ ਨੂੰ ਵਧਾਈ। ਪਰ ਪਾਕਿਸਤਾਨੀ ਕਸ਼ਮੀਰ ਲੈਣ ਤੋਂ ਬਿਨਾ ਕਸ਼ਮੀਰ ਸਮੱਸਿਆ ਬਣੀ ਰਹੇਗੀ। ਪਾਕਿਸਤਾਨੀ ਕਸ਼ਮੀਰ ਲੈਣ ਲਈ ਸਾਨੂੰ ਇਕੋ ਵੇਲੇ ਪਾਕਿਸਤਾਨ ਨੂੰ ਚਾਰ ਟੁਕੜਿਆਂ ਵਿਚ ਵੰਡ ਦੇਣਾ ਚਾਹੀਦਾ ਹੈ। ਜੇ ਅਮਰੀਕਾ ਨੇ 28 ਸਤੰਬਰ ਨੂੰ ਅਫਗਾਨਿਸਤਾਨ ਵਿਚ ਚੋਣਾਂ ਦੀ ਸਹਿਮਤੀ ਦੇ ਦਿੱਤੀ ਤਾਂ ਅਫਗਾਨਿਸਤਾਨ ਭਾਰਤ ਦਾ ਸੰਗੀ ਹੋਵੇਗਾ। ਜੇ ਇਰਾਨ ਨਿਰਪੱਖ ਰਿਹਾ ਅਤੇ ਚੀਨ ਨੂੰ ਚੰਗੀ ਤਰ੍ਹਾਂ ਸਮਝਾ ਦਿੱਤਾ ਗਿਆ ਤਾਂ ਇਹ ਕੰਮ ਹੋਰ ਵੀ ਸੌਖਾ ਹੋ ਜਾਏਗਾ।"***

ਇਸ ਮਸਲੇ ਨਾਲ ਸਬੰਧਤ ਉਸ ਵੇਲੇ ਹੋਈ ਸਾਰੀ ਹਲਚਲ ਤੋਂ ਸੰਕੇਤ ਮਿਲਦੇ ਸਨ ਕਿ ਚੀਨ, ਰੂਸ ਤੇ ਪਾਕਿਸਤਾਨੀ ਹੁਕਮਰਾਨ ਜਮਾਤ ਨਾਲ ਸਲਾਹ ਕਰਕੇ ਹੀ ਇਮਰਾਨ ਖਾਨ ਨੇ ਇਹ ਸੱਦਾ ਦਿੱਤਾ ਹੈ ਤਾਂ ਕਿ ਭਾਰਤੀ ਸਾਮਰਾਜੀਆਂ ਨੂੰ ਏਧਰਲੀ ਖੁੱਲ੍ਹੀ ਸਰਹੱਦ ਰਾਹੀਂ ਪਾਕਿਸਤਾਨ ਅਤੇ ਅਫਗਾਸਿਤਾਨ ਸਮੇਤ ਨਾਲ ਲਗਦੇ ਦੇਸ਼ਾਂ ਦੀ ਮੰਡੀ ਦਾ ਲਾਲਚ ਦੇ ਕੇ ਸ਼ਾਇਦ ਇਸ ਖੇਤਰ ਵਿਚ ਸਦੀਵੀ ਅਮਨ ਕਾਇਮ ਕੀਤਾ ਜਾ ਸਕੇ। ਉਦੋਂ ਜਾਪਦਾ ਸੀ ਕਿ ਪਾਕਿਸਤਾਨ ਦੀ ਕਮਜੋਰ ਆਰਥਕ ਹਾਲਤ ਅਤੇ ਬੜੀ ਤੇਜੀ ਨਾਲ ਬਦਲ ਰਹੀ ਆਲਮੀ ਰਾਜਨੀਤੀ ਨੇ ਵੀ ਇਮਰਾਨ ਖਾਨ ਨੂੰ ਇਉਂ ਕਰਨ ਲਈ ਮਜਬੂਰ ਕੀਤਾ ਹੈ।

ਚੀਨ ਤੇ ਰੂਸ ਦਾ ਇਸ ਅਮਨ ਵਿਚ ਆਪਣਾ ਸੁਆਰਥ ਸੀ ਕਿ ਇਉਂ ਕੀਤਿਆਂ ਸ਼ਾਇਦ ਇਹ ਖੇਤਰ ਹਮੇਸ਼ਾ ਲਈ ਅਮਰੀਕੀ ਸਾਮਰਾਜੀਆਂ ਦੇ ਚੁੰਗਲ ਵਿਚੋਂ ਨਿਕਲ ਜਾਏ ਤੇ ਭਾਰਤੀ ਹਾਕਮਾਂ ਦੀ ਅਮਰੀਕਾ ਨਾਲ ਲੱਗੀ ਯੁਧਨੀਤਕ ਯਾਰੀ ਟੁਟ ਜਾਏ, ਪਰ ਮੁਸਲਿਮ ਦੁਸ਼ਮਣੀ ਨਾਲ ਗ੍ਰਸੀ ਆਰ. ਐਸ. ਐਸ. ਅਤੇ ਭਾਜਪਾ ਨੂੰ ਇਹ ਅਮਨ ਦਾ ਸੱਦਾ ਸੂਲ ਵਾਂਗੂ ਚੁਭਿਆ। ਇਸੇ ਕਰਕੇ ਐਨ ਮੁਢ ਤੋਂ ਹੀ ਇਸ ਜੁੰਡਲੀ ਨੇ ਕਰਤਾਰਪੁਰ ਲਾਂਘੇ ਦੇ ਬਣਨ ਵਿਚ ਰੁਕਾਵਟਾਂ ਪਾਉਣੀਆਂ ਅਰੰਭ ਦਿਤੀਆਂ ਸਨ ਤੇ ਜੁੰਡਲੀ ਦੇ ਯਾਰ ਬਾਦਲ ਦਲ ਤੇ ਪੰਜਾਬ ਦਾ ਮੁਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਹ ਰੁਕਾਵਟਾਂ ਪਾਉਣ ਵਿਚ ਸਭ ਤੋਂ ਮੋਹਰੀ ਸਨ।

ਮੋਦੀ-ਸ਼ਾਹ-ਡੋਵਾਲ ਦੀ ਅਗਵਾਈ ਹੇਠ ਸੰਘ ਪਰਿਵਾਰ ਅੱਜ ਦੇਸ਼ ਵਿਚ ਵਸਦੇ ਕਰੀਬ ਸਵਾ ਅਰਬ ਲੋਕਾਂ ਨੂੰ ਉਸ ਥਾਂ ਲੈ ਆਇਆ ਹੈ, ਜਿਥੇ ਉਨ੍ਹਾਂ ਦਾ ਭਵਿਖ ਅਜਿਹੀਆਂ ਅਣਦਿਸਦੀਆਂ ਸ਼ਕਤੀਆਂ ਦੇ ਹਥ-ਵਸ ਹੈ ਕਿ ਕਿਸੇ ਵੇਲੇ ਕੁਝ ਵੀ ਵਾਪਰ ਸਕਦਾ ਹੈ। ਕਸ਼ਮੀਰ ਦੀ ਸਮੁੱਚੀ ਮੁਸਲਿਮ ਆਬਾਦੀ ਨੂੰ ਫੌਜੀ ਬੂਟਾਂ ਹੇਠ ਦਰੜ ਕੇ ਮਾਨਸਿਕ ਤੌਰ 'ਤੇ ਗੁਲਾਮ ਬਣਾਉਣ ਦੇ ਕੀਤੇ ਜਾ ਰਹੇ ਯਤਨ ਅਤੇ ਇਸ ਧੱਕੇ ਵਿਰੁਧ ਬੋਲਣ ਵਾਲੀ ਹਰ ਆਵਾਜ਼ ਨੂੰ ਕੁਚਲ ਕੇ ਚੁਪ ਕਰਵਾਉਣ ਦੀਆਂ ਕੋਸ਼ਿਸ਼ਾਂ ਨੇ, ਹਿੰਦ-ਪਾਕਿ ਪ੍ਰਮਾਣੂ ਜੰਗ ਦੀਆਂ ਹਕੀਕੀ ਸੰਭਾਵਨਾਵਾਂ ਪੈਦਾ ਕਰ ਦਿੱਤੀਆਂ ਹਨ। ਇਸ ਸਮੁੱਚੇ ਵਰਤਾਰੇ ਨੂੰ ਜੇ ਆਲਮੀ ਪ੍ਰਸੰਗ ਵਿਚ ਰੱਖ ਕੇ ਵੇਖੀਏ ਤਾਂ ਜਾਪਦਾ ਹੈ ਕਿ ਸੰਘ ਪਰਿਵਾਰ ਨੇ ਆਤਮਘਾਤ ਕਰਨ ਦਾ ਫੈਸਲਾ ਕਰ ਲਿਆ ਹੈ।

ਇਹ ਗੱਲ ਹੁਣ ਬਿਲਕੁਲ ਸਪਸ਼ਟ ਹੋ ਗਈ ਹੈ ਕਿ ਭਾਜਪਾ ਦੀ ਚੋਣਾਂ ਵਿਚ ਹੋਈ ਜਿੱਤ ਤੇ ਵਿਰੋਧੀ ਧਿਰਾਂ ਦੇ ਖਤਮ ਹੋ ਜਾਣ ਨੇ, ਸੰਘ ਪਰਿਵਾਰ ਦਾ ਮਾਨਸਿਕ ਸੰਤੁਲਨ ਵਿਗਾੜ ਦਿਤਾ ਹੈ। ਉਹ ਆਪਣੀ ਹਕੂਮਤ ਨੂੰ ਸਦੀਵੀ ਬਣਾਉਣ ਲਈ ਕਿਸੇ ਵੀ ਹੱਦ ਤਕ ਜਾਣ ਲਈ ਤਿਆਰ ਹੋ ਗਿਆ ਹੈ। ਦੋ ਮੁਲਕਾਂ ਨੂੰ ਪ੍ਰਮਾਣੂ ਜੰਗ ਦੀ ਭੱਠੀ ਵਿਚ ਝੋਕਣ ਲਈ ਮਾਨਸਿਕ ਤਿਆਰੀ ਕੀਤੀ ਜਾ ਰਹੀ ਹੈ।

ਜੱਗਬਾਣੀ ਵਰਗੀਆਂ ਅਖਬਾਰਾਂ ਅਤੇ ਇੰਡੀਆ ਟੂਡੇ ਵਰਗੇ ਰਸਾਲਿਆਂ ਰਾਹੀਂ, ਸੰਘ ਪਰਿਵਾਰ ਤੇ ਉਸ ਦੇ ਪੈਰੋਕਾਰ ਬੁਧੀਜੀਵੀਆਂ ਦਾ ਅਜਿਹਾ ਤਰਕ ਸਿਰਜਣ ਉਤੇ ਪੂਰਾ ਜ਼ੋਰ ਲੱਗਾ ਹੋਇਆ ਹੈ ਕਿ ਪ੍ਰਮਾਣੂ ਜੰਗ ਦੇ ਖਤਰੇ ਨੂੰ ਘਟਾ ਕੇ ਵਿਖਾਇਆ ਜਾਏ ਅਤੇ ਜੇ ਇਹ ਖਤਰਾ ਵਿਖਾਉਣਾ ਵੀ ਪਵੇ ਤਾਂ ਉਸ ਨੂੰ ਇੰਜ ਪੇਸ਼ ਕੀਤਾ ਜਾਏ ਕਿ ਪ੍ਰਮਾਣੂ ਜੰਗ ਵਿਚ ਜੇ ਭਾਰਤ ਦੇ ਪੰਜ ਦਸ ਲਖ ਲੋਕ ਮਰ ਵੀ ਗਏ ਤਾਂ ਇਹ ਕੋਈ ਵਡੀ ਕੀਮਤ ਨਹੀਂ ਹੋਵੇਗੀ, ਕਿਉਂਕਿ ਇਸ ਜੰਗ ਵਿਚ ਪਾਕਿਸਤਾਨ ਉਕਾ ਹੀ ਤਬਾਹ ਹੋ ਜਾਵੇਗਾ।

ਤਰਕ ਇਹ ਦਿੱਤਾ ਜਾ ਰਿਹਾ ਹੈ, "ਪਾਕਿਸਤਾਨ ਦੀ ਪ੍ਰਮਾਣੂ ਧਮਕੀ ਤੋਂ ਕਿਉਂ ਡਰੀਏ? ਤਿਲ ਤਿਲ ਕਰਕੇ ਮਰਨ ਨਾਲੋਂ ਇਕੋ ਵਾਰ ਮਰਨਾ ਚੰਗਾ ਹੈ। ਦੇਸ਼ ਦੀ ਆਜ਼ਾਦੀ ਸਮੇਂ ਭਾਰਤੀ ਦੀ ਅਬਾਦੀ 33 ਕਰੋੜ ਸੀ, ਜੋ ਅੱਜ ਸਵਾ ਅਰਬ ਤੋਂ ਟੱਪ ਗਈ ਹੈ।

ਅਬਾਦੀ ਅਤੇ ਖੇਤਰਫਲ ਦੇ ਲਿਹਾਜ਼ ਨਾਲ ਭਾਰਤ ਪਾਕਿਸਤਾਨ ਤੋਂ ਬਹੁਤ ਵੱਡਾ ਹੈ। ਜੇ ਪਾਕਿਸਤਾਨ ਪ੍ਰਮਾਣੂ ਬੰਬ ਦੀ ਵਰਤੋਂ ਕਰਦਾ ਹੈ ਤਾਂ ਉਸ ਨਾਲ ਸਾਡੇ ਕੁਝ ਹਜ਼ਾਰ, ਕੁਝ ਲੱਖ ਲੋਕਾਂ ਦੀ ਜੀਵਨ ਲੀਲਾ ਖਤਮ ਹੋ ਸਕਦੀ ਹੈ, ਪਰ ਭਾਰਤ ਵਲੋਂ ਜਦੋਂ ਇਸ ਪ੍ਰਮਾਣੂ ਹਮਲੇ ਦਾ ਜੁਆਬ ਦਿੱਤਾ ਜਾਏਗਾ ਤਾਂ ਪਾਕਿਸਤਾਨ ਦਾ ਕੁਝ ਵੀ ਨਹੀਂ ਬਚੇਗਾ। ਇਸ ਲਈ ਭਾਰਤ ਵਾਸੀਆਂ ਨੂੰ ਪ੍ਰਮਾਣੂ ਹਮਲੇ ਤੋਂ ਘਬਰਾਉਣ ਦੀ ਥਾਂ ਮਜ਼ਬੂਤੀ ਨਾਲ ਇਸ ਦਾ ਸਾਹਮਣਾ ਕਰਨ ਲਈ ਤਿਆਰ ਹੋਣਾ ਚਾਹੀਦਾ ਹੈ। ਜਪਾਨ ਦਾ ਹੀਰੋਸ਼ੀਮਾ ਪ੍ਰਮਾਣੂ ਬੰਬ ਦੀ ਮਾਰ ਝੱਲਣ ਪਿਛੋਂ ਮੁੜ ਇਕ ਵਾਰ ਹਰਿਆ ਭਰਿਆ ਅਤੇ ਚਹਿਲ ਪਹਿਲ ਵਾਲਾ ਸ਼ਹਿਰ ਬਣ ਗਿਆ ਹੈ, ਇਸ ਲਈ ਤਿਲ ਤਿਲ ਕਰ ਕੇ ਰੋਜ਼ ਮਰਨ ਤੋਂ ਬਿਹਤਰ ਹੈ ਕਿ ਦੇਸ਼ ਦੀ ਰਾਖੀ ਲਈ ਦੋ ਦੋ ਹੱਥ ਕਰਕੇ ਮਰਨਾ।"

ਤਰਕ ਦਾ ਇਹ ਪੱਧਰ ਸਿਰਫ ਕਿਸੇ ਆਮ ਬ੍ਰਾਹਮਣ-ਬਾਣੀਏ ਦਾ ਹੀ ਨਹੀਂ, ਸਗੋਂ ਇਸ ਸੋਚ ਦੇ ਤਰਜਮਾਨ ਤੇ ਸਭ ਤੋਂ ਵਧ ਛਪਦੇ ਹਫਤਾਵਰੀ ਰਸਾਲੇ 'ਇੰਡੀਆ ਟੂਡੇ' ਦਾ ਵੀ ਹੈ। ਇਸ ਦੀਆਂ ਲਿਖਤਾਂ ਵੀ ਇਸੇ ਸੋਚ ਦਾ ਪ੍ਰਗਟਾਵਾ ਕਰ ਰਹੀਆਂ ਹਨ। ਇਸ ਪਰਚੇ ਵਿਚ ਦੋਹਾਂ ਦੇਸ਼ਾਂ ਵਿਚਾਲੇ ਹੋਣ ਵਾਲੀ ਪ੍ਰਮਾਣੂ ਜੰਗ ਦਾ ਜੋ ਦ੍ਰਿਸ਼ ਦਿਖਾਇਆ ਜਾ ਰਿਹਾ ਹੈ, ਉਸ ਅਨੁਸਾਰ ਜੇ ਪਾਕਿਸਤਾਨ ਭਾਰਤ ਦੇ ਕਿਸੇ ਸ਼ਹਿਰ (ਦਿੱਲੀ ਜਾਂ ਬੰਬਈ) ਉਤੇ ਪ੍ਰਮਾਣੂ ਬੰਬ ਸੁਟਦਾ ਹੈ, ਤਾਂ 5 ਲਖ ਦੇ ਕਰੀਬ ਲੋਕ ਮਰ ਸਕਦੇ ਹਨ, ਪਰ ਇਸ ਦੇ ਜੁਆਬ ਵਿਚ ਭਾਰਤੀ ਪ੍ਰਮਾਣੂ ਹਮਲੇ ਨਾਲ ਪਾਕਿਸਤਾਨ ਦੇ ਸਾਰੇ ਸ਼ਹਿਰ ਤਬਾਹ ਹੋ ਜਾਣਗੇ।

ਸੁਬਰਾਮਨੀਅਨ ਸਵਾਮੀ ਦੇ ਟਵੀਟ ਅਨੁਸਾਰ ਤਾਂ ਭਾਰਤ ਦੇ ਜੁਆਬੀ ਹਮਲੇ ਨਾਲ ਪਾਕਿਸਤਾਨ ਦਾ ਵਜੂਦ ਹੀ ਖਤਮ ਹੋ ਜਾਏਗਾ। ਇਸ ਪਾਗਲਪਣ ਦਾ ਕੋਈ ਵੀ ਸਿਆਣਾ ਅਤੇ ਸਵੇਦਨਸ਼ੀਲ ਮਨੁਖ ਜੁਆਬ ਨਹੀਂ ਦੇ ਸਕਦਾ, ਕਿਉਂਕਿ ਦੁਨੀਆਂ ਭਰ ਦੇ ਸਿਆਣੇ ਲੋਕਾਂ ਦਾ ਹੁਣ ਤਕ ਇਹੀ ਤਰਕ ਰਿਹਾ ਹੈ ਕਿ ਪ੍ਰਮਾਣੂ ਜੰਗ ਵਿਚੋਂ ਕੋਈ ਜੇਤੂ ਨਹੀਂ ਨਿਕਲ ਸਕਦਾ, ਸਿਰਫ ਤਬਾਹੀ ਹੀ ਤਬਾਹੀ ਹੈ। ਸਭ ਨੂੰ ਪਤਾ ਹੈ ਕਿ ਇਨ੍ਹਾਂ ਦੇ ਪੁਰਖੇ ਕੌਰਵਾਂ ਨੇ ਸ੍ਰੀ ਕ੍ਰਿਸ਼ਨ ਜੀ ਦੇ ਕਹਿਣ ਦੇ ਬਾਵਜੂਦ ਪਾਂਡਵਾਂ ਨੂੰ ਪੰਜ ਪਿੰਡ ਨਹੀਂ ਸਨ ਦਿੱਤੇ, ਪਰ ਮਹਾਂਭਾਰਤ ਦੀ ਜੰਗ ਵਿਚ 16 ਖੂਹਣੀਆਂ ਲੋਕ ਮਰਵਾ ਲਏ ਸਨ। ਇਹ ਅਜੋਕੇ ਕੌਰਵ ਕਸ਼ਮੀਰ ਦੇ 80 ਲੱਖ ਲੋਕਾਂ ਦੀ ਕੀਮਤ ਉਤੇ ਆਪਣਾ ਰਾਜ ਕਾਇਮ ਰੱਖਣ ਲਈ ਬਜ਼ਿਦ ਹਨ। ਇਹ ਕੌਰਵ ਅਜੇ ਸਿਰਫ ਪੌਣੀ ਸਦੀ ਪਹਿਲਾਂ ਹਿਟਲਰ ਦੇ ਹੋਏ ਹਸ਼ਰ ਨੂੰ ਵੀ ਭੁੱਲ ਗਏ ਹਨ। ਇਸ ਹਾਲਤ ਵਿਚ ਇਸ ਖੇਤਰ ਦੇ ਲੋਕਾਂ ਦਾ ਅਕਾਲ ਪੁਰਖ ਆਪ ਹੀ ਰਾਖਾ ਹੈ।


## ਵੇਟਰ ਅਤੇ ਕਿਚਨ ਹੈਲਪਰ ਦੀ ਲੋੜ ਹੈ

**ਇੰਡੀਅਨਐਪੋਲਿਸ, ਇੰਡੀਆਨਾ ਵਿਚ ਅੰਬਰ ਇੰਡੀਅਨ ਰੈਸਟੋਰੈਂਟ ਅਤੇ ਇੰਡੀਆ ਪੈਲੇਸ ਰੈਸਟੋਰੈਂਟ ਲਈ ਵੇਟਰ ਅਤੇ ਕਿਚਨ ਹੈਲਪਰ (ਡਿਸ਼ ਵਾਸ਼ਰ) ਦੀ ਲੋੜ ਹੈ।**

**ਚੰਗੀ ਤਨਖਾਹ ਤੇ ਹੋਰ ਸਹੂਲਤਾਂ**

**ਸੰਪਰਕ ਕਰੋ, ਲਖਵੀਰ ਸਿੰਘ ਜੌਹਲ**

**ਫੋਨ: 317-709-7800**

34-

# ਹੇ ਬਾਬਾ ਨਾਨਕ !

ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

**ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਘਰ ਦੀਆਂ ਸਿਫਤਾਂ ਦੱਸੀਆਂ ਸਨ, "ਘਰ, ਪਿਆਰ ਦਾ ਮੰਦਿਰ, ਮਾਪਿਆਂ ਦੀਆਂ ਦੁਆਵਾਂ ਦਾ ਦੁਆਰ, ਭੈਣਾਂ-ਭਰਾਵਾਂ ਦਾ ਪਿਆਰ, ਦੋਸਤੀਆਂ ਦਾ ਰੈਣ-ਬਸੇਰਾ, ਯਾਦਾਂ ਦਾ ਸਿਰਜਣ-ਦੁਆਰ ਅਤੇ ਸੁਪਨਿਆਂ ਦਾ ਅੰਬਰੀ-ਪਸਾਰ।" ਇਸ ਵਰ੍ਹੇ ਸਿੱਖ ਬਾਬੇ ਨਾਨਕ ਦੇ 550ਵੀਂ ਜਨਮ ਸ਼ਤਾਬਦੀ ਮਨਾ ਰਹੇ ਹਨ, ਪਰ ਵੇਖਣ ਵਾਲੀ ਗੱਲ ਹੈ ਕਿ ਸਿੱਖ ਬਾਬੇ ਨਾਨਕ ਦੀ ਦਿੱਤੀ ਮੱਤ ਨਾਲ ਕਿੰਨੇ ਕੁ ਜੁੜੇ ਹੋਏ ਹਨ? ਹਥਲੇ ਲੇਖ ਵਿਚ ਡਾ. ਭੰਡਾਲ ਨੇ ਬਾਬੇ ਨਾਨਕ ਦੀ ਬਾਣੀ ਤੋਂ ਨਾ ਸਿਰਫ ਟੁੱਟੇ ਸਗੋਂ ਉਲਟ ਚੱਲ ਰਹੇ ਅਜੋਕੇ ਸਿੱਖਾਂ ਦੀ ਗਾਥਾ ਬਿਆਨੀ ਹੈ। ਉਹ ਕਹਿੰਦੇ ਹਨ, "ਵਪਾਰ ਮਾੜਾ ਨਹੀਂ, ਪਰ ਜਦ ਇਹ ਧਰਮ ਨੂੰ ਵੇਚਣ ਲੱਗ ਪਵੇ, ਮਨੁੱਖੀ ਕਮੀਨਗੀ ਦਾ ਆਧਾਰ ਬਣ ਜਾਵੇ, ਗੁਰਦੁਆਰਿਆਂ ਨੂੰ ਕਾਰਪੋਰੇਟ ਅਦਾਰੇ ਬਣਾ ਲਿਆ ਜਾਵੇ, ਨਿੱਜੀ ਜਾਇਦਾਦ ਸਮਝ ਲਿਆ ਜਾਵੇ ਅਤੇ 'ਘਰ ਘਰ ਅੰਦਰੁ ਧਰਮਸਾਲ...' ਦੀ ਥਾਂ ਘਰਾਂ ਨੂੰ ਗੁਰਦੁਆਰੇ ਰਜਿਸਟਰ ਕਰਵਾ ਕੇ, ਸਰਕਾਰੀ ਛੋਟਾਂ ਲੈਣ ਦਾ ਵਸੀਲਾ ਬਣਾ ਲਿਆ ਜਾਵੇ ਤਾਂ ਤੇਰੀ ਸੋਚ ਵਿਚਲੇ ਸਚਿਆਰੇਪਨ ਅਤੇ ਨਿਆਰੇਪਨ ਨੂੰ ਗੰਧਲਾ ਹੀ ਕਰ ਰਹੇ ਹਾਂ।" -ਸੰਪਾਦਕ**

ਹੇ ਬਾਬਾ ਨਾਨਕ! ਤੇਰੇ ਸੇਵਕ ਇਸ ਸਾਲ ਤੇਰੀ 550ਵੀਂ ਜਨਮ ਸ਼ਤਾਬਦੀ 'ਤੇ ਸਮਾਗਮ, ਸ਼ੋਰ ਤੇ ਸ਼ੁਹਰਤ ਲਈ ਬੜੇ ਜ਼ੋਰਾਂ-ਸ਼ੋਰਾਂ ਨਾਲ ਦੁਨੀਆਂ ਭਰ ਵਿਚ ਮਨਾ ਰਹੇ ਨੇ। ਵੱਖ-ਵੱਖ ਪ੍ਰੋਗਰਾਮ ਉਲੀਕੇ ਜਾਣਗੇ, ਜਿਸ ਵਿਚ ਤੇਰੀ ਬਾਣੀ ਦੀ ਸ਼ਾਇਦ ਗੱਲਬਾਤ ਥੋੜ੍ਹੀ ਹੀ ਹੋਵੇ। ਨਾਨਕ ਗੁਰੂ ਜਾਂ ਨਾਨਕ ਪੀਰ ਬਾਰੇ ਬਹੁਤ ਗੱਲਾਂ ਹੋਣਗੀਆਂ, ਪਰ ਨਾਨਕ ਸ਼ਾਹ ਫਕੀਰ ਬਾਰੇ ਸ਼ਾਇਦ ਕੋਈ ਗੱਲ ਨਾ ਕਰੇ। ਸੋਚਿਆ ਮਨਾ! ਨਾਨਕ ਸ਼ਾਹ ਫਕੀਰ ਨਾਲ ਇਕ ਪਾਸੜ ਸੰਵਾਦ ਹੀ ਰਚਾ ਲਿਆ ਜਾਵੇ, ਜੋ ਤੇਰੀ ਫਿਤਰਤ ਤਾਂ ਨਹੀਂ ਸੀ, ਪਰ ਮੇਰੇ ਕੋਲ ਹੋਰ ਚਾਰਾ ਵੀ ਨਹੀਂ। ਇਸ ਬਹਾਨੇ ਮੈਂ ਖੁਦ ਦੇ ਰੂਬਰੂ ਹੋ, ਆਪਣੀਆਂ ਕਮੀਆਂ, ਕੁਤਾਹੀਆਂ ਤੇ ਕੁਰੀਤੀਆਂ ਨੂੰ ਜਾਣਨ, ਸਮਝਣ ਅਤੇ ਇਸ ਤੋਂ ਕੁਝ ਸਿੱਖ ਕੇ ਜੀਵਨ-ਜਾਚ ਨੂੰ ਤੇਰੀ ਸੋਚ ਅਨੁਸਾਰ ਕਰ ਸਕਿਆ ਤਾਂ ਇਹ ਮੇਰਾ ਹਾਸਲ ਹੋਵੇਗਾ।

ਹੇ ਬਾਬਾ ਨਾਨਕ! ਤੂੰ 20 ਰੁਪਿਆਂ ਦਾ ਅਜਿਹਾ ਵਪਾਰ ਕੀਤਾ ਕਿ ਤੇਰੀ ਦਿੱਭ-ਦ੍ਰਿਸ਼ਟੀ ਨੇ ਲੰਗਰ ਪ੍ਰਥਾ ਨੂੰ ਜਨਮ ਦਿਤਾ, ਜੋ ਭੁੱਖਿਆਂ ਲਈ ਭੋਜਨ ਅਤੇ ਲੋੜਵੰਦਾਂ ਲਈ ਮਦਦ ਦੇ ਰੂਪ ਵਿਚ ਸਿੱਖ-ਸੋਚ ਦਾ ਹਿੱਸਾ ਬਣਨੀ ਚਾਹੀਦੀ ਸੀ, ਪਰ ਪੂਰਨ ਰੂਪ ਵਿਚ ਬਣ ਨਹੀਂ ਸਕੀ। ਇਸ ਨੂੰ ਗ੍ਰਸ ਲਿਆ ਏ ਉਨ੍ਹਾਂ ਕੁਰੀਤੀਆਂ ਨੇ, ਜਿਨ੍ਹਾਂ ਤੋਂ ਬਚਣ ਦੀ ਬੜੀ ਲੋੜ ਸੀ।

ਬਾਬਾ! ਤੂੰ ਹੀ ਦੱਸ ਜਦ ਲੰਗਰ ਦਿਖਾਵਾ ਬਣ ਜਾਵੇ, ਭੋਜਨ ਦੀ ਬਰਬਾਦੀ ਹੋਵੇ, ਇਸ ਦੀ ਰਹਿੰਦ-ਖੂੰਹਦ ਵਾਤਾਵਰਣ ਨੂੰ ਪਲੀਤ ਕਰੇ, ਰੱਜਿਆਂ ਨੂੰ ਹੋਰ ਰਜਾਇਆ ਜਾਵੇ, ਸੈਂਕੜਿਆਂ ਦੀ ਗਿਣਤੀ ਵਿਚ ਲੰਗਰ ਦੇ ਸਟਾਲ ਲਾਏ ਜਾਣ, ਕਿਸੇ ਵਿਸ਼ਵ ਕਾਨਫਰੰਸ ਵਿਚ ਵੀ ਗੁਰਦੁਆਰੇ ਤੋਂ ਲਿਆ ਕੇ ਲੰਗਰ ਵਰਤਾਇਆ ਜਾਵੇ ਜਾਂ ਕਿਸੇ ਵੱਡੇ ਵਿਅਕਤੀ ਦੇ ਨਿੱਜੀ ਸਮਾਗਮ, ਭੋਗ ਜਾਂ ਅੰਤਿਮ ਅਰਦਾਸ ਦੇ ਮੌਕੇ ਗੁਰਦੁਆਰੇ ਤੋਂ ਚੁੱਕਵਾਂ ਲੰਗਰ ਲਿਆਂਦਾ ਜਾਵੇ ਤਾਂ ਲੰਗਰ ਦੀ ਆਤਮਾ ਕੁਰਲਾ ਉਠਦੀ ਏ। ਲੰਗਰ, ਲੰਗਰ ਨਹੀਂ ਰਹਿੰਦਾ। ਪੰਗਤ ਤੇ ਸੰਗਤ ਦੀ ਪਰੰਪਰਾ ਪੀੜਤ ਹੋ ਜਾਂਦੀ ਏ ਅਤੇ ਇਸ ਪੀੜ ਵਿਚੋਂ ਉਭਰਨ ਲਈ ਤੂੰ ਹੀ ਕੋਈ ਸੁਮੱਤ ਦੇਹ!

ਹੇ ਬਾਬਾ ਨਾਨਕ! "ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ॥ ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ॥" ਰਾਹੀਂ ਬਾਹਰਲੇ ਦਿਖਾਵੇ ਨੂੰ ਨਿੰਦਣ ਵਾਲੇ ਤੇਰੇ ਬਾਣੀ-ਬੋਲ ਆਪਣੀ ਹੋਣੀ 'ਤੇ ਹੰਝੂ ਵਹਾਉਣ ਤੋਂ ਬਿਨਾ ਹੋਰ ਕਰ ਵੀ ਕੀ ਸਕਦੇ ਨੇ, ਜਦ ਕੋਈ ਮਨੁੱਖ ਬਾਣੀ ਤੋਂ ਬਾਣੇ ਵਾਲੇ ਰਾਹ ਤੁਰ ਪਵੇ। ਜੀਵਨੀ ਸਿਆਣਪ ਅਤੇ ਸੰਵੇਦਨਾ, ਸੋਗ ਮਨਾਉਣ ਲੱਗ ਪੈਂਦੀ ਏ। ਅਸੀਂ ਸਿਰਫ ਬਾਣੇ ਤੀਕ ਸੀਮਤ ਹੋ ਗਏ ਹਾਂ। ਤੂੰ ਤਾਂ ਕਦੇ ਵੀ ਬਾਣੇ ਨੂੰ ਤਰਜੀਹ ਨਹੀਂ ਸੀ ਦਿਤੀ। ਜਿਸ ਖੇਤਰ ਵਿਚ ਵੀ ਗਿਆ, ਉਨ੍ਹਾਂ ਦਾ ਹੀ ਹੋ ਗਿਆ ਅਤੇ ਉਹ ਤੇਰੇ ਹੋ ਗਏ। ਇਨ੍ਹਾਂ ਬਾਣਿਆਂ ਨੇ ਸਿੱਖੀ ਨੂੰ ਸੀਮਤ ਕਰਨ ਦੀ ਕੋਸ਼ਿਸ਼ ਤਾਂ ਕੀਤੀ ਏ, ਪਰ ਇੰਜ ਹੋਣਾ ਨਹੀਂ। ਅੱਜ ਕੱਲ ਸ਼ਰਧਾਲੂਆਂ ਦੇ ਘਰਾਂ ਤੇ ਗੁਰਦੁਆਰਿਆਂ ਵਿਚ ਤੇਰੀ ਸੋਭਾ ਸਿੰਘੀ ਫੋਟੋ ਆਮ ਪ੍ਰਚਲਿਤ ਏ, ਜਿਸ ਦਾ ਤੇਰੇ ਸਰੂਪ ਨਾਲ ਕੋਈ ਵਾਹ ਵਾਸਤਾ ਨਹੀਂ ਅਤੇ ਅਸੀਂ ਬੁੱਤ ਪੂਜਾ ਦੀ ਮਨਾਹੀ ਕਰਨ ਵਾਲੇ ਦੀ ਫੋਟੋ ਨੂੰ ਹੀ ਪੂਜਣਾ ਸ਼ੁਰੂ ਕਰ ਦਿੱਤਾ ਏ।

ਹੇ ਬਾਬਾ ਨਾਨਕ! ਤੂੰ ਤਾਂ ਉਸ ਵਕਤ ਵਿਚ ਹਿੰਦੂ ਅਤੇ ਇਸਲਾਮ ਧਰਮਾਂ ਦਰਮਿਆਨ ਇਕ ਅਜਿਹੇ ਧਰਮ ਦੀ ਮੋੜ੍ਹੀ ਗੱਡੀ, ਜੋ ਬਿਰਖ ਬਣ ਕੇ ਦੂਰ ਦੂਰ ਤੀਕ ਮੌਲਿਆ। ਜਿਸ ਨੇ ਸਿੱਖ ਧਰਮ, ਫਲਸਫੇ ਤੇ ਸੋਚ ਨੂੰ ਵਿਸ਼ਾਲਤਾ ਬਖਸ਼ੀ। ਅਸੀਂ ਤਾਂ ਵੱਖ-ਵੱਖ ਡੇਰਿਆਂ, ਪਰੰਪਰਾਵਾਂ ਤੇ ਮਰਿਆਦਾਵਾਂ ਰਾਹੀਂ ਸਿੱਖੀ ਜੋਤ ਨੂੰ ਨਿੱਜੀ ਦਾਇਰਿਆਂ ਤੀਕ ਸੀਮਤ ਕਰ, ਇਸ ਦੇ ਚਾਨਣ ਦਾ ਪਸਾਰ ਰੋਕਣ ਲਈ ਲਾਮਬੰਦ ਹੋ ਗਏ ਹਾਂ। ਸਿੱਖੀ ਵਿਸ਼ਾਲਤਾ ਦਾ ਨਾਮ ਏ, ਸੰਗੋੜਨ ਦਾ ਨਹੀਂ। ਜੋ ਲੋਕ ਤੇਰੀ ਬਾਣੀ 'ਤੇ ਕਾਬਜ਼ ਨੇ, ਉਨ੍ਹਾਂ ਦੀ ਪਹਿਲ, ਇਸ ਨੂੰ ਨਿੱਜ ਤੀਕ ਸੀਮਤ ਕਰਨ ਦੀ ਏ। ਇਸ ਕਰਕੇ ਸਿੱਖ-ਚਿੰਤਨ ਨੂੰ ਦੁਨੀਆਂ ਭਰ ਵਿਚ ਪ੍ਰਚਾਰਨ ਵੱਲੋਂ ਬੇਰੁਖੀ ਹੋ ਰਹੀ ਏ। ਡਰ ਲੱਗਦਾ ਏ ਕਿ ਜੈਨ ਅਤੇ ਬੁੱਧ ਧਰਮ ਵਾਂਗ ਸਿੱਖ ਧਰਮ ਪੰਜਾਬ ਵਿਚੋਂ ਖਤਮ ਨਾ ਕਰ ਦਿੱਤਾ ਜਾਵੇ। ਜੇ ਮੇਰੀ ਕੂਕ ਤੇਰੇ ਤੀਕ ਪਹੁੰਚਦੀ ਹੋਵੇ ਤਾਂ ਸਾਨੂੰ ਸਿਆਣਪ ਦੇਹ ਕਿ ਅਸੀਂ ਇਨ੍ਹਾਂ ਦੇ ਗਲਬੇ ਤੋਂ ਮੁਕਤ ਹੋ, ਖੁਦ ਹੀ ਸਿੱਖੀ ਸੋਚ ਨੂੰ ਜੀਵਨ ਵਿਚ ਅਪਨਾਈਏ।

ਹੇ ਬਾਬਾ ਨਾਨਕ! "ਸਚੁ ਵਾਪਾਰੁ ਕਰਹੁ ਵਾਪਾਰੀ..." ਦੇ ਬ੍ਰਹਮ ਬੋਲ ਮੈਨੂੰ ਤਾਂ ਉਚੀ ਅਵਾਜ਼ ਵਿਚ ਸੁਣਾਈ ਦੇ ਰਹੇ ਨੇ। ਪਰ ਕੀ ਕਰਾਂ ਤੇਰਾ ਕੋਈ ਵੀ ਸਿੱਖ ਇਨ੍ਹਾਂ ਨੂੰ ਸੁਣਨ ਲਈ ਰਾਜ਼ੀ ਨਹੀਂ। ਉਹ ਸੋਚਦੇ ਨੇ ਕਿ ਵਪਾਰ ਵਿਚ ਝੂਠ, ਠੱਗੀ ਅਤੇ ਹੇਰਾ-ਫੇਰੀ ਜਾਇਜ਼ ਏ ਅਤੇ ਇਸ ਧਾਰਨਾ ਅਨੁਸਾਰ ਹੀ ਵਪਾਰ ਕਰਦੇ, ਲੋਕ ਭਲਾਈ ਦੇ ਕਾਰਜਾਂ ਦਾ ਵਿਖਾਵਾ ਕਰ ਰਹੇ ਨੇ ਤਾਂ ਕਿ ਉਹ ਦਿਖਾ ਸਕਣ ਕਿ ਉਹ ਵੱਡੇ ਧਰਮੀ ਹਨ। ਵਪਾਰ ਮਾੜਾ ਨਹੀਂ, ਪਰ ਜਦ ਇਹ ਧਰਮ ਨੂੰ ਵੇਚਣ ਲੱਗ ਪਵੇ, ਮਨੁੱਖੀ ਕਮੀਨਗੀ ਦਾ ਆਧਾਰ ਬਣ ਜਾਵੇ, ਗੁਰਦੁਆਰਿਆਂ ਨੂੰ ਕਾਰਪੋਰੇਟ ਅਦਾਰੇ ਬਣਾ ਲਿਆ ਜਾਵੇ, ਨਿੱਜੀ ਜਾਇਦਾਦ ਸਮਝ ਲਿਆ ਜਾਵੇ ਅਤੇ 'ਘਰ ਘਰ ਅੰਦਰੁ ਧਰਮਸਾਲ...' ਦੀ ਥਾਂ ਘਰਾਂ ਨੂੰ ਗੁਰਦੁਆਰੇ ਰਜਿਸਟਰ ਕਰਵਾ ਕੇ, ਸਰਕਾਰੀ ਛੋਟਾਂ ਲੈਣ ਦਾ ਵਸੀਲਾ ਬਣਾ ਲਿਆ ਜਾਵੇ ਤਾਂ ਤੇਰੀ ਸੋਚ ਵਿਚਲੇ ਸਚਿਆਰੇਪਨ ਅਤੇ ਨਿਆਰੇਪਨ ਨੂੰ ਗੰਧਲਾ ਹੀ ਕਰ ਰਹੇ ਹਾਂ। ਤੇਰੇ ਨਾਂ 'ਤੇ ਸਥਾਪਤ ਕੀਤੇ ਵਪਾਰਕ ਅਦਾਰੇ ਭਾਈ ਲਾਲੋਆਂ ਦਾ ਲਹੂ ਪੀ, ਦਿਨ ਬਦਿਨ ਵਧ ਫੁਲ ਰਹੇ ਨੇ। ਇਹ ਕੇਹਾ ਵਪਾਰ ਏ? ਤੂੰ ਤਾਂ ਸੱਚ ਦੇ ਵਪਾਰ ਦੀ ਗੱਲ ਕੀਤੀ ਸੀ। ਇਸ ਅਜੋਕੇ ਵਪਾਰ ਤੋਂ ਨਿਜ਼ਾਤ ਮਿਲ ਜਾਵੇ ਤਾਂ ਸਿੱਖੀ ਦੀ ਫੁਲਵਾੜੀ ਹੋਰ ਮਹਿਕੇਗੀ।

ਹੇ ਬਾਬਾ ਨਾਨਕ! "ਤੀਰਥ ਵਰਤ ਸੁਚਿ ਸੰਜਮੁ ਨਾਹੀ ਕਰਮੁ ਧਰਮੁ ਨਹੀ ਪੂਜਾ॥ ਨਾਨਕ ਭਾਇ ਭਗਤਿ ਨਿਸਤਾਰਾ ਦੁਬਿਧਾ ਵਿਆਪੈ ਦੂਜਾ॥" ਜਾਂ "ਪੂਜਾ ਵਰਤ ਤਿਲਕ ਇਸਨਾਨਾ ਪੁੰਨ ਦਾਨ ਬਹੁ ਦੈਨ॥ ਕਹੂੰ ਨ ਭੀਜੈ ਸੰਜਮ ਸੁਆਮੀ ਬੋਲਹਿ ਮੀਠੇ ਬੈਨ॥" ਰਾਹੀਂ ਵਰਤ, ਪੂਜਾ, ਤੀਰਥ ਇਸ਼ਨਾਨ ਆਦਿ ਦੀ ਨਿਖੇਧੀ ਕਰਨ ਵਾਲੇ ਤੇਰੇ ਬੋਲ ਸ਼ਾਇਦ ਖੁਦਕੁਸ਼ੀ ਲਈ ਤਿਆਰ ਹੋ ਜਾਣ, ਕਿਉਂਕਿ ਤੇਰੇ ਸਿੱਖ ਤਾਂ ਉਹ ਸਭ ਕੁਝ ਕਰਨ ਤੀਕ ਹੀ ਸੀਮਤ ਹੋ ਗਏ ਨੇ, ਜਿਨ੍ਹਾਂ ਤੋਂ ਤੂੰ ਵਰਜਿਆ ਸੀ। ਅਸੀਂ ਤੇਰੇ ਕਪੂਤ ਹੀ ਹੋ ਗਏ ਹਾਂ ਅਤੇ ਇਸ ਪਖੰਡਬਾਜੀ ਵਿਚੋਂ ਹੀ ਅਸੀਂ ਤੈਨੂੰ ਧਿਆਉਣ ਦਾ ਭਰਮ ਪਾਲ ਰਹੇ ਹਾਂ। ਸ਼ਬਦ-ਜੋਤ ਨੂੰ ਬੁਝਾ ਕੇ ਕਿਹੜਾ ਹਨੇਰਾ ਦੂਰ ਹੋਵੇਗਾ? ਮਸਤਕ ਚਾਨਣ ਕਿਥੋਂ ਥਿਆਵੇਗਾ? ਤੂੰ ਹੀ ਸੁਮੱਤ ਬਖਸ਼ ਬਾਬਾ!

ਹੇ ਬਾਬਾ ਨਾਨਕ! ਤੇਰੇ ਬੋਲ 'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥' ਸਿਸਕਣ ਲੱਗ ਪਏ, ਜਦ ਭਾਈ ਮਰਦਾਨੇ ਦੇ ਵਾਰਸਾਂ ਨੂੰ ਹਰਿਮੰਦਰ ਸਾਹਿਬ ਵਿਚ ਕੀਰਤਨ ਕਰਨ ਤੋਂ ਵਰਜਣ 'ਤੇ ਨਿਰਾਸ਼ ਜਾਣਾ ਪਿਆ, ਜੋ ਸਿਰਫ ਤੇਰੀ ਇਬਾਦਤ ਕਰਨ ਲਈ ਆਏ ਸਨ। ਜਿਨ੍ਹਾਂ ਦਾ ਬਜ਼ੁਰਗ ਸਾਰੀ ਉਮਰ ਤੇਰਾ ਸਭ ਤੋਂ ਕਰੀਬੀ ਸਾਥੀ ਰਿਹਾ। ਤੇਰੇ ਸਭ ਤੋਂ ਨੇੜਲੇ ਸਾਥੀ ਦੇ ਵਾਰਸਾਂ ਨਾਲ ਅਜਿਹਾ ਵਿਹਾਰ ਦੇਖ ਕੇ ਮਨ ਬਹੁਤ ਉਦਾਸ ਤੇ ਹਤਾਸ਼ ਏ। ਧਿਰਕਾਰੇ ਹੋਇਆਂ ਨੇ ਅੱਕ ਕੇ ਹੁਣ ਰਾਮਦਾਸੀਆਂ, ਰਾਮਗੜ੍ਹੀਆਂ, ਲੁਬਾਣਿਆਂ, ਰਵਿਦਾਸੀਆਂ, ਜੱਟਾਂ, ਰਵਿਦਾਸੀਆਂ ਆਦਿ ਨੇ ਵੱਖ ਵੱਖ ਗੁਰਦੁਆਰੇ ਬਣਾ ਕੇ ਤੈਨੂੰ ਹਿਸਿਆਂ ਵਿਚ ਵੰਡ ਲਿਆ, ਜੋ 'ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ' ਦੀ ਘੋਰ ਅਵੱਗਿਆ ਏ। ਨੀਚਾਂ ਨੂੰ ਗਲੇ ਲਾਉਣ ਵਾਲੇ ਹੇ ਬਾਬਾ ਨਾਨਕ! ਦੇਖ ਤੇਰੇ ਪੈਰੋਕਾਰ ਕਿੰਜ ਦੁਰਕਾਰਦੇ ਨੇ? ਸਿੱਖ ਧਰਮ ਨੂੰ ਹੋਰ ਸੀਮਤ ਕਰ ਰਹੇ ਨੇ। ਇਹ ਸਿੱਖੀ ਦਾ ਘਾਣ ਅਤੇ ਇਸ ਰਾਹੀਂ ਮਨੁੱਖ ਦੇ ਮਰਨ ਲਈ, ਮਰਨ-ਰੁੱਤ ਨੂੰ ਸੱਦਾ ਏ।

ਹੇ ਬਾਬਾ ਨਾਨਕ! ਤੂੰ 'ਬਾਬੇ ਕੀਤੀ ਸਿਧ ਗੋਸ਼ਟਿ...' ਰਾਹੀਂ ਤਰਕ, ਪ੍ਰੇਮ ਅਤੇ ਸੰਵਾਦ ਤੋਂ ਗੋਸ਼ਟਿ ਦੀ ਪਰੰਪਰਾ ਨੂੰ ਸ਼ੁਰੂ ਕਰਕੇ ਵੱਖ-ਵੱਖ ਫਿਰਕਿਆਂ ਤੇ ਧਰਮਾਂ ਵਿਚਲੀ ਕਸ਼ੀਦਗੀ ਤੇ ਕੁੜਿਤਣ ਨੂੰ ਘਟਾ ਕੇ ਪਿਆਰ-ਮੁਹੱਬਤ ਦਾ ਪੈਗਾਮ ਦਿਤਾ। ਆਪਣੀ ਗੱਲ ਸੁਣਾਉਣ ਨਾਲੋਂ ਦੂਜਿਆਂ ਦੀ ਗੱਲ ਸੁਣਨ ਨੂੰ ਪਹਿਲ ਦਿੱਤੀ। ਫਿਰ ਆਪਣੀ ਸੁਣਾਉਣ ਅਤੇ ਸਮਝਾਉਣ ਦੀ ਪਿਰਤ ਪਾਈ। ਇਹ ਪਿਰਤ ਤੇਰੇ ਹੀ ਪੈਰੋਕਾਰ, ਪੈਰੀਂ ਰੋਲ ਰਹੇ ਨੇ। ਉਨ੍ਹਾਂ ਨੂੰ ਕਿਸੇ ਵੱਖਰੇ ਵਿਚਾਰ ਰੱਖਦੇ ਵਿਅਕਤੀ ਦੇ ਵਿਚਾਰਾਂ ਨੂੰ ਸੁਣਨਾ ਗਵਾਰਾ ਨਹੀਂ। ਉਹ ਤਰਕਹੀਣ, ਪੁਖਤਾ ਦਲੀਲ ਤੋਂ ਕੋਰੇ ਅਤੇ ਗਹਿਰ-ਗੰਭੀਰਤਾ ਤੋਂ ਵਿਰਵੇ ਨੇ।

ਹੇ ਬਾਬਾ ਨਾਨਕ! ਕੋਈ ਸੋਚ-ਕਿਰਨ ਇਨ੍ਹਾਂ ਦੇ ਮਸਤਕ ਵਿਚ ਧਰ ਕਿ ਉਹ ਦੂਜਿਆਂ ਦੇ ਵਿਚਾਰਾਂ ਵਿਚੋਂ ਕੁਝ ਚੰਗੇਰਾ ਦੇਖਣ, ਸਮਝਣ ਅਤੇ ਅਪਨਾਉਣ ਦਾ ਜੇਰਾ ਕਰਨ, ਕਿਉਂਕਿ ਵਧੀਆ ਵਿਚਾਰ, ਅਚਾਰ ਜਾਂ ਵਿਹਾਰ ਕਿਧਰੋਂ ਵੀ ਮਿਲ ਜਾਵੇ ਤਾਂ ਸਵੀਕਾਰ ਕਰ ਲੈਣਾ ਚਾਹੀਦਾ। ਤੇਰੇ ਕੁਝ ਨੂੰ ਅਨਿੰਨ ਸ਼ਰਧਾਲੂਆਂ ਦੇ ਸੋਚ-ਦਰਵਾਜੇ ਬੰਦ ਨੇ, ਜਿਸ ਨਾਲ ਹੁੰਮਸ ਗਿਆ ਏ ਦਿਮਾਗੀ-ਜਲਵਾਯੂ। ਇਸ ਕਾਰਨ ਅਜੋਕਾ ਸਿੱਖ ਸਮਾਜ ਇਕ ਭੰਬਲਭੂਸੇ ਅਤੇ ਧੁੰਦਲਕੇ ਦਾ ਸ਼ਿਕਾਰ। ਸਿਰਫ ਤੇਰੇ ਬੋਲਾਂ ਵਿਚਲਾ ਚਾਨਣ ਹੀ ਇਨ੍ਹਾਂ ਨੂੰ ਚਾਹੀਦਾ। ਕਿਉਂਕਿ ਹੁਣ ਤੂੰ ਤਾਂ ਆ ਨਹੀਂ ਸਕਦਾ, ਪਰ ਬਾਣੀ ਦੇ ਬੋਲਾਂ ਵਿਚਲੀ ਰੌਸ਼ਨ ਆਭਾ ਤਾਂ ਹੀ ਹਾਸਲ ਬਣੇਗੀ, ਜੇ ਅਸੀਂ ਬਾਣੀ ਨੂੰ ਸਹੀ ਸੰਦਰਭ ਵਿਚ ਪੜ੍ਹਾਂਗੇ, ਸਮਝਾਂਗੇ ਅਤੇ ਜੀਵਨ ਨੂੰ ਇਸ ਅਨੁਸਾਰ ਜੀਵਾਂਗੇ। ਆਪਣੇ ਸੇਵਕਾਂ 'ਤੇ ਰਹਿਮ ਤਾਂ ਕਰ ਹੀ ਸਕਦੈਂ ਬਾਬਾ?

ਹੇ ਬਾਬਾ ਨਾਨਕ! "ਘਾਲਿ ਖਾਇ ਕਿਛੁ ਹਥਹੁ ਦੇਇ" ਵਰਗੀ ਚੇਤਨਾ ਸਾਡੀ ਜ਼ਮੀਰ ਦਾ ਹਿੱਸਾ ਕਿਉਂ ਨਹੀਂ ਬਣ ਸਕੀ? ਸੋਚਦਾ ਹਾਂ ਕੀ ਕਦੇ ਅਸੀਂ ਕਿਰਤ ਕਮਾਈ ਵਿਚੋਂ ਲੋੜਵੰਦਾਂ ਦੀ ਮਦਦ ਕੀਤੀ ਏ? ਕੀ ਕਿਸੇ ਗਰੀਬ-ਗੁਰਬੇ ਲਈ ਆਪਣੀਆਂ ਅਸੀਮਤ ਸੁੱਖ-ਸਹੂਲਤਾਂ ਨੂੰ ਸੀਮਤ ਕਰਨ ਲਈ ਪਹਿਲ-ਕਦਮੀ ਕੀਤੀ ਏ? ਕੀ ਇਹ ਸਮਾਜਕ ਬਰਾਬਰੀ ਲਈ ਇਨਕਲਾਬੀ ਕਦਮ ਨਹੀਂ ਹੋਵੇਗਾ, ਜਿਸ ਦੀ ਚਾਹਨਾ ਤੁਸਾਂ ਕੀਤੀ ਸੀ। ਪਾਪ ਦੀ ਕਮਾਈ ਕਰਕੇ ਬਣੇ ਧਨਾਢਾਂ ਵਲੋਂ ਦਸਵੰਧ ਦੀ ਕੀਤੀ ਜਾ ਰਹੀ ਬੇਰੁਹਮਤੀ ਮਨ ਨੂੰ ਪੀੜਤ ਕਰਦੀ ਏ? ਕਿੰਜ ਬੰਨਾਵਾਂ ਢਾਰਸ ਡਿੱਗ ਰਹੇ ਮਨ ਨੂੰ? ਤੂੰ ਹੀ ਕੁਝ ਦੱਸ ਬਾਬਾ!

ਹੇ ਬਾਬਾ ਨਾਨਕ! "ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ", "ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ" ਜਾਂ "ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥ ਰਹਾਉ॥ ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥" ਬੋਲ ਹੁਣ ਆਪਣੀ ਹੋਂਦ ਭੁੱਲਣ ਲਈ ਤਿਆਰ ਨੇ। ਬਾਬਰ ਕਾਬਲੋਂ ਨਹੀਂ ਆਉਂਦਾ, ਸਗੋਂ ਆਪਣੇ ਹੀ ਮਿੱਤਰ ਬਣ ਕੇ ਦੁਸ਼ਮਣੀ, ਜ਼ੁਲਮ, ਤਸ਼ੱਦਦ, ਅਨਿਆਂ ਅਤੇ ਜਬਰ 'ਤੇ ਅਜਿਹੇ ਉਤਾਰੂ ਨੇ ਕਿ ਸਿੱਖ ਕਹਿਣ ਲੱਗਿਆਂ ਵੀ ਸ਼ਰਮਸਾਰ ਹੋਈਦਾ। ਖੁਦ ਨੂੰ ਇਸ ਭਾਈਚਾਰੇ ਦਾ ਹਿੱਸਾ ਹੋਣ 'ਤੇ ਨਮੋਸ਼ੀ। ਜਦ ਆਪਣੇ ਹੀ ਆਪਣਿਆਂ ਦਾ ਮਰਸੀਆ ਪੜ੍ਹਦੇ ਹੋਣ, ਸਿਵਾ ਸੇਕਣ ਲਈ ਮਜਬੂਰ ਕਰ ਦੇਣ ਜਾਂ ਸਾਹਾਂ ਨੂੰ ਸੰਤਾਪ ਦੀ ਭੱਠੀ ਬਣਾ ਦੇਣ ਤਾਂ ਦੋਖੀਆਂ ਦੀ ਪਛਾਣ ਸਹਿਜੇ ਹੀ ਹੋ ਜਾਂਦੀ।

ਭੀਖ ਮੰਗਣ ਤੋਂ ਸ਼ਰਮਿੰਦਾ ਹੋਣ ਵਾਲੇ ਸਿੱਖਾਂ ਨੂੰ ਸਮੇਂ ਦੇ ਅਹਿਲਕਾਰਾਂ ਨੇ ਮੰਗਤੇ, ਹੀਣੇ ਤੇ ਬੌਣੇ ਬਣਾ 'ਤਾ। ਮਰ ਗਈ ਏ ਗੈਰਤ। ਬੇਅਣਖੀ ਕੌਮ ਆਪਣੀ ਕਬਰ ਖੁਦ ਪੁੱਟਣ ਲਈ ਜਿੰਮੇਵਾਰ। ਅਜਿਹਾ ਹੀ ਅੱਜ ਕੱਲ ਤੇਰੀ ਜਨਮ ਭੋਂ 'ਤੇ ਹੋ ਰਿਹਾ ਏ, ਜਿਸ 'ਚੋਂ ਨਿਜ਼ਾਤ ਪਾਉਣ ਲਈ ਕੋਈ ਲੋਅ ਨਜ਼ਰ ਨਹੀਂ ਆ ਰਹੀ, ਕਿਉਂਕਿ ਚਾਰੇ ਪਾਸੇ ਏ ਅੰਧੇਰ-ਨਗਰੀ। ਅਦਲੀ ਰਾਜਾ, ਗਿਆਨ-ਵਿਹੂਣੀ ਤੇ ਅੰਧੀ ਰਈਅਤ ਨੂੰ ਕੁਰਾਹੇ ਪਾਉਣ ਤੇ ਨਿੱਜੀ ਮੁਫਾਦ ਦੀ ਪੂਰਤੀ ਲਈ ਵਰਤਣ ਵਿਚ ਕੋਈ ਕਸਰ ਨਹੀਂ ਛੱਡ ਰਿਹਾ।

ਭਾਈ ਗੁਰਦਾਸ ਦੇ ਬੋਲ 'ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣ ਹੋਇਆ' ਤਾਂ ਵੈਰਾਗ-ਹਿਚਕੀ ਬਣ ਕੇ ਰਹਿ ਗਏ ਨੇ। ਜ਼ੁਲਮ ਨੂੰ ਲਲਕਾਰਨ ਵਾਲੀਆਂ ਕਲਮਾਂ ਕੁਝ ਤਾਂ ਖਾਮੋਸ਼ ਹੋ ਗਈਆਂ, ਕੁਝ ਜੀ-ਹਜ਼ੂਰ ਹੋ ਗਈਆਂ ਅਤੇ ਕੁਝ ਖਾਮੋਸ਼ ਕਰ ਦਿਤੀਆਂ ਗਈਆਂ। ਕਲਮ ਹੀ ਨਾ ਰਹੇ ਤਾਂ ਕਿਹੜੇ ਹਰਫ ਬਾਬਰ ਨੂੰ ਵੰਗਾਰ ਬਣਨਗੇ ਅਤੇ ਕਿਨ੍ਹਾਂ ਰਾਹੀਂ ਸਮਿਆਂ ਦਾ ਦੁੱਖ, ਦਰਦ, ਵੈਣ, ਕੀਰਨੇ ਅਤੇ ਅਲਾਹੁਣੀਆਂ ਨੂੰ ਉਲਥਾਇਆ ਜਾਵੇਗਾ? ਹੁਣ ਤਾਂ ਸਿਰਫ ਖਾਮੋਸ਼ੀ ਹੀ ਹੈ, ਜੋ ਚੁੱਪ ਦੀ ਅਵਾਜ਼ ਬਣ ਕੇ ਚੌਗਿਰਦੇ ਵਿਚ ਬੇਗਾਨਗੀ ਦੀ ਜੂਨ ਹੰਢਾਉਣ ਲਈ ਮਜਬੂਰ ਏ। ਕੋਈ ਨਹੀਂ ਉਸ ਦੀ ਹੂਕ ਸੁਣਨ ਲਈ ਤਿਆਰ? ਹਰੇਕ ਹੈ ਮਾਨਸਿਕ ਤੌਰ 'ਤੇ ਬਿਮਾਰ। ਫਿਰ ਕੌਣ ਲਵੇਗਾ ਸਮਾਜਕ ਅਲਾਮਤਾਂ ਦੀ ਸਾਰ?

ਹੇ ਨਾਨਕ! 'ਗਲੀਂ ਅਸੀ ਚੰਗੀਆ ਅਚਾਰੀ ਬੁਰੀਆਹ...' ਰਾਹੀਂ ਮਨੁੱਖੀ ਮਨ ਦੀਆਂ ਤਹਿਆਂ ਫਰੋਲ ਕੇ ਉਨ੍ਹਾਂ ਵਿਚਲਾ ਕੁਸੱਤ, ਕਮੀਨਗੀ ਅਤੇ ਕੂੜ ਨੂੰ ਜੱਗ-ਜਾਹਰ ਕਰਨ ਵਾਲਿਆ, ਅਸੀਂ ਤਾਂ ਪਰਤਾਂ ਵਿਚ ਜਿਉਣਾ ਸਿੱਖ ਲਿਆ ਏ। ਅਸੀਂ ਮੌਕੇ ਵੇਖ ਕੇ ਗਿਰਗਿਟ ਵਾਂਗ ਰੰਗ, ਲਿਬਾਸ, ਬੋਲ ਅਤੇ ਅੰਦਾਜ਼ ਬਦਲਣ ਦੇ ਮਾਹਰ ਹੋ ਗਏ ਹਾਂ। ਸਾਨੂੰ ਤੇਰੀ ਇਸ ਸਿਖਿਆ ਨਾਲ ਕੋਈ ਸਰੋਕਾਰ ਨਹੀਂ, ਕਿਉਂਕਿ ਆਪਣੇ ਨਿੱਜ ਨੂੰ ਪਹਿਲ ਦੇਣੀ, ਰੋਬੋਟ ਵਾਂਗ ਭਾਵਹੀਣ ਹੋਣਾ, ਗੈਰਤ ਵੇਚਣਾ, ਜ਼ਮੀਰ ਦੀ ਬੋਲੀ ਲਾਉਣੀ ਜਾਂ ਖੁਦ ਹੀ ਚੌਰਾਹੇ ਜਾ ਕੇ ਆਪਣੀ ਨਿਲਾਮੀ ਲਾਉਣਾ, ਆਮ ਵਰਤਾਰਾ ਏ। ਦਿਖਾਵੇ ਦੇ ਤਾਂ ਸਿੱਖ ਹਾਂ, ਪਰ ਅਸੀਂ ਅ-ਸਿੱਖ ਹਾਂ। ਜ਼ਹਿਨੀਅਤ ਹੈ ਜਿਨ੍ਹਾਂ ਦੀ ਬਿਮਾਰ। ਤੇਰੇ ਬੋਲ 500 ਸਾਲ ਪਹਿਲਾਂ ਵੀ ਸੱਚੇ ਸਨ ਅਤੇ ਹੁਣ ਵੀ ਬਿਲਕੁਲ ਸੱਚੇ। ਬਦਲਿਆ ਤਾਂ ਕੁਝ ਵੀ ਨਹੀਂ। ਸਿਰਫ ਸਾਲ ਅਤੇ ਕੈਲੰਡਰ ਬਦਲੇ ਨੇ।

ਹੇ ਬਾਬਾ ਨਾਨਕ! ਤੇਰੇ ਬਾਣੀ-ਬੋਲਾਂ "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ..." ਦੀ ਰੂਹ ਕੁਰਲਾਉਂਦੀ ਹੋਵੇਗੀ ਕਿ ਤੇਰੇ ਹੀ ਵਾਰਸਾਂ ਨੇ ਹਵਾ ਪ੍ਰਦੂਸ਼ਿਤ ਕਰ ਦਿਤੀ ਏ, ਪਾਣੀ ਨੂੰ ਪਲੀਤ ਕਰ ਦਿਤਾ ਏ ਅਤੇ ਧਰਤ ਕੀਟਨਾਸ਼ਕਾਂ ਤੇ ਖਾਦਾਂ ਨਾਲ ਜ਼ਹਿਰੀਲੀ ਕਰ ਦਿਤੀ ਏ। ਹੁਣ ਖੇਤਾਂ ਵਿਚ ਖੁਦਕੁਸ਼ੀਆਂ ਦੀ ਫਸਲ ਉਗਦੀ ਏ। ਦਰਿਆ ਬਰੇਤੇ ਬਣ ਗਏ ਨੇ ਅਤੇ ਸਿਸਕਦੀ ਏ ਪੌਣ। ਤੇਰੀ ਸੁਮੱਤ ਨੂੰ ਭੁਲਾ ਕੇ ਕੁਮੱਤ ਦਾ ਸ਼ਿਕਾਰ ਹੋਏ ਤੇਰੇ ਵਾਰਸਾਂ ਤੋਂ ਤੇਰੇ ਬੋਲਾਂ 'ਤੇ ਪਹਿਰੇ ਦੀ ਆਸ ਕਿਵੇਂ ਰੱਖੀ ਜਾ ਸਕਦੀ ਏ? ਅਜਿਹੇ ਵਾਰਸਾਂ ਨੂੰ ਦੱਸ ਕੀ ਕਹਾਂ? ਪੀੜਤ ਮਨ ਤੇਰੇ ਬਾਣੀ ਬੋਲਾਂ ਦੀ ਦੁਹਾਈ ਦਿੰਦਾ ਕੂਕਦਾ ਏ "ਰੁੰਡ-ਮਰੁੰਡ ਰੁੱਖ, ਬੰਜਰ ਕੁੱਖ, ਬੇਗੈਰਤ ਮਨੁੱਖ ਅਤੇ ਉਹ ਪੁੱਛਦੇ ਨੇ ਪੰਜਾਬ ਨੂੰ ਕਿਹੜਾ ਏ ਦੁੱਖ?"

ਹੇ ਬਾਬਾ ਨਾਨਕ! ਤੂੰ "ਤਖਤ ਬਹੈ ਤਖਤੈ ਕੇ ਲਾਇਕ..." 'ਤੇ ਪਹਿਰਾ ਦਿਤਾ। ਪੁੱਤਰ ਮੋਹ ਨੂੰ ਨਕਾਰ ਕੇ ਭਾਈ ਲਹਿਣਾ ਨੂੰ ਗੁਰਗੱਦੀ ਬਖਸ਼ੀ ਤਾਂ ਕਿ ਉਹ ਸਿੱਖੀ ਦੀ ਵਿਚਾਰਧਾਰਾ ਨੂੰ ਉਸ ਸੰਦਰਭ ਵਿਚ ਲੋਕਾਈ ਤੀਕ ਪਹੁੰਚਾ ਸਕੇ, ਜੋ ਤੂੰ ਪਹੁੰਚਾਈ ਸੀ। ਇਹ ਤੁਹਾਡੀ ਦਿੱਭ-ਦ੍ਰਿਸ਼ਟੀ ਅਤੇ ਭਵਿੱਖ ਮੁਖੀ ਸੋਚ ਦਾ ਪ੍ਰਤਾਪ ਹੀ ਸੀ ਕਿ ਸਿੱਖ ਧਰਮ ਦੁਨੀਆਂ ਦਾ ਪੰਜਵਾਂ ਵੱਡਾ ਧਰਮ ਬਣ ਕੇ ਸਮੁੱਚੀ ਮਨੁੱਖਤਾ ਨੂੰ ਪ੍ਰਭਾਵਿਤ ਕਰ ਰਿਹਾ ਏ, ਪਰ ਹੁਣ ਤਾਂ ਤਖਤਾਂ ਤੇ ਗੱਦੀਆਂ ਦੀ ਵਸੀਅਤ ਹੁੰਦੀ। ਇਹ ਵਸੀਅਤਨਾਮਾ ਪੀੜ੍ਹੀ ਦਰ ਪੀੜ੍ਹੀ ਕਾਇਮ ਏ। ਕੌਣ ਜਾਣਦਾ ਏ ਲਿਆਕਤ, ਯੋਗਤਾ, ਗਿਆਨ ਜਾਂ ਸਮਰੱਥਾ ਨੂੰ। ਸਿਰਫ ਗਲਬਾ ਕਾਇਮ ਕਰਨ ਲਈ ਤਖਤ ਤੇ ਗੱਦੀਆਂ ਵਰਤੀਆਂ ਜਾ ਰਹੀਆਂ ਨੇ। ਇਸ ਵਿਚੋਂ ਕਿਹੜੀ ਚੰਗਿਆਈ ਤੇ ਸੁਚੱਜ ਦੀ ਆਸ ਰੱਖੋਗੇ? ਕਿਹੜੇ ਦਾਅਵਿਆਂ ਦੀ ਪੂਰਤੀ ਹੋਵੇਗੀ? ਕਿਸ ਤਰ੍ਹਾਂ ਦੀ ਲੋਕ-ਭਲਾਈ ਨੂੰ ਤਰਜੀਹ ਦੇਵੋਗੇ? ਕਿਹੜੇ ਸਮਾਜ ਜਾਂ ਧਰਮ ਨੂੰ ਉਚੇਰੀਆਂ ਬੁਲੰਦੀਆਂ ਤੀਕ ਪਹੁੰਚਾਉਣ ਅਤੇ ਦਿੱਖ ਨੂੰ ਰੁਸ਼ਨਾਉਣ ਲਈ ਮਨ-ਚਾਹਨਾ ਪੈਦਾ ਹੋਵੇਗੀ? ਨਿੱਜੀ ਮੁਫਾਦ ਤੀਕ ਸੀਮਤ ਹੋ ਗਈ ਸੋਚ ਵਿਚੋਂ ਕਿਸੇ ਚੰਗਿਆਈ ਦੀ ਆਸ ਰੱਖਣਾ ਬੇਥਵਾ ਤੇ ਬੇਲੋੜਾ। ਅਸੀਂ ਅਜਿਹੀ ਮਾਨਸਿਕਤਾ ਦੇ ਸ਼ਿਕਾਰ। ਆਮ ਸਿੱਖ ਭੁਗਤ ਰਿਹਾ ਏ ਚੌਧਰੀਆਂ ਦੀ ਨਾਕਾਮੀ, ਬਦਨਾਮੀ ਅਤੇ ਬੇਗੈਰਤਾ ਦਾ ਖਮਿਆਜ਼ਾ।


ਹੇ ਬਾਬਾ ਨਾਨਕ! ਮੈਨੂੰ ਪਤਾ ਹੈ ਕਿ ਬਹੁਤੇ ਸਿੱਖ ਤੇਰੇ ਗੁਣਗਾਨ ਕਰ ਰਹੇ ਨੇ। ਇਸ ਵਿਚੋਂ ਹੀ ਬਹੁਤ ਸਾਰਿਆਂ ਦੀ ਰੋਜ਼ੀ-ਰੋਟੀ ਦਾ ਜੁਗਾੜ ਜੁ ਬਣਦਾ, ਕਿਉਂਕਿ ਹੁਣ ਗੁਰਬਾਣੀ ਵਿੱਕ ਰਹੀ ਏ, ਕੀਰਤਨ ਵਿਕਾਊ ਏ ਅਤੇ ਧਰਮ-ਪ੍ਰਚਾਰ ਮੁੱਲ ਦਾ ਏ। ਸੱਚ ਨੂੰ ਸੱਚ ਕਹਿਣ ਅਤੇ ਸੱਚ ਜਿਉਣ ਦੀ ਜੁਰਅਤ ਨਹੀਂ। ਅਜਿਹੇ ਵਕਤਾਂ ਵਿਚ ਤੇਰੀ ਬਾਣੀ ਦੇ ਕਠੋਰ ਸੱਚ ਦਾ ਜੁਰਅਤੀ ਅੰਦਾਜ਼ ਅਤੇ ਧਰਮ ਦੇ ਠਾਕਰਾਂ ਨੂੰ ਕਟਹਿਰੇ ਵਿਚ ਖੜ੍ਹਾ ਕਰਨ ਦੀ ਹਿੰਮਤ ਕਿਸ ਕੋਲ ਏ? ਜਦ ਲੋਕਾਂ ਨੂੰ

(ਬਾਕੀ ਅਗਲੇ ਸਫੇ 'ਤੇ)

**ਹੇ ਬਾਬਾ ਨਾਨਕ! ਤੇਰੇ ਬੋਲ 'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥' ਸਿਸਕਣ ਲੱਗ ਪਏ, ਜਦ ਭਾਈ ਮਰਦਾਨੇ ਦੇ ਵਾਰਸਾਂ ਨੂੰ ਹਰਿਮੰਦਰ ਸਾਹਿਬ ਵਿਚ ਕੀਰਤਨ ਕਰਨ ਤੋਂ ਵਰਜਣ 'ਤੇ ਨਿਰਾਸ਼ ਜਾਣਾ ਪਿਆ, ਜੋ ਸਿਰਫ ਤੇਰੀ ਇਬਾਦਤ ਕਰਨ ਲਈ ਆਏ ਸਨ। ਜਿਨ੍ਹਾਂ ਦਾ ਬਜ਼ੁਰਗ ਸਾਰੀ ਉਮਰ ਤੇਰਾ ਸਭ ਤੋਂ ਕਰੀਬੀ ਸਾਥੀ ਰਿਹਾ। ਤੇਰੇ ਸਭ ਤੋਂ ਨੇੜਲੇ ਸਾਥੀ ਦੇ ਵਾਰਸਾਂ ਨਾਲ ਅਜਿਹਾ ਵਿਹਾਰ ਦੇਖ ਕੇ ਮਨ ਬਹੁਤ ਉਦਾਸ ਤੇ ਹਤਾਸ਼ ਏ। ਧਿਰਕਾਰੇ ਹੋਇਆਂ ਨੇ ਅੱਕ ਕੇ ਹੁਣ ਰਾਮਦਾਸੀਆਂ, ਰਾਮਗੜ੍ਹੀਆਂ, ਲੁਬਾਣਿਆਂ, ਰਵਿਦਾਸੀਆਂ, ਜੱਟਾਂ, ਰਵਿਦਾਸੀਆਂ ਆਦਿ ਨੇ ਵੱਖ ਵੱਖ ਗੁਰਦੁਆਰੇ ਬਣਾ ਕੇ ਤੈਨੂੰ ਹਿਸਿਆਂ ਵਿਚ ਵੰਡ ਲਿਆ, ਜੋ 'ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ' ਦੀ ਘੋਰ ਅਵੱਗਿਆ ਏ। ਨੀਚਾਂ ਨੂੰ ਗਲੇ ਲਾਉਣ ਵਾਲੇ ਹੇ ਬਾਬਾ ਨਾਨਕ! ਦੇਖ ਤੇਰੇ ਪੈਰੋਕਾਰ ਕਿੰਜ ਦੁਰਕਾਰਦੇ ਨੇ? ਸਿੱਖ ਧਰਮ ਨੂੰ ਹੋਰ ਸੀਮਤ ਕਰ ਰਹੇ ਨੇ। ਇਹ ਸਿੱਖੀ ਦਾ ਘਾਣ ਅਤੇ ਇਸ ਰਾਹੀਂ ਮਨੁੱਖ ਦੇ ਮਰਨ ਲਈ, ਮਰਨ-ਰੁੱਤ ਨੂੰ ਸੱਦਾ ਏ।**

# ਬਾਬੇ ਨਾਨਕ ਨਾਲ ਕਿਵੇਂ ਚੱਲੀਏ?

ਗੁਰੂ ਨਾਨਕ ਦੇਵ ਜੀ ਨਾਲ ਚੱਲਣਾ ਜਿੰਨਾ ਕੁ ਮੁਸ਼ਕਿਲ ਉਨ੍ਹਾਂ ਦੇ ਸਮੇਂ ਵਿਚ ਸੀ, ਓਨਾ ਹੀ ਮੁਸ਼ਕਿਲ ਅੱਜ ਵੀ ਹੈ। ਇਸ ਸਮੱਸਿਆ ਦੀ ਜੜ੍ਹ ਇਹ ਹੈ ਕਿ ਗੁਰੂ ਜੀ ਦੀ ਮੰਨਣੀ ਹੈ ਕਿ ਗੁਰੂ ਜੀ ਨੂੰ ਮੰਨਣਾ ਹੈ। 'ਦੀ' ਮੰਨਾਂਗੇ ਤਾਂ ਬਾਬਾ ਜੀ ਦੇ ਇਤਿਹਾਸ ਦੀ ਵਿਧੀ ਵਿਚ ਮੰਨ ਰਹੇ ਹੋਵਾਂਗੇ ਅਤੇ 'ਨੂੰ' ਮੰਨਾਂਗੇ ਤਾਂ ਬਾਣੀ ਦੀ ਰੌਸ਼ਨੀ ਵਿਚ ਮੰਨ ਰਹੇ ਹੋਵਾਂਗੇ। ਇਤਿਹਾਸ ਦੀ ਵਿਧੀ ਨੂੰ ਵਰਤਣ ਵਾਸਤੇ ਸੁਣ ਲੈਣ ਨਾਲ ਕੰਮ ਚੱਲ ਜਾਂਦਾ ਹੈ ਅਤੇ ਬਾਣੀ ਦੀ ਵਿਧੀ ਵਰਤਾਂਗੇ ਤਾਂ ਪਹਿਲਾਂ ਸਮਝਣਾ ਪਵੇਗਾ, ਫਿਰ ਉਸੇ ਨੂੰ ਅਹਿਸਾਸ ਵਿਚ



ਪ੍ਰੋ. ਬਲਕਾਰ ਸਿੰਘ ਪਟਿਆਲਾ*
ਫੋਨ: +91-93163-01328

ਉਤਾਰਨਾ ਪਵੇਗਾ ਅਤੇ ਫਿਰ ਅਨੁਭਵੀ ਸ਼ੈਲੀ ਵਿਚ ਪ੍ਰਗਟਾਉਣ ਦੀ ਸਮਰਥਾ ਪੈਦਾ ਕਰਨੀ ਪਵੇਗੀ।

ਜਿੰਨੀ ਪਹਿਲੀ ਇਤਿਹਾਸ ਵਾਲੀ ਵਿਧੀ ਸੌਖੀ ਹੈ, ਓਨੀ ਹੀ ਬਾਣੀ ਵਾਲੀ ਵਿਧੀ ਔਖੀ ਹੈ। ਸੌਖ ਨਾਲ ਤੁਰਨ ਦੀ ਇਨਸਾਨੀ ਫਿਤਰਤ ਕਰਕੇ ਸਿੱਖਾਂ ਨੇ ਬਾਬਾ ਜੀ ਦੀ ਸਿੱਖਿਆ ਨਾਲ ਤੁਰਨ ਦੀ ਥਾਂ ਬਾਬਾ ਜੀ ਦੇ ਇਤਿਹਾਸ ਨਾਲ ਤੁਰਨਾ ਸ਼ੁਰੂ ਕਰ ਦਿੱਤਾ ਹੋਇਆ ਹੈ। ਢਾਡੀਆਂ, ਰਾਗੀਆਂ, ਪ੍ਰਚਾਰਕਾਂ ਅਤੇ ਨੇਤਾਵਾਂ ਨੇ ਸੱਚੇ ਸੌਦੇ ਵਾਲੀ ਸਾਖੀ ਨੂੰ ਲੰਗਰ ਤੋਂ ਅੱਗੇ ਨਹੀਂ ਤੁਰਨ ਦਿੱਤਾ। ਇਸ ਨਾਲ ਇਸ ਘਟਨਾ ਦੀਆਂ ਸਭਿਆਚਾਰਕ, ਧਾਰਮਿਕ ਅਤੇ ਅਧਿਆਤਮਕ ਪਰਤਾਂ ਸਾਹਮਣੇ ਆਉਣੋਂ ਰਹਿ ਹੀ ਗਈਆਂ ਹਨ। ਇਨ੍ਹਾਂ ਕਾਰਨਾਂ ਕਰਕੇ ਅੱਜ 550ਵੇਂ ਪ੍ਰਕਾਸ਼ ਪੁਰਬ 'ਤੇ ਵੀ ਬਾਬਾ ਜੀ ਨੂੰ 1469-1539 ਤੋਂ ਅੱਗੇ ਤੁਰਨ ਹੀ ਨਹੀਂ ਦਿੱਤਾ ਜਾ ਰਿਹਾ। ਇਸ ਵਿਚੋਂ ਆਸਥਾ ਤਾਂ ਨਿਕਲਦੀ ਰਹੀ ਹੈ, ਪਰ ਨੈਤਿਕਤਾ ਨਹੀਂ ਨਿਕਲ ਸਕੀ। ਅਜਿਹਾ ਨਾ ਕਰ ਸਕਣ ਕਰਕੇ "ਜਗਤ ਗੁਰ ਬਾਬਾ" ਦੀਆਂ ਸੰਭਾਵਨਾਵਾਂ ਸਿੱਖ ਗੁਰੂ ਤੱਕ ਸੁੰਗੜ ਗਈਆਂ ਹਨ।

ਸਿੱਖ ਗੁਰੂ ਵਾਲੇ ਬਿੰਬ ਨੂੰ ਲੈ ਕੇ ਵੱਖ ਵੱਖ ਡੇਰੇਦਾਰੀਆਂ ਪੈਦਾ ਹੋ ਗਈਆਂ ਹਨ। ਗੁਰੂ ਬਿੰਬ ਨੂੰ ਲੋੜਾਂ ਮੁਤਾਬਿਕ ਵਰਤਣ ਨੂੰ ਡੇਰੇਦਾਰੀ ਕਹਿ ਰਿਹਾ ਹਾਂ। ਇਸ ਵਿਚ ਸੰਤਾਂ ਤੋਂ ਲੈ ਕੇ ਸਿਆਸਤਦਾਨਾਂ ਤੱਕ ਦੀਆਂ ਸਿੱਖ ਕੋਟੀਆਂ ਪੈਦਾ ਹੋ ਗਈਆਂ ਹਨ। ਇਹ ਨਹੀਂ ਭੁੱਲਣਾ ਚਾਹੀਦਾ ਕਿ ਮੰਡੀਕਰਣ ਦੀ ਭਾਵਨਾ ਵਿਚ ਜਿਹੋ ਜਿਹੇ ਸਿੱਖ ਪੈਦਾ ਹੋ ਗਏ ਹਨ, ਉਨ੍ਹਾਂ ਨੂੰ ਧਰਮਨੁਮਾ-ਸਿਆਸਤਦਾਨ ਅਤੇ ਸਿਆਸਤਨੁਮਾ-ਧਰਮੀਆਂ ਵਜੋਂ ਸਮਝਿਆ ਤੇ ਸਮਝਾਇਆ ਜਾ ਸਕਦਾ ਹੈ। ਇਨ੍ਹਾਂ ਦੋਹਾਂ ਕੋਟੀਆਂ ਨੂੰ ਕਿਸੇ ਕਿਸਮ ਦੇ ਸੋਚੇ ਸਮਝੇ ਏਜੰਡੇ ਦੀ ਲੋੜ ਨਹੀਂ ਹੁੰਦੀ, ਕਿਉਂਕਿ ਦੋਹਾਂ ਕੋਟੀਆਂ ਦੇ ਆਗੂ ਉਹੋ ਜਿਹੀਆਂ ਵਿਧੀਆਂ ਨੂੰ ਏਜੰਡਾ ਸਮਝ ਲੈਂਦੇ ਹਨ, ਜਿਨ੍ਹਾਂ ਰਾਹੀਂ ਆਮ ਬੰਦੇ ਨੂੰ ਪਿਛੇ ਲਾਇਆ ਜਾ ਸਕਦਾ ਹੈ। ਇਹੋ ਜਿਹੇ ਲਾਲਚ ਅਧੀਨ ਆਪੋ ਆਪਣੀ ਅਗਵਾਈ ਵਿਚ ਗੁਰੂ ਦੇ ਨਾਂ 'ਤੇ ਯਾਤਰਾਵਾਂ ਨਿਕਲ ਰਹੀਆਂ ਹਨ ਤੇ ਲੋੜਾਂ ਮੁਤਾਬਿਕ ਪ੍ਰੋਗਰਾਮ ਬਣ ਰਹੇ ਹਨ।

ਕੌਣ ਕਿਸ ਨੂੰ ਪੁੱਛੇ ਕਿ ਇਸ ਵਿਚ ਆਮ ਬੰਦੇ ਦੇ ਬਾਬੇ ਦੀ ਥਾਂ ਖਾਸ ਬੰਦਿਆਂ ਦਾ ਬਾਬਾ ਹੀ ਕਿਉਂ ਸਾਹਮਣੇ ਆਈ ਜਾ ਰਿਹਾ ਹੈ। ਕਿਸ ਨੂੰ ਨਹੀਂ ਪਤਾ ਕਿ ਆਮ ਬੰਦੇ ਦੇ ਬਾਬੇ ਦਾ ਰਾਹ ਸਿਆਸਤ ਅਤੇ ਨੌਕਰਸ਼ਾਹੀ ਦੇ ਅਪਵਿਤਰ ਗਠਜੋੜ ਨੇ ਰੋਕ ਰੱਖਿਆ ਹੈ। ਜਿਥੇ ਤਾਕਤ ਹੋਵੇਗੀ, ਉਥੇ ਨੌਕਰਸ਼ਾਹੀ ਆਪਣੇ ਆਪ ਪੈਦਾ ਹੋ ਜਾਵੇਗੀ। ਇਸ ਤੋਂ ਸਰਕਾਰਾਂ ਨੇ ਤਾਂ ਕੀ ਬਚਣਾ ਹੈ, ਸਿਆਸੀ ਪਾਰਟੀਆਂ ਅਤੇ ਧਾਰਮਿਕ ਸੰਸਥਾਵਾਂ ਵੀ ਬਚੀਆਂ ਹੋਈਆਂ ਨਹੀਂ ਹਨ। ਚੇਤਨਾ ਇਨ੍ਹਾਂ ਸਾਰਿਆਂ ਵਿਚ ਟਿਮਟਮਾ ਤਾਂ ਸਕਦੀ ਹੈ, ਪਰ ਕੋਈ ਜਲਵਾ ਨਹੀਂ ਦਿਖਾ ਸਕਦੀ। ਕਿਸ ਨੂੰ ਕੌਣ ਦੱਸੇ ਕਿ ਨਾਨਕ-ਚਿੰਤਨ ਵਿਚ ਨਿਹਿਤ ਸੰਭਾਵਨਾਵਾਂ ਨੂੰ ਅਧਿਆਤਮਕਤਾ ਦੀ ਸਿਧਾਂਤਕੀ ਰਾਹੀਂ ਹੀ ਕਲਿਆਣਕਾਰੀ ਮਾਡਲ ਵਜੋਂ ਸਾਹਮਣੇ ਲਿਆਂਦਾ ਜਾ ਸਕਦਾ ਹੈ। ਇਸ ਦੀ ਗੈਰਹਾਜ਼ਰੀ ਵਿਚ ਰੰਗੇ ਹੋਏ ਮਨਾਂ ਵਾਲੇ ਨਾਨਕ ਨਾਮਲੇਵਿਆਂ ਦੀ ਥਾਂ ਅਨਰੰਗੇ ਮਨਾਂ ਵਾਲੀ ਭੀੜ ਹੀ ਪੈਦਾ ਹੋ ਸਕੇਗੀ। ਇਹ ਤਾਂ ਹੀ ਵਾਪਰਦਾ ਹੈ, ਜਦੋਂ ਬੀਜੇ ਹੋਏ ਬੀਜ ਨੂੰ ਮੌਲਣ ਵਾਲਾ ਮਾਹੌਲ ਨਹੀਂ ਮਿਲਦਾ। ਸਿੱਖ ਹੋਏ ਬਿਨਾ ਸਿੱਖ ਹੋ ਸਕਣ ਦੀ ਮਿਲੀ ਹੋਈ ਸਹੂਲਤ ਨੂੰ ਨਹੀਂ ਛੱਡਾਂਗੇ ਤਾਂ ਬਾਬੇ ਨਾਨਕ ਦੀ ਸਿੱਖਿਆ ਨਾਲ ਨਹੀਂ ਨਿਭ ਸਕਾਂਗੇ।

ਸੋਚਾਂਗੇ ਤਾਂ ਸਮਝ ਆ ਜਾਏਗਾ ਕਿ ਗੁਰੂ ਨਾਨਕ ਦੇਵ ਜੀ ਜੋਤਿ ਰੂਪ ਵਿਚ ਬਰਾਸਤਾ ਦਸ ਪਾਤਸ਼ਾਹੀਆਂ ਗੁਰੂ ਗ੍ਰੰਥ ਸਾਹਿਬ ਵਿਚ ਸਮਾਏ ਹੋਏ ਹਨ। ਬਾਣੀ ਦੀ ਅਗਵਾਈ ਵਿਚ ਆਮ ਸਿੱਖਾਂ ਨੇ ਜਿਹੋ ਜਿਹੀਆਂ ਮੱਲਾਂ ਮਾਰੀਆਂ ਹਨ, ਸਿੱਖ ਸੰਸਥਾਵਾਂ ਸ਼ਾਇਦ ਇਸ ਕਰਕੇ ਇਹੋ ਜਿਹੇ ਮੁਰਾਤਬੇ ਨੂੰ ਨਹੀਂ ਪਹੁੰਚ ਸਕੀਆਂ, ਕਿਉਂਕਿ ਇਹ ਸਿੱਖ ਅਤੇ ਸਿੰਘ ਦੇ ਤਣਾਓ ਤੋਂ ਬਚ ਨਹੀਂ ਸਕੀਆਂ। ਇਹੋ ਜਿਹੀ ਸਥਿਤੀ ਵਿਚ ਪ੍ਰੋ. ਪੂਰਨ ਸਿੰਘ ਦੀ ਇਹ ਟਿੱਪਣੀ ਧਿਆਨ ਵਿਚ ਰੱਖ ਲਈਏ ਤਾਂ ਤਣਾਓ ਮੁਕਤੀ ਦਾ ਚਾਅ ਪੈਦਾ ਕਰਨ ਦੀ ਸ਼ੁਰੂਆਤ ਸ਼ਤਾਬਦੀਆਂ ਜਿਹੇ ਮਿਲੇ ਹੋਏ ਮੌਕਿਆਂ ਰਾਹੀਂ ਕੀਤੀ ਜਾ ਸਕਦੀ ਹੈ। ਇਸ ਨਾਲ ਬਾਣੀ ਦੇ ਆਕਾਸ਼ ਵਿਚ ਆਪਣੇ ਪਰਾਂ ਨਾਲ ਉਡਣ ਵੱਲ ਸੇਧਤ ਹੋਇਆ ਜਾ ਸਕਦਾ ਹੈ:

ਗੁਰੂ ਦਾ ਮਾਰਗ
ਪੰਛੀਆਂ ਦੇ ਮਾਰਗ ਸਮਾਨ ਹੈ।
ਹਰ ਕਿਸੇ ਨੂੰ
ਮਾਰਗ ਰਹਿਤ ਆਕਾਸ਼ ਵਿਚ
ਆਪਣੇ ਖੰਭਾਂ ਅਨੁਸਾਰ
ਆਪ ਉਡਾਰੀ ਮਾਰਨੀ ਪੈਂਦੀ ਹੈ।

ਇਹ ਹਵਾਲਾ ਇਸ ਕਰਕੇ ਦੇ ਰਿਹਾ ਹਾਂ ਤਾਂ ਕਿ ਇਹ ਦੱਸਿਆ ਜਾ ਸਕੇ ਕਿ ਸੰਭਾਵਨਾਵਾਂ ਦੀ ਜੇ ਸੁਯੋਗ ਵਰਤੋਂ ਨਾ ਕੀਤੀ ਜਾਵੇ ਤਾਂ ਉਹੋ ਜਿਹੀ ਖੜੋਤ ਪੈਦਾ ਹੋ ਜਾਂਦੀ ਹੈ, ਜਿਹੋ ਜਿਹੀ ਖੜੋਤ ਦਾ ਸਾਹਮਣਾ ਨਾਨਕ ਨਾਮਲੇਵਿਆਂ ਨੂੰ ਇਸ ਵੇਲੇ ਕਰਨਾ ਪੈ ਰਿਹਾ ਹੈ। ਇਸ ਬਾਰੇ ਚੇਤੰਨ ਸਿੱਖ ਵਜੋਂ ਪ੍ਰੋ. ਪੂਰਨ ਸਿੰਘ ਦੀ ਇਹ ਟਿੱਪਣੀ ਸਾਂਝੀ ਕਰਨਾ ਚਾਹੁੰਦਾ ਹਾਂ, "ਅਧਿਆਤਮਕਤਾ ਦਾ ਸਿੱਖ ਵਿਚਾਰ-ਸੰਕਲਪ ਜਿਵੇਂ ਕਿ ਗੁਰੂ ਸਾਹਿਬਾਨ ਨੇ ਇਸ ਦੇ ਧਰਤੀ ਦੇ ਪੱਖ ਦੁਆਰਾ ਕਲਪਿਤ ਕੀਤਾ ਹੈ, ਜੀਵਨ ਦੇ ਗਤੀਸ਼ੀਲ ਪੱਖ ਨਾਲ ਵਧੇਰੇ ਮੇਲ ਖਾਂਦਾ ਹੈ। ਇਸ ਦਾ ਸਰੂਪ ਅਸੀਂ ਮਨੁੱਖ ਦੀ ਪ੍ਰਗਤੀਸ਼ੀਲ ਯਾਤਰਾ ਜਾਂ ਵਿਕਾਸ ਵਿਚ ਵੇਖ ਸਕਦੇ ਹਾਂ। ਇਹ ਬੜੀ ਵਿਸ਼ੇਸ਼ ਗੱਲ ਸੀ ਕਿ ਗੁਰੂਆਂ ਤੇ ਸਿੱਖਾਂ-ਦੋਹਾਂ ਨੇ ਹੀ ਪ੍ਰਭੂ ਦੇ ਸੱਚ ਵਲ ਵਧ ਰਹੀ ਮਨੁੱਖਤਾ ਦੀ ਇਸ ਸ਼ੋਭਾ ਯਾਤਰਾ ਨੂੰ ਪ੍ਰੇਮ ਨਾਲ ਨਿਵਾਜਿਆ ਤੇ ਇਸ ਦਾ ਗੁਣ ਗਾਇਨ ਕੀਤਾ। ਗੁਰੂ ਸਾਹਿਬ ਤਾਂ ਉਨਤੀ ਦੇ ਚਾਹਵਾਨ ਸਨ। ਉਹ ਇਤਿਹਾਸ ਵਿਚ ਲੋਕਾਂ ਦੇ ਅੱਗੇ ਵਧਣ ਨੂੰ ਦਿਲੋਂ ਪ੍ਰੇਮ ਕਰਦੇ ਸਨ। ਸਿੱਖ ਮਤ ਮੁਤਾਬਕ ਖੜੋਤ ਜਾਤਾਂ ਦੀ ਨਿਜੀ ਸੜਿਆਂਦ ਦਾ ਹੀ ਜ਼ਹਿਰ ਹੁੰਦਾ ਹੈ।"

ਇਸ ਟੂਕ ਦੀ ਚੂਲ 'ਦੋਹਾਂ' ਤੇ ਗਿਆਨੀ ਸਿਆਨਾ' ਨੂੰ ਪ੍ਰਵਾਨ ਕਰ ਲਈਏ ਤਾਂ ਇਸ ਨਤੀਜੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਜਿਵੇਂ ਬਾਣੀ ਵਿਚ 'ਹਿੰਦੂ ਅੰਨਾ ਤੁਰਕੂ ਕਾਣਾ' ਦਾ ਹਵਾਲਾ ਆਉਂਦਾ ਹੈ, ਉਸੇ ਰੌਹੜ ਵਿਚ ਇਸ ਵੇਲੇ ਗੁਰੂ ਦੇ ਸਿੱਖ ਕਹਾਉਣ ਵਾਲੇ ਰੁੜ੍ਹੀ ਜਾ ਰਹੇ ਹਨ। ਇਹ ਭਾਣਾ ਕਿਸੇ ਵੀ ਧਰਮ ਨੂੰ ਮੰਨਣ ਵਾਲੇ ਨਾਲ ਵਾਪਰ ਸਕਦਾ ਹੈ, ਕਿਉਂਕਿ ਧਰਮ ਨੂੰ ਜਨਮ ਤੋਂ ਮੰਨ ਲੈਣ ਦਾ ਨਤੀਜਾ ਇਹੋ ਜਿਹਾ ਹੀ ਨਿਕਲਣਾ ਹੁੰਦਾ ਹੈ। ਜਦੋਂ ਦੇ ਸਿੱਖ ਜੰਮਣ ਲੱਗ ਪਏ ਹਨ, ਉਦੋਂ ਤੋਂ ਸਿੱਖ ਹੋਣ ਦੀ ਲੋੜ ਘਟਦੀ ਤੁਰੀ ਗਈ ਹੈ। ਇਸ ਹਾਲਤ ਵਿਚ ਇਹੀ ਚੇਤਾ ਕਰਵਾਇਆ ਜਾ ਸਕਦਾ ਹੈ ਕਿ ਸਿੱਖ ਹੋਣ ਵਾਸਤੇ ਬਾਣੀ ਦਾ ਇਹ ਸੱਚ ਧਿਆਨ ਵਿਚ ਰੱਖਣਾ ਪਵੇਗਾ,

ਸਿਖੀ ਸਿਖਿਆ ਗੁਰ ਵੀਚਾਰਿ॥
ਨਦਰੀ ਕਰਮਿ ਲਘਾਏ ਪਾਰਿ॥
(ਪੰਨਾ 465)

---

*ਸਾਬਕਾ ਮੁਖੀ,
ਗੁਰੂ ਗ੍ਰੰਥ ਸਾਹਿਬ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

## ਵੇਈਂ ਨਦੀ ਤੋਂ ਸੱਚ-ਖੰਡ

ਪਤਾ ਨਹੀਂ ਉਹ ਸੁਪਨਾ ਸੀ ਜਾਂ ਕਾਦਰ ਨੇ ਕੋਈ ਖੇਲ ਰਚਾਇਆ।
ਭਿੰਨੀ ਰੈਣ ਤੇ ਅੰਮ੍ਰਿਤ ਵੇਲਾ ਸੁੱਤਾ ਪਿਆ ਸੀ ਜਗਤ ਸਬਾਇਆ।
ਅੱਖੀਆਂ ਬੰਦ ਤੇ ਹੱਥ ਜੁੜੇ ਹੋਏ ਸੁਰਤ ਮੇਰੀ ਸੀ ਉਚੀ ਚੜ੍ਹ ਗਈ,
ਤੁਰਦੀ ਤੁਰਦੀ ਤੁਰੀ ਗਈ ਮੈਂ ਜਾ ਸੁਲਤਾਨਪੁਰੇ ਵਿਚ ਵੜ ਗਈ।

ਧੰਨ ਨਾਨਕੀ ਧੰਨ ਗੁਰੂ ਨਾਨਕ ਧੰਨ ਤ੍ਰਿਪਤਾ ਜਿਨ ਨਾਨਕ ਜਾਇਆ।
ਜ਼ਾਹਰ ਪੀਰ ਜਗਤ ਗੁਰ ਬਾਬਾ ਕਲ ਤਾਰਨ ਗੁਰੂ ਨਾਨਕ ਆਇਆ।
ਧਰਤ ਪਈ ਪਰਿਕਰਮਾ ਕਰਦੀ ਬਨਸਪਤੀ ਪਈ ਚਵਰ ਝੁਲਾਵੇ,
ਠੰਢੀ ਠੰਢੀ ਪੌਣ ਪੁਰੇ ਦੀ ਝੂਮ ਝੂਮ ਕੇ ਸਦਕੇ ਪਈ ਜਾਵੇ।

ਮਿੱਠੀ ਮਿੱਠੀ ਚੰਨ ਚਾਨਣੀ ਚੰਨ ਦੇ ਨਾਲ ਖੇਡਦੇ ਤਾਰੇ।
ਕਰਨ ਲਈ ਇਸ਼ਨਾਨ ਸਤਿਗੁਰੂ ਆ ਪਹੁੰਚੇ ਸੀ ਵੇਈਂ ਕਿਨਾਰੇ।
ਕਈ ਜਨਮਾਂ ਤੋਂ ਵੇਈਂ ਪਿਆਸੀ ਸਤਿਗੁਰ ਦੇ ਦੀਦਾਰ ਲਈ ਸੀ,
ਕਦ ਆਵੇਂ ਤੇ ਦਰਸ ਦਿਖਾਵੇਂ ਖੜੀ ਅਵਾਜ਼ਾਂ ਮਾਰ ਰਹੀ ਸੀ।

ਬਾਬੇ ਪੈਰ ਵੇਈਂ ਵਿਚ ਪਾਇਆ ਵੇਈਂ ਪੈਰ ਪਕੜ ਕੇ ਬਹਿ ਗਈ।
ਬਾਬੇ ਬੈਠ ਸਮਾਧੀ ਲਾ ਲਈ ਵੇਈਂ ਬਾਬੇ ਵਲ ਤਕਦੀ ਰਹਿ ਗਈ।
ਨਿਕਲ ਨਦੀ 'ਚੋਂ ਬਾਹਰ ਰਬਾਬੀ ਬਹਿ ਗਿਆ ਆਣ ਕਿਨਾਰੇ ਉਤੇ,
ਪਰ ਬਾਬਾ ਨਾ ਬਾਹਰ ਨਿਕਲਿਆ ਸਾਰੇ ਲੋਕ ਜਾਗ ਪਏ ਸੁੱਤੇ।

ਸਾਰੇ ਨਗਰ ਪੈ ਗਿਆ ਰੌਲਾ ਨਾਨਕ ਡੁੱਬ ਗਿਆ ਨਾਨਕ ਡੁਬ ਗਿਆ।
ਜਾਂ ਉਸ ਨੂੰ ਕੋਈ ਜੀਵ ਖਾ ਗਿਆ ਜਾਂ ਦਲਦਲ ਦੇ ਵਿਚ ਖੁਭ ਗਿਆ।

ਕਿਸੇ ਆਖਿਆ, ਮੋਦੀਖਾਨੇ ਲੁੱਟ ਮਚਾ ਕੇ ਡਰ ਗਿਆ ਏ ਉਹ,
ਕਿਸੇ ਆਖਿਆ ਹੋਰ ਕੀ ਹੋਣੈ ਡਰਦਾ ਹੀ ਕੁਝ ਕਰ ਗਿਆ ਏ ਉਹ।

ਪਰ ਡੁੱਬਿਆਂ ਨੂੰ ਤਾਰਨ ਵਾਲਾ ਨਾਨਕ ਚੁਭੀ ਮਾਰ ਸੀ ਬੈਠਾ।
ਜਿੱਥੇ ਕੋਈ ਪਹੁੰਚ ਨਹੀਂ ਸਕਦਾ ਉਸ ਸੱਚੇ ਦਰਬਾਰ ਸੀ ਬੈਠਾ।
ਨਿਰੰਕਾਰ ਆਕਾਰ ਰਹਿਤ ਦੀ ਜਿੱਥੇ ਜਗਦੀ ਪਈ ਜੋਤ ਸੀ,
ਓਸੇ ਸੁੰਨ ਸਮਾਧੀ ਦੇ ਵਿਚ ਬਾਬਾ ਹੋਇਆ ਓਤ ਪੋਤ ਸੀ।

ਐਸਾ ਆਤਮ ਚਿੰਤਨ ਕੀਤਾ ਤਪਦੀ ਦੁਨੀਆਂ ਠਾਰਨ ਦੇ ਲਈ।
ਸਤਿਨਾਮ ਦਾ ਬੰਨਿਆ ਬੇੜਾ ਜਗਤ ਨੂੰ ਪਾਰ ਉਤਾਰਨ ਦੇ ਲਈ।
ਭਟਕ ਰਹੇ ਇਨਸਾਨਾਂ ਦੇ ਲਈ ਗੁਰਮੁਖ ਗਾਡੀ ਰਾਹ ਚਲਾਉਣਾ,
ਜਾਤ ਪਾਤ ਦੇ ਭਰਮ ਮਿਟਾ ਕੇ ਸਭ ਨੂੰ ਇਕ ਪਰਿਵਾਰ ਬਣਾਉਣਾ।

ਕਿਧਰੇ ਸੱਜਣ, ਮਲਕ ਹੈ ਕਿਧਰੇ, ਕਿਧਰੇ ਬੈਠਾ ਵਲੀ ਕੰਧਾਰੀ।
ਇਨ੍ਹਾਂ ਠੱਗਾਂ ਲੁੱਟ ਕੇ ਖਾ ਲਈ ਭੋਲੀ ਭਾਲੀ ਖਲਕਤ ਸਾਰੀ।
ਕਿਧਰੇ ਪੰਡਿਤ, ਕਿਧਰੇ ਕਾਜ਼ੀ, ਕਿਧਰੇ ਮੁੱਲਾਂ ਲੁਟ ਮਚਾਈ,
ਧਰਮ ਦੇ ਨਾਂ 'ਤੇ ਲੁੱਟਾਂ ਮੱਚੀਆਂ, ਦਰ ਦਰ ਰੁਲਦੀ ਫਿਰੇ ਲੋਕਾਈ।

ਉਧਰ ਹਫੜਾ ਦਫੜੀ ਮੱਚੀ ਦੌਲਤ ਖਾਂ ਵੀ ਦੌੜਿਆ ਆਇਆ।
ਰੌਲਾ ਪਾਵੇ ਧਾਹੀਂ ਰੋਵੇ ਨਾਨਕ ਇਹ ਕੀ ਕਹਿਰ ਕਮਾਇਆ।
ਕਈ ਮਾਰ ਕੇ ਚੁਭੀਆਂ ਲੱਭਦੇ, ਕਈਆਂ ਨੇ ਸੀ ਜਾਲ ਵਿਛਾਏ,
ਪਰ ਦੁਨੀਆਂ ਨੂੰ ਤਾਰਨ ਵਾਲਾ ਸੱਚਖੰਡ 'ਚ ਪਿਆ 'ਸੋ ਦਰ' ਗਾਏ।

ਹਾਹਾਕਾਰ ਮੱਚੀ ਹਰ ਪਾਸੇ ਚਿੱਟੇ ਦਿਨ ਸੀ ਪਿਆ ਹਨੇਰਾ।
ਹਰ ਕੋਈ ਰੱਬ ਨੂੰ ਆਖ ਰਿਹਾ ਸੀ ਕੀ ਸੀ ਓਸ ਵਿਗਾੜਿਆ ਤੇਰਾ।
ਦੂਰ ਪਰ੍ਹਾਂ ਜਿਹੇ ਭੈਣ ਨਾਨਕੀ ਹੱਥ ਜੋੜ ਕੇ ਖੜ੍ਹੀ ਹੋਈ ਸੀ,
ਬੁੱਲੀਆਂ ਦੋਵੇਂ ਫਰਕ ਰਹੀਆਂ ਸਨ ਸੁਰਤੀ ਰੱਬ ਵਿਚ ਵੜੀ ਹੋਈ ਸੀ।

ਇਕ ਪਾਸੇ ਮਰਦਾਨਾ ਬੈਠਾ ਨਾਨਕ ਨਾਨਕ ਬੋਲ ਰਿਹਾ ਸੀ।
ਪਤਾ ਸੀ ਉਸ ਨੂੰ ਨਾਨਕ ਕੋਈ ਭੇਦ ਅਗੰਮੀ ਖੋਲ੍ਹ ਰਿਹਾ ਸੀ।
ਇਕ ਦਿਨ ਲੰਘਿਆ, ਦੂਜਾ ਲੰਘਿਆ, ਤੀਜਾ ਦਿਨ ਜਦ ਪੂਰਾ ਹੋਇਆ,
ਹੌਲੀ ਹੌਲੀ ਬਾਬਾ ਨਾਨਕ ਨਦੀ ਵਿਚੋਂ ਆ ਬਾਹਰ ਖਲੋਇਆ।

ਨਜ਼ਰ ਉਠਾ ਕੇ ਬਾਬੇ ਤੱਕਿਆ ਬੇਬੇ ਖੜ੍ਹੀ ਦੂਰ ਹੈ ਹੋਈ।
ਹੱਥ ਅਰਦਾਸ 'ਚ ਜੁੜੇ ਹੋਏ ਨੇ ਅੰਦਰੋਂ ਨੂਰੋ ਨੂਰ ਹੈ ਹੋਈ।
ਸਤਿਗੁਰ ਨਾਨਕ ਜਾ ਬੇਬੇ ਦੇ ਪੈਰਾਂ ਉਤੇ ਸੀਸ ਨਿਵਾਇਆ,
ਭੈਣ ਨਾਨਕੀ ਉਸ ਮਾਲਕ ਦਾ ਲੱਖਾਂ ਵਾਰੀ ਸ਼ੁਕਰ ਮਨਾਇਆ।

ਉਠ ਮਰਦਾਨਾ ਸ਼ਬਦ ਗਾਵੀਏ ਅਰਸ਼ੋਂ ਬਾਣੀ ਆਉਂਦੀ ਪਈ ਏ।
ਉਸ ਮਾਲਕ ਦੀ ਸਿਫਤ 'ਚ ਜੁੜ ਕੇ ਕੁਦਰਤ ਸਾਰੀ ਗਾਉਂਦੀ ਪਈ ਏ।
'ਸੋ ਦਰ ਕੇਹਾ ਸੋ ਘਰ ਕੇਹਾ' ਜਿਸ ਵਿਚ ਹੈ ਨਿਰੰਕਾਰ ਵਸੇਂਦਾ,
ਆਪੇ ਇਹ ਸੰਸਾਰ ਬਣਾ ਕੇ ਆਪੇ ਸਭ ਦੀ ਸਾਰ ਕਰੇਂਦਾ।

ਭਾਗ ਹੋਯਾ ਗੁਰ ਸੰਤ ਮਿਲਾਇਆ ਸਤਿਗੁਰ ਤੱਕਿਆ ਮੇਰੇ ਵੱਲੇ।
ਅੱਖੀਆਂ ਛਮ ਛਮ ਵਰਸਣ ਲੱਗੀਆਂ ਦੋਵੇਂ ਨੈਣ ਹੋ ਗਏ ਝੱਲੇ।
ਧਾ ਡਿਗੀ ਫਿਰ ਚਰਨਾਂ ਉਤੇ ਦੁਨੀਆਂ ਤੋਂ ਵਿਪਰੀਤ ਹੋ ਗਈ,
ਗੁਰੂ ਨਾਨਕ ਦੀ ਮਿਹਰ ਜਦ ਹੋਈ ਮੁਰਦੇ ਤੋਂ 'ਸੁਰਜੀਤ' ਹੋ ਗਈ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

# ਹੇ ਬਾਬਾ ਨਾਨਕ!

(ਪਿਛਲੇ ਸਫੇ ਦੀ ਬਾਕੀ)

ਨਿਤਾਣੇ, ਨਿਮਾਣੇ, ਖੁਦਗਰਜ਼, ਬੇਗੈਰਤ ਬਣਾ ਦਿਤਾ ਜਾਵੇ ਤਾਂ ਲੋਕਾਂ ਦਾ ਇਕੱਠ ਗੁੰਗਾ ਹੀ ਹੁੰਦਾ।
ਕਲਮ ਦੀ ਕੂਕ, ਫਿਜ਼ਾ ਨੂੰ ਵਾਸਤਾ ਪਾਉਂਦੀ ਏ,

ਹੇ ਬਾਬਾ ਨਾਨਕ!
ਤੂੰ ਗੁੰਮ ਏਂ
ਸਾਡੇ ਬੋਲਾਂ ਵਿਚੋਂ
ਹਰਫਾਂ ਵਿਚੋਂ
ਅਰਥ-ਅਰਾਧਨਾ ਵਿਚੋਂ
ਸਾਡੀ ਸੋਚ 'ਚੋਂ
ਕਰਮ-ਸਾਧਨਾ ਵਿਚੋਂ
ਤੇ ਧਰਮ-ਆਸਥਾ ਵਿਚੋਂ।

ਤੂੰ ਗੁੰਮ ਏਂ
ਦ੍ਰਿਸ਼ਟੀ ਵਿਚੋਂ
ਸੁਹਜ-ਸੰਵੇਦਨਾ ਵਿਚੋਂ
ਤਰਕਸੰਗਤਾ ਵਿਚੋਂ
ਸੰਜੀਦਗੀ ਵਿਚੋਂ
ਤੇ ਸੁਪਨ-ਸੰਸਾਰ ਵਿਚੋਂ।

ਤੂੰ ਤਾਂ ਖਾਮੋਸ਼ ਹੋ ਜਾਂਦਾ
ਜਦ ਅਸੀਂ ਤੈਨੂੰ ਭਾਲਦੇ
ਮੁਖੌਟਿਆਂ ਵਿਚ
ਵੇਸਾਂ ਵਿਚ
ਭੇਖਾਂ ਵਿਚ
ਸਤਹੀ ਉਪਦੇਸ਼ਾਂ ਵਿਚ
ਤੇ ਸੰਗਮਰਮਰੀ ਅਸਥਾਨਾਂ ਵਿਚ।

ਸਾਨੂੰ ਤਾਂ ਚੇਤਾ ਹੀ ਨਹੀਂ ਰਿਹਾ
ਕਿ ਤੂੰ ਤਾਂ ਵੱਸਦਾ ਏਂ
ਝੁੱਗੀਆਂ ਵਿਚ
ਚੀਥੜੇ ਲਿਬਾਸ ਵਿਚ
ਖੁਰਦਰੇ ਹੱਥਾਂ 'ਚ
ਬਿਆਈਆਂ ਵਾਲੇ ਪੈਰਾਂ 'ਚ
ਸੱਚ-ਸੰਵੇਦਨਾ 'ਚ
ਹੱਡੀਂ ਉਕਰੇ ਸੱਚ 'ਚ
ਤੇ ਵੇਈਂ ਦੇ ਪਾਣੀਆਂ ਵਿਚ।

ਹੇ ਬਾਬਾ ਨਾਨਕ!
ਸਾਨੂੰ ਸੁਮੱਤ ਦੇ ਕਿ
ਖੁਦ ਦੇ ਰੂਬਰੂ ਹੋਈਏ
ਨਾਨਕ-ਮੱਤ ਨੂੰ ਸੋਚ-ਜੂਹੇ ਲਾ
ਨਾਨਕ-ਸੋਚ ਦਾ ਲੜ ਫੜ
ਨਾਨਕ-ਮਾਰਗੀ ਬਣ
ਅੰਤਰੀਵ ਵਿਚਲੇ ਨਾਨਕ ਨੂੰ ਜਗਾਈਏ।

ਹੇ ਬਾਬਾ ਨਾਨਕ! ਹਰਫਾਂ ਰਾਹੀਂ ਸਿੱਖ ਸਮਾਜ ਵਿਚ ਪਏ ਕੁਹਜਾਂ ਨੂੰ ਤੇਰੇ ਸਨਮੁੱਖ ਕਰਦਿਆਂ ਸ਼ਾਇਦ ਸ਼ਬਦਾਂ ਨੂੰ ਤਲਖ ਹੋਣਾ ਪਿਆ। ਇਹ ਤਾਂ ਹੋਣਾ ਹੀ ਸੀ ਕਿਉਂਕਿ ਕਿੰਨਾ ਕੁ ਚਿਰ ਇਨ੍ਹਾਂ ਸ਼ਬਦਾਂ ਵਿਚਲੀ ਸੰਵੇਦਨਾ ਨੂੰ ਸੁਲਘਦਾ ਰੱਖਦਾ। ਆਖਰ ਇਸ ਨੂੰ ਵੀ ਰਾਹਤ ਚਾਹੀਦੀ ਏ। ਇਸ ਲਈ ਮੇਰਾ ਮਨ, ਤੇਰੇ ਨਾਲ ਦੁੱਖ-ਸੁੱਖ ਫਰੋਲਣ ਦਾ ਸੀ। ਮਨ ਦੀਆਂ ਤਹਿਆਂ ਫਰੋਲ ਕੇ ਕੁਝ ਰਾਹਤ ਮਿਲੀ ਏ। ਉਮੀਦ ਹੈ ਕਿ ਤੁਸੀਂ ਅਜੋਕੇ ਕੁਸੈਲੇ ਸੱਚ ਨੂੰ ਸਮਝ ਕੇ, ਮਾਨਵੀ ਬਿਰਤੀ ਵਿਚ ਕੁਝ ਚੰਗੇਰਾ ਕਰਨ, ਜੁਗਤ ਬਣਾਉਣ ਅਤੇ ਹਰਫਾਂ ਵਿਚੋਂ ਸੂਹੇ ਅਰਥ ਉਗਾਉਣ ਦੀ ਅਰਾਧਨਾ ਨੂੰ ਉਤੇਜਿਤ ਕਰਦੇ ਰਹੋਗੇ ਤਾਂ ਕਿ ਸੱਚ ਹਮੇਸ਼ਾ ਜਿਉਂਦਾ ਰਹਿਣਾ ਏ। ਹੁਣ ਤਾਂ ਕਲਮ ਇਹ ਕੂਕਣ ਲਈ ਮਜਬੂਰ ਹੈ,

ਸਿੱਖਾਂ ਦਾ ਗੁਰੂ ਅਤੇ
ਮੁਸਲਮਾਨਾਂ ਲਈ ਪੀਰ,
ਆਓ, ਲੱਭੀਏ ਸਭ ਦਾ
ਨਾਨਕ ਸ਼ਾਹ ਫਕੀਰ?

## ਕਾਵਿ ਜਗਤ

## ਸਿੱਖੀ ਲਈ ਚੀਸ

ਹੱਥੀਂ ਕਿਰਤ 'ਚ ਕਿਵੇਂ ਬਰਕਤ ਪੈਂਦੀ
ਆ ਲੰਘ ਵੇਖ ਕਰਤਾਰਪੁਰੇ,
ਕਰ ਅਰਦਾਸਾਂ ਮੰਗੇ ਜੋ ਦਰਸ ਦਿਦਾਰੇ
ਲਗਦਾ ਹੁੰਦਾ ਪੂਰਾ ਪਹੁੰਚ ਕਰਤਾਰਪੁਰੇ।

ਕਰਨੀ ਕਿਰਤ ਤੇ ਉਹ ਵੀ ਵੰਡ ਕੇ ਛਕਣੀ
ਇਹ ਦੱਸੂ ਕੇਵਲ ਨਾਨਕ ਦਾ ਦਰ,
ਆਪੇ ਫਿਰ ਤੂੰ ਸਮਝ ਹੈ ਲੈਣਾ
ਇਹ ਡੇਰੇ ਤੇ ਉਚੇ ਮੰਦਿਰ
ਵਿਹਲੜਾਂ ਅਤੇ ਸ਼ੈਤਾਨਾਂ ਦੇ ਘਰ।
ਮੈਂ ਮੈਂ ਛੱਡ ਕੇ ਤੂੰ ਹੀ ਤੂੰ ਕਹਿਣਾ
ਬਾਬੇ ਉਪਦੇਸ਼ ਸੰਗਤਾਂ ਤਾਈਂ ਰਟਾਉਂਦੇ ਨੇ,
ਫਿਰ ਮੇਰਾ ਪੰਥ ਤੇ ਮੇਰੀ ਸੰਗਤ ਕਹਿ ਕਹਿ
ਆਪਣੀ ਹਉਮੈ ਨੂੰ ਆਪ ਹੀ ਪੱਠੇ ਪਾਉਂਦੇ ਨੇ।

ਪੰਜ ਸਦੀਆਂ ਤੋਂ ਪਹਿਲਾਂ ਵਾਲੇ ਧਰਮ ਲੁਟੇਰੇ
ਅੱਜ ਵੀ ਦਨ ਦਨਾਉਂਦੇ ਫਿਰਦੇ ਨੇ,
ਧਰਮੀ ਕਿਰਤੀ ਮਾਨਵ ਦਰਦੀ ਪੱਤ ਦੀ ਖਾਤਰ
ਉਨ੍ਹਾਂ ਤੋਂ ਸਿਰ ਲਕੋਈ ਫਿਰਦੇ ਨੇ।
ਪ੍ਰਚਾਰ ਬਹਾਨੇ ਲਾਉਂਦੇ ਚਿੱਟਾ ਪੱਥਰ ਮੜ੍ਹਦੇ ਸੋਨਾ
ਇਹ ਬਣ ਗਏ ਵਪਾਰ ਦੇ ਘਰ,
ਅੰਦਰ ਰੱਬ ਲੁਕਾਇਆ ਤੂੰ ਲੱਭ ਨਹੀਂ ਸਕਦਾ
ਭਾਵੇਂ ਫੋਲੀ ਜਾ ਖੜਾਵਾਂ ਚੋਲੇ ਤੇ ਭੋਰੇ ਦਿਨ ਭਰ।

ਬਿਖੜਾ ਪੈਂਡਾ ਰੱਬ ਮਿਲਣ ਦਾ
ਇਨਸਾਨ ਬਣਾ ਕੇ ਤੂੰ ਸੀ ਕਰ'ਤਾ ਸੌਖਾ,
ਪਰ ਅੱਜ ਤੇਰੇ ਘਰ ਦਾ ਸਿੱਧਾ ਰਸਤਾ ਖੋਲ੍ਹਣਾ
ਪੰਥ ਦੋਖੀਆਂ ਨੂੰ ਹੈ ਲੱਗਦਾ ਔਖਾ।
ਪੰਜ ਦਰਿਆਵਾਂ ਦੀ ਤੇਰੀ ਚਰਨ ਛੋਹ ਧਰਤੀ
ਇੰਜ ਲੱਗਦਾ ਇਹ ਡੋਲ ਰਹੀ ਹੈ,
ਭੇਖੀ ਬਣ ਕੇ ਕੁਝ ਟੱਬਰ ਪੰਥ ਨੂੰ ਖਾ ਗਏ
ਲੋਕ ਲੁਕਾਈ ਅੱਜ ਮੂੰਹੋਂ ਬੋਲ ਰਹੀ ਹੈ।

ਉਲਝੀ ਤਾਣੀ ਜਾਵੇ ਨਿੱਤ ਹੋਰ ਉਲਝਦੀ
ਸਾਨੂੰ ਲੱਭਦਾ ਇਸ ਵਿਚ ਰਾਹ ਕੋਈ ਨਾ,
'ਸੋਹਲ' ਸਿੱਖ ਦਾ ਸਿੱਖ 'ਤੇ ਵਿਸ਼ਵਾਸ ਹੈ ਮੁੱਕਾ
ਜੋੜਨ ਵਾਲਾ ਰਹਿਬਰ ਤੇਰੇ ਜਿਹਾ ਦਿਖਦਾ ਹੋਰ ਕੋਈ ਨਾ।

-ਡਾ. ਬਲਵਿੰਦਰ ਸਿੰਘ ਸੋਹਲ
ਸਾਬਕਾ ਸੰਯੁਕਤ ਡਾਇਰੈਕਟਰ,
ਖੇਤੀਬਾੜੀ ਪੰਜਾਬ।

ਵਿਚਾਰ-ਚਰਚਾ

# ਕੀ ਸਿੱਖ ਹਿੰਦੂ ਹਨ?

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਅੱਜ ਅਜਿਹੇ ਕਈ ਸਵਾਲ ਉਠਾਏ ਜਾ ਰਹੇ ਹਨ ਕਿ ਕੀ ਸਿੱਖ ਹਿੰਦੂ ਹਨ? ਉਠਦੇ ਤਾਂ ਇਹ ਪਿਛਲੇ ਕਾਫੀ ਲੰਮੇ ਅਰਸੇ ਤੋਂ ਆ ਰਹੇ ਹਨ, ਪਰ ਹੁਣ ਕਿਸੇ ਕਾਰਨ ਕੁਝ ਵਧੇਰੇ ਤੇਜੀ ਤੇ ਸੰਜੀਦਗੀ ਨਾਲ ਉਠਾਏ ਜਾ ਰਹੇ ਹਨ। ਕਾਰਨ ਧਾਰਮਿਕ, ਸੰਪਰਦਾਇਕ ਤੇ ਸਿਆਸੀ-ਕੁਝ ਵੀ ਹੋ ਸਕਦੇ ਹਨ, ਪਰ ਸਿਧਾਂਤਕ ਤੇ ਬੌਧਿਕ ਬਿਲਕੁਲ ਨਹੀਂ। ਅਜਿਹਾ ਇਸ ਲਈ ਕਿ ਨਾ ਸਵਾਲ ਕਰਨ ਵਾਲਿਆਂ ਨੂੰ ਤੇ ਨਾ ਹੀ ਉਤਰ ਦੇਣ ਵਾਲਿਆਂ ਨੂੰ ਇਨ੍ਹਾਂ ਦੀਆਂ ਬੌਧਿਕ ਤੇ ਸਿਧਾਂਤਕ ਡੂੰਘਾਈਆਂ ਦਾ ਪਤਾ ਹੈ। ਜੇ ਪਤਾ ਹੋਵੇ ਵੀ ਤਾਂ ਵੀ ਉਹ ਡੂੰਘਾਈ ਵਿਚ ਨਹੀਂ ਜਾਣਗੇ, ਕਿਉਂਕਿ ਉਨ੍ਹਾਂ ਦਾ ਮਕਸਦ ਤਾਂ ਡੂੰਘਾ ਜਾਏ ਬਿਨਾ ਹੀ ਪੂਰਾ ਹੋ ਜਾਂਦਾ ਹੈ। ਜੇ ਇਦਾਂ ਨਾ ਵੀ ਹੋਵੇ, ਤਾਂ ਵੀ ਉਹ ਡੂੰਘਾਈ ਵਿਚ ਨਹੀਂ ਜਾਣਗੇ, ਕਿਉਂਕਿ ਉਥੇ ਜਾਇਆਂ ਤਾਂ ਇਹ ਪ੍ਰਸ਼ਨ ਉਠਣਗੇ ਹੀ ਨਹੀਂ।

**ਫਿਰ ਇਨ੍ਹਾਂ ਸਵਾਲਾਂ ਦਾ ਉਤਰ ਕੀ ਹੈ?**

ਗੁਰੂ ਨਾਨਕ ਸਾਹਿਬ ਅਨੁਸਾਰ ਇਨ੍ਹਾਂ ਸਵਾਲਾਂ ਦਾ ਸਹੀ ਉਤਰ ਇਹ ਹੈ ਕਿ ਸਿੱਖ ਸਿੱਖ ਹਨ, ਉਹ ਨਾ ਹਿੰਦੂ ਹਨ ਤੇ ਨਾ ਹੀ ਮੁਸਲਮਾਨ। ਭਾਵ ਸਿੱਖ ਸਿੱਖ ਹਨ, ਹਿੰਦੂ ਨਹੀਂ ਤੇ ਹਿੰਦੂ ਹਿੰਦੂ ਹਨ, ਸਿੱਖ ਨਹੀਂ। ਪਰ ਇਹ ਉਤਰ ਕਦੇ ਵੀ ਕਿਸੇ ਦੀ ਸਮਝ ਵਿਚ ਨਹੀਂ ਆਇਆ। ਇਸ ਲਈ ਕਿ ਸਿੱਖ ਇਸ ਪ੍ਰਸ਼ਨ ਦਾ ਸਹੀ ਉਤਰ ਨਾ ਕਦੇ ਸਮਝ ਸਕੇ ਤੇ ਨਾ ਦੇ ਸਕੇ। ਉਹ ਆਪਣੇ ਵਲੋਂ ਇਹ ਤਾਂ ਬਹੁਤ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਰਹੇ ਤੇ ਕਰ ਵੀ ਰਹੇ ਹਨ ਕਿ ਉਹ ਹਿੰਦੂ ਨਹੀਂ ਹਨ, ਪਰ ਉਹ ਉਸ ਪੱਧਰ ਦੀਆਂ ਦਲੀਲਾਂ ਦਿੰਦੇ ਹਨ, ਜਿਸ 'ਤੇ ਪ੍ਰਸ਼ਨ ਕਰਨ ਵਾਲੇ ਖੁਦ ਖੜ੍ਹੇ ਹਨ। ਇਸ ਲਈ ਉਹ ਦੂਜਿਆਂ ਦੇ ਜਾਲ ਵਿਚ ਉਲਝੇ ਹੋਏ ਹਨ।

**ਫਿਰ ਉਹ ਕਿਹੜੀ ਧਰਾਤਲ ਹੈ, ਜਿਸ 'ਤੇ ਜਾ ਕੇ ਦਲੀਲਬਾਜ਼ੀ ਹੁੰਦੀ ਹੈ?**

ਬਹਿਸ ਮੁੱਖ ਤੌਰ 'ਤੇ ਧਾਰਮਿਕ ਰਸਮਾਂ-ਰਿਵਾਜ਼ਾਂ ਦੇ ਪੱਧਰ 'ਤੇ ਹੁੰਦੀ ਹੈ। ਹਿੰਦੂ ਮੋਟੇ ਤੌਰ 'ਤੇ ਨਸਲ, ਧਰਮ ਤੇ ਨਿਵਾਸ ਦੇ ਮੁੱਦਿਆਂ ਨੂੰ ਲੈ ਕੇ ਕਹਿੰਦੇ ਹਨ ਕਿ ਹਿੰਦੂਆਂ ਤੇ ਸਿੱਖਾਂ ਵਿਚਾਲੇ ਕੋਈ ਬਹੁਤਾ ਅੰਤਰ ਨਹੀਂ ਹੈ। ਉਨ੍ਹਾਂ ਅਨੁਸਾਰ ਫਰਕ ਕੇਵਲ ਬਾਹਰੀ ਦਿੱਖ ਤੇ ਧਾਰਮਿਕ ਸਭਿਆਚਾਰ ਦਾ ਹੈ, ਜੋ ਬਹੁਤ ਨਿਗੂਣਾ ਹੈ। ਇਸ ਤੋਂ ਉਲਟ ਦੋਹਾਂ ਵਿਚ ਸਮਾਨਤਾਵਾਂ ਬਹੁਤ ਭਾਰੀਆਂ ਹਨ। ਹਿੰਦੂਆਂ ਵਾਂਗ ਸਿੱਖ ਵੀ ਭਾਰਤ ਦੇ ਮੂਲ ਬਾਸ਼ਿੰਦੇ ਹਨ। ਉਹ ਵੀ ਉਨ੍ਹਾਂ ਵਾਂਗ ਕਿਤੋਂ ਬਾਹਰੋਂ ਨਹੀਂ ਆਏ। ਹਿੰਦੂ ਤੇ ਸਿੱਖ-ਦੋਵੇਂ ਹੀ ਆਰੀਆ ਨਸਲ ਨਾਲ ਸਬੰਧ ਰੱਖਦੇ ਹਨ। ਸਿੱਖ ਧਰਮ, ਹਿੰਦੂ ਮੱਤ ਵਿਚੋਂ ਹੀ ਪੈਦਾ ਹੋਇਆ ਹੈ। ਸਿੱਖ ਧਰਮ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਸਿੱਖ ਵੀ ਹਿੰਦੂ ਸਨ। ਉਨ੍ਹਾਂ ਦੇ ਸਾਰੇ ਗੁਰੂ ਖਤਰੀ ਹਿੰਦੂ ਜਾਤੀ ਨਾਲ ਸਬੰਧ ਰਖਦੇ ਸਨ। ਸਿੱਖਾਂ ਤੇ ਹਿੰਦੂਆਂ ਦੇ ਨਾਮ, ਜਾਤਾਂ ਤੇ ਰਸਮਾਂ ਇਕੋ ਜਿਹੀਆਂ ਹਨ। ਦੋਹਾਂ ਵਿਚਾਲੇ ਸਮਾਜਕ ਨੇੜਤਾ ਤੇ ਰੋਟੀ-ਬੇਟੀ ਦੀ ਸਾਂਝ ਹੈ। ਸਿੱਖਾਂ ਦੇ ਧਰਮ ਗ੍ਰੰਥਾਂ ਵਿਚ ਹਿੰਦੂ ਦੇਵੀ ਦੇਵਤਿਆਂ ਦਾ ਜ਼ਿਕਰ ਆਉਂਦਾ ਹੈ।

ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਮੱਧ-ਕਾਲ ਦੇ ਭਗਤੀ ਅੰਦੋਲਨ ਦੇ ਪੈਰੋਕਾਰ ਸਨ, ਜੋ ਇਕ ਹਿੰਦੂ ਧਰਮ ਦੀ ਲਹਿਰ ਸੀ। ਉਨ੍ਹਾਂ ਨੇ ਕਈ ਦੂਜੇ ਧਾਰਮਿਕ ਸੁਧਾਰਕਾਂ ਵਾਂਗ ਹੀ ਆਪਣੇ ਸਮੇਂ ਦੇ ਹਿੰਦੂ ਧਰਮ ਵਿਚ ਆਈਆਂ ਕਈ ਤਰੁਟੀਆਂ ਸੋਧ ਕੇ ਸਿੱਖ ਧਰਮ ਚਲਾਇਆ, ਜੋ ਭਾਵ ਰੂਪ ਵਿਚ ਹਿੰਦੂ ਧਰਮ ਦਾ ਸੁਧਰਿਆ ਰੂਪ ਹੈ ਤੇ ਉਸੇ ਵਰਗਾ ਹੀ ਹੈ। ਦੋਹਾਂ ਦੇ ਮੂਲ ਸੰਕਲਪ ਵੀ ਓਹੀ ਹਨ। ਦੋਵੇਂ ਈਸ਼ਵਰ, ਭਗਤੀ, ਆਤਮਾ, ਆਵਾਗਮਨ, ਪੁਨਰ-ਜਨਮ, ਮੁਕਤੀ, ਨਰਕ, ਸੁਰਗ, ਪਾਪ ਪੁੰਨ, ਤੀਰਥ ਇਸ਼ਨਾਨ ਤੇ ਪੂਜਾ ਪਾਠ ਵਿਚ ਵਿਸ਼ਵਾਸ਼ ਰੱਖਦੇ ਹਨ। ਦੋਹਾਂ ਦੇ ਇਕੋ ਤਰ੍ਹਾਂ ਦੇ ਧਾਰਮਿਕ ਗ੍ਰੰਥ ਤੇ ਧਾਰਮਿਕ ਅਸਥਾਨ ਹਨ, ਜੋ ਉਨ੍ਹਾਂ ਦੇ ਪੂਜਾ ਪਾਠ ਤੇ ਧਾਰਮਿਕ ਆਸਥਾ ਦਾ ਕੇਂਦਰ ਹਨ। ਹਿੰਦੂ ਤੇ ਸਿੱਖ ਦੋਵੇਂ ਇਕ ਦੂਜੇ ਦੇ ਧਾਰਮਿਕ ਅਸਥਾਨਾਂ 'ਤੇ ਸ਼ਰਧਾਪੂਰਵਕ ਜਾਂਦੇ ਹਨ ਅਤੇ ਇਕ ਦੂਜੇ ਦੀਆਂ ਧਾਰਮਿਕ ਹਸਤੀਆਂ ਤੇ ਰਵਾਇਤਾਂ ਦਾ ਸਨਮਾਨ ਕਰਦੇ ਹਨ।

ਭਾਰਤ ਵਿਚ ਹਿੰਦੂ ਧਰਮ ਵਿਚ ਕਈ ਹੋਰ ਵੀ ਅਜਿਹੇ ਫਿਰਕੇ ਹਨ, ਜੋ ਬਿਨਾ ਕਿਸੇ ਵੱਡੇ ਫਰਕ ਦੇ ਇਸ ਵਿਚ ਰਹਿ ਰਹੇ ਹਨ। ਉਹ ਚਲਦੇ ਆਪਣੇ ਮੱਤ ਅਨੁਸਾਰ ਹਨ, ਪਰ ਕਹਾਉਂਦੇ ਹਿੰਦੂ ਹਨ। ਜਿਸ ਪੱਖ ਤੋਂ ਮਰਜੀ ਦੇਖ ਲਓ, ਸਿੱਖਾਂ ਤੇ ਹਿੰਦੂਆਂ ਵਿਚਾਲੇ ਕੋਈ ਵੱਡਾ ਫਰਕ ਨਹੀਂ ਮਿਲਦਾ, ਜੋ ਦੋਹਾਂ ਨੂੰ ਵੱਖ ਕਰਦਾ ਹੋਵੇ। ਇਸ ਲਈ ਉਨ੍ਹਾਂ ਦੀਆਂ ਦਲੀਲਾਂ ਅਨੁਸਾਰ ਸਿੱਖ ਮੋਟੇ ਤੌਰ 'ਤੇ ਹਿੰਦੂ ਹੀ ਹਨ।

**ਇਸ ਮਸਲੇ 'ਤੇ ਸਿੱਖਾਂ ਦੀ ਕੀ ਦਲੀਲ ਹੈ?**

ਸਿੱਖ ਆਪਣੇ ਧਰਮ ਨੂੰ ਹਿੰਦੂ ਧਰਮ ਤੋਂ ਬਿਲਕੁਲ ਵੱਖਰਾ ਧਾਰਮਿਕ ਧਰਮ ਮੰਨਦੇ ਹਨ। ਉਨ੍ਹਾਂ ਅਨੁਸਾਰ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਨੇ ਹਿੰਦੂ ਧਰਮ ਦੀਆਂ ਕੁਰੀਤੀਆਂ ਦਾ ਖੰਡਨ ਹੀ ਨਹੀਂ ਸੀ ਕੀਤਾ, ਸਗੋਂ ਤਿਆਗ ਕੀਤਾ ਸੀ। ਉਨ੍ਹਾਂ ਨੇ ਹਿੰਦੂ ਕਰਮ-ਕਾਂਡਾਂ ਦਾ ਪਖੰਡ ਉਜਾਗਰ ਕਰਦਿਆਂ ਉਨ੍ਹਾਂ ਦੀ ਪੁਰਜੋਰ ਨਿਖੇਧੀ ਕਰਕੇ ਆਪਣੇ ਜੀਵਨ ਵਿਚੋਂ ਤਿਆਗ ਦਿੱਤਾ ਸੀ। ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਇਕ ਬਿਲਕੁਲ ਨਵਾਂ ਧਰਮ ਦਿੱਤਾ, ਜੋ ਬਹੁਤੇ ਦੇਵੀ-ਦੇਵਤਿਆਂ ਨੂੰ ਮੰਨਣ ਦੀ ਥਾਂ ਇਕ ਸਰਬ-ਸ਼ਕਤੀਮਾਨ ਰੱਬ ਦੀ ਹੋਂਦ ਵਿਚ ਵਿਸ਼ਵਾਸ਼ ਰੱਖਦਾ ਹੈ। ਉਨ੍ਹਾਂ ਨੇ ਹਿੰਦੂ ਧਰਮ ਦੀਆਂ ਰਹੁ-ਰੀਤਾਂ ਦਾ ਖੰਡਨ ਕਰਦੀ ਬਾਣੀ ਰਚੀ, ਜੋ ਸਿੱਖਾਂ ਦੇ ਧਰਮ-ਗ੍ਰੰਥ ਵਿਚ ਸ਼ਾਮਲ ਹੈ। ਉਨ੍ਹਾਂ ਨੇ ਪ੍ਰਭੂ ਭਗਤੀ 'ਤੇ ਆਧਾਰਿਤ ਸਿੱਧਾ-ਸਾਦਾ ਇਮਾਨਦਾਰੀ ਤੇ ਦਿਆਨਤਦਾਰੀ ਭਰਿਆ ਜੀਵਨ ਬਤੀਤ ਕਰਨ ਦਾ ਉਪਦੇਸ਼ ਦਿੱਤਾ।

ਗੁਰੂ ਨਾਨਕ ਸਾਹਿਬ ਦੀ ਲੀਹ 'ਤੇ ਚਲਦਿਆਂ ਦੂਜੇ ਨੌਂ ਗੁਰੂਆਂ ਨੇ ਇਸ ਨਵੇਂ ਧਰਮ ਦੇ ਕਈ ਹੋਰ ਨਿਵੇਕਲੇ ਨਕਸ਼ ਸਥਾਪਿਤ ਕੀਤੇ। ਉਨ੍ਹਾਂ ਨੇ ਇਸ ਨੂੰ ਵੱਖ ਲਿਪੀ, ਵੱਖ ਬਾਣੀ, ਵੱਖ ਧਾਰਨਾਵਾਂ, ਪਰੰਪਰਾਵਾਂ, ਵੱਖ ਧਰਮ ਅਸਥਾਨ, ਵੱਖ ਧਾਰਮਿਕ ਗ੍ਰੰਥ, ਵੱਖ ਤੀਰਥ ਅਸਥਾਨ, ਵੱਖ ਸੰਸਥਾਵਾਂ, ਵੱਖ ਰਹੁ-ਰੀਤਾਂ, ਵੱਖ ਜੀਵਨ-ਸ਼ੈਲੀ, ਵੱਖ ਦਿੱਖ, ਵੱਖ ਮੁਹਾਂਦਰਾ ਤੇ ਵੱਖਰੇ ਜਥੇਬੰਦਕ ਨਿਸ਼ਾਨ ਦਿੱਤੇ।

ਸਿੱਖ ਹਿੰਦੂਆਂ ਦੀ ਜਾਤ ਪ੍ਰਨਾਲੀ ਵਿਚ ਵਿਸਵਾਸ਼ ਨਹੀਂ ਕਰਦੇ ਤੇ ਉਹ ਆਪਣੇ ਨਾਂਵਾਂ ਪਿੱਛੇ ਸਿੰਘ ਲਾਉਂਦੇ ਹਨ। ਉਹ ਵੈਦਿਕ ਮੰਤਰਾਂ ਦੀ ਥਾਂ ਅਨੰਦ ਬਾਣੀ ਪੜ੍ਹ ਕੇ ਵਿਆਹ ਕਰਦੇ ਹਨ ਤੇ ਗੰਗਾ ਇਸ਼ਨਾਨ ਦੀ ਥਾਂ ਅੰਮ੍ਰਿਤਸਰ ਸਰੋਵਰ ਦੇ ਇਸ਼ਨਾਨ ਨੂੰ ਪਵਿੱਤਰ ਮੰਨਦੇ ਹਨ। ਅਕਾਲ ਚਲਾਣੇ ਪਿਛੋਂ ਸਿੱਖ ਅਸਥੀਆਂ ਦਾ ਪ੍ਰਵਾਹ ਹਰਿਦੁਆਰ ਦੀ ਥਾਂ ਕੀਰਤਪੁਰ ਸਾਹਿਬ ਵਿਖੇ ਕਰਦੇ ਹਨ ਤੇ 13 ਦਿਨਾਂ ਦੀ ਥਾਂ ਹਫਤੇ ਪਿਛੋਂ ਅਰਦਾਸ ਕਰਕੇ ਭੋਗ ਪਾਉਂਦੇ ਹਨ। ਉਹ ਹਿੰਦੂ ਸ਼ਰਧਾਂ, ਪ੍ਰਥਾ ਦਾ ਖੰਡਨ ਕਰਦੇ ਹਨ। ਇਸ ਲਈ ਉਹ ਧਾਰਮਿਕ ਰਸਮ ਦੀ ਦ੍ਰਿਸ਼ਟੀ ਤੋਂ ਹਿੰਦੂਆਂ ਤੋਂ ਵੱਖ ਹਨ।

**ਹਿੰਦੂਆਂ ਤੇ ਸਿੱਖਾਂ ਵਿਚਾਲੇ ਇਹ ਮੁੱਦਾ ਉਠਨ ਦਾ ਕਾਰਨ ਕੀ ਹੈ?**

ਹਿੰਦੂ ਅਤੇ ਅਜੋਕੇ ਸਿੱਖ-ਦੋਵੇਂ ਪੁਰਾਤਨ ਰੂੜੀਵਾਦੀ ਸੋਚ ਦੇ ਮਾਲਕ ਹਨ। ਇਸ ਸੋਚ ਵਿਚ ਧਰਮ ਨੂੰ ਫੈਲਾਉਣ 'ਤੇ ਵੱਧ ਤੋਂ ਵੱਧ ਜੋਰ ਦਿੱਤਾ ਜਾਂਦਾ ਹੈ। ਸਦੀਆਂ ਦੀ ਖਹਿਬਾਜ਼ੀ ਕਾਰਨ ਇਨ੍ਹਾਂ 'ਚ ਸੰਪਰਦਾਇਕਤਾ ਦੀਆਂ ਭਾਵਨਾਵਾਂ ਪੈਦਾ ਹੋ ਗਈਆਂ ਹਨ। ਲੋਕਤੰਤਰ ਦੇ ਆਉਣ ਨਾਲ ਸੰਪਰਦਾਵਾਂ ਵੋਟ ਬੈਂਕਾਂ ਵਿਚ ਤਬਦੀਲ ਹੋ ਗਈਆਂ ਹਨ ਤੇ ਸਿਰਾਂ ਦੀ ਗਿਣਤੀ ਦਾ ਮਹੱਤਵ ਵਧਿਆ ਹੈ। ਇਨ੍ਹਾਂ ਸਭ ਕਾਰਨਾਂ ਕਰਕੇ ਸੰਪਰਦਾਈ ਹਿੰਦੂ ਅਜੋਕੇ ਸਿੱਖਾਂ ਨੂੰ ਆਪਣੇ ਭਾਈਚਾਰੇ ਦਾ ਹਿੱਸਾ ਦੱਸ ਕੇ ਉਨ੍ਹਾਂ ਦਾ ਵੋਟ ਬੈਂਕ ਹਥਿਆਉਣਾ ਚਾਹੁੰਦੇ ਹਨ।


ੴ ਸਤਿਗੁਰਪ੍ਰਸਾਦਿ ॥
ਹਮ ਹਿੰਦੂ ਨਹੀਂ
ਅਰਥਾਤ
ਸਿੱਖਧਰਮ
ਹਿੰਦੂ, ਮੁਸਲਮਾਨ ਆਦਿਕ ਮਤਾਂ ਤੋਂ ਭਿੰਨ
ਖ਼ਾਲਿਸ ਅਕਾਲੀਧਰਮ ਹੈ
ਕ੍ਰਿਤ
ਸ੍ਰੀ ਮਾਨ ਸਰਦਾਰ ਕਾਨ ਸਿੰਘ ਜੀ

ਇਕ ਕਾਰਨ ਇਹ ਵੀ ਹੈ ਕਿ ਉਹ ਉਨ੍ਹਾਂ ਨੂੰ ਆਪਣੇ ਜਿਹਾ ਦੱਸ ਕੇ ਆਪਣੇ ਮਨਸੂਬਿਆਂ ਦੀਆਂ ਭਾਵੀ ਰੁਕਾਵਟਾਂ ਦੂਰ ਕਰਨਾ ਚਾਹੁੰਦੇ ਹੋਣ। ਉਨ੍ਹਾਂ ਦੀ ਨੀਤੀ ਅਨੁਸਾਰ ਇਕ ਵੱਖਰਾ ਧਾਰਮਿਕ ਫਿਰਕਾ ਉਨ੍ਹਾਂ ਲਈ ਕਦੇ ਵੀ ਕਿਸੇ ਸਿਆਸੀ, ਸਮਾਜਕ ਜਾਂ ਧਾਰਮਿਕ ਗਤੀਰੋਧ ਦਾ ਕਾਰਨ ਬਣ ਸਕਦਾ ਹੈ। ਗੱਲ ਇਹ ਵੀ ਹੈ ਕਿ ਸਿੱਖ ਖੁੱਲ੍ਹੇ ਤੌਰ 'ਤੇ ਹਿੰਦੂ ਧਰਮ ਦੀਆਂ ਰਹੁ-ਰੀਤਾਂ ਨੂੰ ਪਖੰਡਮਈ ਦੱਸਦੇ ਹਨ ਤੇ ਇਸ ਤਰ੍ਹਾਂ ਕਰਨ ਨੂੰ ਉਹ ਆਪਣੇ ਧਰਮ ਕਰਮ ਦਾ ਹਿੱਸਾ ਮੰਨਦੇ ਹਨ। ਪੱਕੀਆਂ ਦਲੀਲਾਂ ਨਾਲ ਆਪਣੀ ਨਿਖੇਧੀ ਸੁਣ ਕੇ ਹਿੰਦੂ ਬ੍ਰਾਹਮਣ ਦਾ ਮਾਨ-ਸਨਮਾਨ ਖਤਰੇ ਵਿਚ ਪੈਂਦਾ ਹੈ।

ਇਤਿਹਾਸਕ ਪਰਿਪੇਖ ਵਿਚ ਭਾਰਤੀ ਹਿੰਦੂ ਸਾਰੇ ਭਾਰਤੀ ਉਪ-ਮਹਾਂਦੀਪ ਨੂੰ ਆਪਣੇ ਪ੍ਰਭੁੱਤਵ ਵਾਲਾ ਖਿੱਤਾ ਮੰਨਦਾ ਹੈ। ਇਸ ਵਿਚ ਉਠਦੀਆਂ ਵਿਰੋਧੀ ਸੁਰਾਂ ਉਸ ਨੂੰ ਖਤਰੇ ਦੀ ਘੰਟੀ ਸਮਾਨ ਲਗਦੀਆਂ ਹਨ। ਪੁਜਾਰੀ ਬ੍ਰਾਹਮਣ ਤਾਂ ਪਹਿਲਾਂ ਤੋਂ ਹੀ ਵਿਰੋਧਾਤਮਕ ਘਟ ਗਿਣਤੀਆਂ ਨੂੰ ਆਪਣੇ ਵਿਚ ਸਮੋ ਕੇ ਜਾਂ ਆਪਣੇ ਹੇਠ ਲਾ ਕੇ ਆਪਣੇ ਆਪ ਨੂੰ ਵਧੇਰੇ ਸੁਰਖਿਅਤ ਮਹਿਸੂਸ ਕਰਦਾ ਹੈ। ਇਸੇ ਲਈ ਸਦੀਆਂ ਤੋਂ ਉਹ ਬਹੁਲਵਾਦ ਦੀ ਥਾਂ ਇਕਵਾਦ ਦੇ ਮਾਹੌਲ ਨੂੰ ਵਧੇਰੇ ਸਥਾਈ ਸਮਝਦਾ ਆ ਰਿਹਾ ਹੈ।

ਉਧਰ ਸਿੱਖ ਸਮਝਦੇ ਹਨ ਕਿ ਉਨ੍ਹਾਂ ਨੂੰ ਹਿੰਦੂ ਕਹਿਣ ਜਾਂ ਹਿੰਦੂ ਧਰਮ ਦਾ ਹਿੱਸਾ ਦੱਸਣ ਪਿੱਛੇ ਹਿੰਦੂਆਂ ਦੀ ਕੋਈ ਗਹਿਰੀ ਚਾਲ ਹੈ। ਉਨ੍ਹਾਂ ਅਨੁਸਾਰ ਉਹ ਇਸ ਤਰ੍ਹਾਂ ਕਹਿ ਕੇ ਸ਼ਾਇਦ ਉਨ੍ਹਾਂ ਦੀ ਵੱਖਰੀ ਧਾਰਮਿਕ ਹਸਤੀ ਤੇ ਪਛਾਣ ਨੂੰ ਖਤਮ ਕਰ ਕੇ ਆਪਣੇ ਵਿਚ ਮਿਲਾਉਣਾ ਚਾਹੁੰਦੇ ਹਨ। ਉਹ ਸੋਚਦੇ ਹਨ ਕਿ ਹਿੰਦੂ ਧਰਮ ਭਾਰਤ ਵਿਚ ਇਕ ਬਹੁ-ਗਿਣਤੀ ਧਰਮ ਹੈ ਤੇ ਇਹ ਘੱਟ-ਗਿਣਤੀਆਂ ਨੂੰ ਸਹਿਨ ਨਹੀਂ ਕਰਦਾ। ਇਸ ਧਰਮ ਦੀ ਨੀਂਹ ਹੀ ਇਸ ਸਿਧਾਂਤ 'ਤੇ ਟਿਕੀ ਹੈ ਕਿ ਇਸ ਵਿਚ ਬ੍ਰਾਹਮਣਵਾਦੀ ਜਮਾਤਾਂ ਦਾ ਪ੍ਰਭੂਤਵ ਹਮੇਸ਼ਾ ਬਣਿਆ ਰਹੇ ਤੇ ਵਿਰੋਧਾਤਮਕ ਅਵਾਜ਼ਾਂ ਦਾ ਸੰਘਾਰ ਚਲਦਾ ਰਹੇ। ਉਨ੍ਹਾਂ ਅਨੁਸਾਰ ਇਸ ਦੇ ਸ਼ਾਤਰ ਕਰਤਾ ਧਰਤਾ ਸ਼ਾਮ, ਦਾਮ, ਦੰਡ, ਭੇਦ ਆਦਿਕ ਰਣ-ਨੀਤੀਆਂ ਰਾਹੀਂ ਇਹ ਕਾਰਜ ਕਰਨ 'ਚ ਪੂਰੀ ਤਰ੍ਹਾਂ ਨਿਪੁੰਨ ਹਨ। ਉਨ੍ਹਾਂ ਦੀਆਂ ਪਾਈਆਂ ਜਾਤ ਪਾਤ ਦੀਆਂ ਗੰਢਾਂ ਹਾਲੇ ਤੀਕ ਨਹੀਂ ਖੁਲ੍ਹੀਆਂ।

ਹਿੰਦੂ ਸਮਾਜ ਦਾ ਵੱਡਾ ਹਿੱਸਾ ਬ੍ਰਾਹਮਣੀ ਬੰਦੋਬਸਤ ਵਿਚ ਫਸ ਕੇ ਸਦੀਆਂ ਤੋਂ ਸ਼ੋਸ਼ਣ ਦਾ ਸ਼ਿਕਾਰ ਹੁੰਦਾ ਆ ਰਿਹਾ ਹੈ। ਜੈਨ ਤੇ ਬੁੱਧ ਧਰਮ ਦੀਆਂ ਮਿਸਾਲਾਂ ਦੇ ਕੇ ਸਿੱਖ ਦੱਸਦੇ ਹਨ ਕਿ ਬਹੁਗਿਣਤੀ ਹਿੰਦੂ ਧਰਮ ਨੇ ਜਿਵੇਂ ਇਨ੍ਹਾਂ ਅਲਪ-ਸੰਖਿਅਕ ਧਰਮਾਂ ਨੂੰ ਹਜ਼ਮ ਕਰਕੇ ਇਨ੍ਹਾਂ ਦਾ ਭਾਰਤ ਵਿਚੋਂ ਨਾਸ਼ ਕਰ ਦਿੱਤਾ ਹੈ, ਉਸੇ ਤਰ੍ਹਾਂ ਹੁਣ ਇਹ 'ਅਜ਼ਗਰ' ਸਿੱਖ ਧਰਮ ਨੂੰ ਵੀ ਨਿਗਲਣਾ ਚਾਹੁੰਦਾ ਹੈ। ਇਸ ਤੋਂ ਇਲਾਵਾ ਸਿੱਖ ਆਪਣਾ ਵੱਖਰਾ ਵੋਟ ਬੈਂਕ ਮਜ਼ਬੂਤ ਕਰ ਕੇ ਇਸ ਤੋਂ ਹਿੰਦੂਆਂ ਵਾਂਗ ਵਖਰਾ ਸਿਆਸੀ ਲਾਹਾ ਲੈਣਾ ਚਾਹੁੰਦੇ ਹਨ।

**ਕੀ ਸਿੱਖ ਇਸ ਬਹਿਸ ਵਿਚੋਂ ਨਿੱਤਰ ਕੇ ਬਾਹਰ ਆਉਣਗੇ?**

ਜੇ ਸਿੱਖ ਆਪਣੀ ਇਸ ਪੱਧਰ ਦੀ ਦਲੀਲਬਾਜ਼ੀ ਵਿਚ ਫਸੇ ਰਹਿੰਦੇ ਹਨ, ਤਾਂ ਨਹੀਂ, ਸਗੋਂ ਆਸਾਰ ਇਸ ਤੋਂ ਉਲਟ ਹਨ। ਕਾਰਨ ਇਹ ਹੈ ਕਿ ਬਿਗਾਨੇ ਖੇਤਰ ਵਿਚ ਜਾ ਕੇ ਬਿਗਾਨੀਆਂ ਸ਼ਰਤਾਂ 'ਤੇ ਸਫਲਤਾ ਪ੍ਰਾਪਤ ਕਰਨਾ ਦੁਸ਼ਵਾਰ ਹੁੰਦਾ ਹੈ। ਜੇ ਉਹ ਆਪਣੇ ਮੱਤ ਨੂੰ ਪੂਰੀ ਤਰ੍ਹਾਂ ਜਾਣੇ-ਪਛਾਣੇ ਬਿਨਾ ਇਸ ਨੂੰ ਇਕ ਧਰਮ ਸਮਝਦੇ ਹਨ ਤੇ ਆਪਣੀਆਂ ਧਾਰਮਿਕ ਰਵਾਇਤਾਂ ਦੇ ਹਵਾਲੇ ਨਾਲ ਬਹਿਸਦੇ ਹਨ, ਫਿਰ ਉਨ੍ਹਾਂ ਦੇ ਕਿਆਸੇ 'ਹਿੰਦੂ ਅਜ਼ਗਰ' ਲਈ ਉਨ੍ਹਾਂ ਦੇ ਧਰਮ ਨੂੰ 'ਨਿਗਲਣਾ' ਕੋਈ ਔਖੀ ਗੱਲ ਨਹੀਂ। ਇਹ ਇਸ ਲਈ ਕਿ ਧਰਮ ਧਰਮ ਨੂੰ ਹੀ ਖਾ ਸਕਦਾ ਹੈ, ਜਿਵੇਂ ਲੋਹਾ ਲੋਹੇ ਨੂੰ। ਇਸੇ ਤਰ੍ਹਾਂ ਲੋਹਾ ਸੋਨੇ ਨੂੰ ਨਹੀਂ ਨਿਗਲ ਸਕਦਾ ਤੇ ਧਰਮ ਵਿਗਿਆਨ ਨੂੰ ਨਹੀਂ, ਪਰ ਸਿੱਖਾਂ ਕੋਲ ਕੋਈ ਵਿਗਿਆਨਕ ਤਰਕ ਨਹੀਂ ਕਿਉਂਕਿ ਉਹ ਸਮਝਦੇ ਹਨ ਕਿ ਆਪਣੇ ਦਿਮਾਗ ਦੀ ਵਰਤੋਂ ਕਰਨ ਨਾਲ ਸਿੱਖ ਮਨਮੁੱਖ ਹੋ ਜਾਂਦਾ ਹੈ।

**ਫਿਰ ਸਿੱਖ ਆਪਣੇ ਖੇਤਰ ਵਿਚ ਰਹਿ ਕੇ ਸਹੀ ਦਲੀਲਾਂ ਕਿਉਂ ਨਹੀਂ ਦਿੰਦੇ?**

ਸਿੱਖਾਂ ਨੂੰ ਨਾ ਆਪਣੇ ਖੇਤਰ ਦਾ ਪਤਾ ਹੈ ਤੇ ਨਾ ਇਸ ਦੀਆਂ ਹੱਦਾਂ ਦਾ। ਨਾ ਉਹ ਆਪਣੀਆਂ ਸਹੀ ਸ਼ਰਤਾਂ ਘੜ ਸਕਦੇ ਹਨ ਤੇ ਨਾ ਹੀ ਸਹੀ ਦਲੀਲਾਂ ਨਾਲ ਪੈਰਵੀ ਕਰ ਸਕਦੇ ਹਨ। ਸੱਚ ਪੁੱਛੋ ਤਾਂ ਅਜੋਕਾ ਸਿੱਖ ਆਪਣੇ ਮੂਲ ਨਾਲੋਂ ਨਿੱਖੜ ਗਿਆ ਹੈ ਤੇ ਉਚਾਈ ਤੋਂ ਨੀਵਾਣ ਵਲ ਆ ਗਿਆ ਹੈ। ਹਉਮੈ ਦਾ ਸ਼ਿਕਾਰ ਹੋ ਕੇ ਉਹ ਪੜ੍ਹਾਈ ਲਿਖਾਈ ਤੇ ਸੋਚ ਵਿਚਾਰ ਦੀ ਗੱਲ ਛੱਡ ਗਿਆ ਹੈ। ਉਹ ਸਿਧਾਂਤ ਦੀ ਗੱਲ ਛੱਡ ਕੇ ਕੇਵਲ ਬਾਹਰੀ ਦਿੱਖ ਸਹਾਰੇ ਆਪਣੇ ਹਿੱਤਾਂ ਦੀ ਗੱਲ ਕਰ ਰਿਹਾ ਹੈ। ਸਿਧਾਂਤ ਤੋਂ ਅਨਜਾਣ ਹੋ ਕੇ ਕੇਵਲ ਇਤਿਹਾਸ ਦੀ ਸੁਣੀ-ਸੁਣਾਈ ਵਰਤੋਂ ਕਰਕੇ ਸੋਚਦਾ ਹੈ। ਉਹ ਆਪਣੀ ਪਛਾਣ ਗੁਆ ਬੈਠਾ ਹੈ ਤੇ ਦੂਜਿਆਂ ਦੀ ਬੋਲੀ ਬੋਲਦਾ ਹੈ।

**ਅਜੋਕਾ ਸਿੱਖ ਇਸ ਵਿਜੋਗ ਦੀ ਅਵਸਥਾ 'ਚ ਕਿਉਂ ਚਲਿਆ ਗਿਆ ਹੈ?**

ਅਜੋਕਾ ਸਿੱਖ ਇਕ ਭਟਕਣ ਦੀ ਅਵਸਥਾ ਵਿਚ ਹੈ, ਕਿਉਂਕਿ ਉਹ ਬਾਣੀ ਦੇ ਅਧਿਐਨ ਨਾਲੋਂ ਟੁੱਟ ਚੁਕਾ ਹੈ। ਬਾਣੀ ਚਾਨਣ ਹੈ, ਜੋ ਇਸ ਨੂੰ ਸਹੀ ਰਾਹ ਦਿਖਾ ਸਕਦੀ ਹੈ, ਪਰ ਉਹ ਬਾਣੀ ਪੜ੍ਹ ਕੇ ਵਿਚਾਰਦਾ ਨਹੀਂ। ਜੇ ਉਹ ਪੜ੍ਹਨ ਦੀ ਕੋਸ਼ਿਸ਼ ਵੀ ਕਰਦਾ ਹੈ ਤਾਂ ਗੁਰੂ ਦੀ ਮੂਲ ਬਾਣੀ ਨਹੀਂ ਪੜ੍ਹਦਾ, ਸਗੋਂ ਕਿਸੇ ਪੁਜਾਰੀ-ਕ੍ਰਿਤ ਤਰਜ਼ਮਾ ਜਾਂ ਉਲਥਾ ਪੜ੍ਹਦਾ ਹੈ। ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਕਹਿੰਦੇ ਕਹਾਉਂਦੇ ਸਿੱਖ ਵਿਦਵਾਨ ਤੇ ਬੁਧੀਜੀਵੀ ਵੀ ਕਿਸੇ ਅਜਿਹੀ ਲਿਖਤ ਨੂੰ ਹੀ ਆਪਣੀ ਵਿਆਖਿਆ ਦਾ ਆਧਾਰ ਬਣਾਉਂਦੇ ਹਨ। ਗੁੜ੍ਹ-ਗਿਆਨ ਵਾਲੇ ਸਿੱਖ ਵੀ ਬਾਣੀ ਤੋਂ ਬਾਣੀ ਨਹੀਂ ਪੜ੍ਹਦੇ, ਉਹ ਵੀ ਸਟੀਕਾਂ ਵਿਚੋਂ ਬਾਣੀ ਦੇ ਅਰਥ ਪੜ੍ਹ ਕੇ ਹੀ ਅੱਗੇ ਆਪਣੇ ਸਟੀਕ ਲਿਖ ਦਿੰਦੇ ਹਨ।

ਸੰਖੇਪ ਵਿਚ ਕਹੀਏ ਤਾਂ ਅਜੋਕੇ ਸਿੱਖ ਬਾਣੀ ਨੂੰ ਪੜ੍ਹਨ ਦੀ ਥਾਂ ਇਸ ਦਾ ਪਾਠ ਕਰਦੇ ਹਨ। ਉਨ੍ਹਾਂ ਦੇ ਪਾਠ ਦਾ ਉਦੇਸ਼ ਬਾਣੀ ਦਾ ਵਿਵੇਕੀ ਵਿਸ਼ਲੇਸ਼ਣ ਕਰ ਕੇ ਇਸ ਵਿਚਲਾ ਸੰਦੇਸ਼ ਸਮਝਣਾ ਨਹੀਂ ਹੁੰਦਾ। ਉਨ੍ਹਾਂ ਅੰਦਰ ਇਹ ਜਾਨਣ ਦੀ ਜਗਿਆਸਾ ਨਹੀਂ ਕਿ ਗੁਰੂ ਸਾਹਿਬ ਉਨ੍ਹਾਂ ਲਈ ਕੀ ਲਿਖ ਕੇ ਗਏ ਹਨ। ਉਹ ਸਮਝਦੇ ਹਨ ਕਿ ਇਸ ਗੱਲ ਦਾ ਤਾਂ ਉਨ੍ਹਾਂ ਨੂੰ ਪਤਾ ਹੀ ਹੈ। ਉਹ ਤਾਂ ਬਾਣੀ ਨੂੰ ਪੂਜਾ ਪਾਠ ਤੇ ਅਰਦਾਸ ਲਈ ਵਰਤਦੇ ਹਨ। ਉਹ ਆਪਣੇ ਕੀਤੇ ਬਾਣੀ ਦੇ ਪਾਠ ਨੂੰ ਅਕਾਲ ਪੁਰਖ ਕੋਲ ਲੇਖੇ ਲਵਾਉਣ ਦੀ ਅਰਦਾਸ ਕਰਦੇ ਹਨ ਤਾਂ ਜੋ ਅਕਾਲ ਪੁਰਖ ਇਸ ਦਾ ਮੁੱਲ ਪਾ ਕੇ ਉਨ੍ਹਾਂ ਨੂੰ ਬੰਦਾ ਲਾਭ ਦੇਵੇ। ਉਨ੍ਹਾਂ ਦੇ ਬਾਣੀ ਪਾਠ ਦਾ ਮੁੱਖ ਮੰਤਵ ਆਪਣੇ ਨਿਜੀ ਹਿੱਤ ਪੂਰਨਾ ਹੁੰਦਾ ਹੈ। ਅਜੋਕੇ ਸਿੱਖ ਕਰੀਬ ਉਸੇ ਅਵਸਥਾ ਵਿਚ ਵਿਚਰ ਰਹੇ ਹਨ, ਜਿਸ ਵਿਚੋਂ ਕੱਢਣ ਲਈ ਗੁਰੂ ਨਾਨਕ ਸਾਹਿਬ ਨੇ ਸਦੀਆਂ ਪਹਿਲਾਂ ਸੱਚੀ ਬਾਣੀ ਦੀ ਰਚਨਾ ਕੀਤੀ ਸੀ।

**ਫਿਰ ਅਜੋਕਾ ਸਿੱਖ ਇਸ ਘੁੰਮਣ-ਘੇਰੀ ਵਿਚੋਂ ਕਿਵੇਂ ਨਿਕਲ ਸਕਦਾ ਹੈ?**

ਅਜੋਕੇ ਸਿੱਖ ਦੇ ਭਟਕਣ ਵਿਚੋਂ ਨਿਕਲਣ ਦਾ ਰਸਤਾ ਬਾਣੀ ਦੇ ਸਹੀ ਅਧਿਐਨ ਵਿਚ ਹੈ। ਜਿਸ ਦਿਨ ਅੱਜ ਦੇ ਸਿੱਖ ਨੇ ਗੁਰਬਾਣੀ ਦੀ ਸਹੀ ਸਿੱਖਿਆ ਹਾਸਲ ਕਰ ਲਈ ਤੇ ਇਸ ਦੀਆਂ ਮਾਨਤਾਵਾਂ ਆਪਣੇ ਮਨ ਵਿਚ ਬਿਠਾ ਲਈਆਂ, ਉਸੇ ਦਿਨ ਉਸ ਦੀਆਂ ਅਖੌਤੀ ਸੱਮਸਿਆਵਾਂ ਦਾ ਹੱਲ ਨਿਕਲ ਆਵੇਗਾ। ਗੁਰਬਾਣੀ ਦੇ ਠੀਕ ਅਧਿਐਨ ਨਾਲ ਹੀ ਉਸ ਦੇ ਸਿੱਖ ਹੋਣ ਦੇ ਸਭ ਦਾਈਏ ਸਫਲ ਹੋ ਜਾਣਗੇ। ਕੇਵਲ ਪਹਿਲੇ ਅੱਖਰ ਦੀ ਸਮਝ ਨਾਲ ਹੀ ਉਸ ਦੀ ਸੋਚ ਸਿੱਧੀ ਹੋ ਜਾਵੇਗੀ ਤੇ ਲੋਕ ਉਸ ਨਾਲ ਸੰਪਰਦਾਇਕ ਬਹਿਸ ਕਰਨਾ ਛੱਡ ਦੇਣਗੇ। ਕੋਈ ਇਕ ਨਹੀਂ, ਸਗੋਂ ਦੁਨੀਆਂ ਦੇ ਸਭ ਧਰਮ ਉਸ ਦੀ ਸਿੱਖੀ ਸੋਚ ਦਾ ਪਾਣੀ ਭਰਨਗੇ। ਸ਼ਰਤ ਇਹ ਹੈ ਕਿ ਉਸ ਦਾ ਅਧਿਐਨ ਕੇਵਲ ਉਨ੍ਹਾਂ ਅਰਥਾਂ ਦੀ ਭਾਲ ਵਿਚ ਹੋਵੇ, ਜੋ ਗੁਰੂ ਨਾਨਕ ਨੇ ਉਨ੍ਹਾਂ ਵਿਚ ਪਾਏ ਸਨ।

***ਅਜੋਕਾ ਸਿੱਖ ਇਕ ਭਟਕਣ ਦੀ ਅਵਸਥਾ ਵਿਚ ਹੈ, ਕਿਉਂਕਿ ਉਹ ਬਾਣੀ ਦੇ ਅਧਿਐਨ ਨਾਲੋਂ ਟੁੱਟ ਚੁਕਾ ਹੈ। ਬਾਣੀ ਚਾਨਣ ਹੈ, ਜੋ ਇਸ ਨੂੰ ਸਹੀ ਰਾਹ ਦਿਖਾ ਸਕਦੀ ਹੈ, ਪਰ ਉਹ ਬਾਣੀ ਪੜ੍ਹ ਕੇ ਵਿਚਾਰਦਾ ਨਹੀਂ। ਜੇ ਉਹ ਪੜ੍ਹਨ ਦੀ ਕੋਸ਼ਿਸ਼ ਵੀ ਕਰਦਾ ਹੈ ਤਾਂ ਗੁਰੂ ਦੀ ਮੂਲ ਬਾਣੀ ਨਹੀਂ ਪੜ੍ਹਦਾ, ਸਗੋਂ ਕਿਸੇ ਪੁਜਾਰੀ-ਕ੍ਰਿਤ ਤਰਜ਼ਮਾ ਜਾਂ ਉਲਥਾ ਪੜ੍ਹਦਾ ਹੈ। ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਕਹਿੰਦੇ ਕਹਾਉਂਦੇ ਸਿੱਖ ਵਿਦਵਾਨ ਤੇ ਬੁਧੀਜੀਵੀ ਵੀ ਕਿਸੇ ਅਜਿਹੀ ਲਿਖਤ ਨੂੰ ਹੀ ਆਪਣੀ ਵਿਆਖਿਆ ਦਾ ਆਧਾਰ ਬਣਾਉਂਦੇ ਹਨ। ਗੁੜ੍ਹ-ਗਿਆਨ ਵਾਲੇ ਸਿੱਖ ਵੀ ਬਾਣੀ ਤੋਂ ਬਾਣੀ ਨਹੀਂ ਪੜ੍ਹਦੇ, ਉਹ ਵੀ ਸਟੀਕਾਂ ਵਿਚੋਂ ਬਾਣੀ ਦੇ ਅਰਥ ਪੜ੍ਹ ਕੇ ਹੀ ਅੱਗੇ ਆਪਣੇ ਸਟੀਕ ਲਿਖ ਦਿੰਦੇ ਹਨ।***

## ਹੱਕ ਪਰਾਇਆ

ਤੁਰ ਪਿਆ ਬਾਬਾ ਸੋਧਣ ਲੁਕਾਈ।
ਛੱਡ ਘਰ ਬਾਰ ਮਾਪੇ ਤੇ ਲੁਗਾਈ।
ਸੰਨ ਪੰਦਰਾਂ ਸੌ ਤੋਂ ਉਦਾਸੀ ਭਰੀ।
ਪੂਰਬ ਦਿਸ਼ਾ ਵੱਲ ਤੁਰੇ ਮੂੰਹ ਸੀ ਕਰੀ।

ਚੱਲ ਪਏ ਲੈ ਮਰਦਾਨੇ ਨੂੰ ਸੰਗ।
ਜਿੱਤਣ ਕਰਮ ਕਾਂਡ ਵਾਲੀ ਜੰਗ।
ਸੋਧਣ ਵਹਿਮ, ਭਰਮ ਪਖੰਡ।
ਮੁਕਾਉਣ ਭੇਦ ਭਾਵ ਵਾਲੀ ਡੰਡ।

ਪਹਿਲਾਂ ਗਏ ਏਮਨਾਬਾਦ ਨਗਰ।
ਠਹਿਰੇ ਜਾ ਭਾਈ ਲਾਲੋ ਦੇ ਘਰ।
ਰਹਿੰਦਾ ਸੀ ਉਥੇ ਭਾਗੋ ਹੰਕਾਰੀ।
ਲੁੱਟਦਾ ਕਿਰਤ ਕਾਮੇ ਦੀ ਭਾਰੀ।

ਭਾਰਾ ਉਹਨੇ ਯੱਗ ਰਚਾਇਆ।
ਬਾਬੇ ਤਾਂਈਂ ਸੱਦ ਭਿਜਵਾਇਆ।
ਸਾਧਾਂ ਸੰਤਾਂ ਨੂੰ ਵੱਡੀ ਦਾਅਵਤ।
ਪਰ ਨਾਲ ਗਰੀਬਾਂ ਨਾ ਮੁਹੱਬਤ।

ਚੱਲੇ ਯੱਗ ਪਰ ਗੁਰੂ ਨਾ ਪਹੁੰਚੇ।
ਕੋਧਰੇ ਦੀ ਖਾ ਬੱਸ ਰਸ ਭੁੰਚੇ।
ਭਾਗੋ ਡਾਢਾ ਗੁੱਸੇ ਵਿਚ ਆਵੇ।
ਝੱਟ ਬਾਬਾ ਜੀ ਨੂੰ ਸੱਦ ਬੁਲਾਵੇ।

"ਰੁੱਖੀ ਮਿੱਸੀ ਲਾਲੋ ਦੀ ਖਾਵੇਂ।
ਕਿਉਂ ਖੀਰ ਪੂੜੇ ਮੇਰੇ ਠੁਕਰਾਵੇਂ?
ਕਿਉਂ ਗਈ ਤੁਹਾਡੀ ਮੱਤ ਮਾਰੀ?"
ਆਖਦਾ ਇੰਜ, ਭਾਗੋ ਹੰਕਾਰੀ।

ਬਾਬਾ ਜੀ ਬੈਠੇ ਰਹੇ ਸ਼ਾਂਤ ਸੁਭਾ।
ਆਖਣ ਭਾਈ ਤੂੰ ਵੀ ਲੈ ਆ।
ਇੱਕ ਹੱਥ ਸੱਚੇ ਹੱਕ ਦੀ ਰੋਟੀ।
ਦੂਜੇ ਹੱਥ ਨਿਹੱਕ ਕਮਾਈ ਖੋਟੀ।

ਫਿਰ ਬਾਬੇ ਨੇ ਬਚਨ ਫੁਰਮਾਏ।
ਦੋਹਾਂ ਵਿਚ ਕੀ ਫਰਕ ਸਮਝਾਏ।
ਸੁੱਚੀ ਕਿਰਤ ਵਾਲੀ ਸੀ ਅੰਮ੍ਰਿਤ।
ਨਿਰੀ ਜ਼ਹਿਰ ਲੁੱਟ ਵਾਲੀ ਕ੍ਰਿਤ।

ਮਾਰ ਕੇ ਹੱਕ ਨਾ ਦੂਜੇ ਦਾ ਖਾਏ।
ਸੱਚਾ ਹਿੰਦੂ, ਮੁਸਲਿਮ ਕਹਾਏ।
ਕਿਰਤੀ ਕਾਮੇ ਸਨ ਵਡਿਆਏ।
ਮਲਕ ਭਾਗੋ ਦੇ ਹੰਕਾਰ ਦੁੜਾਏ।

ਹੱਕ ਪਰਾਇਆ ਜ਼ਹਿਰ ਹਮੇਸ਼।
ਚਹੁੰ ਵਰਨਾ ਨੂੰ ਦੇਹ ਉਪਦੇਸ਼।
ਸਾਂਝੀਵਾਲਤਾ ਦਾ ਵੰਡਣ ਸੰਦੇਸ਼।
ਬਾਬਾ ਨਾਨਕ ਸੀ ਦੂਰ ਅੰਦੇਸ਼।

*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜੇ, ਕੈਲੀਫੋਰਨੀਆ।*

# ਹਿੰਦੂਤਵ ਦੇ ਦੌਰ ਵਿਚ ਮੀਆਂ ਕਵਿਤਾ

***ਹਿੰਦੂਤਵਵਾਦੀਆਂ ਦੀ ਬੁਰਛਾਗਰਦੀ ਭਾਰਤ ਦੇ ਕਰੀਬ ਹਰ ਸੂਬੇ ਵਿਚ ਸਿਰ ਚੜ੍ਹ ਬੋਲ ਰਹੀ ਹੈ। ਮੁਸਲਮਾਨ ਭਾਈਚਾਰਾ ਖਾਸ ਤੌਰ 'ਤੇ ਇਨ੍ਹਾਂ ਦੇ ਨਿਸ਼ਾਨੇ ਉਤੇ ਹੈ। ਅਸਾਮ ਵਿਚ ਹੜ੍ਹ ਤਾਂ ਪਿਛੇ ਜਿਹੇ ਆਏ ਹਨ, ਜਿਨ੍ਹਾਂ ਨੇ ਲੱਖਾਂ ਲੋਕ ਉਜਾੜ ਦਿੱਤੇ ਪਰ ਉਸ ਤੋਂ ਪਹਿਲਾਂ ਉਥੇ ਜੋ ਹੜ੍ਹ ਨਫਰਤ ਦਾ ਆਇਆ ਹੈ, ਉਸ ਦੀ ਭਰਪਾਈ ਨਹੀਂ ਹੋ ਰਹੀ। ਨਫਰਤ ਦੇ ਇਸ ਹੜ੍ਹ ਨੂੰ ਕਵਿਤਾ ਨੇ ਵੰਗਾਰਿਆ ਅਤੇ ਤਿੰਨ ਸਾਲ ਤੋਂ ਲਿਖੀ ਜਾ ਰਹੀ 'ਮੀਆਂ ਕਵਿਤਾ' ਸਾਹਮਣੇ ਆਈ। ਦੋ ਲੇਖਾਂ 'ਚ ਨਵਸ਼ਰਨ ਕੌਰ ਅਤੇ ਐਸ. ਪੀ. ਸਿੰਘ ਨੇ ਇਸ ਮਸਲੇ ਨੂੰ ਵਿਸਥਾਰ ਸਹਿਤ ਵਿਚਾਰਿਆ ਹੈ ਅਤੇ ਹਿੰਦੂਤਵ ਦੀ ਲੋਕ-ਦੋਖੀ ਪਹੁੰਚ ਦੀ ਨਿਸ਼ਾਨਦੇਹੀ ਕੀਤੀ ਹੈ। ਪੇਸ਼ ਹੈ, ਪਹਿਲਾ ਨਵਸ਼ਰਕ ਕੌਰ ਦਾ ਲੇਖ। ਦੂਜਾ ਐਸ. ਪੀ. ਸਿੰਘ ਦਾ ਲੇਖ ਅਗਲੇ ਅੰਕ ਵਿਚ। -ਸੰਪਾਦਕ***

ਗਿਆਰਾਂ ਜੁਲਾਈ 2019 ਨੂੰ ਆਸਾਮ ਪੁਲਿਸ ਨੇ ਇਕ ਸ਼ਿਕਾਇਤ 'ਤੇ ਦਸ ਜਣਿਆਂ ਖਿਲਾਫ ਐਫ.ਆਈ.ਆਰ. ਦਰਜ ਕੀਤੀ। ਉਨ੍ਹਾਂ ਉਤੇ ਦੋਸ਼ ਹੈ: ਆਸਾਮ ਦੀ ਅਸਮਿਤਾ ਨੂੰ ਠੇਸ ਪਹੁੰਚਾਉਣਾ, ਬਦਅਮਨੀ ਫੈਲਾਉਣਾ, ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨਾ ਅਤੇ ਭਾਰਤ ਦੀ ਅਖੰਡਤਾ ਨੂੰ ਠੇਸ ਪਹੁੰਚਾਉਣੀ। ਇਨ੍ਹਾਂ ਨੂੰ ਕਿਸੇ ਵੀ ਵੇਲੇ ਗ੍ਰਿਫਤਾਰ ਕੀਤਾ ਜਾ ਸਕਦਾ ਹੈ। ਇਹ ਦਸ ਜਣੇ ਕੌਣ ਹਨ? ਇਹ ਮੁਸਲਮਾਨ ਆਸਾਮੀ ਹਨ, ਜਿਨ੍ਹਾਂ ਦੇ ਵਡੇਰਿਆਂ ਦਾ ਪਿਛੋਕੜ ਪੂਰਬੀ ਬੰਗਾਲ ਦਾ ਹੈ। ਇਹ ਬ੍ਰਹਮਪੁੱਤਰ ਦਰਿਆ ਦੇ ਵੱਡੇ ਬਰੇਤਿਆਂ ਵਿਚ ਵਸਦੇ ਮਿਹਨਤਕਸ਼ ਕਿਸਾਨ, ਮਜ਼ਦੂਰ ਹਨ। ਇਨ੍ਹਾਂ ਦਸਾਂ ਵਿਚੋਂ ਬਹੁਤੇ ਕਵੀ ਹਨ ਅਤੇ ਇਹ 'ਮੀਆਂ ਕਵਿਤਾ' ਲਿਖਦੇ ਹਨ।




**ਨਵਸ਼ਰਨ ਕੌਰ**

ਮੀਆਂ ਉਰਦੂ ਦਾ ਲਫਜ਼ ਹੈ, ਜੋ ਜਨਾਬ ਜਾਂ ਸ੍ਰੀਮਾਨ ਸੰਬੋਧਨ ਲਈ ਵਰਤਿਆ ਜਾਂਦਾ ਹੈ। ਇਹ ਇੱਜਤ ਦੇਣ ਵਾਲਾ ਜਾਂ ਦੋਸਤਾਨਾ ਸ਼ਬਦ ਹੈ, ਪਰ ਆਸਾਮ ਵਿਚ ਮੀਆਂ ਇਕ ਸਦੀ ਤੋਂ ਉਥੇ ਆਣ ਵੱਸੇ ਪੂਰਬੀ ਬੰਗਾਲ ਮੂਲ ਦੇ ਮੁਸਲਮਾਨਾਂ ਲਈ ਹਿਕਾਰਤ ਵਜੋਂ ਵਰਤਿਆ ਜਾਂਦਾ ਹੈ। ਆਸਾਮ ਵਿਚ ਦਹਾਕਿਆਂ ਤੋਂ ਪੂਰਬੀ ਬੰਗਾਲ ਮੂਲ ਦੇ ਮੁਸਲਮਾਨ ਵਿਤਕਰੇ ਅਤੇ ਨਫਰਤੀ ਜਬਰ ਦਾ ਸ਼ਿਕਾਰ ਰਹੇ ਹਨ। ਉਨ੍ਹਾਂ ਨੂੰ ਆਸਾਮ ਵਾਸੀ ਹੁੰਦਿਆਂ ਵੀ ਸਦਾ ਪਰਵਾਸੀ ਜਾਂ ਗੈਰ ਕਾਨੂੰਨੀ ਨਾਗਰਿਕ ਗਰਦਾਨਿਆ ਜਾਂਦਾ ਹੈ। ਫਰਵਰੀ 1983 ਵਿਚ ਆਸਾਮ ਦੇ ਨੇਲੀ ਜਿਲੇ ਦੇ 15 ਪਿੰਡਾਂ ਵਿਚ ਇਨ੍ਹਾਂ ਮੁਸਲਮਾਨਾਂ 'ਤੇ ਯੋਜਨਾਬੱਧ ਨਫਰਤੀ ਹਮਲਾ ਹੋਇਆ। ਛੇ ਘੰਟੇ ਚੱਲੇ ਇਸ ਹਮਲੇ ਵਿਚ ਕਈ ਹਜ਼ਾਰ ਔਰਤਾਂ, ਆਦਮੀਆਂ ਅਤੇ ਬੱਚਿਆਂ ਨੂੰ ਕਤਲ ਕਰ ਦਿੱਤਾ ਗਿਆ। 688 ਲੋਕਾਂ ਉਤੇ ਇਨ੍ਹਾਂ ਕਤਲਾਂ ਵਿਚ ਸ਼ਾਮਲ ਹੋਣ ਦੇ ਕੇਸ ਦਰਜ ਹੋਏ ਅਤੇ ਫਿਰ ਬਹੁਗਿਣਤੀ ਦੇ ਦਬਾਅ ਥੱਲੇ 1985 ਵਿਚ ਹੋਏ 'ਆਸਾਮ ਸਮਝੌਤੇ' ਤਹਿਤ ਇਹ ਸਾਰੇ ਕੇਸ ਖਾਰਜ ਕਰ ਦਿੱਤੇ ਗਏ। ਆਜ਼ਾਦ ਭਾਰਤ ਦੇ ਇਸ ਪਹਿਲੇ, ਵੱਡੇ ਫਿਰਕੂ ਕਤਲੇਆਮ ਦੇ ਇਕ ਵੀ ਦੋਸ਼ੀ 'ਤੇ ਮੁਕੱਦਮਾ ਨਹੀਂ ਚੱਲਿਆ, ਸਜ਼ਾ ਤਾਂ ਕੀ ਹੋਣੀ ਸੀ। ਨੇਲੀ ਕਤਲੇਆਮ 1984 ਦੇ ਸਿੱਖ ਕਤਲੇਆਮ ਤੋਂ ਵੀਹ ਮਹੀਨੇ ਪਹਿਲਾਂ ਵਾਪਰਿਆ।

ਨੇਲੀ ਦੀ ਤ੍ਰਾਸਦੀ ਅਤੇ ਬੇਇਨਸਾਫੀ ਤੋਂ 'ਮੀਆਂ ਕਵਿਤਾ' ਦਾ ਦੌਰ ਸ਼ੁਰੂ ਹੋਇਆ। ਇਹ ਰੋਹ ਦੀ ਕਵਿਤਾ ਹੈ। ਇਹ ਆਪਣੇ ਨਾਲ ਹੋਈ ਬੇਇਨਸਾਫੀ ਦਾ ਇਜ਼ਹਾਰ ਹੈ, ਬੋਲਣ ਦੀ ਆਜ਼ਾਦੀ ਦੇ ਮਨੁੱਖੀ ਹੱਕ ਦਾ ਅਮਲ ਹੈ। 1985 ਵਿਚ ਲਿਖੀ ਖਬੀਰ ਅਹਿਮਦ ਦੀ ਕਵਿਤਾ 'ਬੇਨਤੀ ਹੈ ਕਿ' ਦੇ ਅੰਸ਼ ਨੇਲੀ ਤ੍ਰਾਸਦੀ ਨੂੰ ਬਿਆਨਦੇ ਹਨ:

ਬੇਨਤੀ ਹੈ ਕਿ  
ਮੈਂ ਇਕ ਵਸਨੀਕ ਹਾਂ,  
ਇਕ ਮੀਆਂ, ਤੁਹਾਡੀ ਨਫਰਤ ਦਾ ਪਾਤਰ  
ਮਾਮਲਾ ਕੁਝ ਵੀ ਹੋਵੇ, ਮੇਰਾ ਨਾਂ ਹੈ  
ਇਸਮਾਈਲ ਸ਼ੇਖ, ਰਮਜ਼ਾਨ ਅਲੀ  
ਜਾਂ ਮਾਜਿਦ ਮੀਆਂ  
ਵਿਸ਼ਾ- ਮੈਂ ਆਸਾਮੀ ਹਾਂ  
ਮੇਰੇ ਕੋਲ ਕਹਿਣ ਨੂੰ ਬਹੁਤ ਕੁਝ ਹੈ  
ਆਸਾਮ ਦੀਆਂ  
ਲੋਕ ਕਹਾਣੀਆਂ ਤੋਂ ਵੀ ਪੁਰਾਣਾ  
ਤੁਹਾਡੀਆਂ ਨਸਾਂ ਵਿਚ ਵਹਿੰਦੇ  
ਖੂਨ ਤੋਂ ਵੀ ਪੁਰਾਣਾ  
ਚਾਲੀ ਸਾਲਾਂ ਦੀ ਆਜ਼ਾਦੀ ਦੇ ਬਾਅਦ ਵੀ  
ਤੁਹਾਡੇ ਚਹੇਤੇ ਲੇਖਕਾਂ ਦੀਆਂ  
ਕਲਮਾਂ ਪਾਸ ਮੇਰੇ ਲਈ ਥਾਂ ਨਹੀਂ  
ਤੁਹਾਡੇ ਕਲਮਕਾਰਾਂ ਦਾ ਬੁਰਸ਼  
ਮੇਰੀ ਤਸਵੀਰ ਨਹੀਂ ਵਾਹੁੰਦਾ  
ਮੇਰਾ ਨਾਂ ਨਹੀਂ ਪੁਕਾਰਿਆ ਜਾਂਦਾ  
ਕਿਸੇ ਵਿਧਾਨ ਸਭਾ ਜਾਂ ਸੰਸਦ ਤੋਂ...  
ਮਾਮਲਾ ਕੁਝ ਵੀ ਹੋਵੇ, ਮੇਰਾ ਨਾਂ ਹੈ...।  
ਤੁਸੀਂ ਗੱਲ ਕਰਦੇ ਹੋ  
ਕਿਸਾਨਾਂ, ਮਜ਼ਦੂਰਾਂ ਦੀ  
ਆਸਾਮ ਧਾਨ ਤੇ ਮਿਹਨਤ ਦੀ ਧਰਤ ਹੈ,  
ਤੁਸੀਂ ਆਖਦੇ ਹੋ  
ਮੈਂ ਨਤਮਸਤਕ ਹਾਂ ਧਾਨ ਨੂੰ  
ਮੈਂ ਨਤਮਸਤਕ ਹਾਂ ਮਿਹਨਤ ਮਜ਼ਦੂਰੀ ਨੂੰ,  
ਕਿਉਂਕਿ ਮੈਂ ਕਿਸਾਨ ਦਾ ਪੁੱਤ ਹਾਂ...।  
ਇਕ ਗੰਦਾ ਮੀਆਂ  
ਮਾਮਲਾ ਕੁਝ ਵੀ ਹੋਵੇ,



*ਕਾਗਜ਼ੀ ਕਾਰਵਾਈਆਂ ਵਿਚ ਉਲਝੇ ਹਿੰਦੂਤਵ ਦੇ ਡੰਬੇ ਮੁਸਲਮਾਨ।*

ਮੇਰਾ ਨਾਂ ਹੈ ਖਬੀਰ ਅਹਿਮਦ  
ਜਾਂ ਮਿਜ਼ਾਨੂਰ ਮੀਆਂ...।  
83 ਦੀ ਅੱਗ ਵਰ੍ਹਾਉਂਦੀ ਰਾਤ  
ਮੇਰੇ ਲੋਕ ਚੁੱਲ੍ਹਿਆਂ ਵਾਂਗ ਬਲਦੇ,  
ਵਿਰਲਾਪ ਕਰਦੇ ਰਹੇ  
ਮੁਕਾਲਮੁਆ, ਰੂਪੋਹੀ, ਜੁਰੀਆ,  
ਸਾਇਆ ਦਾਕਾ, ਪਾਖੀ ਦਾਕਾ  
ਬੱਦਲਾਂ ਨੂੰ ਵੀ ਅੱਗ ਲੱਗ ਗਈ  
ਸਿਵਿਆਂ ਵਾਂਗ ਬਲੇ ਮੀਆਂ ਲੋਕਾਂ ਦੇ ਘਰ।  
...  
85 ਵਿਚ ਜੁਆਰੀਆਂ ਦੇ ਗਰੋਹ ਨੇ  
ਨੀਲਾਮ ਕਰ ਦਿੱਤਾ ਮੈਨੂੰ  
ਵਿਧਾਨ ਸਭਾ ਦੀ ਚਲਦੀ ਸਦਨ ਵਿਚਕਾਰ।

ਬੰਗਾਲੀ ਮੂਲ ਦੇ ਸੈਂਕੜੇ ਲੋਕ ਸਾਲਾਂ ਤੋਂ ਆਸਾਮ ਦੇ ਹਿਰਾਸਤੀ ਕੇਂਦਰਾਂ ਵਿਚ ਅਣਮਨੁੱਖੀ ਹਾਲਾਤ ਵਿਚ ਨਜ਼ਰਬੰਦ ਹਨ। ਇਹ ਉਹ ਲੋਕ ਹਨ, ਜੋ ਭਾਰਤੀ ਨਾਗਰਿਕਤਾ ਦੇ ਸਬੂਤ ਪੇਸ਼ ਨਹੀਂ ਕਰ ਸਕੇ। ਕੌਮੀ ਨਾਗਰਿਕਤਾ ਰਜਿਸਟਰ ਦੇ ਨੋਟੀਫਿਕੇਸ਼ਨ ਨੇ ਇਸ ਸਮੱਸਿਆ ਨੂੰ ਹੋਰ ਗਹਿਰਾ ਕਰ ਦਿੱਤਾ। ਇਸ ਅਨੁਸਾਰ ਆਸਾਮ ਵਿਚ ਰਹਿਣ ਵਾਲਿਆਂ ਨੇ ਇਹ ਸਬੂਤ ਦੇਣਾ ਹੈ ਕਿ ਉਹ 24 ਮਾਰਚ 1971 ਤੋਂ ਪਹਿਲਾਂ ਆਸਾਮ ਦੇ ਵਾਸੀ ਸਨ। ਜੁਲਾਈ 2018 ਨੂੰ ਆਸਾਮ ਰਾਜ ਨੇ ਆਸਾਮੀ ਸ਼ਹਿਰੀਆਂ ਦੀ ਸੂਚੀ ਕੱਢੀ ਜਿਸ ਵਿਚ ਆਸਾਮ 'ਚ ਵਸਦੇ ਕਰੀਬ 40 ਲੱਖ ਲੋਕਾਂ ਦੇ ਨਾਂ ਨਹੀਂ ਸਨ। ਉਨ੍ਹਾਂ ਨੂੰ ਅਗਲੇ ਕੁਝ ਸਮੇਂ ਅੰਦਰ ਆਪਣੇ ਸ਼ਹਿਰੀ ਹੋਣ ਦੇ ਸਬੂਤ ਪੇਸ਼ ਕਰਨ ਦੀ ਮੋਹਲਤ ਦਿੱਤੀ ਗਈ। ਸੂਚੀ ਵਿਚੋਂ ਗੈਰਹਾਜ਼ਰ 40 ਲੱਖ ਲੋਕਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਬੂਤਾਂ ਦੀ ਮੰਗ ਨੇ ਘੋਰ ਸੰਕਟ ਵਲ ਧੱਕ ਦਿੱਤਾ।

ਮਨੁੱਖੀ ਹੱਕਾਂ ਦੇ ਕਾਰਕੁਨਾਂ ਦਾ ਮੰਨਣਾ ਹੈ ਕਿ ਇਹ ਸੂਚੀ ਮਨੁੱਖੀ ਇਤਿਹਾਸ ਵਿਚ ਕੁਝ ਲੋਕਾਂ ਨੂੰ ਹੱਕਾਂ ਤੋਂ ਵਾਂਝਿਆਂ ਕਰਨ ਦੀ ਸਭ ਤੋਂ ਵੱਡੀ ਮਸ਼ਕ ਹੈ। ਭਾਰਤ ਦੀ ਬੰਗਲਾਦੇਸ਼ ਨਾਲ ਕੋਈ ਐਸੀ ਸੰਧੀ ਨਹੀਂ, ਜਿਸ ਤਹਿਤ ਆਪਣੀ ਨਾਗਰਿਕਤਾ ਦਾ ਸਬੂਤ ਦੇ ਸਕਣ ਤੋਂ ਅਸਮਰੱਥ ਲੋਕ ਬੰਗਲਾਦੇਸ਼ ਭੇਜੇ ਜਾਣਗੇ। ਫੇਰ 31 ਜੁਲਾਈ ਨੂੰ ਕੌਮੀ ਰਜਿਸਟਰ ਦੀ ਅੰਤਿਮ ਸੂਚੀ ਜਾਰੀ ਕੀਤੀ ਜਾਵੇਗੀ ਤਾਂ ਇਸ ਤੋਂ ਬਾਹਰ ਰਹਿ ਗਏ ਲੋਕਾਂ ਦਾ ਕੀ ਹਸ਼ਰ ਹੋਵੇਗਾ? ਕੀ ਉਹ ਸਾਰੀ ਉਮਰ ਹਿਰਾਸਤੀ ਕੇਂਦਰਾਂ ਵਿਚ ਸੜਦੇ ਰਹਿਣਗੇ? ਅੱਜ ਲੱਖਾਂ ਲੋਕਾਂ 'ਤੇ ਬੇਵਤਨੇ, ਬੇਘਰੇ ਤੇ ਰਾਸ਼ਟਰਹੀਣ ਹੋ ਜਾਣ ਦਾ ਖਤਰਾ ਮੰਡਰਾ ਰਿਹਾ ਹੈ।

***34 ਸਾਲਾਂ ਦੇ ਇਜ਼ਹਾਰ ਅਹਿਮਦ ਨੇ ਦੱਸਿਆ ਕਿ ਆਪਣੀ ਇਸ ਉਮਰ ਵਿਚ ਉਸ ਨੇ 17 ਵਾਰ ਉਜਾੜਾ ਹੰਢਾਇਆ ਹੈ। ਬਚਪਨ ਵਿਚ ਆਪਣੇ ਮਾਂ ਬਾਪ ਨਾਲ ਤੇ ਹੁਣ ਆਪਣੀ ਮਿਹਨਤ ਨਾਲ ਉਹ ਹਰ ਵਾਰ ਨਵੀਂ ਥਾਂ ਵਸੇਬਾ ਕਰਦਾ ਹੈ, ਪਰ ਉਸ ਕੋਲ ਕੋਈ ਵਿਰਾਸਤੀ ਦਸਤਾਵੇਜ਼ ਨਹੀਂ ਕਿ ਉਸ ਦਾ ਪਿਤਾ ਆਸਾਮ ਦਾ ਮੂਲ ਵਾਸੀ ਸੀ। ਉਸ ਦੇ ਭਰਾ ਕੋਲ ਕੁਝ ਕਾਗਜ਼ ਹਨ, ਪਰ ਇਜ਼ਹਾਰ ਕੋਲ ਕੋਈ ਐਸਾ ਕਾਗਜ਼ ਨਹੀਂ ਕਿ ਉਹ ਆਪਣੇ ਭਰਾ ਹੋਣ ਦਾ ਸਬੂਤ ਦੇ ਸਕੇ।***

ਮੈਂ ਵੀਰਾਨ, ਦਲਦਲੀ ਭੋਂ ਨੂੰ  
ਧਾਨ ਦੇ ਹਰੇ ਖੇਤਾਂ ਵਿਚ ਬਦਲ ਦਿੱਤਾ  
ਤੁਹਾਨੂੰ ਰਜਾਉਣ ਲਈ।  
ਮੈਂ ਇੱਟਾਂ ਢੋਈਆਂ  
ਤੁਹਾਡੀਆਂ ਉਸਾਰੀਆਂ ਲਈ  
ਮੈਂ ਤੁਹਾਡੀ ਕਾਰ ਚਲਾਉਂਦਾ ਹਾਂ  
ਤੁਹਾਡੇ ਆਰਾਮ ਲਈ  
ਮੈਂ ਗੰਦੀਆਂ ਨਾਲੀਆਂ ਸਾਫ ਕਰਦਾ ਹਾਂ  
ਤੁਹਾਨੂੰ ਨਰੋਆ ਰੱਖਣ ਲਈ  
ਮੈਂ ਹਮੇਸ਼ਾ ਤੋਂ ਹਾਜ਼ਰ ਹਾਂ  
ਤੁਹਾਡੀ ਚਾਕਰੀ 'ਤੇ  
ਤੁਸੀਂ ਫੇਰ ਵੀ ਅਸੰਤੁਸ਼ਟ ਹੋ!  
ਦਰਜ ਕਰੋ, ਮੈਂ ਮੀਆਂ ਹਾਂ  
ਜਮਹੂਰੀ, ਧਰਮ ਨਿਰਪੇਖ ਰਾਸ਼ਟਰ ਦਾ  
ਇਕ ਨਾਗਰਿਕ ਹੱਕਾਂ ਤੋਂ ਵਿਹੂਣਾ।  
(ਤੁਹਾਡੀ ਲਿਸਟ ਵਿਚ)  
ਮੇਰੀ ਮਾਂ 'ਸ਼ੱਕੀ' ਵੋਟਰ ਹੈ  
ਭਾਵੇਂ ਉਸ ਦੇ ਮਾਪੇ ਭਾਰਤੀ ਨੇ  
ਜੇ ਤੁਸੀਂ ਚਾਹੋ ਮੈਨੂੰ ਮਾਰ ਛੱਡੋ  
ਮੇਰੇ ਪਿੰਡ 'ਚੋਂ ਮੈਨੂੰ ਬੇਦਖਲ ਕਰ ਦਿਓ  
ਮੇਰੇ ਹਰਿਆਲੇ ਖੇਤ ਮੈਥੋਂ ਖੋਹ ਲਵੋ  
ਬੁਲਡੋਜ਼ਰ ਲਵੋ  
ਮੇਰੇ 'ਤੇ ਫੇਰ ਛੱਡੋ  
ਤੁਹਾਡੀਆਂ ਗੋਲੀਆਂ  
ਮੇਰੀ ਛਾਤੀ ਵਿੰਨ੍ਹ ਸੁੱਟਣ  
ਬਿਨਾ ਕਿਸੇ ਕਸੂਰ ਦੇ।  
ਦਰਜ ਕਰੋ, ਮੈਂ ਮੀਆਂ ਹਾਂ  
ਬ੍ਰਹਮਪੁੱਤਰ ਦਾ  
ਤੁਹਾਡੇ ਤਸੀਹਿਆਂ ਨੇ  
ਮੇਰਾ ਪਿੰਡਾ ਸਾੜ ਕੇ  
ਰੇਤਿਆਂ, ਬਰੇਤਿਆਂ ਤੇ  
ਸੱਪਾਂ ਦੀਆਂ ਖੁੱਡਾਂ ਤੋਂ  
ਦੇਖ ਮੈਨੂੰ ਕਹੀ ਨਾਲ ਧਰਤ ਨੂੰ ਚੀਰਦਿਆਂ  
ਧਾਨ, ਗੰਨੇ ਤੇ ਦਸਤਾਂ ਨਾਲ ਸਣੇ  
ਖੇਤਾਂ 'ਚੋਂ ਸਰਕਦਿਆਂ  
ਪੜ੍ਹ ਲੈ ਮੇਰੀ ਉਲਝਣ।  
ਜਦੋਂ ਕਹਿੰਦੇ ਨੇ ਧੱਕੜ ਮੈਨੂੰ ਬੰਗਲਾਦੇਸ਼ੀ  
ਤੇ ਮੈਂ ਦੱਸਦਾ ਹਾਂ ਮੇਰੇ ਬਾਗੀ ਦਿਲ ਨੂੰ  
ਮੈਂ ਤੇ ਮੀਆਂ ਹਾਂ।  
ਦੇਖ ਮੈਨੂੰ ਸੰਵਿਧਾਨ ਦੀ ਕਾਪੀ ਵੱਖੀ ਥੱਲੇ  
ਤੇ ਉਂਗਲ ਦਿੱਲੀ ਵੱਲ ਕੀਤਿਆਂ  
ਆਪਣੀ ਸੰਸਦ, ਆਪਣੀ ਸੁਪਰੀਮ ਕੋਰਟ  
ਆਪਣੇ ਕਨਾਟ ਪਲੇਸ ਵੱਲ ਜਾਂਦਿਆਂ  
ਤੇ ਦੱਸਦਿਆਂ ਸੰਸਦ ਮੈਂਬਰਾਂ, ਜੱਜਾਂ ਨੂੰ  
ਤੇ ਜਨਪਥ 'ਤੇ ਟੂਮਾਂ ਵੇਚਦੀ ਕੁੜੀ ਨੂੰ  
ਮੈਂ ਮੀਆਂ ਹਾਂ।

ਕੌਮੀ ਰਜਿਸਟਰ ਦਾ ਅਸਰ ਅਤੇ ਗਰੀਬ ਲੋਕਾਂ ਉਤੇ ਟੁੱਟੇ ਕਹਿਰ ਦਾ ਜਾਇਜ਼ਾ ਲੈਣ ਲਈ ਹਾਲ ਹੀ ਵਿਚ ਅਸੀਂ 'ਕਾਰਵਾਂ-ਏ-ਮੁਹੱਬਤ' ਮੁਹਿਮ ਵਿਚ ਸ਼ਾਮਲ ਕੁਝ ਸਾਥੀ, ਆਸਾਮ ਗਏ। ਉਸ ਫੇਰੀ ਦੌਰਾਨ ਅਸੀਂ ਉਨ੍ਹਾਂ ਪਰਿਵਾਰਾਂ ਨੂੰ ਵੀ ਮਿਲੇ, ਜਿਨ੍ਹਾਂ ਵਿਚ ਮਰਦਾਂ ਜਾਂ ਔਰਤਾਂ ਨੇ ਇਸ ਸਾਰੀ ਸਰਕਾਰੀ ਕਾਰਵਾਈ, ਬੇਦਖਲੀ, ਹਿਰਾਸਤੀ ਕੇਂਦਰਾਂ ਵਿਚ ਕੈਦ ਦੇ ਡਰ, ਅਤੇ ਰੋਜ਼-ਰੋਜ਼ ਦੀ ਜ਼ਿਲ੍ਹਤ ਨੂੰ ਨਾ ਸਹਿੰਦਿਆਂ ਖੁਦਕੁਸ਼ੀ ਕਰ ਲਈ ਸੀ। ਪਤਾ ਲੱਗਾ ਕਿ ਪਿਛਲੇ ਕੁਝ ਹੀ ਮਹੀਨਿਆਂ ਵਿਚ 57 ਮਰਦ ਅਤੇ ਔਰਤਾਂ ਖੁਦਕੁਸ਼ੀ ਕਰ ਚੁਕੇ ਹਨ। ਕੌਮੀ ਰਜਿਸਟਰ ਦੀ ਤ੍ਰਾਸਦੀ ਅਸੀਂ ਅੱਖੀਂ ਵੇਖੀ-ਸਰਕਾਰੀ ਕਾਰਕੁਨਾਂ ਤੇ ਏਜੰਟਾਂ ਦੀ ਬੇਲਗਾਮ ਲੁੱਟ, ਮੁਸਲਮਾਨਾਂ ਖਿਲਾਫ ਖੁੱਲ੍ਹੇਆਮ ਨਫਰਤ ਦਾ ਇਜ਼ਹਾਰ ਅਤੇ ਕਹਿੰਦੇ ਕਹਾਉਂਦੇ ਪ੍ਰਗਤੀਸ਼ੀਲ ਆਸਾਮੀ ਲੇਖਕਾਂ, ਬੁੱਧੀਜੀਵੀਆਂ ਦੀ ਵੀ ਬੰਗਾਲੀ ਮੂਲ ਦੇ ਲੋਕਾਂ ਪ੍ਰਤੀ ਉਦਾਸੀਨਤਾ!

ਅਸੀਂ ਬੇਦਖਲੀ ਦਾ ਡਰ, ਬੇਵਤਨੀ ਦਾ ਦਰਦ ਅਤੇ ਰੋਹ ਵਾਲਾ ਸੁਰ ਮਹਿਸੂਸ ਕੀਤਾ ਬਰੇਤਿਆਂ ਵਿਚ ਵਿਚਰ ਕੇ ਸਮਝ ਆਈ ਕਿ ਉਨ੍ਹਾਂ ਮੂਲ ਵਾਸੀਆਂ ਕੋਲ ਨਾਗਰਿਕਤਾ ਦੇ ਸਬੂਤ ਕਿਉਂ ਨਹੀਂ ਹਨ ਜਿਨ੍ਹਾਂ ਦੇ ਹਿੱਸੇ ਉਜਾੜਾ ਆਇਆ ਹੈ। ਜੋ ਦਰਿਆ ਦਾ ਰੁਖ ਬਦਲਣ ਨਾਲ ਵਾਰ-ਵਾਰ ਉਜੜਦੇ, ਵਸਦੇ ਤੇ ਫਿਰ ਉਜੜਦੇ ਹਨ। ਔਰਤਾਂ ਜੋ ਨਿੱਕੀ ਉਮਰੇ ਵਿਆਹੀਆਂ ਗਈਆਂ, ਜੋ ਕਦੀ ਸਕੂਲ ਨਹੀਂ ਗਈਆਂ, ਤੇ ਨਹੀਂ ਹੈ ਉਨ੍ਹਾਂ ਕੋਲ 'ਵਿਰਾਸਤ ਦਾ ਸਰਟੀਫਿਕੇਟ' ਆਪਣੇ ਭਾਰਤੀ ਬਾਪ ਦੀ ਬੇਟੀ ਹੋਣ ਦਾ ਦਸਤਾਵੇਜ਼।

34 ਸਾਲਾਂ ਦੇ ਇਜ਼ਹਾਰ ਅਹਿਮਦ ਨੇ ਦੱਸਿਆ ਕਿ ਆਪਣੀ ਇਸ ਉਮਰ ਵਿਚ ਉਸ ਨੇ 17 ਵਾਰ ਉਜਾੜਾ ਹੰਢਾਇਆ ਹੈ। ਬਚਪਨ ਵਿਚ ਆਪਣੇ ਮਾਂ ਬਾਪ ਨਾਲ ਤੇ ਹੁਣ ਆਪਣੀ ਮਿਹਨਤ ਨਾਲ ਉਹ ਹਰ ਵਾਰ ਨਵੀਂ ਥਾਂ ਵਸੇਬਾ ਕਰਦਾ ਹੈ, ਪਰ ਉਸ ਕੋਲ ਕੋਈ ਵਿਰਾਸਤੀ ਦਸਤਾਵੇਜ਼ ਨਹੀਂ ਕਿ ਉਸ ਦਾ ਪਿਤਾ ਆਸਾਮ ਦਾ ਮੂਲ ਵਾਸੀ ਸੀ। ਉਸ ਦੇ ਭਰਾ ਕੋਲ ਕੁਝ ਕਾਗਜ਼ ਹਨ, ਪਰ ਇਜ਼ਹਾਰ ਕੋਲ ਕੋਈ ਐਸਾ ਕਾਗਜ਼ ਨਹੀਂ ਕਿ ਉਹ ਆਪਣੇ ਭਰਾ ਹੋਣ ਦਾ ਸਬੂਤ ਦੇ ਸਕੇ।



*ਹੜ੍ਹਾਂ ਨਾਲ ਡੰਬੇ ਲੋਕ ਇਕ ਤੋਂ ਦੂਜੀ ਥਾਂ ਜਾਂਦੇ ਹੋਏ।*

ਇਸੇ ਪ੍ਰਸੰਗ ਵਿਚ ਸ਼ੁਰੂ ਹੋਇਆ ਮੀਆਂ ਕਵਿਤਾ ਦਾ ਮੌਜੂਦਾ ਦੌਰ, ਹਫੀਜ਼ ਅਹਿਮਦ ਦੀ ਕੌਮੀ ਨਾਗਰਿਕਤਾ ਰਜਿਸਟਰ ਬਾਰੇ 2016 ਵਿਚ ਲਿਖੀ ਕਵਿਤਾ 'ਦਰਜ ਕਰੋ ਮੈਂ ਮੀਆਂ ਹਾਂ' ਨਾਲ। ਇਹ ਰੋਹ ਦੀ ਕਵਿਤਾ ਹੈ। ਹਫੀਜ਼ ਅਹਿਮਦ ਆਪਣੀ ਕਵਿਤਾ ਨਾਲ ਨਾ ਸਿਰਫ ਕੌਮੀ ਨਾਗਰਿਕਤਾ ਰਜਿਸਟਰ ਦਾ ਬੇਖੌਫ ਵਿਰੋਧ ਕਰਦਾ ਹੈ ਸਗੋਂ ਇਕ ਵਾਰ ਫੇਰ 'ਮੀਆਂ' (ਜੋ ਗਾਲ੍ਹ ਬਣ ਚੁਕੀ ਹੈ) ਨੂੰ ਆਪਣੀ ਪਛਾਣ ਬਣਾਉਂਦਾ ਹੈ ਅਤੇ ਆਪਣੀ ਮਾਂ ਬੋਲੀ ਵਿਚ ਕਹਿੰਦਾ ਹੈ:

ਦਰਜ ਕਰੋ, ਮੈਂ ਮੀਆਂ ਹਾਂ  
ਰਾਸ਼ਟਰੀ ਨਾਗਰਿਕ ਰਜਿਸਟਰ ਵਿਚ  
ਮੇਰਾ ਸੀਰੀਅਲ ਨੰਬਰ ਹੈ 200543  
ਮੇਰੇ ਦੋ ਬੱਚੇ ਹਨ  
ਆਉਂਦੀ ਗਰਮੀਆਂ ਰੁੱਤੇ  
ਮੇਰਾ ਇਕ ਹੋਰ ਬਾਲ ਆਉਣਾ ਹੈ  
ਉਹਨੂੰ ਵੀ ਓਨੀ ਹੀ ਨਫਰਤ ਕਰੋਗੇ  
ਜਿੰਨੀ ਮੈਨੂੰ ਕਰਦੇ ਹੋ?  
ਦਰਜ ਕਰੋ, ਮੈਂ ਮੀਆਂ ਹਾਂ  
ਸਿਆਹ ਕਰ ਦਿੱਤਾ ਹੈ  
ਮੇਰੀਆਂ ਅੱਖਾਂ ਵਿਚ ਅੱਗ ਦੀ ਰੱਤ ਹੈ  
ਖਬਰਦਾਰ!  
ਮੇਰੇ ਕੋਲ ਗੁੱਸੇ ਦੇ ਸਿਵਾਏ  
ਹੋਰ ਕੁਝ ਨਹੀਂ  
ਮੇਰੇ ਕੋਲੋਂ ਦੂਰ ਰਹੋ!  
ਜਾਂ ਰਾਖ ਹੋ ਜਾਓ।

ਮੀਆਂ ਕਵਿਤਾ ਆਪਣੀ ਧਰਤੀ ਤੋਂ ਪਰਾਇਆ/ਦੂਜਾ ਹੋਣ ਦਾ ਦੁੱਖ ਕਹਿੰਦੀ ਹੈ। ਸ਼ਾਲਿਮ ਹੁਸੈਨ 'ਨਾਨਾ, ਮੈਂ ਲਿਖ ਦਿੱਤਾ ਹੈ' ਵਿਚ ਕਹਿੰਦਾ ਹੈ:

ਨਾਨਾ, ਮੈਂ ਲਿਖ ਦਿੱਤਾ ਹੈ  
ਸਹੀ ਪਾ ਦਿੱਤੀ ਹੈ  
ਨੋਟਰੀ ਤੋਂ ਤਸਦੀਕ ਵੀ ਹੋ ਚੁਕੀ ਹੈ  
ਕਿ ਮੈਂ ਮੀਆਂ ਹਾਂ।  
ਹੁਣ ਦੇਖ ਮੈਨੂੰ ਉਠਦੇ ਨੂੰ  
ਹੜ੍ਹਾਂ ਦੇ ਪਾਣੀਆਂ ਵਿਚੋਂ  
ਪਹਾੜਾਂ ਹੇਠੋਂ ਸਰਕਦੀ ਮਿੱਟੀ ਵਿਚੋਂ  
ਦੇਖ ਮੈਨੂੰ ਕੂਚ ਕਰਦਿਆਂ

ਦੱਸਿਆ ਕਿ ਆਪਣੀ ਇਸ ਉਮਰ ਵਿਚ ਉਸ ਨੇ 17 ਵਾਰ ਉਜਾੜਾ ਹੰਢਾਇਆ ਹੈ। ਬਚਪਨ ਵਿਚ ਆਪਣੇ ਮਾਂ ਬਾਪ ਨਾਲ ਤੇ ਹੁਣ ਆਪਣੀ ਮਿਹਨਤ ਨਾਲ ਉਹ ਹਰ ਵਾਰ ਨਵੀਂ ਥਾਂ ਵਸੇਬਾ ਕਰਦਾ ਹੈ, ਪਰ ਉਸ ਕੋਲ ਕੋਈ ਵਿਰਾਸਤੀ ਦਸਤਾਵੇਜ਼ ਨਹੀਂ ਕਿ ਉਸ ਦਾ ਪਿਤਾ ਆਸਾਮ ਦਾ ਮੂਲ ਵਾਸੀ ਸੀ। ਉਸ ਦੇ ਭਰਾ ਕੋਲ ਕੁਝ ਕਾਗਜ਼ ਹਨ, ਪਰ ਇਜ਼ਹਾਰ ਕੋਲ ਕੋਈ ਐਸਾ ਕਾਗਜ਼ ਨਹੀਂ ਕਿ ਉਹ ਆਪਣੇ ਭਰਾ ਹੋਣ ਦਾ ਸਬੂਤ ਦੇ ਸਕੇ।

ਇਹ ਕੇਹਾ ਕਾਨੂੰਨ ਤੇ ਕੇਹਾ ਵਰਤਾਰਾ ਹੈ ਕਿ ਲੋਕ ਵੀ ਨਾਜਾਇਜ਼ ਹਨ ਅਤੇ ਇਸ ਵਰਤਾਰੇ ਤੋਂ ਜਨਮੀ ਕਵਿਤਾ ਵੀ ਨਾਜਾਇਜ਼ ਹੈ; ਤੇ ਅਸੀਂ ਜਿਨ੍ਹਾਂ ਕੋਲ ਵਿਰਾਸਤੀ ਦਸਤਾਵੇਜ਼ ਵੀ ਹਨ ਅਤੇ ਵਿਦਰੋਹ ਦੀ ਕਵਿਤਾ ਦੀ ਵਿਰਾਸਤ ਵੀ, ਇਨ੍ਹਾਂ ਸਮਿਆਂ ਵਿਚ ਕਿਥੇ ਹਾਂ? ਕੀ ਸਾਡਾ ਫਰਜ਼ ਨਹੀਂ ਬਣਦਾ ਕਿ ਮੀਆਂ ਕਵੀਆਂ ਦੇ ਹੱਕ ਵਿਚ ਖੜ੍ਹੀਏ, ਉਨ੍ਹਾਂ ਦੇ ਕਵਿਤਾ ਰਚਣ ਦੇ ਹੱਕ ਦੀ ਅਵਾਜ਼ ਨੂੰ ਬੁਲੰਦ ਕਰੀਏ ਅਤੇ ਮੰਗ ਕਰੀਏ ਕਿ ਮੀਆਂ ਕਵੀਆਂ ਖਿਲਾਫ ਬੇਤੁਕੇ ਕੇਸ ਰੱਦ ਕੀਤੇ ਜਾਣ?

ਹਿੰਦੀ ਕਹਾਣੀ

# ਡੋਰ

*ਹਿੰਦੀ ਕਹਾਣੀਕਾਰ ਰਾਜੀ ਸੇਠ (ਜਨਮ 1935) ਨੇ ਲਿਖਣਾ ਬਹੁਤ ਦੇਰ ਬਾਅਦ ਸ਼ੁਰੂ ਕੀਤਾ। ਉਸ ਦੀ ਪਹਿਲੀ ਕਹਾਣੀ 1975 ਵਿਚ ਛਪੀ ਜਦੋਂ ਉਸ ਦੀ ਉਮਰ 40 ਵਰ੍ਹਿਆਂ ਦੀ ਸੀ। ਹੁਣ ਤਕ ਉਸ ਦੇ 13 ਕਹਾਣੀ ਸੰਗ੍ਰਿਹ ਅਤੇ ਦੋ ਨਾਵਲ ਛਪ ਚੁਕੇ ਹਨ। ਇਕ ਨਾਵਲ 'ਤਤ-ਸਮ' (1983) ਨੂੰ ਤਾਂ ਕਲਾਸਿਕ ਨਾਵਲ ਦਾ ਰੁਤਬਾ ਹਾਸਲ ਹੋਇਆ ਹੈ। ਇਹ ਨਾਵਲ ਪੁਰਾਤਨਤਾ ਅਤੇ ਆਧੁਨਿਕਤਾ ਦੀ ਗਲਵੱਕੜੀ ਪੁਆਉਂਦਾ ਹੈ। 'ਡੋਰ' ਕਹਾਣੀ ਵਿਚ ਰਾਜੀ ਸੇਠ ਨੇ ਇਕ ਵੱਖਰੇ ਰਿਸ਼ਤੇ ਦੀ ਬਾਤ ਪਾਈ ਹੈ। ਇਹ ਉਹ ਰਿਸ਼ਤਾ ਹੈ ਜੋ ਕਿਸੇ ਨਾਲ ਵੀ, ਕਿਤੇ ਵੀ ਖੁਦ-ਬਖੁਦ ਬਣ ਜਾਂਦਾ ਹੈ। ਇਹ ਅਸਲ ਵਿਚ ਮਨੁੱਖਤਾ ਵੱਲ ਖੁੱਲ੍ਹਦਾ ਦਰਵਾਜ਼ਾ ਹੈ। -ਸੰਪਾਦਕ*

ਹਸਪਤਾਲ ਦਾ ਵਰਾਂਡਾ। ਜਨਵਰੀ ਦੀ ਸਵੇਰ। ਹੱਡ ਚੀਰਦੀ ਸਨਸਨਾਉਂਦੀ ਹਵਾ। ਧੁੱਪ ਏਨੀ ਮੱਧਮ ਕਿ ਸਰੀਰ ਨੂੰ ਜ਼ਰਾ ਕੁ ਵੀ ਸੇਕ ਨਾ ਲੱਗੇ। ਤੇਜ਼ੀ ਨਾਲ ਲੰਘਦਿਆਂ ਪਤਾ ਨਹੀਂ ਕਿਵੇਂ ਮੈਂ ਕੋਲ ਦੇ ਸਟਰੈਚਰ ਨਾਲ ਟਕਰਾਅ ਗਿਆ। ਚੀਕ ਹਵਾ ਵਿਚ ਗੂੰਜੀ।

ਉਹ ਚੀਕ ਉਸ ਸਟਰੈਚਰ 'ਤੇ ਪਏ ਮੁੰਡੇ ਦੀ ਸੀ, ਜਿਸ ਨੂੰ ਮੈਂ ਨਹੀਂ ਸੀ ਦੇਖਿਆ। ਨੰਗੇ ਠੰਢੇ ਸਟਰੈਚਰ 'ਤੇ ਉਹ ਪਾਟੀ ਨਿੱਕਰ, ਕਮੀਜ਼ ਪਾਈ ਲੰਮਾ ਪਿਆ ਸੀ, ਬਿਨਾ ਕੁਝ ਉਪਰ ਲਿਆਂ। ਲੱਤਾਂ ਪਤਲੀਆਂ ਸਾਂਵਲੀਆਂ। ਪੈਰ ਕੋਲੇ ਵਰਗੇ ਕਾਲੇ। ਚਿਹਰਾ ਥਾਂ-ਥਾਂ ਤੋਂ ਵੱਢਿਆ ਟੁੱਕਿਆ। ਨੱਕ ਤੋਂ ਹੇਠਲਾ ਹਿੱਸਾ ਕੁਚਲਿਆ ਹੋਇਆ ਜ਼ਖਮੀ। ਬੁੱਲ੍ਹ ਇਕ ਤਰ੍ਹਾਂ ਨਾਲ ਗਾਇਬ।

ਉਹ ਜ਼ਾਰ-ਜ਼ਾਰ ਰੋ ਰਿਹਾ ਸੀ। ਮੇਰੇ ਵਲੋਂ ਸਟਰੈਚਰ ਹਿਲਾਏ ਜਾਣ 'ਤੇ ਉਹ ਚੀਕਿਆ ਸੀ। ਉਸ ਦਾ ਹੱਥ ਕੂਹਣੀ ਤੋਂ ਅੱਗੇ ਲਟਕਿਆ ਹੋਇਆ ਸੀ। ਹੱਡੀ ਉਥੋਂ ਦੋ ਟੋਟੇ ਹੋਈ ਹੋਵੇਗੀ। ਇਸ ਨੂੰ ਐਕਸਰੇ ਤੋਂ ਬਿਨਾ ਵੀ ਦੇਖਿਆ ਜਾ ਸਕਦਾ



**ਰਾਜੀ ਸੇਠ**

**ਅਨੁਵਾਦ: ਭਜਨਬੀਰ ਸਿੰਘ**

ਸੀ। ਉਸ ਦੇ ਨਾਲ ਆਏ ਅੱਧਖੜ ਨੇ ਉਸ ਨੂੰ ਤੀਜੀ ਵਾਰ ਝਿੜਕਿਆ, "ਕਹਿ ਤਾਂ ਦਿੱਤਾ ਹੁਣੇ ਡਾਕਟਰ ਆਵੇਗਾ ਤਾਂ ਦੇਖ ਲਵੇਗਾ, ਠੀਕ ਹੋ ਜਾਵੇਂਗਾ, ਫਜ਼ੂਲ ਕੰਨ ਖਾ ਰਿਹਾ ਹੈਂ!" ਇਹ ਕਹਿੰਦਿਆਂ ਅਣਮੰਨੇ ਜਿਹੇ ਮਨ ਨਾਲ ਉਸ ਦੀ ਬਾਂਹ ਨੂੰ ਛੂਹਿਆ। ਮੁੰਡਾ ਫਿਰ ਤੜਫ ਉਠਿਆ।

ਐਤਵਾਰ ਦੀ ਇਸ ਠੰਢੀ ਸਵੇਰ ਨੂੰ ਐਮਰਜੈਂਸੀ ਵਾਰਡ ਵੀ ਜਿਵੇਂ ਛੁੱਟੀ 'ਤੇ ਹੈ। ਦਰਵਾਜੇ ਸਹਿਮ-ਸਹਿਮ ਕੇ ਖੁੱਲ੍ਹ ਰਹੇ ਹਨ। ਇਕਾ-ਦੁੱਕਾ ਨਰਸਾਂ ਲਾਪਰਵਾਹੀ ਨਾਲ ਇਧਰ-ਉਧਰ ਤੁਰਦੀਆਂ ਨਜ਼ਰ ਆਈਆਂ।

ਆਪਣੇ ਫਿੱਸੇ ਹੋਏ ਹੱਥੇ ਦੇ ਅੰਗੂਠੇ ਦੇ ਥੋੜ੍ਹੇ ਜਿਹੇ ਦਰਦ ਨੂੰ ਮੈਂ ਭੁੱਲ ਗਿਆ। ਮੁੰਡੇ ਦੀ ਚੀਕ ਮੇਰੇ ਅੰਦਰ ਧਸਦੀ ਗਈ। ਮੈਂ ਪੁੱਛਿਆ, "ਸਿਸਟਰ, ਮਰੀਜ਼ਾਂ ਨੂੰ ਕਦੋਂ ਦੇਖਿਆ ਜਾਵੇਗਾ?"

ਨਰਸ ਨੇ ਮੈਨੂੰ ਹੇਠੋਂ ਉਪਰ ਤਕ ਦੇਖਿਆ, ਫਿਰ ਕੁਰਸੀ ਮੇਰੇ ਵੱਲ ਖਿਸਕਾ ਕੇ ਬੋਲੀ, "ਤੁਸੀਂ ਬੈਠੋ, ਡਾ. ਸਾਹਿਬ ਪਹਿਲਾਂ ਤੁਹਾਨੂੰ ਦੇਖ ਲੈਣਗੇ।"

'ਮੈਂ ਆਪਣੀ ਗੱਲ ਨਹੀਂ ਕਰ ਰਿਹਾ', ਕਹਿਣਾ ਮੈਨੂੰ ਫਜ਼ੂਲ ਲੱਗਾ। ਮੈਂ ਅੱਗੇ ਨੂੰ ਖਿਸਕ ਆਇਆ। ਮੁੰਡੇ ਦੇ ਚੀਕਣ ਦੀ ਅਵਾਜ਼ ਉਥੇ ਵੀ ਪਹੁੰਚ ਰਹੀ ਸੀ। ਕੰਬਣੀ ਉਸ ਦੇ ਪੈਰਾਂ ਨੂੰ ਠੰਢੇ ਲੋਹੇ ਨਾਲ ਵਜਾਉਂਦੀ ਤੇ ਉਸ ਦੀ ਜ਼ਖਮੀ ਬਾਂਹ ਨੂੰ ਮੁੜ ਮੁੜ ਦਰਦ ਦੀ ਤੜਫ 'ਚ ਲਪੇਟ ਰਹੀ ਸੀ।

ਮੁੰਡੇ ਦੇ ਸਿਰਹਾਣੇ ਲਗਪਗ ਬਾਰ੍ਹਾਂ-ਤੇਰ੍ਹਾਂ ਸਾਲ ਦੀ ਕੁੜੀ ਵੀ ਖੜ੍ਹੀ ਸੀ। ਮੈਂ ਧਿਆਨ ਦਿੱਤਾ, ਭਰਿਆ ਹੋਇਆ ਗੋਰਾ ਗੋਲ ਚਿਹਰਾ ਤੇ ਨਿੱਕੀਆਂ ਡੂੰਘੀਆਂ ਅੱਖਾਂ। ਉਹ ਲਾਲ ਸਵੈਟਰ ਤੇ ਸ਼ਾਲ ਲਈ ਮੁੰਡੇ ਦੇ ਸਿਰ 'ਤੇ ਹੱਥ ਰੱਖੀ ਖੜ੍ਹੀ ਸੀ।

ਆਦਮੀ ਨੇ ਇਕ ਵਾਰ ਉਦਾਸੀਨਤਾ ਨਾਲ ਮੁੰਡੇ ਵੱਲ ਦੇਖਿਆ ਤੇ ਖੁਦ ਧੁੱਪ ਵੱਲ ਤੁਰ ਪਿਆ। ਬਾਕੀ ਸਭ ਉਥੇ ਐਮਰਜੈਂਸੀ ਦੇ ਬਾਹਰ ਖੜ੍ਹੇ ਰਹੇ।

ਡਾਕਟਰ ਦੇ ਆਉਂਦਿਆਂ ਹੀ ਹੜਬੜੀ ਜਿਹੀ ਮੱਚ ਗਈ। ਫੋਨ 'ਤੇ ਨੌਂ ਵਜੇ ਦਾ ਸਮਾਂ ਤੈਅ ਕੀਤੇ ਹੋਣ ਦੇ ਬਾਵਜੂਦ ਮਨ 'ਚ ਭੀੜ ਨੂੰ ਲੰਘ ਕੇ ਅੱਗੇ ਜਾਣ ਦੀ ਇੱਛਾ ਨਾ ਜਾਗੀ। ਲੱਗਾ, ਮੈਂ ਸ਼ਾਇਦ ਉਸ ਅੱਧਖੜ ਆਦਮੀ ਦੇ ਅੱਗੇ ਆਉਣ ਦੀ ਉਡੀਕ ਕਰ ਰਿਹਾ ਹਾਂ ਜੋ ਅਜੇ ਵੀ ਧੁੱਪ 'ਚ ਖੜ੍ਹਾ ਹੈ। ਉਧਰ ਠੰਢ ਤੇ ਦਰਦ ਨਾ ਸਹਿੰਦੀ ਲਾਚਾਰੀ ਸਟਰੈਚਰ ਤੋਂ ਪਿਸ਼ਾਬ ਬਣ ਕੇ ਚੋ ਰਹੀ ਹੈ।

"ਥੋੜ੍ਹਾ ਚਿਰ ਰੋਕ ਨਹੀਂ ਸੀ ਸਕਦਾ...! ਕਿਹਾ ਨਹੀਂ ਸੀ ਹੁਣੇ ਡਾਕਟਰ ਆਉਂਦਾ ਹੋਊ। ਆਉਂਦਾ ਨਹੀਂ... ਆ ਗਿਆ ਹੈ।"

"ਤੁਸੀਂ ਜ਼ਰਾ ਧਿਆਨ ਤਾਂ ਦਿਓ, ਜਾਓ ਮੁੰਡੇ ਨੂੰ ਦਿਖਾਓ।" ਮੇਰੀ ਅਵਾਜ਼ ਵਿਚ ਹਿਕਾਰਤ ਭਰੀ ਤਲਖੀ ਝਲਕ ਆਈ ਸੀ। ਦਿਲ ਕੀਤਾ ਉਸ ਮੁੰਡੇ ਨੂੰ ਅਜਿਹਾ ਕੁਝ ਕਹਾਂ, ਜੋ ਉਸ ਨੂੰ ਬਹੁਤ ਚੰਗਾ ਲੱਗੇ ਪਰ ਕੁਝ ਵੀ ਨਾ ਸੁੱਝਿਆ। ਬੱਸ, ਦਰਦ ਭਰੀ ਕੰਬਣੀ ਕਲੇਜੇ ਨੂੰ ਜ਼ਖਮੀ ਕਰਦੀ ਰਹੀ।

ਦੇਖਦਿਆਂ ਹੀ ਦੇਖਦਿਆਂ ਥੋੜ੍ਹੀ ਜਿਹੀ ਭੀੜ ਡਾਕਟਰ ਦੇ ਦੁਆਲੇ ਜਮ੍ਹਾਂ ਹੋ ਗਈ। ਮੈਂ ਕੁੜੀ ਕੋਲ ਆਇਆ, "ਤੇਰਾ ਭਰਾ ਹੈ?"

"ਹਾਂ!"

"ਕੀ ਹੋਇਆ ਇਸ ਨੂੰ?"

"ਪਤੰਗ ਉਡਾਉਂਦਾ ਛੱਤ ਤੋਂ ਡਿੱਗ ਪਿਆ।"

"ਉਸ ਦੇ ਉਪਰ ਲੈਣ ਲਈ ਕੋਈ ਚਾਦਰ ਵਗੈਰਾ ਲਿਆਉਣੀ ਚਾਹੀਦੀ ਸੀ, ਏਨੀ ਠੰਢ ਹੈ।"

ਉਹ ਝਿਜਕ ਗਈ, "ਕਾਹਲੀ ਵਿਚ ਆ ਗਏ। ਮਾਂ ਬਹੁਤ ਡਰ ਗਈ ਸੀ।"

"ਤੇਰੇ ਕੋਲ ਦੋ ਕੱਪੜੇ ਹਨ, ਤੂੰ ਜੇਕਰ...।"

ਉਹ ਅਚਾਨਕ ਚੌਕੰਨੀ ਹੋ ਗਈ। ਛੇਤੀ ਨਾਲ ਉਸ ਨੇ ਆਪਣਾ ਸ਼ਾਲ ਲਾਹਿਆ ਅਤੇ ਕਾਹਲੀ ਨਾਲ ਭਰਾ ਉਪਰ ਦੇਣ ਲੱਗੀ। ਉਸ ਦੀ ਹਲਕੀ ਜਿਹੀ ਛੋਹ ਨਾਲ ਮੁੰਡੇ ਦਾ ਦਰਦ ਤਾਜ਼ਾ ਹੋ ਗਿਆ। ਉਹ ਚੀਕਿਆ। ਮੈਂ ਦੇਖਿਆ, ਮੁੰਡੇ ਨੇ ਆਪਣਾ ਬੁੱਲ੍ਹ ਟੁੱਕ ਕੇ ਜ਼ਖਮੀ ਕਰ ਲਿਆ ਸੀ।

ਤਦੇ ਉਹ ਅੱਧਖੜ ਆਦਮੀ ਤੇਜ਼ੀ ਨਾਲ ਆਇਆ ਅਤੇ ਕੁੜੀ ਦੇ ਕੰਨ ਵਿਚ ਕੁਝ ਕਹਿ ਕੇ ਉਥੋਂ ਖਿਸਕ ਗਿਆ। 10-15 ਮਿੰਟ ਬਾਅਦ ਹੱਥ ਵਿਚ ਪੈਕਟ ਫੜੀ ਮੁੜਿਆ। ਪੈਕਟ ਵਿਚੋਂ ਚੀਕੂ ਕੱਢ ਕੇ ਕੁੜੀ ਵੱਲ ਵਧਾਇਆ ਅਤੇ ਦੂਜੇ ਨੂੰ ਦੋਹਾਂ ਹੱਥਾਂ ਵਿਚ ਘੁੱਟ ਕੇ ਖੋਲ੍ਹ ਦਿੱਤਾ। ਚੀਕੂ ਦਾ



ਅੱਧਾ ਹਿੱਸਾ ਆਪਣੇ ਮੂੰਹ 'ਚ ਪਾਇਆ ਅਤੇ ਦੂਜਾ ਮੁੰਡੇ ਦੇ ਮੂੰਹ ਵਿਚ ਧੱਕਣ ਲੱਗਾ, "ਲੈ ਖਾ... ਅੱਧਾ ਦਰਦ ਤਾਂ ਢਿੱਡ ਭਰ ਜਾਣ ਨਾਲ ਮਿਟ ਜਾਊ।"

ਮੁੰਡਾ ਬੇਚੈਨ ਹੋ ਗਿਆ। ਉਸ ਦਾ ਰੋਣ ਅਤੇ ਇਨਕਾਰ ਨਾਲ-ਨਾਲ ਚੱਲਣ ਲੱਗੇ। ਆਦਮੀ ਚੀਕੂ ਦਾ ਟੁਕੜਾ ਉਸ ਦੇ ਮੂੰਹ ਵਿਚ ਧੱਕਣ ਲਈ ਬਜ਼ਿਦ ਦਿਸਿਆ। ਡਾਕਟਰ ਨੇ ਦੇਖਿਆ ਅਤੇ ਗਰਜਿਆ, "ਰਹਿਣ ਦਿਓ... ਕੱਢ ਦੇਵੇਗਾ। ਤੈਨੂੰ ਖਵਾਉਣ ਦੀ ਪਈ ਹੈ... ਉਸ ਦੀ ਹਾਲਤ ਤਾਂ ਦੇਖ... ਜਾਹ ਪਹਿਲਾਂ ਐਕਸਰੇ ਕਰਵਾ ਕੇ ਲਿਆ।" ਡਾਕਟਰ ਨੇ ਵਾਰਡ ਬੁਆਏ ਨੂੰ ਉਸ ਦੇ ਨਾਲ ਜਾਣ ਦਾ ਹੁਕਮ ਦਿੱਤਾ।

ਐਕਸਰੇ ਕੈਬਿਨ ਦੇ ਸਾਹਮਣੇ ਪਹੁੰਚ ਕੇ ਵੱਡੀਆਂ-ਵੱਡੀਆਂ ਮਸ਼ੀਨਾਂ ਦੇਖਦਿਆਂ ਹੀ ਮੁੰਡਾ ਫਿਰ ਚੀਕਣ ਲੱਗਾ, "ਨਹੀਂ, ਨਹੀਂ, ਮੈਂ ਅੰਦਰ ਨਹੀਂ ਜਾਂਦਾ।" ਉਂਜ ਵੀ ਵਾਰਡ ਬੁਆਏ ਨੇ ਆਪਣੇ ਨਿਰੰਤਰ ਅਭਿਆਸ ਕਾਰਨ ਦਲਾਨ ਤੋਂ ਉਸ ਦਾ ਸਟਰੈਚਰ ਜਿਸ ਖੂਬੀ ਨਾਲ ਉਤਾਰਿਆ ਸੀ, ਉਹ ਉਸ ਦਾ ਰੇਸ਼ਾ-ਰੇਸ਼ਾ ਹਿਲਾ ਦੇਣ ਲਈ ਕਾਫੀ ਸੀ।

"ਨਹੀਂ ਜਾਵੇਂਗਾ? ਜਾਵੇਂਗਾ ਕਿੱਦਾਂ ਨਹੀਂ!" ਅੱਧਖੜ ਨੇ ਝਿੜਕਿਆ।

"ਤੂੰ ਕਦੇ ਫੋਟੋ ਖਿਚਵਾਈ ਹੈ ਪੁੱਤਰ। ਐਕਸਰੇ ਵਿਚ ਵੀ ਇਹੀ ਹੁੰਦਾ ਹੈ। ਇਸ ਨਾਲ ਦਰਦ ਨਹੀਂ ਹੁੰਦਾ।" ਮੈਂ ਪਤਾ ਨਹੀਂ ਕਿਉਂ ਦਖਲ ਦਿੱਤੇ ਬਿਨਾ ਰਹਿ ਨਾ ਸਕਿਆ।

ਉਸ ਨੇ ਅਜਿਹੀਆਂ ਨਜ਼ਰਾਂ ਨਾਲ ਮੈਨੂੰ ਦੇਖਿਆ, ਜਿਵੇਂ ਅੱਖਾਂ ਹੀ ਪੂਰੇ ਦਾ ਪੂਰਾ ਜਿਸਮ ਹੋਣ। ਆਦਮੀ ਦੂਜੇ ਪਾਸੇ ਮੂੰਹ ਕਰਕੇ ਨਹੁੰਆਂ ਨਾਲ ਚੀਕੂ ਛਿੱਲਣ ਲੱਗਾ ਹੋਇਆ ਸੀ।

ਐਕਸਰੇ ਲਈ ਮੁੰਡੇ ਦਾ ਅਤੇ ਮੇਰਾ ਨੰਬਰ ਅੱਗੇ-ਪਿੱਛੇ ਸੀ। ਬੰਦੇ ਦੀ ਪ੍ਰਵਾਹ ਕੀਤੇ ਬਿਨਾ ਮੈਂ ਸਟਰੈਚਰ ਦੇ ਨਾਲ ਚਲਾ ਗਿਆ।

ਟੇਬਲ 'ਤੇ ਉਲਟ-ਪੁਲਟ ਮੁੰਡੇ ਨੂੰ ਦਰਦ ਨਾਲ ਦੂਹਰਾ ਕਰਦੀ ਰਹੀ। ਇਸ ਕਵਾਇਦ ਵਿਚ ਉਹ ਹੀ ਨਹੀਂ ਰੋਇਆ, ਉਸ ਦੀ ਭੈਣ ਵੀ ਹੁਬਕੀਂ ਰੋਣ ਲੱਗੀ; ਨਿੱਕੀ ਜਿਹੀ ਮਾਂ ਉਸ ਦੇ ਅੰਦਰ ਉਗ ਆਈ ਸੀ।

ਬਾਹਰ ਉਹ ਅੱਧਖੜ ਬੰਦਾ ਛੇਤੀ-ਛੇਤੀ ਚੀਕੂ ਨਿਗਲਣ ਲੱਗਾ ਹੋਇਆ ਸੀ। "ਹੋ ਗਿਆ?" ਉਸ ਨੇ ਕੁੜੀ ਨੂੰ ਦੇਖਦਿਆਂ ਹੀ ਹਥੇਲੀ ਦੀ ਪਿੱਠ ਨਾਲ ਆਪਣਾ ਮੂੰਹ ਪੂੰਝਿਆ।

"ਹਾਂ ਹੋ ਗਿਆ ਪਰ ਅਜੇ ਰੁਕਣਾ ਪਵੇਗਾ। ਠੀਕ ਨਹੀਂ ਆਈ ਤਾਂ ਦੁਬਾਰਾ ਫੋਟੋ ਲੈਣੀ ਪਊ।"

ਹੁਣ ਗਲਿਆਰੇ ਵਿਚ ਪਏ ਬੈਂਚਾਂ 'ਤੇ ਲੋਕ ਬਹਿਣ ਲੱਗੇ। ਮੈਂ ਪਤਾ ਨਹੀਂ ਕਿਉਂ, ਅੱਧਖੜ ਬੰਦੇ ਨਾਲ ਲੱਗ ਕੇ ਬੈਠਾ, ਚਾਹੇ ਉਸ ਨੇ ਦੋ ਇੰਚ ਪਰ੍ਹੇ ਖਿਸਕ ਕੇ ਮੇਰੀ ਸਫੈਦਪੋਸ਼ੀ ਵਿਰੁੱਧ ਆਪਣਾ ਰੋਸ ਪ੍ਰਗਟ ਕਰ ਦਿੱਤਾ ਸੀ।

"ਵਿਚਾਰੇ ਦੇ ਬੜੀ ਸੱਟ ਲੱਗੀ ਹੈ।" ਮੈਂ ਗੱਲ ਤੋਰੀ। "ਤੁਸੀਂ ਤਾਂ ਹੁਣ ਉਸ ਨੂੰ ਦਾਖਲ ਕਰਵਾ ਕੇ ਜਾਓਗੇ?"

"ਅਜਿਹਾ ਕੁਝ ਨਹੀਂ...।" ਉਹ ਤਿੜਕ ਕੇ ਬੋਲਿਆ। "ਘਰੇ ਠੀਕ ਰਹਿੰਦਾ ਹੈ। ਇਥੇ ਇੰਨੀ ਭੱਜ-ਦੌੜ ਕੌਣ ਕਰੇਗਾ?"

"ਤੁਹਾਡਾ...।" ਮੈਂ ਆਪਣਾ ਵਾਕ ਉਸ ਦੇ ਪੂਰਾ ਕਰਨ ਲਈ ਛੱਡ ਦਿੱਤਾ।

"ਮੇਰਾ ਪੁੱਤਰ ਹੈ।" ਉਹ ਰੁੱਖਾ ਜਿਹਾ ਬੋਲਿਆ, "ਵੱਡੇ ਹੋ ਕੇ ਖਾ ਪੀ ਕੇ ਸਭ ਖਿਸਕ ਜਾਣਗੇ... ਮਤਲਬੀ।"

"ਤੁਸੀਂ ਇਥੇ ਕੀ ਕਰਦੇ ਹੋ?"

"ਚਟਾਈਆਂ ਵੇਚਦਾਂ, ਦੱਖਣ ਤੋਂ ਮੰਗਵਾ ਕੇ।"

"ਕਿੰਨੇ ਬੱਚੇ ਤੁਹਾਡੇ?"

"ਹੋਣਗੇ ਕੋਈ ਛੇ ਸੱਤ।"

"ਮੇਰੇ ਖਿਆਲ ਵਿਚ ਤੁਸੀਂ ਉਸ ਨੂੰ ਇਥੇ ਹੀ ਰਹਿਣ ਦਿਉ, ਜਨਰਲ ਵਾਰਡ ਵਿਚ। ਕੋਈ ਨਾਲ ਨਾ ਵੀ ਰਹੇ ਤਾਂ ਸਰ ਸਕਦਾ ਹੈ, ਪਰ ਹੱਥ ਦੇ ਇਲਾਜ ਵਿਚ ਕੋਈ ਕਸਰ ਰਹਿ ਗਈ ਤਾਂ...।"

"ਕਿਉਂ ਜਨਾਬ? ਪਿਉ ਤੁਸੀਂ ਹੋ ਜਾਂ ਮੈਂ?" ਉਹ ਤਣ ਕੇ ਖੜ੍ਹਾ ਹੋ ਗਿਆ। "ਸਵੇਰੇ ਤੋਂ ਦੇਖ ਰਿਹਾਂ, ਤੁਸੀਂ ਆਪਣਾ ਕੰਮ ਕਿਉਂ ਨਹੀਂ ਦੇਖਦੇ ਜਾ ਕੇ?"

ਮੈਨੂੰ ਜਿਵੇਂ ਕਿਸੇ ਨੇ ਚੌਰਾਹੇ ਵਿਚ ਨੰਗਾ ਕਰ ਦਿੱਤਾ ਹੋਵੇ। ਨੇੜੇ-ਤੇੜੇ ਦੇ ਲੋਕਾਂ ਤੋਂ ਮੂੰਹ ਲੁਕੋ ਕੇ ਮੈਂ ਡਿਵੈਲਪਿੰਗ ਰੂਮ ਵਿਚ ਵੜ ਗਿਆ ਅਤੇ ਆਪਣੇ ਐਕਸਰੇ ਲੈ ਕੇ ਡਾਕਟਰ ਕੋਲ ਚਲਾ ਗਿਆ।

ਡਾਕਟਰ ਕੋਲ ਖੜ੍ਹੇ-ਖੜ੍ਹੇ ਮੈਨੂੰ ਸਟਰੈਚਰ ਦੀ ਖੜ-ਖੜ ਸੁਣਾਈ ਦਿੱਤੀ। ਉਹ ਬੰਦਾ ਐਕਸਰੇ ਦੀ ਗਿੱਲੀ ਪਲੇਟ ਲੈ ਕੇ ਅੱਗੇ-ਅੱਗੇ ਆ ਰਿਹਾ ਸੀ ਅਤੇ ਹਿਚਕੋਲੇ ਖਾ-ਖਾ ਕੇ ਚੀਕਦਾ ਭੁਸਕਦਾ ਮੁੰਡਾ ਪਿੱਛੇ-ਪਿੱਛੇ।

ਦਿਲ ਕੀਤਾ ਕਿ ਮੁੰਡੇ ਦੀ ਰਿਪੋਰਟ ਦੇਖ ਲਵਾਂ ਪਰ ਮੈਂ ਚੁੱਪ ਖੜ੍ਹਾ ਰਿਹਾ। ਡਾਕਟਰ ਨੇ ਮੁੰਡੇ ਨੂੰ ਅਪਰੇਸ਼ਨ ਥੀਏਟਰ ਵਿਚ ਲਿਜਾਣ ਦਾ ਆਦੇਸ਼ ਦਿੱਤਾ। ਹੱਡੀ ਬੇਹੋਸ਼ ਕਰਕੇ ਬਿਠਾਈ ਜਾਵੇਗੀ।

ਉਹ ਦੋਵੇਂ ਸਟਰੈਚਰ ਦੇ ਨਾਲ ਅੰਦਰ ਵੱਲ ਮੁੜੇ ਤਾਂ ਮੈਂ ਬਾਹਰ ਜਾਣ ਲੱਗਾ।

"ਸੁਣੋ।" ਕੋਈ ਬੇਹੱਦ ਕਮਜ਼ੋਰ ਪਤਲੀ ਜਿਹੀ ਅਵਾਜ਼ ਪਿੱਛਿਓਂ ਆਉਂਦੀ ਸੁਣੀ। ਉਹ ਕੁੜੀ ਮੇਰੇ ਪਿੱਛੇ-ਪਿੱਛੇ ਦੌੜੀ ਆ ਰਹੀ ਸੀ।

ਮੈਨੂੰ ਰੁਕਦਾ ਦੇਖ ਕੇ ਉਹ ਕਾਹਲੀ ਨਾਲ ਬੋਲੀ, "ਤੁਸੀਂ ਥੋੜ੍ਹੀ ਦੇਰ ਰੁਕ ਨਹੀਂ ਸਕਦੇ, ਵੀਰੇ ਦੇ ਪਲਸਤਰ ਲੱਗਣ ਤਕ?"

"ਮੈਂ ਤੇਰਾ ਪਿਉ ਹਾਂ?" ਜਿਵੇਂ ਕੋਈ ਵਾਕ ਮੂੰਹ ਵਿਚ ਰਿੜਕਿਆ ਸੀ ਪਰ ਇਸ ਤਰ੍ਹਾਂ ਦੇ ਸਮੁੰਦਰ ਨੂੰ ਲੰਘਦੀ ਪਾਰ ਕਰਦੀ ਆਉਂਦੀ ਉਸ ਬੱਚੀ ਦੀਆਂ ਬੇਨਤੀ ਕਰਦੀਆਂ ਅੱਖਾਂ! ਮੈਂ ਆਪਣੇ ਰੋਹ ਨੂੰ ਅੰਦਰ ਹੀ ਪੀ ਗਿਆ ਅਤੇ ਮੁੜ ਕੇ ਅਪਰੇਸ਼ਨ ਥੀਏਟਰ ਦੇ ਬਾਹਰ ਜਾ ਕੇ ਖੜ੍ਹਾ ਹੋ ਗਿਆ। ਥੀਏਟਰ ਦਾ ਬੂਹਾ ਬੰਦ ਸੀ। ਕੁੜੀ ਇਕਦਮ ਗੁੰਮ-ਸੁੰਮ ਮੇਰੇ ਕੋਲ ਖੜ੍ਹੀ ਰਹੀ। ਉਹ ਆਪਣੇ ਦੁਪੱਟੇ ਦੇ ਪੱਲੇ ਨੂੰ ਵਾਰ-ਵਾਰ ਦੰਦਾਂ ਹੇਠ ਦੱਬਦੀ ਅਤੇ ਉਂਗਲਾਂ ਟੁਕਦੀ।

"ਤੇਰਾ ਨਾਂ ਕੀ ਹੈ?"

"ਜਮੀਲਾ।" ਕਹਿ ਕੇ ਉਹ ਚੁੱਪ ਕਰ ਗਈ। ਦੋ-ਚਾਰ ਵਾਰ ਮੈਂ ਉਸ ਨੂੰ ਬੋਲਣ ਲਈ ਪ੍ਰੇਰਿਆ ਵੀ ਪਰ ਉਹ ਸਹਿਮੀ ਜਿਹੀ ਖੜ੍ਹੀ ਰਹੀ। ਦਰਵਾਜੇ ਵਿਚ ਅੱਖਾਂ ਗੱਡੀ। ਸੱਜੇ ਤੋਂ ਖੱਬੇ, ਖੱਬੇ ਤੋਂ ਸੱਜੇ ਪੈਰ 'ਤੇ ਆਪਣਾ ਭਾਰ ਪਾਉਂਦਿਆਂ ਮੈਨੂੰ ਆਪਣਾ ਉਥੇ ਖੜ੍ਹਾ ਰਹਿਣਾ ਬਹੁਤ ਮੂਰਖਤਾ ਭਰਪੂਰ ਲੱਗ ਰਿਹਾ ਸੀ। ਉਸ ਦੇ ਜਾਣ ਦੀ ਸੰਭਾਵਨਾ ਤਾਂ ਕਿਤੇ ਵੱਧ।

"ਤੂੰ ਆਪਣੇ ਅੱਬਾ ਤੋਂ ਬਹੁਤ ਡਰਦੀ ਐਂ?" ਮੈਂ ਉਸ ਨੂੰ ਗੱਲਬਾਤ ਵਿਚ ਘਸੀਟਣਾ ਚਾਹਿਆ।

"ਸਭ ਡਰਦੇ ਨੇ ਉਨ੍ਹਾਂ ਕੋਲੋਂ, ਤੁਸੀਂ ਵੀ ਤਾਂ...।"

"ਮੈਂ ਕਿਉਂ ਡਰਨ ਲੱਗਾ?" ਮੈਂ ਘਬਰਾ ਗਿਆ। ਉਤੇਜਿਤ ਵੀ ਹੋ ਗਿਆ।

ਉਹ ਮੇਰਾ ਮੂੰਹ ਤੱਕਦੀ ਫਿਰ ਚੁੱਪ ਹੋ ਗਈ। ਤਦੇ ਦਰਵਾਜਾ ਖੁੱਲ੍ਹਿਆ। ਸਟਰੈਚਰ 'ਤੇ ਪਿਆ ਮੁੰਡਾ ਅਤੇ ਨਾਲ ਤੁਰਦਾ ਅੱਧਖੜ ਬਾਹਰ ਆਏ। ਬੇਹੋਸ਼ੀ ਕਾਰਨ ਮੁੰਡੇ ਦਾ ਚਿਹਰਾ ਇਕਦਮ ਸ਼ਾਂਤ ਸੀ। ਉਸ ਨੂੰ ਲਾਗਲੇ ਕਮਰੇ ਵਿਚ ਲਿਜਾਇਆ ਜਾ ਰਿਹਾ ਸੀ।

ਅੱਧਖੜ ਨੂੰ ਦੇਖਦਿਆਂ ਹੀ ਮੇਰੇ ਪੈਰਾਂ ਨੇ ਦਿਸ਼ਾ ਬਦਲੀ। ਮੈਂ ਗੇਟ ਵੱਲ ਤੁਰ ਪਿਆ। ਸੜਕ ਪਾਰ ਕਰਕੇ ਮੈਂ ਆਟੋ ਰੋਕਿਆ। ਪਹਿਲੀ ਸਵਾਰੀ ਨਾਲ ਨਜਿੱਠਦਿਆਂ ਰਿਕਸ਼ੇ ਵਾਲੇ ਨੇ ਬੈਠਣ ਦਾ ਨਿਰਦੇਸ਼ ਦਿੱਤਾ। ਅੱਧਾ ਸਰੀਰ ਰਿਕਸ਼ੇ ਵਿਚ ਦਾਖਲ ਵੀ ਨਹੀਂ ਸੀ ਹੋਇਆ ਕਿ ਮੈਂ ਦੇਖਿਆ, ਦੋਹਾਂ ਪਾਸਿਆਂ ਤੋਂ ਆ-ਜਾ ਰਹੇ ਟਰੈਫਿਕ ਦੀ ਪਰਵਾਹ ਕੀਤੇ ਬਿਨਾ ਉਹ ਕੁੜੀ ਇਧਰ ਭੱਜੀ ਆ ਰਹੀ ਸੀ, ਲਗਪਗ ਬਦਹਵਾਸ, ਬੇਤਹਾਸ਼ਾ।

"ਰੁਕੋ... ਜ਼ਰਾ ਰੁਕੋ... ਸੁਣੋ... ਸੁਣੋ।" ਉਹ ਹਫ ਰਹੀ ਸੀ। "ਸੁਣੋ ਤਾਂ ਸਹੀ... ਡਾਕਟਰ ਕਹਿ ਰਿਹੈ, ਸਾਨੂੰ ਇਥੇ ਤਿੰਨ-ਚਾਰ ਦਿਨ ਰਹਿਣਾ ਪਵੇਗਾ।"

"ਹਾਂ ਹਾਂ! ਫਿਰ?" ਮੇਰੇ ਇਸ ਤਰ੍ਹਾਂ 'ਫਿਰ' ਕਹਿਣ 'ਤੇ ਉਹ ਅਚਾਨਕ ਰੁਕ ਗਈ। ਕੁਝ ਸੋਚ ਕੇ ਬੋਲੀ, "ਤੁਹਾਡੇ ਕੱਲ੍ਹ ਪੱਟੀ ਨਹੀਂ ਹੋਣੀ?"

"ਨਹੀਂ।"

"ਕਦੋਂ ਹੋਣੀ?"

"ਹੁਣ ਨਹੀਂ ਹੋਣੀ।"

"ਉਹੋ!"

ਉਹ ਸੁੰਨ ਜਿਹੀ ਹੋ ਗਈ। ਫਿਰ ਰੋਣਹਾਕੀ ਹੋ ਕੇ ਬੋਲੀ, "ਸੁਣੋ... ਤੁਸੀਂ ਕੱਲ੍ਹ ਨਹੀਂ ਆ ਸਕਦੇ? ਅਸੀਂ ਤਿੰਨ ਨੰਬਰ ਵਾਰਡ ਵਿਚ ਹਾਂ। ਆਇਓ ਨਾ...।" ਉਸ ਨੇ ਲਿਲਕੜੀ ਜਿਹੀ ਕੱਢੀ।

"ਕੀ ਕਰਾਂਗਾ ਆ ਕੇ?" ਮੈਂ ਉਸ ਨੂੰ ਕਹਿਣ ਦੀ ਹਿੰਮਤ ਇਕੱਠੀ ਕਰ ਰਿਹਾ ਸਾਂ। ਸੋਚ ਰਿਹਾ ਸਾਂ, ਉਸ ਕੋਲ ਕੋਈ ਤੀਜੀ ਅੱਖ ਹੈ, ਉਹ ਕਿਵੇਂ ਕਿਸੇ ਅਣਜਾਣ ਦੀ ਅੰਦਰਲੀ ਨਰਮਾਈ ਨੂੰ ਛੂਹਣ ਦੀ ਕੋਸ਼ਿਸ਼ ਕਰ ਰਹੀ ਸੀ। ਇਸ ਅਣਜਾਣੇ ਢੰਗ ਨਾਲ ਉਥੋਂ ਤਕ ਪਹੁੰਚ ਰਹੀ ਹੈ। ਕੁਝ ਬੋਲ ਸਕਦਾ, ਇਸ ਤੋਂ ਪਹਿਲਾਂ ਹੀ, ਉਸ ਨੇ ਅੱਗੇ ਵਧ ਕੇ ਬਾਂਹ ਫੜ ਲਈ। "ਦੱਸੋ! ਆਉਗੇ ਨਾ?"

ਉਹ ਹੱਥ ਇਕਦਮ ਠੰਢਾ ਪਰ ਪਕੜ ਮਜ਼ਬੂਤ ਸੀ। "ਤੇ ਤੇਰੇ ਅੱਬਾ...।" ਮੈਂ ਝਿਜਕਦਿਆਂ ਕਿਹਾ।

"ਉਹ ਮੇਰੇ ਅੱਬਾ ਨਹੀਂ।" ਉਹ ਬੋਲੀ।

"ਫਿਰ?"

"ਫਿਰ ਤਾਂ ਮੈਨੂੰ ਨਹੀਂ ਪਤਾ... ਮਾਂ ਨੂੰ ਪਤਾ ਹੈ।"

"ਤੇਰੇ ਅੱਬਾ ਕਿੱਥੇ ਨੇ?"

"ਮਰ ਗਏ। ਤਿੰਨ ਸਾਲ ਪਹਿਲਾਂ।"

"ਤੇ ਇਹ?"

"ਇਹ ਸਾਡੇ ਘਰ ਕੋਲ ਰਹਿੰਦੇ ਆ। ਆਉਂਦੇ ਜਾਂਦੇ ਰਹਿੰਦੇ ਨੇ ਹਰ ਵੇਲੇ।" ਉਹ ਵਿਚਾਲੇ ਚੁੱਪ ਹੋ ਗਈ।

"ਫਿਰ ਇਹ ਤੇਰਾ ਸਕਾ ਭਰਾ?"

"ਹਾਂ, ਛੋਟੀ ਭੈਣ ਵੀ ਆ।" ਇਹ ਕਹਿ ਕੇ ਫਿਰ ਉਸ ਦਾ ਗਲਾ ਭਰ ਆਇਆ। ਉਸ ਨੇ ਫਿਰ ਮੇਰਾ ਹੱਥ ਦੱਬਿਆ ਅਤੇ ਆਪਣੀਆਂ ਬੇਨਤੀ ਕਰਦੀਆਂ ਅੱਖਾਂ ਦੇ ਕਿੱਲ ਮੇਰੇ 'ਤੇ ਗੱਡ ਦਿੱਤੇ।

ਮੈਂ ਸਿਰ ਹਿਲਾਇਆ, ਉਹ ਭੱਜ ਗਈ।

ਅਗਲਾ ਦਿਨ ਆ ਗਿਆ ਹੈ। ਬਹੁਤ ਸੋਚ ਸਮਝ ਕੇ ਮੈਂ ਉਥੇ ਨਾ ਜਾਣ ਦਾ ਫੈਸਲਾ ਕੀਤਾ ਹੈ। ਮੇਰਾ ਜਾਣਾ ਉਨ੍ਹਾਂ ਵਿਚਾਰਿਆਂ ਦੀ ਮੁਸ਼ਕਿਲ ਵਿਚ ਵਾਧਾ ਕਰੇਗਾ। ਉਂਜ ਵੀ ਇਸ ਦਲਦਲ ਵਿਚ ਫਸਣ ਲਈ ਮੈਂ ਕਿਉਂ ਜਾਵਾਂ? ਉਥੇ ਜਿਥੇ ਕੋਈ ਤ੍ਰਿਸਕਾਰ ਦੀ ਟੋਕਰੀ ਮੇਰੇ ਸਿਰ 'ਤੇ ਮੂਧੀ ਮਾਰਨ ਲਈ ਤਿਆਰ ਬੈਠਾ ਹੈ।

ਪਰ ਸ਼ਾਮ ਤਕ ਮੇਰੇ ਇਰਾਦੇ ਦੀ ਫੂਕ ਨਿਕਲਣ ਲੱਗੀ। ਸੜਕ ਦੇ ਵਿਚਕਾਰ, ਤੇਜ਼ ਭੱਜਦੇ ਟਰੈਫਿਕ ਦੀ ਪ੍ਰਵਾਹ ਕੀਤੇ ਬਿਨਾ, ਮੇਰੇ ਤਕ ਭੱਜਦੇ ਉਸ ਦੇ ਪੈਰ, ਬਾਂਹ ਨੂੰ ਕੱਸਦਾ ਠੰਢਾ ਹੱਥ, ਹੰਝੂ ਭਰੀਆਂ ਨਿਰਦੋਸ਼ ਅੱਖਾਂ-ਮੈਨੂੰ ਲੱਗ ਰਿਹਾ ਹੈ, ਮੈਂ ਨਾ ਚਾਹੁੰਦਿਆਂ ਵੀ ਉਸ ਪਤਲੀ ਜਿਹੀ ਡੋਰ ਨਾਲ ਆਪਣੇ ਆਪ ਖਿੱਚਿਆ ਤੁਰਿਆ ਜਾ ਰਿਹਾ ਹਾਂ।

## ਵਿਅੰਗ

### ਮੈਂ ਬਾਬਾ ਬਣੂ

"ਪੁੱਤ, ਧਿਆਨ ਲਾ ਕੇ ਪੜ੍ਹਿਆ ਕਰ। ਪੜ੍ਹ ਕੇ ਪਾਪਾ ਵਾਂਗੂੰ ਅਫਸਰ ਬਣਨੈਂ।" ਦਾਦੀ ਨੇ ਸਕੂਲ ਲਈ ਤਿਆਰ ਹੁੰਦੇ ਰਵੀ ਨੂੰ ਉਤਸ਼ਾਹਿਤ ਕਰਨ ਲਈ ਹੱਲਾਸ਼ੇਰੀ ਦਿੱਤੀ।

"ਨਹੀਂ ਵੱਡੇ ਮੰਮਾ, ਮੈਂ ਨਹੀਂ ਬਣਨਾ ਪਾਪਾ ਵਰਗਾ ਅਫਸਰ। ਮੈਂ ਤਾਂ ਡੇਰੇ ਵਾਲੇ ਬਾਬੇ ਵਰਗਾ, ਬਾਬਾ ਬਣੂੰ।" ਰਵੀ ਨੇ ਬੂਟ ਪਾਉਂਦਿਆਂ ਜਵਾਬ ਦਿੱਤਾ।

"ਕਿਉਂ ਪੁੱਤ, ਸੁੱਖ ਨਾਲ ਤੂੰ ਕਿਉਂ...।" ਦਾਦੀ ਇਕਦਮ ਭਮੱਤਰ ਗਈ।

"ਵੇਖੋ ਵੱਡੇ ਮੰਮਾ, ਆਪਾਂ ਜਦੋਂ ਡੇਰੇ ਜਾਂਦੇ ਹਾਂ ਤਾਂ ਬਾਬੇ ਨੂੰ ਕਿੰਨੇ ਲੋਕ ਮੱਥਾ ਟੇਕਦੇ ਨੇ। ਪੈਸਿਆਂ ਦੀ ਢੇਰੀ ਲੱਗ ਜਾਂਦੀ ਹੈ। ਨਾਲੇ ਸੇਬ, ਕੇਲੇ, ਬਰਫੀ-ਕਿੰਨਾ ਕੁਝ। ਪਾਪਾ ਕੋਲੋਂ ਜਦੋਂ ਕੋਈ ਚੀਜ਼ ਮੰਗੋ, ਕਹਿਣਗੇ ਅਜੇ ਤਨਖਾਹ ਨਹੀਂ ਮਿਲੀ। ਪਾਪਾ ਦਾ ਸਕੂਟਰ ਖਰਾਬ ਹੀ ਰਹਿੰਦਾ, ਬਾਬੇ ਕੋਲ ਕਿੰਨੀਆਂ ਕਾਰਾਂ। ਫੇਰ ਬਾਬਾ ਚੰਗਾ, ਪਾਪਾ ਨਾਲੋਂ। ਮੈਂ ਤਾਂ ਬਾਬਾ ਬਣੂੰ।" ਰਵੀ ਨੇ ਅਣਭੋਲ ਮਨ ਨਾਲ ਤੁਲਨਾ ਕਰਦਿਆਂ ਜਵਾਬ ਦਿੱਤਾ।

*-ਗੁਰਮੀਤ ਸਿੰਘ ਮਰਾੜ੍ਹ*
*ਫੋਨ: 91-95014-00397*

# ਬਹਾਦਰ ਦੀ ਚੜ੍ਹਾਈ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

'ਪੰਜਾਬ ਟਾਈਮਜ਼' ਦੇ ਪਿਛਲੇ ਅੰਕ ਵਿਚ ਪ੍ਰੋ. ਕਸ਼ਮੀਰਾ ਸਿੰਘ ਦੇ ਛਪੇ ਲੇਖ 'ਗੁਰੂ ਨਾਨਕ ਦੇਵ ਜੀ ਕਿ ਗੁਰੂ ਨਾਨਕ ਸਾਹਿਬ ਜੀ' ਵਿਚ ਕੁਝ ਗੁਰੂ ਸਾਹਿਬਾਨ ਦੇ ਨਾਂਵਾਂ ਦੀ ਪ੍ਰਚਲਿਤ ਵਰਤੋਂ 'ਤੇ ਕਿੰਤੂ-ਪ੍ਰੰਤੂ ਕੀਤਾ ਗਿਆ ਹੈ। ਗੁਰੂ ਨਾਨਕ ਅਤੇ ਗੁਰੂ ਅਰਜਨ ਦੇ ਨਾਂ ਪਿਛੇ ਲਾਏ ਜਾਂਦੇ ਉਪ ਨਾਂ 'ਦੇਵ' ਬਾਰੇ ਮੈਂ ਆਪਣੇ ਵਿਚਾਰ ਪਹਿਲਾਂ ਰੱਖ ਚੁਕਾ ਹਾਂ। ਪੰਜਵੇਂ ਗੁਰੂ ਦੇ ਪਹਿਲੇ ਨਾਂ ਅਰਜਨ ਬਾਰੇ ਵੀ ਕਿਧਰੇ ਸੰਕੇਤ ਮਾਤਰ ਕਿਹਾ ਗਿਆ ਸੀ, ਪਰ ਵਿਸਥਾਰ ਵਿਚ ਫਿਰ ਕਦੇ ਸਹੀ। ਇਸੇ ਤਰ੍ਹਾਂ ਛੇਵੇਂ, ਸੱਤਵੇਂ ਅਤੇ ਅੱਠਵੇਂ ਗੁਰੂ ਸਾਹਿਬਾਨ ਦੇ ਪਹਿਲੇ ਨਾਂਵਾਂ ਵਿਚ ਆਉਂਦੇ ਸ਼ਬਦ 'ਹਰਿ' ਦੇ ਉਚਾਰਣ ਬਾਰੇ ਵੀ ਕੁਝ ਇੱਕ ਵਾਰੀ ਲਿਖਿਆ ਜਾ ਚੁਕਾ ਹੈ।

ਆਪਣੇ ਲੇਖ ਵਿਚ ਅੱਗੇ ਚੱਲ ਕੇ ਪ੍ਰੋ. ਕਸ਼ਮੀਰਾ ਸਿੰਘ ਨੇ ਨੌਵੇਂ ਗੁਰੂ ਦੇ ਉਪ ਨਾਂ ਵਿਚ ਪ੍ਰਯੁਕਤ ਅਤੇ ਆਮ ਤੌਰ 'ਤੇ 'ਬਹਾਦਰ' ਵਜੋਂ ਲਿਖੇ ਅਤੇ ਉਚਾਰੇ ਜਾਂਦੇ ਸ਼ਬਦ ਨੂੰ 'ਬਹਾਦੁਰ' ਵਜੋਂ ਲਿਖਣ ਅਤੇ ਉਚਾਰਣ ਦੀ ਵਕਾਲਤ ਕੀਤੀ ਹੈ। ਇਸ ਦੀ ਵਜ੍ਹਾ ਦੱਸੀ ਹੈ ਕਿ 'ਮਹਾਨ ਕੋਸ਼' ਵਿਚ ਅਜਿਹਾ ਲਿਖਿਆ ਗਿਆ ਹੈ ਅਤੇ 'ਭਾਈ ਨੰਦ ਲਾਲ ਸਿੰਘ' ਨੇ ਵੀ ਆਪਣੇ ਕਾਵਿ ਵਿਚ ਇਹੋ ਸ਼ਬਦ ਜੋੜ ਵਰਤੇ ਹਨ। ਇਹ ਠੀਕ ਹੈ ਕਿ ਫਾਰਸੀ ਵਲੋਂ ਆਏ ਇਸ ਸ਼ਬਦ ਦਾ ਇਸ ਜ਼ਬਾਨ ਵਿਚ ਇਹੋ ਜਿਹਾ (ਇਹੋ ਜਿਹਾ, ਇਹੋ ਨਹੀਂ) ਉਚਾਰਣ ਹੈ, ਪਰ ਮੈਂ ਨਹੀਂ ਸਮਝਦਾ ਕਿ ਇਸ ਨੂੰ ਅੱਜ ਬਹਾਦਰ ਵਜੋਂ ਲਿਖਣਾ ਅਤੇ ਬੋਲਣਾ ਕੋਈ ਬੱਜਰ ਗਲਤੀ ਹੈ। ਇਸ ਦਾ ਇਕ ਕਾਰਨ ਤਾਂ ਇਹ ਹੈ ਕਿ ਪ੍ਰਮਾਣਕ ਸਮਝੇ ਜਾਂਦੇ 'ਗੁਰੂ ਗ੍ਰੰਥ ਸਾਹਿਬ' ਵਿਚ ਤਾਂ ਗੁਰੂ ਜੀ ਦੇ ਨਾਂ ਦਾ ਕੋਈ ਹਵਾਲਾ ਨਹੀਂ ਹੈ, ਬਾਅਦ ਦੇ ਲੇਖਕਾਂ, ਕਵੀਆਂ ਨੇ ਬਹਾਦਰ ਤੇ ਬਹਾਦੁਰ ਦੋਵੇਂ ਲਿਖੇ ਹਨ। ਅੱਜ ਪੰਜਾਬੀ ਇਸ ਸ਼ਬਦ ਨੂੰ ਗੁਰੂ ਜੀ ਦੇ ਨਾਂ ਵਿਚਲੇ ਇਕ ਅੰਗ ਵਜੋਂ ਵੀ ਤੇ ਇਕ ਸ਼ਬਦ ਵਜੋਂ ਵੀ, ਬਹਾਦਰ ਹੀ ਉਚਾਰਦੇ ਅਤੇ ਲਿਖਦੇ ਹਨ। ਖੈਰ, ਮੇਰਾ ਸਰੋਕਾਰ ਇਸ ਸ਼ਬਦ ਦੀ ਵਿਉਤਪਤੀ ਵਿਚਾਰਨਾ ਹੀ ਹੈ।

ਪ੍ਰੋ. ਕਸ਼ਮੀਰਾ ਸਿੰਘ ਅਨੁਸਾਰ, "ਬਹਾਦੁਰ ਸ਼ਬਦ ਮਹਾਨ ਕੋਸ਼ ਵਿਚ ਨੌਵੇਂ ਗੁਰੂ ਜੀ ਨੂੰ ਸਤਿਗੁਰੂ ਤੇਗ਼ ਬਹਾਦੁਰ ਕਰ ਕੇ ਲਿਖਿਆ ਗਿਆ ਹੈ। (ਮਹਾਨ ਕੋਸ਼ ਵਿਚੋਂ ਫੋਟੋ ਕਾਪੀਆਂ ਦੇਖੋ)"। ਵੱਖਰੀ ਗੱਲ ਹੈ ਕਿ ਗੁਰੂ ਜੀ ਦੇ ਨਾਂ ਦੀ ਅਜਿਹੀ ਵਰਤੋਂ ਬਾਰੇ ਦਰਸ਼ਨ ਕਰਨ ਲਈ ਕੋਈ ਫੋਟੋ ਕਾਪੀ ਨਹੀਂ ਦਿੱਤੀ ਗਈ, ਹਾਂ ਬਹਾਦਰ ਨਾਲ ਬਣਦੇ ਹੋਰ ਇੰਦਰਾਜਾਂ ਦੀ ਫੋਟੋ ਕਾਪੀ ਜ਼ਰੂਰ ਦਿਖਾਈ ਹੈ! ਹੋਰ ਅੱਗੇ ਲਿਖਿਆ ਹੈ, "ਤੇਗ਼ ਸ਼ਬਦ ਫਾਰਸੀ ਦਾ ਹੈ, ਜਿਸ ਵਿਚ 'ਗ਼' ਦੀ ਵਰਤੋਂ ਹੁੰਦੀ ਹੈ ਅਤੇ 'ਬਹਾਦੁਰ' ਸ਼ਬਦ ਵੀ ਫਾਰਸੀ ਦਾ ਹੈ। 'ਬਹਾ' ਦਾ ਅਰਥ ਹੈ-ਰੋਸ਼ਨੀ ਦੇਣ ਵਾਲਾ ਜਾਂ ਚਮਕੀਲਾ। 'ਦੁਰ' ਦਾ ਅਰਥ ਹੈ-ਮੋਤੀ।...ਨੌਵੇਂ ਗੁਰੂ ਜੀ ਦਾ ਨਾਂ ਗੁਰੂ ਤੇਗ਼ ਬਹਾਦੁਰ ਹੀ ਸਹੀ ਬਣਦਾ ਹੈ, ਜਿਸ ਨੂੰ ਪ੍ਰਚਾਰ ਵਿਚ ਲਿਆਉਣ ਦੀ ਲੋੜ ਹੈ।"

ਇਹ ਠੀਕ ਹੈ ਕਿ 'ਮਹਾਨ ਕੋਸ਼' ਨੇ ਬਹਾਦੁਰ ਸ਼ਬਦ ਦੀ ਅਜਿਹੀ ਹੀ ਵਿਆਖਿਆ ਕਰਦਿਆਂ ਇਸ ਦਾ ਅਰਥ ਬਣਾਇਆ ਹੈ: 1. ਚਮਕੀਲਾ ਮੋਤੀ, 2. ਕੀਮਤੀ ਮੋਤੀ, 3. ਉਤਸ਼ਾਹੀ,



ਪਰਾਕ੍ਰਮੀ, ਸੂਰਵੀਰ।...ਚਮਕੀਲਾ ਮੋਤੀ ਦਾ ਕੀਮਤੀ ਮੋਤੀ ਦੇ ਅਰਥਾਂ ਵਿਚ ਵਿਸਤਾਰ ਤਾਂ ਸਮਝ ਵਿਚ ਆਉਂਦਾ ਹੈ, ਪਰ ਸੂਰਵੀਰ ਜਿਹਾ ਅਰਥ-ਪਲਟਾ ਕਿਵੇਂ ਮਾਰਿਆ ਗਿਆ ਹੋਵੇਗਾ, ਕੋਈ ਜ਼ਿਕਰ ਨਹੀਂ। ਹਾਂ, ਆਮ ਕੋਸ਼ਾਂ ਵਿਚ ਥਾਂ ਦੇ ਸੰਜਮ ਕਾਰਨ ਅਜਿਹਾ ਵਿਸਥਾਰ ਨਹੀਂ ਦਿੱਤਾ ਜਾਂਦਾ। ਫਾਰਸੀ ਬਹਾ ਅਤੇ ਦੁਰ ਸ਼ਬਦਾਂ ਦੇ ਦਿੱਤੇ ਦੋਵੇਂ ਮਾਅਨੇ ਤਾਂ ਸਹੀ ਹਨ, ਪਰ ਦੋਹਾਂ ਦੇ ਸੰਯੋਜਨ ਨਾਲ ਸੂਰਬੀਰ ਦੇ ਅਰਥਾਂ ਵਾਲਾ 'ਬਹਾਦੁਰ' ਸ਼ਬਦ ਬਣਿਆ ਹੋਵੇਗਾ, ਅਜਿਹੀ ਵਿਆਖਿਆ ਮੇਰੇ ਵਲੋਂ ਕੀਤੀ ਫੋਲਾ-ਫਾਲੀ ਵਿਚ ਕਿਧਰੇ ਨਹੀਂ ਮਿਲੀ। ਇਥੋਂ ਤੱਕ ਕਿ ਚਮਕੀਲੇ ਮੋਤੀ ਵਾਲਾ ਅਰਥ ਵੀ ਹੱਥ ਨਹੀਂ ਲੱਗਾ। ਸ਼ਾਇਦ ਇਹ ਭਾਈ ਕਾਨ੍ਹ ਸਿੰਘ ਦੇ ਮਨ ਦੀ ਘਾੜਤ ਹੈ ਜਾਂ ਕਿਸੇ ਹੋਰ ਦੀ ਨਕਲ, ਕੋਈ ਜਾਣਕਾਰ ਸੱਜਣ ਰੋਸ਼ਨੀ ਪਾ ਸਕੇ ਤਾਂ ਧੰਨਵਾਦੀ ਹੋਵਾਂਗਾ।

ਮੇਰੀ ਜਾਣਕਾਰੀ ਅਨੁਸਾਰ ਬਹਾਦਰ ਸ਼ਬਦ ਉਪਰੋਕਤ ਸੰਧੀ ਅਨੁਸਾਰ ਸੰਯੁਕਤ ਸ਼ਬਦ ਨਹੀਂ ਸਗੋਂ ਆਪਣੇ ਆਪ ਵਿਚ ਸੰਪੂਰਨ ਸ਼ਬਦ ਹੈ ਤੇ ਇਸ ਦਾ ਪਿਛੋਕੜ ਵੀ ਫਾਰਸੀ ਤੋਂ ਹੋਰ ਅੱਗੇ ਜਾਂਦਾ ਹੈ। ਕੁਝ ਚਿਰ ਪਹਿਲਾਂ ਇਸ ਕਾਲਮ ਵਿਚ ਨੌਕਰ, ਚਾਕਰ ਅਤੇ ਖਾਨ ਸ਼ਬਦਾਂ ਦੀ ਉਤਪਤੀ ਦੀ ਵਿਆਖਿਆ ਕਰਦਿਆਂ ਦਰਸਾਇਆ ਗਿਆ ਸੀ ਕਿ ਇਹ ਸ਼ਬਦ ਮੁਗਲਾਂ ਦੀ ਚੜ੍ਹਤ ਦੌਰਾਨ ਸਾਡੇ ਖਿੱਤੇ ਵਿਚ ਪ੍ਰਚਲਿਤ ਹੋਏ, ਤੇ ਹੌਲੀ ਹੌਲੀ ਘਰ ਘਰ ਪਹੁੰਚ ਗਏ। ਇਹ ਮੰਗੋਲ-ਤੁਰਕ ਭਾਸ਼ਾਵਾਂ ਅਤੇ ਖੇਤਰਾਂ ਨਾਲ ਤਅਲੁਕ ਰੱਖਦੇ ਹਨ। ਬਹਾਦੁਰ ਸ਼ਬਦ ਵੀ ਇਸੇ ਕੋਟੀ ਵਿਚ ਆਉਂਦਾ ਹੈ। ਫਾਰਸੀ ਵਿਚ ਇਹ ਤੁਰਕ ਭਾਸ਼ਾ ਤੋਂ ਆਇਆ, ਪਰ ਇਸ ਦੇ ਮੁਢਲੇ ਰੂਪ ਮੰਗੋਲ ਭਾਸ਼ਾ ਵਿਚ ਹਨ। ਮੰਗੋਲ ਵਿਚ ਇਸ ਦਾ ਉਚਾਰਣ ਬਘਾਤੁਰ ਜਿਹਾ ਹੈ ਤੇ ਰਿਕਾਰਡ ਅਨੁਸਾਰ ਇਸ ਦੀ ਵਰਤੋਂ ਸੱਤਵੀਂ ਸਦੀ ਤੋਂ ਹੁੰਦੀ ਰਹੀ ਹੈ।

ਦਰਅਸਲ ਤੁਰਕ-ਮੰਗੋਲ ਇਕ ਵੱਖਰਾ ਭਾਸ਼ਾ ਪਰਿਵਾਰ ਹੈ। ਮੁਢਲੇ ਤੌਰ 'ਤੇ ਇਸ ਭਾਸ਼ਾ ਵਿਚ ਵੀ ਇਸ ਸ਼ਬਦ 'ਚ ਵੱਡੇ ਰੁਤਬੇ, ਸੂਰਬੀਰਤਾ, ਲੜਾਕੂਪਣ, ਜੁਝਾਰੂਪਣ ਦੇ ਭਾਵ ਹਨ। ਮੰਗੋਲ ਸ਼ਾਸਕਾਂ ਦੇ ਨਾਂਵਾਂ ਵਿਚ ਇਸ ਸ਼ਬਦ ਦੀ ਵਰਤੋਂ ਆਮ ਰਹੀ ਹੈ। ਮੰਗੋਲ ਸਾਮਰਾਜੀ ਯੋਧੇ ਚੰਗੇਜ਼ ਖਾਂ ਦੇ ਪਿਤਾ ਦਾ ਨਾਂ ਯੇਸੁਗੀ ਬਘਾਤੁਰ ਅਤੇ ਦਾਦੇ ਦਾ ਨਾਂ ਬੈਰਤਾਨ ਬਘਾਤੁਰ ਸੀ। ਤੁਰਕ-ਮੰਗੋਲ ਲੋਕ-ਕਥਾਵਾਂ 'ਚ ਬਘਾਤੁਰ ਨਾਇਕਾਂ ਵਜੋਂ ਪੇਸ਼ ਹੁੰਦੇ ਹਨ। ਇਹ ਬੇਹੱਦ ਦਲੇਰ, ਨਿਡਰ, ਸੂਰਬੀਰ, ਸਿਰਲੱਥ, ਸਮਝੋ ਅਕਾਸ਼ੋਂ ਉਤਰੇ ਅਵਤਾਰ ਹੀ ਹਨ, ਜੋ ਅਲੌਕਿਕ ਕਾਰਨਾਮੇ ਕਰਦੇ ਹਨ।

ਲਗਭਗ ਇਨ੍ਹਾਂ ਅਰਥਾਂ ਵਿਚ ਹੀ ਪਰ ਕੁਝ ਬਦਲੇ ਹੋਏ ਭੇਦਾਂ ਨਾਲ ਇਹ ਸ਼ਬਦ ਇਕ ਪਾਸੇ ਸਾਰੇ ਮੱਧ ਏਸ਼ੀਆ, ਬੁਲਗਾਰੀਆ ਸਮੇਤ ਪੂਰਬੀ ਸਲਾਵਿਕ, ਰੂਸ ਤੇ ਯੂਰਪ; ਦੂਜੇ ਪਾਸੇ ਪੱਛਮੀ ਏਸ਼ੀਆ ਤੇ ਤੀਜੇ ਪਾਸੇ ਜਾਪਾਨ, ਕੋਰੀਆ ਵਿਚ ਫੈਲ ਗਿਆ। ਮਿਸਾਲ ਵਜੋਂ ਉਜ਼ਬੇਕੀ, ਤਾਤਾਰ ਅਤੇ ਕੁਰਦਿਸ਼ ਵਿਚ ਇਸ ਦੇ ਰੂਪ ਬਾਤਿਰ; ਬੁਲਗਾਰੀਆ ਵਿਚ ਬਗਾਤੁਰ; ਰੂਸੀ ਵਿਚ ਬੋਗਾਤਿਰ; ਪੋਲੈਂਡ ਵਿਚ ਬਹਾਤੁਰ; ਜਾਰਜਿਆਈ ਭਾਸ਼ਾ ਵਿਚ ਬਗਾਤੁਰ; ਹੰਗਰੀ ਵਿਚ ਬਤੋਰ; ਫਾਰਸੀ, ਉਰਦੂ ਅਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਬਹਾਦੁਰ ਵਜੋਂ ਪ੍ਰਚਲਿਤ ਹੋਏ। ਤੁਰਕਿਕ ਵਿਚ ਇਸ ਦੇ ਰੂਪ ਬਤੋਰ ਤੇ ਮੰਗੋਲ ਵਿਚ ਬਟੋਰ ਵੀ ਹਨ। ਮੰਗੋਲੀਆ ਦੀ ਰਾਜਧਾਨੀ ਉਲਾਨਬਟੋਰ ਵਿਚ ਏਹੀ ਸ਼ਬਦ ਬੋਲ ਰਿਹਾ ਹੈ: ਉਲਾਨ=ਘਰ, ਬਟੋਰ=ਬਹਾਦਰ, ਸੋ ਬਹਾਦਰਾਂ ਦਾ ਘਰ। ਦੁਨੀਆਂ ਦੇ ਹੋਰ ਸਥਾਨ ਨਾਂਵਾਂ ਵਿਚ ਵੀ ਇਸ ਸ਼ਬਦ ਦੇ ਰੁਪਾਂਤਰ ਮਿਲਦੇ ਹਨ। ਕੁਝ ਭਾਸ਼ਾਵਾਂ ਵਿਚ ਅਰੰਭਲੀ ਧੁਨੀ 'ਪ' ਅਤੇ 'ਮ' ਵਿਚ ਵੀ ਬਦਲ ਗਈ। ਸਾਡੇ ਆਪਣੇ ਪੰਜਾਬ ਵਿਚ ਬਹਾਦਰਪੁਰ ਤੇ ਬਹਾਦਰਗੜ੍ਹ ਹਨ। ਭਾਰਤ ਵਿਚ ਹੋਰ ਸਥਾਨਾਂ ਦੇ ਵੀ ਅਜਿਹੇ ਨਾਂ ਹਨ। ਤੁਰਕ ਭਾਸ਼ਾ ਵਿਚ ਬਹਾਦਿਰ ਸ਼ਬਦ ਇਨ੍ਹਾਂ ਹੀ ਅਰਥਾਂ ਵਿਚ ਆਉਂਦਾ ਹੈ। ਕਈ ਮਸ਼ਹੂਰ ਤੁਰਕ ਨਾਂਵਾਂ ਵਿਚ ਇਹ ਸ਼ਬਦ ਮਿਲਦਾ ਹੈ।

ਭਾਰਤ ਵਿਚ ਇਸ ਸ਼ਬਦ ਦੇ ਪ੍ਰਚਲਿਤ ਹੋਣ ਵਿਚ ਪਹਿਲਾਂ ਮੁਗਲ ਅਤੇ ਬਾਅਦ ਵਿਚ ਬਰਤਾਨਵੀ ਰਾਜ ਦਾ ਚੋਖਾ ਹੱਥ ਹੈ। ਮੁਗਲਾਂ ਨੇ ਆਪਣੇ ਮੰਗੋਲ ਪਿਛੋਕੜ ਕਾਰਨ ਇਸ ਨੂੰ ਇਕ ਰੁਤਬੇ ਅਤੇ ਖਾਸ ਨਾਂ ਵਜੋਂ ਵਰਤਿਆ। ਬਹਾਦਰ ਸ਼ਾਹ ਨਾਂ ਦੇ ਦੋ ਬਾਦਸ਼ਾਹ ਹਨ। ਕੁਝ ਹੋਰ ਹਨ: ਗੁਜਰਾਤ ਦੇ ਬਹਾਦਰ ਖਾਂ (ਸ਼ਾਸਨ 1526-1537), ਅਹਿਮਦਨਗਰ ਦੇ ਸੁਲਤਾਨ ਬਹਾਦੁਰ ਨਿਜ਼ਾਮ ਸ਼ਾਹ (1596-1600), ਨੇਪਾਲ ਦੇ ਬਹਾਦੁਰ ਸ਼ਾਹ (1785-1794) ਆਦਿ। ਨੌਵੇਂ ਗੁਰੂ ਅਤੇ ਫਿਰ ਬੰਦਾ ਬਹਾਦਰ ਦੇ ਨਾਂਵਾਂ ਵਿਚ ਵੀ ਇਸ ਦੀ ਮੌਜੂਦਗੀ ਹੈ। ਧਿਆਨਯੋਗ ਹੈ ਕਿ 1708 ਵਿਚ ਗੁਰੂ ਗੋਬਿੰਦ ਸਿੰਘ ਮੁਗਲ ਬਾਦਸ਼ਾਹ ਬਹਾਦੁਰ ਸ਼ਾਹ ਨਾਲ ਦੱਖਣ ਗਏ। ਦੱਸਿਆ ਜਾਂਦਾ ਹੈ ਕਿ ਉਥੇ ਹੀ ਗੁਰੂ ਸਾਹਿਬ ਮਾਧੋ ਦਾਸ ਨੂੰ ਮਿਲੇ ਤੇ ਬਾਅਦ ਵਿਚ ਉਸ ਦਾ ਨਾਂ ਬੰਦਾ ਸਿੰਘ ਬਹਾਦਰ ਰੱਖ ਦਿੱਤਾ ਗਿਆ।

ਬਰਤਾਨਵੀ ਰਾਜ ਸਮੇਂ ਯੂਰਪੀ ਅਫਸਰਾਂ ਦੇ ਨਾਂ ਅੱਗੇ ਬਹਾਦੁਰ ਸ਼ਬਦ ਲਾਇਆ ਜਾਣ ਲੱਗਾ; ਮਿਸਾਲ ਵਜੋਂ ਜੋਨਜ਼ ਸਾਹਿਬ ਬਹਾਦਰ। ਅੰਗਰੇਜ਼ਾਂ ਵੇਲੇ ਦੂਜੇ ਦਰਜੇ ਦੇ ਭਾਰਤੀ ਅਫਸਰ 'ਬਹਾਦਰ' ਅਤੇ ਪਹਿਲੇ ਦਰਜੇ ਦੇ 'ਸਰਦਾਰ ਬਹਾਦਰ' ਕਹਾਇਆ ਕਰਦੇ ਸਨ। ਮੁਸਲਮਾਨ ਅਫਸਰਾਂ ਨੂੰ 'ਖਾਨ ਬਹਾਦਰ' ਅਤੇ ਹਿੰਦੂ ਅਧਿਕਾਰੀਆਂ ਨੂੰ 'ਰਾਇ ਬਹਾਦਰ' ਦੇ ਖਿਤਾਬ ਵੀ ਦਿੱਤੇ ਜਾਂਦੇ ਸਨ। ਇਥੋਂ ਤੱਕ ਕਿ ਈਸਟ ਇੰਡੀਆ ਕੰਪਨੀ ਨੂੰ ਵੀ 'ਕੰਪਨੀ ਬਹਾਦੁਰ' ਕਿਹਾ ਜਾਂਦਾ ਸੀ। ਜੰਗਜੂ ਬਿਰਤੀ ਵਾਲੇ ਬਹੁਤ ਸਾਰੇ ਨੇਪਾਲ ਦੇ ਗੋਰਖਿਆਂ ਦਾ ਪਹਿਲਾ ਤੇ ਮਧਵਰਤੀ ਨਾਂ ਹੀ ਬਹਾਦਰ ਬਣ ਗਿਆ। ਅੱਜ ਗੋਰਖਾ ਅਤੇ ਬਹਾਦਰ ਇਕ ਤਰ੍ਹਾਂ ਸਮਾਨਅਰਥਕ ਹੀ ਹਨ। ਭਾਰਤ ਦੇ ਇੱਕ ਪ੍ਰਧਾਨ ਮੰਤਰੀ ਦਾ ਨਾਂ ਲਾਲ ਬਹਾਦਰ ਸ਼ਾਸਤਰੀ ਸੀ, ਮਾਨਿਕ ਸ਼ਾਹ ਨੂੰ ਸੈਮ ਬਹਾਦਰ ਕਿਹਾ ਜਾਂਦਾ ਹੈ।

ਪੰਜਾਬੀਆਂ ਨੂੰ ਜੰਗਜੂ, ਲੜਾਕੂ ਬਿਰਤੀ ਵਾਲੇ ਸਮਝਿਆ ਜਾਂਦਾ ਹੈ, ਇਸ ਲਈ ਵੀਰ ਸੂਰਮੇ ਦੇ ਅਰਥਾਂ ਵਾਲਾ ਬਹਾਦਰ ਸ਼ਬਦ ਇਥੇ ਖਾਸਾ ਇਸਤੇਮਾਲ ਹੁੰਦਾ ਹੈ। ਫੌਜੀਆਂ ਦੇ ਪ੍ਰਸੰਗ ਵਿਚ ਬਹਾਦਰ ਜਵਾਨ, ਬਹਾਦਰ ਫੌਜ, ਬਹਾਦਰ ਸ਼ੇਰਾ ਜਿਹੇ ਸ਼ਬਦ-ਜੋੜੇ ਆਮ ਵਰਤੇ ਜਾਂਦੇ ਹਨ। ਮੁਹੰਮਦ ਬਖਸ਼ ਦੇ ਸੈਫ-ਉਲ-ਮਲੂਕ ਵਿਚ ਬਹਾਦਰ ਦੇ ਦਰਸ਼ਨ ਕਰੋ,

ਸੱਤ ਹਜ਼ਾਰ ਜਵਾਨ ਬਹਾਦਰ,
ਜੰਗੀ ਲਾਟ ਮਰੀਲੇ।
ਧੱਪਾ ਖਾਇ ਜਿਨ੍ਹਾਂ ਦਾ ਨੱਸਣ,
ਖੂਨੀ ਹਾਥੀ ਫੀਲੇ।

ਅੱਜ ਭਾਵੇਂ ਸਰੀਰ ਅਤੇ ਦਲੇਰੀ ਵਜੋਂ ਕਮਜ਼ੋਰ ਹੀ ਹੋਣ, ਬਹਾਦਰ ਸਿੰਘ ਅਤੇ ਕਿਧਰੇ ਕਿਧਰੇ ਬਹਾਦਰ ਕੌਰ ਨਾਂ ਦੇ ਵਿਅਕਤੀ ਮਿਲ ਜਾਂਦੇ ਹਨ।

ਬਹਾਦੁਰ ਸ਼ਬਦ ਦੀ ਵਿਉਤਪਤੀ ਬਾਰੇ ਕੁਝ ਨਿਸ਼ਚਿਤ ਤੌਰ 'ਤੇ ਨਹੀਂ ਕਿਹਾ ਜਾ ਸਕਦਾ। ਕੁਝ ਤਾਂ ਇਸ ਨੂੰ ਸੰਸਕ੍ਰਿਤ ਭਗਧਰ ਨਾਲ ਜੋੜਦੇ ਹਨ, ਜਿਸ ਦਾ ਅਰਥ ਬਣਦਾ ਹੈ, 'ਖੁਸ਼ੀਆਂ ਧਾਰਨ ਕਰਨ ਵਾਲਾ' (ਧਿਆਨ ਦਿਉ ਭਾਗਵਾਨ, ਭਗਵਾਨ ਆਦਿ), ਕੁਝ ਹੋਰ ਇਸ ਨੂੰ ਪ੍ਰਾਚੀਨ ਫਾਰਸੀ ਦੀ ਜ਼ੰਦ ਭਾਸ਼ਾ ਦੇ ਸ਼ਬਦ ਬਘਪੁਥਰ (ਰੱਬ ਦਾ ਪੁੱਤਰ) ਨਾਲ ਜੋੜਦੇ ਹਨ। ਬਘ ਅਤੇ ਪੁਥਰ-ਦੋਵੇਂ ਸ਼ਬਦ ਕ੍ਰਮਵਾਰ ਸੰਸਕ੍ਰਿਤ ਭਗ ਅਤੇ ਪੁਤ੍ਰ ਦੇ ਸਜਾਤੀ ਹਨ, ਪਰ ਇਸ ਗੱਲ ਦਾ ਨਿਬੇੜਾ ਨਹੀਂ ਹੋ ਸਕਿਆ ਕਿ ਢੇਰ ਸਮਾਂ ਪਹਿਲਾਂ ਸੰਸਕ੍ਰਿਤ ਜਾਂ ਪੁਰਾਣੀ ਫਾਰਸੀ ਦੇ ਸ਼ਬਦ ਮੰਗੋਲ ਭਾਸ਼ਾ ਵਿਚ ਕਿਵੇਂ ਪੁੱਜੇ? ਇਹ ਗੱਲ ਨਿਸ਼ਚਿਤ ਹੈ ਕਿ ਇਸ ਸ਼ਬਦ ਦਾ ਫਾਰਸੀ ਬਹਾ (ਚਮਕ) ਅਤੇ ਦੁਰ (ਮੋਤੀ) ਦੇ ਜਮ੍ਹਾਂ ਜੋੜ ਨਾਲ ਦੂਰ ਦਾ ਵੀ ਵਾਸਤਾ ਨਹੀਂ।

# ਬੱਕਰੇ ਦੀ ਬਲੀ ਤੇ ਬਲੀ ਦਾ ਬੱਕਰਾ: ਬਿਪਤਾ ਜਾਂ ਬਰਕਤ

ਕਰਮ ਸਿੰਘ ਬਰਨ, ਹਿਊਸਟਨ
ਫੋਨ: 832-766-8742

'ਪੰਜਾਬ ਟਾਈਮਜ਼' ਦੇ 3 ਅਗਸਤ ਦੇ ਅੰਕ ਵਿਚ ਪ੍ਰੋ. ਅਵਤਾਰ ਸਿੰਘ ਦਾ ਲੇਖ 'ਬੱਕਰੇ ਦੀ ਬਲੀ ਤੇ ਬਲੀ ਦਾ ਬੱਕਰਾ: ਬੁੱਭ ਤੋਂ ਭੁੱਬ ਤੱਕ' ਬੜੇ ਦਿਲਚਸਪ ਅਤੇ ਵਿਅੰਗਾਤਮਕ ਢੰਗ ਨਾਲ ਸ਼ੁਰੂ ਹੋਇਆ, ਪਰ ਬਾਤ ਪੜ੍ਹਦਿਆਂ ਸੁਣਦਿਆਂ ਛੇਤੀ ਹੀ ਹਰਸ਼ ਇੱਕ ਸੋਗ ਵਿਚ ਬਦਲ ਗਿਆ। ਦਿਲਚਸਪ ਇਸ ਕਰਕੇ ਕਿ ਇੱਕ ਚੂਹੇ, ਕਬੂਤਰ, ਮੁਰਗੇ ਅਤੇ ਬੱਕਰੇ ਦੀ 'ਬਾਤ' ਬੜੀ ਵਿਅੰਗਾਤਮਕ ਮਿਸਾਲ ਹੈ। ਸੋਗ ਇਸ ਕਰਕੇ ਕਿ ਪ੍ਰੋ. ਸਾਹਿਬ ਦੀ ਕਹਾਣੀ ਦਾ ਉਪਦੇਸ਼ 'ਮੁਆਫੀ' ਤੇ 'ਮੁਆਵਜ਼ੇ' 'ਤੇ ਅਟਕ ਗਿਆ ਅਤੇ ਗਰੀਬਾਂ ਦੇ 'ਪਿੰਡ ਕੂਚ ਦੀ ਲਹਿਰ' ਦਾ ਸਾਰਾ ਦੋਸ਼ ਇੱਕ ਭੋਲੇ ਕਿਸਾਨ ਦੇ ਗਲ ਜਾ ਲਟਕਾਇਆ।

ਡਾ. ਗੁਰਨਾਮ ਕੌਰ (ਕੈਨੇਡਾ) ਦੀ ਇਸ ਲੇਖ ਉਤੇ ਬਹੁਤ ਹੀ ਸੁਚੱਜੀ ਪੜਚੋਲ ਨੇ ਮੈਨੂੰ ਵੀ ਥੋੜ੍ਹਾ ਆਪਣੇ ਵਿਚਾਰ ਲਿਖਣ ਦਾ ਹੌਸਲਾ ਦਿੱਤਾ।

ਆਓ, ਆਪਾਂ ਸਥਾਪਤ ਕਰੀਏ ਕਿ ਦੋਸ਼ੀ ਕੌਣ ਸੀ, ਜਾਂ ਹੈ ਵੀ ਸੀ! ਜਰਾ ਪਿਛੋਕੜ 'ਤੇ ਝਾਤੀ ਮਾਰੀਏ ਤਾਂ ਇਸ ਮੁਤਾਬਕ ਆਜ਼ਾਦੀ ਪਿਛੋਂ ਦੋ ਵੱਡੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਹਨ: ਪਹਿਲੀ, 'ਉਦਯੋਗੀਕਰਨ' ਅਤੇ ਦੂਜੀ, 'ਹਰੀ ਕ੍ਰਾਂਤੀ।' ਇਸ ਵਿਚ ਇੱਕ ਹੋਰ ਤੱਤ ਸ਼ਾਮਿਲ ਕਰਨਾ ਚਾਹੁੰਦੇ ਹੋ ਤਾਂ ਸਦੀਆਂ ਤੋਂ ਚਲੇ ਆਏ 'ਮੰਨੂ' ਦਾ ਸਮਾਜਕ ਵਿਗਿਆਨ ਵੀ ਇੱਕ ਵੱਡਾ ਦੋਸ਼ੀ ਹੈ। ਇਹ ਹੀ ਵੱਡੇ ਕਾਰਨ ਹਨ, ਜਿਨ੍ਹਾਂ ਨਾਲ ਸੈਂਕੜੇ ਸਾਲਾਂ ਤੋਂ ਚਲੇ ਆਏ ਪਿੰਡ ਦਾ ਸਮਾਜਕ ਮਾਹੌਲ ਹੀ ਬਦਲ ਗਿਆ। ਸਿਰਫ ਕਾਰੀਗਰਾਂ ਨੂੰ ਹੀ ਨਹੀਂ, ਹਰ ਵਿਅਕਤੀ ਨੂੰ ਇਸ ਦਾ ਸਾਹਮਣਾ ਕਰਨਾ ਪਿਆ। ਅਸਲ ਵਿਚ ਜੇ ਇਹ ਦੋ ਇਨਕਲਾਬ ਨਾ ਵਾਪਰਦੇ ਤਾਂ ਭਾਰਤ ਹੁਣ ਤੱਕ ਬਹੁਤ ਪਿੱਛੇ ਰਹਿ ਗਿਆ ਹੁੰਦਾ ਅਤੇ ਚੰਦਰਨਯਾਨ ਨੂੰ ਬੱਦਲਾਂ ਦੇ ਉਪਰ ਤੱਕ ਵੀ ਭੇਜਣ ਦਾ ਸੁਪਨਾ ਨਾ ਲੈ ਸਕਦਾ।

ਇਹ ਗੱਲ ਜਰੂਰ ਹੈ ਕਿ ਕਾਰੀਗਰ ਵਰਗ ਨੂੰ ਪਿੰਡ ਛੱਡਣੇ ਪਏ। ਅਸਲ ਵਿਚ ਵੇਖਿਆ ਜਾਵੇ ਤਾਂ ਇਹ 'ਕੁਬੇ ਦੇ ਲੱਤ' ਵਾਲੀ ਗੱਲ ਹੋ ਗਈ। ਕਾਰੀਗਰਾਂ ਨੇ ਦਾਤੀਆਂ ਦੇ ਦੰਦੇ ਕੱਢਣ ਜਾਂ ਮੰਜਿਆਂ ਦੀਆਂ ਫਾਲਾਂ ਠੋਕਣ ਦੀ ਥਾਂ ਸ਼ਹਿਰਾਂ ਵਿਚ ਜਾ ਕੇ ਟਰੈਕਟਰਾਂ ਦੇ ਪੁਰਜੇ ਜਾਂ ਮੇਜ ਕੁਰਸੀਆਂ ਬਣਾਉਣੇ ਸ਼ੁਰੂ ਕਰ ਦਿੱਤੇ। ਵੱਡੇ ਵੱਡੇ ਮਕਾਨ ਵੀ ਬਣਾ ਲਏ। ਬੱਚਿਆਂ ਨੂੰ ਸਕੂਲਾਂ ਦੀਆਂ ਸਹੂਲਤਾਂ ਵੀ ਮਿਲਣ ਲੱਗ ਗਈਆਂ। 'ਮੰਨੂ' ਦੀ ਕਿਰਪਾ ਨਾਲ ਉਨ੍ਹਾਂ ਦੇ ਬੱਚਿਆਂ ਨੂੰ ਨੌਕਰੀਆਂ ਵੀ ਪਹਿਲਾਂ ਮਿਲਣੀਆਂ ਸ਼ੁਰੂ ਹੋ ਗਈਆਂ। ਸੋ, ਮੁਆਵਜ਼ਾ ਮਿਲਿਆ ਜਰੂਰ, ਪਰ ਕਿਸੇ ਹੋਰ ਰੂਪ ਵਿਚ। ਜੇ ਕਿਸਾਨ ਮਿੱਟੀ ਨਾਲ ਨਾ ਵਿਆਹੇ ਹੁੰਦੇ, ਤਾਂ ਸ਼ਾਇਦ ਉਨ੍ਹਾਂ ਦਾ ਵੀ ਇਸ ਲੱਤ ਨਾਲ ਕੁਝ ਸੁਧਰ ਜਾਂਦਾ। ਹੋ ਸਕਦੈ, ਸ਼ੇਰ ਵੀ ਗੂੜ੍ਹੀ ਨੀਂਦ ਤੋਂ ਜਾਗ ਕੇ ਜੰਗਲ ਛੱਡ ਤੁਰਦਾ।

ਚੱਲੋ ਕਿਸਾਨ ਨੂੰ ਵੱਜੀ ਲੱਤ ਦਾ ਇੱਕ ਹੋਰ ਦ੍ਰਿਸ਼ਟੀਕੋਣ ਵੀ ਸਾਹਮਣੇ ਲਿਆਈਏ। ਕਿਸਾਨਾਂ ਦੇ ਬੱਚਿਆਂ ਨੂੰ ਵਿਦਿਆ ਪ੍ਰਾਪਤ ਕਰਨੀ ਇੱਕ ਸਰਾਪ ਹੀ ਸਮਝੋ ਕਿ ਇੱਕ ਕਿਸਾਨ ਦਾ ਪੁੱਤਰ ਆਨਰਜ਼ ਨਾਲ ਇੰਜੀਨੀਅਰਿੰਗ (Engineering with Honors) ਵਿਚ ਡਿਗਰੀ ਪ੍ਰਾਪਤ ਕਰੇ ਅਤੇ ਨੌਕਰੀ ਦੀ ਲਾਈਨ ਵਿਚ ਸਭ ਤੋਂ ਪਿੱਛੇ। ਉਹ 'ਮੰਨੂ' ਤੋਂ ਕੀ ਮੁਆਵਜ਼ਾ ਮੰਗੇ ਕਿ ਕਿਸਾਨਾਂ ਨੂੰ 'ਅਨੁਸੂਚਿਤ ਜਾਤਾਂ' ਵਿਚ ਕਿਉਂ ਨਹੀਂ ਪਾਇਆ? ਐਵੇਂ ਹੀ 'ਸ਼ੇਰ, ਬੱਬਰ ਸ਼ੇਰ' ਦੇ ਫੋਕੇ ਖਿਤਾਬ ਦੇ ਕੇ ਸਮਾਜ ਦੇ ਬੱਕਰੇ ਬਣਾ ਕੇ ਸਮੁੰਦਰੋਂ ਪਾਰ ਜਾਣ ਲਈ ਮਜਬੂਰ ਹੋ ਗਏ। ਪਿੰਡ ਨਿਕਾਲਾ ਤਾਂ ਕੀ, ਦੇਸ਼ ਨਿਕਾਲਾ ਹੀ ਮਿਲਿਆ। ਦੱਸੋ ਦੇਸ਼ ਨਿਕਾਲੇ ਦੀ ਮੁਆਫੀ ਜਾਂ ਮੁਆਵਜ਼ੇ ਦੀ ਵਸੂਲੀ, ਉਹ ਕਿਹੜੀ ਮਤਰੇਈ ਮਾਂ ('ਕੈਕੇਈ') ਤੋਂ ਮੰਗੇ? ਪਰ, ਜਿਵੇਂ ਮੈਂ ਕਿਹਾ ਹੈ, ਇਹ ਵੀ ਇੱਕ 'ਨਵੇਂ ਭੇਸ ਵਿਚ ਬਰਕਤ' ਹੈ। ਜੇ ਕੈਕੇਈ ਨਾ ਹੁੰਦੀ ਤਾਂ ਨਾ ਰਮਾਇਣ ਹੁੰਦੀ, ਨਾ ਦੀਵਾਲੀ। ਪੰਜਾਬ (ਭਾਰਤ) ਲਈ ਘਾਟਾ, ਕੈਨੇਡਾ ਅਤੇ ਅਮਰੀਕਾ ਨੂੰ ਲਾਭ ਹੀ ਲਾਭ।

ਇਸ ਲਈ ਮੈਂ ਇਸ 'ਬਾਤ' ਦੇ ਕੁਝ ਉਪਦੇਸ਼ ਠੁਕਰਾਉਣ ਲਈ ਮਜਬੂਰ ਹੋ ਗਿਆ:

1. ਜੁਰਮ ਕਿਸ ਨੇ ਕੀਤਾ? ਜਾਂ ਇਹ ਕੋਈ ਜੁਰਮ ਵੀ ਸੀ ਜਾਂ ਇਸ ਵਿਚ ਕੋਈ ਛੁਪੀ ਹੋਈ ਬਰਕਤ ਸੀ?

2. ਕਿਸ ਨੂੰ ਮੁਆਫੀ ਮੰਗਣੀ ਚਾਹੀਦੀ ਹੈ ਅਤੇ ਕਿਉਂ? ਮੁਆਵਜ਼ਾ ਜੇ ਹੈ ਤਾਂ ਕਿਸ ਦੇ ਸਿਰ?

ਰੱਬ ਦੇ ਘਰ ਦੇਰ ਹੈ, ਅੰਧੇਰ ਨਹੀਂ (God sees the truth but he is seldom punctual). ਹੁਣ ਮੈਨੂੰ ਇੱਕ ਛੋਟੀ ਕਵਿਤਾ ਦੇ ਨਾਲ ਇਸ ਨੂੰ ਖਤਮ ਕਰਨ ਦੀ ਇਜਾਜ਼ਤ ਦਿਓ:

ਕਿਸਾਨ ਗਿਆ ਤਾਂ ਮਿੱਟੀ ਹਾਰੀ
ਜਦ ਭਾਰਤ ਨੂੰ ਮਿਲੀ ਆਜ਼ਾਦੀ
ਪੈਂਤੀ ਕਰੋੜ ਸੀ ਕੁੱਲ ਅਹਾਰੇ।
ਅੱਜ ਇਹ ਇਕ ਸੌ ਪੈਂਤੀ ਹੋਏ
ਇਕ ਅਰਬ ਨਵੇਂ ਢਿੱਡ ਪਧਾਰੇ।

ਦੋਹਾਂ ਗਵਾਂਢੀਆਂ ਹਮਲੇ ਕੀਤੇ
ਹਲ, ਬੰਦੂਕਾਂ ਕਦਮ ਵਧਾਇਆ।
ਜੈ ਜਵਾਨ ਔਰ ਜੈ ਕਿਸਾਨ ਦਾ
ਭਾਰਤ ਮਾਂ ਨੇ ਨਾਅਰਾ ਲਾਇਆ।

ਨਵੇਂ ਢਿੱਡਾਂ ਦੀਆਂ ਭੁੱਖਾਂ ਭਰਦੀ
ਹਰੀ ਕ੍ਰਾਂਤੀ ਆਈ ਰੱਖਣਹਾਰੀ।
ਟਰੈਕਟਰ ਬਿਜਲੀ ਪਾਣੀ ਨਹਿਰੀ
ਕਣਕ ਅਮਰੀਕੀ ਕਲਿਆਣਕਾਰੀ।

ਸਿਆਸਤੀਆਂ ਨੇ ਪਾਣੀ ਵੰਡੇ
ਬਿਜਲੀ ਤੇਲ ਨਾ ਰਿਹਾ ਭਰੋਸਾ।
ਜੈ ਕਿਸਾਨ ਦੇ ਨਾਅਰੇ ਠੰਡੇ
ਭੁੱਖੀ ਦੁਨੀਆਂ ਜੱਟ 'ਤੇ ਰੋਸਾ।

ਬਿਜਲੀ ਖਾ ਗਏ ਕਾਰਖਾਨੇ
ਸ਼ੇਰ ਪਿਆ ਘੂਕੇ ਵੱਟ ਸਰਾਹਣੇ।
ਖੇਤੀ ਮਿੱਧਣ ਅਨਾਥ ਗਊਆਂ
ਸੁੱਕੀਆਂ ਫਸਲਾਂ ਝਾੜਨ ਦਾਣੇ।

ਧਰਤੀ ਭੁੱਖੀ ਫਸਲ ਪਿਆਸੀ
ਖਾਦ ਬਿਨਾ ਨਾ ਆਲੂ ਵੱਟ 'ਤੇ।
ਕਹਿੰਦੇ ਜੀਰੀ ਪਾਣੀ ਪਲੀਤੇ
ਦੋਸ਼ ਪ੍ਰਦੂਸ਼ਣ ਜੜ੍ਹਿਆ ਜੱਟ 'ਤੇ।

ਡੇਢ ਅਰਬ ਦੀਆਂ ਭਾਰੀ ਭੁੱਖਾਂ
ਜੇ ਨਾ ਯੂਰੀਆ ਪੈਦਾ ਹੁੰਦਾ।
ਲੜ ਭਿੜ ਜਾਂਦੇ ਮਰ ਚਿਰੋਕੇ
ਜੇ ਨਾ ਖਾਦ ਦਾ ਫਾਇਦਾ ਹੁੰਦਾ।

ਆਲੂ ਕਿਸਾਨ ਦੇ ਇੱਕ ਰੁਪਏ
ਬਾਣੀਆਂ ਦੀ ਮਨਮਰਜੀ ਬੋਲੀ।
ਦਸ ਰੁਪਏ ਨੂੰ ਰੇਹੜੀ ਵੇਚਣ
ਉਹ ਵੀ ਜਰਾ ਘਟਾ ਕੇ ਤੋਲੀ।

## ਪ੍ਰਤੀਕਰਮ

ਸਵੱਛ ਭਾਰਤ ਦਾ ਅਸ਼ੁੱਧ ਪਾਣੀ
ਸ਼ਹਿਰੀ ਮਨੁੱਖਾਂ ਦੀ ਦੇਖੋ ਸਫਾਈ।
ਅੰਨਦਾਤੇ ਨੂੰ ਦਾਤ ਕੀ ਦੇਣੀ
ਇਹ ਵੀ ਕਸੂਰ ਜੱਟ ਦਾ ਭਾਈ?

ਸੜਕਾਂ ਨਿਕਲੀਆਂ ਬੱਸਾਂ ਤੁਰੀਆਂ
ਨਵੇਂ ਦੌਰ ਵਿਚ ਤਾਂਗੇ ਖੜ੍ਹ ਗਏ।
ਉਦਯੋਗ ਕਰਨ ਦੀ ਲਹਿਰ ਚੱਲੀ
ਪਿੰਡ ਛੱਡ ਲੋਕ ਬੱਸਾਂ ਚੜ੍ਹ ਗਏ।

ਕਹਿੰਦੇ ਕਾਰੀਗਰ ਨਾ ਰੋਕੇ
ਜੱਟਾਂ ਨੇ ਨਾ ਹਾਮੀਆਂ ਭਰੀਆਂ।
ਕਾਰੀਗਰ ਕਾਰਖਾਨੀ ਹਰਸ਼ਿਤ
ਭੱਜ ਤੁਰੇ ਦੇਖ ਚਰਾਂਦਾ ਹਰੀਆਂ।


ਨੰਦੀ ਬਲਦ ਦੇ ਦੁੱਖ ਸੁਣਾ ਕੇ
ਸ਼ਹਿਰੀ ਚਾਤ੍ਰਿਕ ਜੱਟ ਨੂੰ ਭੰਡਿਆ।
ਭੁੱਲ ਗਿਆ ਜੋ ਕੰਨ੍ਹੇ ਜੁੜਿਆ
ਦੁੱਖ ਉਸ ਦਾ ਨਾ ਕਿਸੇ ਵੰਡਿਆ।

ਕਿਉਂ ਤੇ ਕੌਣ ਹੁਣ ਮੰਗੇ ਮਾਫੀ?
ਕੀ ਜੁਰਮ ਅਤੇ ਕੌਣ ਅਪਰਾਧੀ?
ਕਿਸ ਬਲਦ ਨੇ ਚੁੱਕਿਆ ਬੋਝਾ?
ਕਿਸ ਉਪਜਾਈ ਕਿਸ ਨੇ ਖਾਧੀ?

ਜਮਦੂਤ ਬੈਂਕ ਜੇ ਫੜਨ ਦੇਵਤੇ
ਆ ਵੀ ਗਈ ਜੇ ਉਨ੍ਹਾਂ ਦੀ ਵਾਰੀ।
ਕਿਸਾਨ ਮਿੱਟੀ ਦਾ ਮੇਲ ਸਦੀਵੀ
ਕਿਸਾਨ ਗਿਆ ਤਾਂ ਮਿੱਟੀ ਹਾਰੀ!

# ਜਸਵੰਤ ਸਿੰਘ ਕੰਵਲ ਦਾ ਮੁਹੱਬਤਨਾਮਾ

***ਜਸਵੰਤ ਸਿੰਘ ਕੰਵਲ ਨੇ ਸੌ ਸਾਲ ਜਿਉਣ ਤੇ ਅੱਸੀ ਸਾਲ ਲਗਾਤਾਰ ਲਿਖਣ ਦਾ ਰਿਕਾਰਡ ਰੱਖ ਦਿੱਤੈ। ਉਸ ਨੇ ਦਸਵੀਂ 'ਚੋਂ ਫੇਲ੍ਹ ਹੋ ਕੇ ਪਹਿਰੇਦਾਰੀ, ਕਲਰਕੀ, ਕਿਸਾਨੀ, ਸਰਪੰਚੀ, ਸਾਹਿਤਕਾਰੀ, ਕੇਂਦਰੀ ਪੰਜਾਬੀ ਸਾਹਿਤ ਸਭਾ ਦੀ ਸਕੱਤਰੀ, ਪ੍ਰਧਾਨਗੀ, ਸਰਪ੍ਰਸਤੀ, ਕਾਨਫਰੰਸਾਂ/ਕਨਵੈਨਸ਼ਨਾਂ ਦੀ ਕਨਵੀਨਰੀ, ਸਾਹਿਤ ਟਰਸਟ ਢੁੱਡੀਕੇ ਦੀ ਸਥਾਪਤੀ ਤੇ ਹੋਰ ਕਈ ਕੁਝ ਕਰਨ ਦੇ ਨਾਲ ਮੁਹੱਬਤ ਵੀ ਕੀਤੀ। ਉਹਦੇ ਕਰੀਬੀ ਪ੍ਰਿੰ. ਸਰਵਣ ਸਿੰਘ ਦੀ ਉਹਦੇ ਬਾਰੇ ਲਿਖੀ ਕਿਤਾਬ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ' 'ਚੋਂ ਪੇਸ਼ ਹੈ ਕੰਵਲ ਦਾ ਮੁਹੱਬਤਨਾਮੇ ਵਾਲਾ ਕਾਂਡ।***




ਜੰਗ ਬਹਾਦੁਰ ਗੋਇਲ ਦੀ ਪੁਸਤਕ 'ਮੁਹੱਬਤਨਾਮਾ' ਦੇ ਕਵਰ ਉਤੇ 'ਓਸ਼ੋ' ਦਾ ਇਹ ਕਥਨ ਛਪਿਆ ਹੋਇਆ ਹੈ, "ਕਵੀਆਂ, ਚਿੱਤਰਕਾਰਾਂ, ਸੰਗੀਤਕਾਰਾਂ ਅਤੇ ਲੇਖਕਾਂ ਦੇ ਅਹਿਸਾਸ ਏਨੇ ਕੋਮਲ ਹੁੰਦੇ ਹਨ ਕਿ ਉਹ ਦੇਹ ਤੋਂ ਪਰ੍ਹਾਂ ਮਹਿਸੂਸ ਕਰ ਸਕਦੇ ਹਨ। ਉਹ ਜ਼ਿਹਨੀ ਸੰਸਾਰ ਦੀ ਸੁੰਦਰਤਾ ਅਤੇ ਦਿਲਾਂ ਦੀਆਂ ਨਾਜ਼ੁਕ ਭਾਵਨਾਵਾਂ ਨੂੰ ਬੜੀ ਸ਼ਿੱਦਤ ਨਾਲ ਅਨੁਭਵ ਕਰਦੇ ਹਨ, ਕਿਉਂਕਿ ਉਹ ਖੁਦ ਵੀ ਉਸ ਪੱਧਰ 'ਤੇ ਹੀ ਜਿਉਂਦੇ ਹਨ। ਉਹ ਸੋਚਦੇ ਨਹੀਂ, ਉਹ ਦਿਲ ਦੀ ਦੁਨੀਆਂ 'ਚ ਵਿਚਰਦੇ ਹਨ, ਇਸੇ ਲਈ ਉਹ ਦੂਜੇ ਦੇ ਦਿਲ ਦੀਆਂ ਭਾਵਨਾਵਾਂ ਨੂੰ ਬਾਖੂਬੀ ਮਹਿਸੂਸ ਕਰ ਸਕਦੇ ਹਨ...।



**ਪ੍ਰਿੰ. ਸਰਵਣ ਸਿੰਘ**
**ਫੋਨ: 905-799-1661**

ਕਵੀ ਤੇ ਕਲਾਕਾਰ ਤਾਂ ਹਰ ਵੇਲੇ ਹੀ ਪਿਆਰ 'ਚ ਗਲਤਾਨ ਰਹਿੰਦੇ ਹਨ। ਉਨ੍ਹਾਂ ਦਾ ਪਿਆਰ ਗੁਲਾਬ ਦੇ ਫੁੱਲ ਵਰਗਾ ਹੁੰਦਾ ਹੈ, ਮਹਿਕਾਂ ਨਾਲ ਭਰਿਆ ਹੋਇਆ।"

'ਮੁਹੱਬਤਨਾਮਾ' ਪੁਸਤਕ ਵਿਚ ਮਹਾਨ ਲੇਖਕਾਂ, ਵਿਚਾਰਕਾਂ ਅਤੇ ਕਵੀਆਂ-ਗੁਰੂਦੇਵ ਰਾਬਿੰਦਰ ਨਾਥ ਟੈਗੋਰ, ਬਾਲਜ਼ਾਕ, ਤੁਰਗਨੇਵ, ਦੋਸਤੋਵਸਕੀ, ਨੀਤਸ਼ੇ, ਖਲੀਲ ਜਿਬਰਾਨ, ਸਾਰਤਰ, ਮਿਰਚਾ ਇਲਾਅਡੀ ਅਤੇ ਅੰਮ੍ਰਿਤਾ ਪ੍ਰੀਤਮ ਦੀ ਜ਼ਿੰਦਗੀ ਦੇ ਡਿੱਠੇ-ਅਣਡਿੱਠੇ ਪ੍ਰੇਮ-ਪ੍ਰਸੰਗ ਸ਼ਾਮਲ ਹਨ।

ਦੁਨੀਆਂ ਦੇ ਮੰਨੇ-ਪ੍ਰਮੰਨੇ ਇਨ੍ਹਾਂ ਲੇਖਕਾਂ ਤੇ ਕਵੀਆਂ ਨੇ ਪਿਆਰ ਨੂੰ ਉਦਾਤ ਰੂਪ ਵਿਚ ਢਾਲ ਕੇ ਬੇਮਿਸਾਲ ਕਲਾ-ਕਿਰਤਾਂ ਦੀ ਰਚਨਾ ਕੀਤੀ, ਨਾਯਾਬ ਪਾਤਰ ਸਿਰਜੇ ਤੇ ਪ੍ਰੇਮ-ਭਿੱਜੇ ਗੀਤ ਗਾਏ। ਉਨ੍ਹਾਂ ਨੇ ਗਮਾਂ ਦੀ ਕੁੜੱਤਣ ਨਾਲ ਭਰੇ ਜ਼ਿੰਦਗੀ ਦੇ ਜਾਮ ਨੂੰ ਹੱਸਦਿਆਂ ਹੱਸਦਿਆਂ ਪੀ ਲਿਆ ਕਿਉਂਕਿ ਉਸ ਵਿਚ ਇਸ਼ਕ ਦੀ ਬੂੰਦ ਰਲ ਚੁਕੀ ਸੀ। ਅੰਮ੍ਰਿਤਾ ਪ੍ਰੀਤਮ ਦੇ ਸ਼ਬਦਾਂ ਵਿਚ:

ਰਲ ਗਈ ਸੀ ਏਸ ਵਿਚ ਇਕ ਬੂੰਦ ਤੇਰੇ ਇਸ਼ਕ ਦੀ,
ਏਸ ਲਈ ਮੈਂ ਜ਼ਿੰਦਗੀ ਦੀ ਸਾਰੀ ਕੁੜੱਤਣ ਪੀ ਲਈ।

ਇਨ੍ਹਾਂ ਸ਼ਾਨਦਾਰ ਪ੍ਰੇਮ ਕਹਾਣੀਆਂ 'ਚੋਂ ਗੁਜ਼ਰਦਿਆਂ ਗੁਰੂਦੇਵ ਟੈਗੋਰ ਦੇ ਸ਼ਬਦ ਸਾਰਥਕ ਜਾਪਦੇ ਹਨ ਕਿ ਪਤਾ ਨਹੀਂ ਲੋਕਾਂ ਨੂੰ ਨਫਰਤ ਕਰਨ ਲਈ ਸਮਾਂ ਕਿਵੇਂ ਲੱਭ ਜਾਂਦਾ ਹੈ, ਜਦੋਂ ਕਿ ਮੁਹੱਬਤ ਲਈ ਜ਼ਿੰਦਗੀ ਕਿੰਨੀ ਛੋਟੀ ਹੈ।

ਹੋ ਸਕਦੈ ਜੰਗ ਬਹਾਦੁਰ ਗੋਇਲ ਕਦੇ ਕੰਵਲ ਦਾ ਮੁਹੱਬਤਨਾਮਾ ਵੀ ਲਿਖੇ ਤੇ ਕਿਸੇ ਅਗਲੇਰੀ ਪੁਸਤਕ ਵਿਚ ਸ਼ਾਮਲ ਕਰੇ।

ਜਸਵੰਤ ਸਿੰਘ ਕੰਵਲ ਨੇ ਡਾ. ਜਸਵੰਤ ਗਿੱਲ ਨਾਲ ਪੁੱਜ ਕੇ ਪਿਆਰ ਕੀਤਾ, ਪਰ ਆਪਣਾ ਪਿਆਰ ਸਬੰਧ ਕਈ ਸਾਲ ਲੁਕੋਈ ਵੀ ਰੱਖਿਆ। ਕੇਵਲ ਘਰ ਦੇ ਜੀਆਂ ਨੂੰ ਹੀ ਥੋੜ੍ਹਾ ਬਹੁਤਾ ਪਤਾ ਸੀ। ਮੇਰੇ ਜਿਹੇ ਜੋ ਤੀਹ ਸਾਲ ਢੁੱਡੀਕੇ ਕਾਲਜ ਵਿਚ ਪੜ੍ਹਾਉਂਦਿਆਂ ਆਥਣ-ਸਵੇਰ ਕੰਵਲ ਨੂੰ ਮਿਲਦੇ ਰਹੇ, ਉਹ ਵੀ ਇਸ ਭੇਤ ਨੂੰ ਕਈ ਸਾਲ ਜਾਣ ਨਾ ਸਕੇ। ਢੁੱਡੀਕੇ ਪਿੰਡ ਵਿਚ ਇਹ ਭੇਤ ਉਦੋਂ ਖੁੱਲ੍ਹਿਆ ਜਦੋਂ ਡਾ. ਜਸਵੰਤ ਗਿੱਲ ਸੂਰਜਪੁਰ ਤੋਂ ਨੌਕਰੀ ਛੱਡ ਕੇ ਢੁੱਡੀਕੇ ਆ ਬੈਠੀ, ਪਰ ਪੂਰਾ ਭੇਤ ਫਿਰ ਵੀ ਨਹੀਂ ਸੀ ਖੁੱਲ੍ਹਿਆ ਕਿ ਕੰਵਲ ਤੇ ਜਸਵੰਤ ਗਿੱਲ ਪਤੀ-ਪਤਨੀ ਬਣ ਚੁਕੇ ਸਨ। ਕਈ ਸਾਲਾਂ ਬਾਅਦ ਕੰਵਲ ਨੇ ਇਹ ਭੇਤ ਜੱਗ ਜਾਹਰ ਕਰਨ ਲਈ ਖੁਦ ਮੈਨੂੰ ਕਿਹਾ ਸੀ, "ਲਿਖ ਦੇ ਜਸਵੰਤ ਮੇਰੀ ਦੂਜੀ ਪਤਨੀ ਹੈ।"

1960 ਵਿਚ ਛਪੀ ਖੁੱਲ੍ਹੀਆਂ ਕਵਿਤਾਵਾਂ ਦੀ ਕਿਤਾਬ 'ਭਾਵਨਾ' ਵਿਚ ਕੰਵਲ ਨੇ ਜਿਸ ਪਾਰਵਤੀ ਦਾ ਜ਼ਿਕਰ ਕੀਤਾ ਸੀ, ਉਹ ਅਸਲ ਵਿਚ ਜਸਵੰਤ ਗਿੱਲ ਹੀ ਸੀ। ਬਕੌਲ ਕੰਵਲ, "ਜਸਵੰਤ ਦੀਆਂ ਚਿੱਠੀਆਂ ਦੀ ਖੂਬਸੂਰਤ ਵਾਰਤਕ ਨੇ ਮੈਨੂੰ ਬੇਹੱਦ ਪ੍ਰਭਾਵਿਤ ਕੀਤਾ। ਉਹਦੀਆਂ ਚਿੱਠੀਆਂ ਵਿਚ ਲੋਹੜੇ ਦੀ ਜਾਨ ਵੇਖ ਕੇ, ਮੈਂ ਆਪਣੀਆਂ ਵਾਰਤਕ ਕਵਿਤਾਵਾਂ ਦੀ ਕਿਤਾਬ 'ਭਾਵਨਾ' ਦੇ ਮੁੱਖ ਬੰਦ ਲਈ ਕਾਂਟ ਛਾਂਟ ਸ਼ੁਰੂ ਕਰ ਦਿੱਤੀ। ਉਹਦੀਆਂ ਚਿੱਠੀਆਂ ਛਾਪਣ ਲਈ ਪੁੱਛਿਆ ਤਾਂ ਉਹ ਗਦਗਦ ਹੋ ਗਈ।

"ਮਨ੍ਹਾਂ! ਤੇਰੀਆਂ ਕਵਿਤਾਵਾਂ ਦਾ ਬੂਹਾ ਮੈਂ ਹੀ ਖੋਲ੍ਹਾਂਗੀ। 'ਭਾਵਨਾ' ਮੇਰੀ ਜਾਇਦਾਦ ਹੈ।"

ਉਦੋਂ ਤਕ ਸਾਡੀ ਦੋਸਤੀ ਪੰਜਾਬੀ ਪਾਠਕਾਂ ਤੋਂ ਲੁਕੀ ਰਹੀ ਸੀ। ਮੈਂ ਮੁੱਖ ਬੰਦ ਦੇ ਅੰਤ 'ਤੇ ਉਸ ਦਾ ਨਾਂ 'ਪਾਰਵਤੀ' ਜੋੜ ਦਿੱਤਾ। ਪਾਰਵਤੀ ਲੱਭਣ ਲਈ ਪਾਠਕਾਂ ਵਿਚ ਬੜਾ ਰੌਲਾ ਪਿਆ, ਕਿਉਂਕਿ ਮੁੱਖ ਬੰਦ ਆਪ ਕਵਿਤਾ ਵਰਗਾ ਹੀ ਸੀ। ਐਨੀ ਰਸਭਿੰਨੀ ਵਾਰਤਕ ਲਿਖੀ ਜਾਣੀ, ਜਣੀ ਖਣੀ ਦੇ ਵੱਸ ਦਾ ਰੋਗ ਨਹੀਂ ਸੀ। 'ਪਾਰਵਤੀ' ਦੀ ਪੁੱਛ ਡੂਮਣਾ ਮੱਖੀਆਂ ਵਾਂਗ ਮੈਨੂੰ ਆ ਚੰਬੜੀ। ਮੈਂ ਟਾਲਾ ਮਾਰ ਛੱਡਦਾ "ਹੈਗੀ ਆ ਯਾਰ, ਦਿੱਲੀ ਇਕ ਪ੍ਰੋਫੈਸਰ। ਇਕ ਦੋਸਤ ਨੇ ਉਸ ਨੂੰ ਮਿਲਾਇਆ ਸੀ।"

ਪਰ ਤੇਰਾਂ ਵਰ੍ਹੇ ਖੁਦ ਪਿਆਰਾ ਸਿੰਘ ਦਾਤਾ ਨੂੰ ਵੀ ਸਾਡੇ ਪਿਆਰ ਦਾ ਪਤਾ ਨਾ ਲੱਗਾ।

ਇਹ ਪਿਆਰਾ ਸਿੰਘ ਦਾਤਾ ਉਹੀ ਸੀ, ਜਿਸ ਨੇ ਕੰਵਲ ਨੂੰ ਆਪਣੀ ਕਿਤਾਬਾਂ ਦੀ ਦੁਕਾਨ ਵਿਚ ਡਾ. ਜਸਵੰਤ ਗਿੱਲ ਨਾਲ ਪਹਿਲੀ ਵਾਰ ਮਿਲਾਇਆ ਸੀ। ਇਕ ਤਰ੍ਹਾਂ ਉਹ ਉਨ੍ਹਾਂ ਦਾ ਵਿਚੋਲਾ ਸੀ।

ਜਸਵੰਤ ਗਿੱਲ ਦੇ ਘਰੋਗੀ ਸਤਿਕਾਰ ਲਈ ਇਹ ਲੁਕਾਅ ਰੱਖਣਾ ਜ਼ਰੂਰੀ ਸੀ। ਦੋਹਾਂ ਘਰਾਂ ਤੋਂ ਬਿਨਾ ਕੇਵਲ ਦਿੱਲੀ ਵਾਲੇ ਚੰਨੀ ਨੂੰ ਹੀ ਪਤਾ ਸੀ, ਕਿਉਂਕਿ ਪਹਿਲੀ ਮਿਲਣੀ ਵੇਲੇ ਕੰਵਲ ਚੰਨੀ ਨਾਲ ਦਾਤੇ ਦੀ ਦੁਕਾਨ 'ਤੇ ਗਿਆ ਸੀ ਅਤੇ ਚਾਅ ਚਾਅ ਵਿਚ ਕੰਵਲ ਵੀ ਚੰਨੀ ਨੂੰ ਦਿਲ ਦੀ ਗੱਲ ਦੱਸ ਬੈਠਾ ਸੀ। ਬਾਕੀ ਪੰਜਾਬੀ ਪਾਠਕਾਂ ਲਈ ਡਾ. ਜਸਵੰਤ ਗਿੱਲ ਮੱਸਿਆ ਦਾ ਨ੍ਹੇਰਾ ਬਣੀ ਰਹੀ ਸੀ।

ਕੋਈ ਲੇਖਕ ਜਾਂ ਪਾਠਕ ਅਸਲੀ ਪਾਰਵਤੀ ਨੂੰ ਨਹੀਂ ਸੀ ਬੁੱਝ ਸਕਿਆ। ਹਾਂ, ਅੰਦਾਜ਼ੇ ਜ਼ਰੂਰ ਲੱਗਦੇ ਰਹੇ, ਪਈ ਇਹ ਪਾਰਵਤੀ ਕੌਣ ਹੋਈ? ਬਾਅਦ ਵਿਚ ਤਾਂ ਕੰਵਲ ਨੇ ਖੁਦ ਦੋ ਕਿਤਾਬਾਂ 'ਪੁੰਨਿਆਂ ਦਾ ਚਾਨਣ' ਤੇ 'ਧੁਰ ਦਰਗਾਹ' ਆਪਣੇ ਮੁਹੱਬਤਨਾਮੇ ਬਾਰੇ ਲਿਖ ਦਿੱਤੀਆਂ। ਲਿਖੀਆਂ ਵੀ ਪੂਰੀ ਤਫਸੀਲ ਨਾਲ, ਜਿਨ੍ਹਾਂ ਵਿਚ ਕੋਈ ਉਹਲਾ ਨਹੀਂ ਰੱਖਿਆ। ਉਜ ਤਾਂ ਕਿਸੇ ਨੂੰ ਕਿਸੇ ਦੀ ਨਿੱਜੀ ਜ਼ਿੰਦਗੀ ਵਿਚ ਦਖਲ ਨਹੀਂ ਦੇਣਾ ਚਾਹੀਦਾ, ਪਰ ਕੰਵਲ ਦੇ ਅਨੇਕਾਂ ਪਾਠਕਾਂ ਨੂੰ ਆਪਣੇ ਮਨਭਾਉਂਦੇ ਲੇਖਕ ਬਾਈ ਕੰਵਲ ਦੀ ਨਿੱਜੀ ਮੁਹੱਬਤ ਤੋਂ ਜਾਣੂੰ ਹੋਣ ਦੀ ਹਮੇਸ਼ਾ ਚਾਹਤ ਰਹੀ। ਕਈ ਐਵੇਂ ਹੀ ਕਿਆਸ ਅਰਾਈਆਂ ਲਾਉਂਦੇ ਰਹੇ ਤੇ ਗਲਤ ਮਲਤ ਅਫਵਾਹਾਂ ਦੇ ਸ਼ਿਕਾਰ ਹੋ ਜਾਂਦੇ ਰਹੇ।

ਕਿਆਸ ਅਰਾਈਆਂ ਲਾਉਣ ਦੀ ਥਾਂ ਬਿਹਤਰ ਹੋਵੇਗਾ ਜੇ ਕੰਵਲ ਦੀਆਂ ਆਪਣੀਆਂ ਪੁਸਤਕਾਂ, ਖਾਸ ਕਰ ਕੇ ਆਪਣੀ ਵਿਥਿਆ 'ਪੁੰਨਿਆਂ ਦਾ ਚਾਨਣ' ਦਾ ਸੰਖੇਪਸਾਰ ਹੀ ਦੇ ਦਿੱਤਾ ਜਾਵੇ। ਕੰਵਲ ਦੇ ਜੀਵਨ ਬਾਰੇ ਤਾਂ ਪਾਠਕ ਕਾਫੀ ਕੁਝ ਜਾਣਦੇ ਹਨ, ਡਾ. ਜਸਵੰਤ ਗਿੱਲ ਦੇ ਜੀਵਨ ਬਾਰੇ ਵੀ ਕੁਝ ਵੇਰਵਾ ਦੇਣਾ ਜ਼ਰੂਰੀ ਹੈ। ਇਸ ਨੂੰ ਸਬੱਬ ਕਹਿ ਲਓ ਜਾਂ ਕੁਝ ਹੋਰ, ਕੰਵਲ ਦਾ ਮੁਢਲਾ ਨਾਂ ਜਸਵੰਤ ਹੈ ਤੇ ਡਾਕਟਰ ਦਾ ਨਾਂ ਵੀ ਜਸਵੰਤ। ਦੋਵੇਂ ਜੱਟ ਸਿੱਖ ਹਨ ਤੇ ਗੋਤ ਵੀ ਦੋਹਾਂ ਦਾ ਗਿੱਲ ਹੈ। ਡਾ. ਆਤਮ ਹਮਰਾਹੀ ਨੇ ਜਾਤਾਂ ਗੋਤਾਂ ਦੇ ਨੰਬਰ ਲਾਏ ਹੋਏ ਸਨ। ਉਹ ਪੰਜਾਬੀ ਲੇਖਕਾਂ ਤੇ ਆਲੋਚਕਾਂ ਦੀ ਗੱਲ ਨੰਬਰਾਂ ਦੇ ਹਵਾਲੇ ਨਾਲ ਕਰਿਆ ਕਰਦਾ ਸੀ। ਚਾਰਯਾਰੀ ਵਿਚ ਚਹਿਕਦਾ ਉਹ ਦੋਹਾਂ ਗਿੱਲਾਂ ਦੇ ਪਤੀ-ਪਤਨੀ ਬਣ ਜਾਣ ਨੂੰ ਗਿੱਲੋ-ਗਿੱਲ ਰਲ ਜਾਣ ਦੀ ਉਪਾਧੀ ਦਿਆ ਕਰਦਾ ਸੀ!

ਡਾ. ਜਸਵੰਤ ਗਿੱਲ ਦਾ ਜੱਦੀ ਪਿੰਡ ਲੁਧਿਆਣੇ ਕੋਲ ਗਿੱਲ ਸੀ। ਇਸੇ ਪਿੰਡ ਦੀ ਜ਼ਮੀਨ ਵਿਚ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਬਣਿਆ ਹੈ। ਜਸਵੰਤ ਗਿੱਲ ਦੇ ਪਿਤਾ, ਜਿਨ੍ਹਾਂ ਨੂੰ 'ਬਾਊ ਜੀ' ਕਿਹਾ ਜਾਂਦਾ ਸੀ, ਮੈਡੀਕਲ ਦੀ ਪੜ੍ਹਾਈ ਕਰ ਕੇ ਮਿਲਟਰੀ ਵਿਚ ਡਾਕਟਰ ਭਰਤੀ ਹੋ ਗਏ ਸਨ। ਜਸਵੰਤ ਗਿੱਲ ਦੇ ਜਨਮ ਵੇਲੇ ਬਾਊ ਜੀ ਦੀ ਪੋਸਟਿੰਗ ਬਲੋਚਿਸਤਾਨ ਦੇ ਸ਼ਹਿਰ ਕੋਇਟੇ ਵਿਚ ਸੀ। ਜਸਵੰਤ ਦਾ ਮੁਢਲਾ ਪਾਲਣ ਪੋਸਣ ਕੋਇਟੇ ਤੇ ਫਿਰ ਪੋਠੋਹਾਰ ਵਿਚ ਹੋਇਆ। ਜਿਥੇ ਜਿਥੇ ਬਾਊ ਜੀ ਦੀ ਬਦਲੀ ਹੁੰਦੀ ਰਹੀ, ਉਨ੍ਹਾਂ ਦੇ ਬੱਚੇ ਉਥੇ ਉਥੇ ਪੜ੍ਹਦੇ ਰਹੇ। ਉਨ੍ਹਾਂ ਨੇ ਆਪਣੀ ਔਲਾਦ ਨੂੰ ਉਚ ਪੱਧਰੀ ਵਿਦਿਆ ਦਿਵਾਈ। ਤਿੰਨੇ ਪੁੱਤਰ ਪੜ੍ਹ ਕੇ ਚੰਗੀਆਂ ਨੌਕਰੀਆਂ 'ਤੇ ਚਲੇ ਗਏ। ਧੀ ਵੀ ਮੈਡੀਕਲ ਡਾਕਟਰ ਬਣ ਗਈ। ਜਿਨ੍ਹਾਂ ਦਿਨਾਂ 'ਚ



ਜਸਵੰਤ ਗਿੱਲ ਜੰਮੀ, ਉਨ੍ਹੀਂ ਦਿਨੀਂ ਜੱਟਾਂ ਦੀਆਂ ਲੜਕੀਆਂ ਨੂੰ ਉਚ ਵਿਦਿਆ ਨਹੀਂ ਸੀ ਦਿਵਾਈ ਜਾਂਦੀ। ਧੀਆਂ ਨੂੰ ਬਿਗਾਨਾ ਧਨ ਸਮਝਿਆ ਜਾਂਦਾ ਸੀ, ਪਰ ਅਸ਼ਕੇ ਉਨ੍ਹਾਂ ਦੇ ਬਾਊ ਜੀ ਦੇ ਕਿ ਉਨ੍ਹਾਂ ਆਪਣੀ ਧੀ ਨੂੰ ਵੀ ਪੁੱਤਰਾਂ ਵਾਂਗ ਪਾਲਿਆ ਤੇ ਚੋਟੀ ਦੇ ਮੈਡੀਕਲ ਕਾਲਜ ਲਾਹੌਰ ਤੋਂ ਐਮ. ਬੀ. ਬੀ. ਐਸ. ਦੀ ਡਿਗਰੀ ਕਰਵਾਈ। ਉਦੋਂ ਆਮ ਜੱਟਾਂ ਦੀਆਂ ਕੁੜੀਆਂ ਦਾ ਮੈਟ੍ਰਿਕ ਪਾਸ ਹੋਣਾ ਹੀ ਬੜੀ ਵੱਡੀ ਗੱਲ ਸਮਝੀ ਜਾਂਦੀ ਸੀ। ਅੰਦਾਜ਼ਾ ਲਾ ਲਾਓ ਕਿ 1940ਵਿਆਂ ਵਿਚ ਡਾਕਟਰ ਬਣੀ, ਬਣਦੀ ਫਬਦੀ ਕੁੜੀ ਨੂੰ ਕਿੰਨੇ ਯੋਗ ਵਰ ਮਿਲਦੇ ਹੋਣਗੇ? ਉਹ ਕਿਸੇ ਵੀ ਮਿਲਟਰੀ ਅਫਸਰ ਜਾਂ ਬਿਊਰੋਕਰੈਟ ਨਾਲ ਵਿਆਹ ਕਰਵਾ ਸਕਦੀ ਸੀ; ਪਰ ਹੋਣੀ ਨੂੰ ਕੁਝ ਹੋਰ ਮਨਜ਼ੂਰ ਸੀ।

1947 ਵਿਚ ਦੇਸ਼ ਦੀ ਵੰਡ ਪਿਛੋਂ ਡਾ. ਜਸਵੰਤ ਗਿੱਲ ਲਾਹੌਰ ਤੋਂ ਪੂਰਬੀ ਪੰਜਾਬ ਵਿਚ ਆ ਗਈ ਅਤੇ ਸੂਰਜਪੁਰ ਦੀ ਸੀਮੈਂਟ ਫੈਕਟਰੀ ਵਿਚ ਮੈਡੀਕਲ ਡਾਕਟਰ ਲੱਗ ਗਈ। ਇਕ ਭਰਾ ਦਰਸ਼ਨ ਸਿੰਘ ਪ੍ਰੀਤ ਨਗਰ ਵਿਚ ਪ੍ਰੈਸ ਮੈਨੇਜਰ ਬਣ ਗਿਆ, ਦੂਜਾ ਭਰਾ ਫੌਜ ਵਿਚ ਅਤੇ ਤੀਜਾ ਭਰਾ ਪੁਲਿਸ ਵਿਚ ਅਫਸਰ ਲੱਗ ਗਿਆ। ਪਰਿਵਾਰ ਦਾ ਉਤਰ ਪ੍ਰਦੇਸ਼ ਵਿਚ ਸ਼ਾਹਜਹਾਨਪੁਰ ਨੇੜੇ ਇਕ ਫਾਰਮ ਸੀ, ਜਿਥੇ ਉਨ੍ਹਾਂ ਦੇ ਮਾਤਾ-ਪਿਤਾ ਰਹਿਣ ਲੱਗੇ। ਉਨ੍ਹਾਂ ਦੇ ਮਾਤਾ ਜੀ ਦਾ ਤੱਤਾ ਸੁਭਾਅ ਬਾਊ ਜੀ ਦੇ ਠੰਢੇ ਸੁਭਾਅ ਨਾਲ ਮੇਲ ਨਹੀਂ ਸੀ ਖਾਂਦਾ, ਜਿਸ ਕਰਕੇ ਅਣਬਣ ਰਹਿੰਦੀ। ਮਾਂ ਆਪਣੇ ਪਤੀ ਕੋਲ ਰਹਿਣ ਦੀ ਥਾਂ ਧੀ ਕੋਲ ਸੂਰਜਪੁਰ ਰਹਿਣ ਲੱਗ ਪਈ। ਕੰਵਲ 'ਪੁੰਨਿਆਂ ਦਾ ਚਾਨਣ' ਪੁਸਤਕ ਵਿਚ ਇਸ ਦਾ ਕੁਝ ਵਿਸਥਾਰ ਲਿਖਦਾ ਹੈ:

...ਸੁਨੇਹਾ ਆਇਆ ਸੱਜਣਾਂ ਦਾ, ਆਪਾਂ ਯੂ. ਪੀ. ਨੂੰ ਵਹੀਰਾਂ ਘੱਤਣੀਆਂ ਏਂ; ਜਲਦੀ ਪਹੁੰਚ ਜਾਓ। ਗੋਲੀ ਕੀਹਦੀ ਤੇ ਗਹਿਣੇ ਕੀਹਦੇ। ਬੱਸ ਫੜੀ ਤੇ ਠੁਹ ਸੂਰਜਪੁਰ।

"ਮਨ੍ਹਾਂ! ਆਪਾਂ ਫਾਰਮ 'ਤੇ ਚੱਲਣਾ ਏਂ, ਬਾਊ ਜੀ ਨੇ ਸੱਦਿਆ ਏ।" ਮੈਂ ਵੀ ਬਾਊ ਜੀ ਉਚਾਰਨ ਅਪਨਾ ਲਿਆ ਸੀ। ਉਹ ਪੁਰਾਣੇ ਰਿਸ਼ੀਆਂ ਵਰਗੇ ਸਹਿਣਸ਼ੀਲ ਆਤਮਾ ਸਨ।

ਪਹਿਲੋਂ ਦਿੱਲੀ, ਮੁੜ ਸ਼ਾਹਜਹਾਨਪੁਰ ਜਾ ਉਤਰੇ। ਉਥੋਂ ਰੇਲ ਫੜ ਕੇ ਗੰਨੇ ਵਾਲੀ ਮਿੱਲ ਦੇ ਰੇਲਵੇ ਸਟੇਸ਼ਨ 'ਤੇ ਆ ਉਤਰੇ। ਫਿਰ ਬਾਊ ਜੀ ਦੇ ਫਾਰਮ ਨੂੰ ਜਾਣ ਵਾਲੇ ਖਾਲੀ ਟਰੱਕ ਦੀਆਂ ਸੀਟਾਂ ਮੱਲ ਲਈਆਂ...।

ਮੈਂ ਮੁਸਕਰਾ ਕੇ ਕਿਹਾ, "ਦੇਖੋ ਬਾਊ ਜੀ, ਪੁਰਾਣੇ ਰਿਸ਼ੀਆਂ ਵਾਂਗ ਜੰਗਲ ਵਿਚ ਮੰਗਲ ਲਾਈ ਬੈਠੇ ਔ।"

"ਹਾਂ, ਮੰਗਲ ਤਾਂ ਲਾਈ ਬੈਠੇ ਐਂ; ਪਰ ਅਸੀਂ ਸਾਰੇ ਖਿਲਰੇ ਪਏ ਆਂ। ਇਨ੍ਹਾਂ ਦੀ ਸਾਂਭ ਸੰਭਾਲ ਤੋਂ ਸਾਰੇ ਹੀ ਅਵੇਸਲੇ ਆਂ। ਉਸ ਦਮ ਸਾਧ ਕੇ ਮੁੜ ਕਿਹਾ, "ਬਾਊ ਜੀ ਨੇ ਨੇਕ ਕਮਾਈ ਨਾਲ ਬੜਾ ਕੁਝ ਕਮਾਇਆ ਤੇ ਸਵਾਰਿਆ। ਅਸੀਂ ਸਾਰੇ ਭੈਣ ਭਰਾ ਉਨ੍ਹਾਂ ਦਾ ਦੇਣ ਨਹੀਂ ਦੇ ਸਕਦੇ, ਪਰ ਸਾਰੇ ਹੀ ਆਪਣੀ ਥਾਂ ਰੁੱਝੇ ਖਿਲਰੇ ਪਏ ਆਂ।" ਜਸਵੰਤ ਬਹੁਤ ਕੁਝ ਦੱਸ ਕੇ ਉਦਾਸ ਪੈ ਗਈ, "ਵੱਡੀ ਮੁਸ਼ਕਿਲ ਇਹ ਐ, ਬਾਊ ਜੀ ਬੇ ਜੀ ਨਾਲ ਨਹੀਂ ਰਹਿ ਸਕਦੇ। ਬਾਊ ਜੀ ਵਰਗਾ ਧਰਮਾਤਮਾ ਤੇ ਸਹਿਣਸ਼ੀਲ ਕਿਸੇ ਹੋਣਾ ਨਹੀਂ ਤੇ ਬੇ ਜੀ ਸਾਰੀ ਉਮਰ ਆਪਹੁਦਰੇ ਰਹੇ ਹਨ। ਉਨ੍ਹਾਂ ਦੀ ਬਾਊ ਜੀ ਨਾਲ ਨਹੀਂ ਬਣੀ।" ਮੈਂ ਡਾਕਟਰ ਸਾਹਿਬ ਦੀ ਗੰਭੀਰਤਾ ਦਾ ਹੁੰਗਾਰਾ ਨਾ ਭਰਿਆ। ਉਨ੍ਹਾਂ ਮੇਰੇ ਕੂਹਣੀ ਮਾਰ ਕੇ ਪੁੱਛਿਆ, "ਕੀ ਗੱਲ ਮਨ੍ਹਾਂ ਚੁੱਪ ਸਾਧ ਲਈ?"

"ਮੈਨੂੰ ਏਥੇ ਬਾਊ ਜੀ ਦੀ ਵਸਾਈ ਦੁਨੀਆਂ ਚੰਗੀ ਚੰਗੀ ਲੱਗੀ ਐ। ਜਿਵੇਂ ਦੂਜਾ ਆਦਮ ਧਰਤੀ ਨੂੰ ਭਾਗ ਲਾਉਣ ਆਇਆ ਹੋਵੇ।" ਮੈਂ ਬਾਊ ਜੀ ਦੀ ਕਿਰਤ ਵਿਸ਼ੇਸ਼ਤਾ ਵਿਚ ਗੁੰਮ ਸਾਂ।

"ਤੁਹਾਡੇ ਵਿਚੋਂ ਕਿਸੇ ਇਕ ਨੂੰ ਇਨ੍ਹਾਂ ਨਾਲ ਖਲੋਣਾ ਨਹੀਂ ਚਾਹੀਦਾ?"

"ਸਾਰੇ ਹੀ ਆਪੋ ਆਪਣੇ ਧੰਦਿਆਂ ਵਿਚ ਫਸੇ ਹੋਏ ਐਂ; ਕੋਈ ਵੀ ਵਿਹਲਾ ਨਹੀਂ। ਪਰ ਮੈਂ ਇਨ੍ਹਾਂ ਦੀ ਸੇਵਾ ਨੂੰ ਜ਼ਰੂਰ ਮਹਿਸੂਸ ਕਰਦੀ ਆਂ।"

"ਨਿਰਾ ਮਹਿਸੂਸ ਕਰਨ ਤੇ ਅਮਲ ਵਿਚ ਫਰਕ ਨਹੀਂ ਹੁੰਦਾ? ਦੇਖਦੇ ਨਹੀਂ, ਹਲ ਜੋੜੇ ਬਲਦ ਵਾਂਗ ਤੁਸਾਂ ਸਭ ਉਸ ਨੂੰ ਬੁਰੀ ਤਰ੍ਹਾਂ ਵਾਹਿਆ ਏ। ਹੁਣ ਵੀ ਤੁਹਾਡੇ ਸਭ ਦੀ ਖਾਤਰ ਜੰਗਲ 'ਚ ਇੱਕਲਾ ਬੈਠਾ ਹੈ; ਜਿਥੇ ਸ਼ੇਰ ਬਘੇਲੇ ਰਹਿੰਦੇ ਹਨ।"

"ਪਰ ਸਾਰੇ ਥਾਂਓਂ ਥਾਂਈਂ ਮਜਬੂਰੀ ਦੇ ਬੰਨ੍ਹੇ ਪਏ ਐਂ।" ਉਸ ਹਉਕੇ ਵਰਗਾ ਸਾਹ ਭਰਿਆ।

"ਤੁਸੀਂ ਆਪਣੇ ਕੋਲ ਇਨ੍ਹਾਂ ਨੂੰ ਕਿਉਂ ਨਹੀਂ ਰੱਖਦੇ?" ਮੈਂ ਸਵਾਲ ਖੜ੍ਹਾ ਕਰ ਦਿੱਤਾ।

"ਓਹੀ ਮੁਸ਼ਕਿਲ, ਬੇ ਜੀ ਤੇ ਇਹ-ਦੋਵੇਂ ਇਕੱਠੇ ਨਹੀਂ ਰਹਿ ਸਕਦੇ।"

"ਇਸ ਉਮਰ ਵਿਚ ਤਾਂ ਸਾਂਝ ਵਧਣੀ ਚਾਹੀਦੀ ਸੀ।"

"ਇਹ ਦੂਰ ਰਹਿੰਦੇ ਵੀ ਆਪੋ ਵਿਚ ਝਗੜਦੇ ਰਹਿੰਦੇ ਐ। ਬਾਊ ਜੀ ਨੇ ਮਜਬੂਰ ਹੋ ਕੇ ਹੁਣ ਆਪਣੀ ਹੀ ਦੁਨੀਆਂ ਵਸਾ ਲਈ ਹੈ।"

"ਇਹ ਤਾਂ ਉਨ੍ਹਾਂ ਦੀ ਸ਼ਾਂਤ ਮਜਬੂਰੀ ਹੈ।"

ਮੈਂ ਪੰਜ ਸਾਲ ਦਾ ਸਾਂ, ਜਦੋਂ ਮੋਹਰਕੇ ਤਾਪ ਨਾਲ ਪਿਤਾ ਜੀ ਪੂਰੇ ਹੋ ਗਏ ਸਨ। ਮੇਰੇ ਜੀ ਵਿਚ ਆਉਂਦੀ ਸੀ; ਮੈਂ ਉਨ੍ਹਾਂ ਦੀ ਕੋਈ ਸੇਵਾ ਨਾ ਕਰ ਸਕਿਆ। ਉਹ ਵਿਚਾਰ ਮੈਂ ਜਸਵੰਤ ਅੱਗੇ ਰੱਖ ਦਿੱਤੇ। ਡਾ. ਜਸਵੰਤ ਗਿੱਲ ਦੀ ਬੇ ਜੀ ਆਪਣੇ ਪਤੀ ਜਾਂ ਪੁੱਤਰਾਂ ਪਾਸ ਰਹਿਣ ਦੀ ਥਾਂ ਆਪਣੀ ਧੀ ਪਾਸ ਸੂਰਜਪੁਰ ਰਹਿਣ ਲੱਗ ਪਈ ਸੀ। ਜਾਂ ਕਹਿ ਲਓ ਕਿ ਧੀ ਮਾਂ ਨੂੰ ਆਪਣੇ ਕੋਲ ਲੈ ਆਈ ਸੀ, ਜਿਥੇ ਉਸ ਦੀ ਸੇਵਾ ਸੰਭਾਲ ਚੰਗੀ ਤਰ੍ਹਾਂ ਕਰ ਸਕਦੀ ਸੀ। ਪਰਿਵਾਰਕ ਹਾਲਾਤ ਅਜਿਹੇ ਬਣ ਗਏ ਸਨ ਕਿ ਜਸਵੰਤ ਗਿੱਲ ਦਾ ਵਿਆਹ ਪਿੱਛੇ ਹੀ ਪਿੱਛੇ ਪੈਂਦਾ ਜਾ ਰਿਹਾ ਸੀ, ਜਿਸ ਨੂੰ ਉਹ ਕੰਵਲ ਦੇ ਸਵਾਲ "ਤੂੰ ਹਾਲੇ ਤਕ ਵਿਆਹ ਕਿਉਂ ਨਹੀਂ ਕਰਵਾਇਆ?" ਦਾ ਜਵਾਬ ਦਿੰਦਿਆਂ "ਹਾਣੀ ਨਹੀਂ ਮਿਲਿਆ; ਜੇ ਮਿਲਦਾ ਤਾਂ ਕਰਵਾ ਲੈਣਾ ਸੀ।" ਕਹਿ ਕੇ ਟਾਲ ਗਈ ਸੀ।

ਜਿਸ ਸਟੇਜ 'ਤੇ ਜਸਵੰਤ ਸਿੰਘ ਕੰਵਲ ਤੇ ਡਾ. ਜਸਵੰਤ ਗਿੱਲ ਮਿਲੇ ਸਨ, ਜੇ ਦੋਵੇਂ ਹੀ ਕੁਆਰੇ ਜਾਂ ਤਲਾਕਸ਼ੁਦਾ ਹੁੰਦੇ ਤਾਂ ਉਨ੍ਹਾਂ ਦੇ ਵਿਆਹ ਕਰਵਾਉਣ 'ਚ ਕੋਈ ਅੜਿੱਕਾ ਨਹੀਂ ਸੀ ਹੋਣਾ। ਫਿਰ ਉਨ੍ਹਾਂ ਦੇ ਵਿਆਹ ਦੀ ਖੁਸ਼ੀ ਵੀ ਵਾਜਿਆਂ ਗਾਜਿਆਂ ਨਾਲ ਮਨਾਈ ਜਾਣੀ ਸੀ। ਸ਼ਰੀਕੇ ਕਬੀਲੇ ਵਿਚ ਕੰਵਲ ਦਾ ਕੱਦ ਹੋਰ ਵਧਣਾ ਸੀ, ਬਈ ਆਪ ਭਾਵੇਂ ਦਸਵੀਂ ਫੇਲ੍ਹ ਸੀ ਪਰ ਡਾਕਟਰ ਕੁੜੀ ਵਿਆਹ ਲਿਆਇਆ! ਖੁੰਢ ਚਰਚਾ ਸਿਰਫ ਏਨੀ ਕੁ ਹੋਣੀ ਸੀ ਕਿ ਗਿੱਲਾਂ ਦੇ ਮੁੰਡੇ ਨੇ ਗਿੱਲਾਂ ਦੀ ਕੁੜੀ ਨਾਲ ਹੀ ਵਿਆਹ ਕਰਵਾ ਲਿਆ! ਪਰ ਇਹ ਚਰਚਾ ਅੱਗੇ ਹੀ ਨਹੀਂ ਸੀ ਤੁਰਨੀ ਕਿਉਂਕਿ ਕਈ ਥਾਂਈਂ ਸਿੱਧੂ-ਸਿੱਧੂ, ਢਿੱਲੋਂ-ਢਿੱਲੋਂ, ਗਰੇਵਾਲ-ਗਰੇਵਾਲ ਤੇ ਹੋਰ ਗੋਤੀਆਂ ਦੇ ਇਕੋ ਗੋਤ 'ਚ ਵਿਆਹ ਹੋਣ ਲੱਗ ਪਏ ਸਨ। ਬਾਦਲ ਪਰਿਵਾਰ ਤੇ ਕੈਰੋਂ ਪਰਿਵਾਰ-ਦੋਵਾਂ ਦਾ ਗੋਤ ਢਿੱਲੋਂ ਹੈ, ਪਰ ਉਹ ਇਕੋ ਗੋਤ 'ਚ ਵਿਆਹੇ ਹੋਏ ਹਨ। ਹੋਰ ਵੀ ਬਥੇਰੇ ਪਰਿਵਾਰ ਹਨ, ਜੋ ਗੋਤ ਦੀ ਨਿੰਦ ਵਿਚਾਰ ਨਹੀਂ ਕਰਦੇ। ਕੰਵਲ ਦੀ ਛੋਟੀ ਧੀ ਡਾ. ਗਿੱਲ ਦੇ ਭਤੀਜੇ ਨਾਲ ਵਿਆਹੀ ਹੋਈ ਹੈ।

ਕੰਵਲ ਵਿਆਹਿਆ ਤੇ ਬਾਲ ਬੱਚੇਦਾਰ ਹੋਣ ਕਰਕੇ ਬੋਚ ਬੋਚ ਕੇ ਕਦਮ ਪੁੱਟਣਾ ਦੋਹਾਂ ਧਿਰਾਂ ਦੀ ਮਜਬੂਰੀ ਬਣ ਗਈ। ਕੰਵਲ ਦਾ ਬਿੰਬ ਗਿਆਨੀ ਧਿਆਨੀ ਤੇ ਪਿੰਡ ਦਾ ਸਰਪੰਚ ਹੋਣ ਕਰਕੇ ਇੱਜਤਦਾਰ ਕਬੀਲਦਾਰ ਦਾ ਬਣਿਆ ਹੋਇਆ ਸੀ। ਡਾ. ਜਸਵੰਤ ਗਿੱਲ ਵੀ ਮੰਨੇ ਦੰਨੇ ਖਾਨਦਾਨ ਦੀ ਇੱਜਤਦਾਰ ਲੜਕੀ ਸੀ। ਪੰਜਾਬੀ ਸੱਭਿਆਚਾਰ ਦੀਆਂ ਮਨੌਤਾਂ ਉਸ ਸਮੇਂ ਉਨ੍ਹਾਂ ਦਾ ਵਿਆਹ ਹੋਣ ਦੀ ਸੂਰਤ ਵਿਚ ਭੰਡੀ ਪ੍ਰਚਾਰ ਦਾ ਬਾਇਸ ਬਣ ਸਕਦੀਆਂ ਸਨ। ਇਹੋ ਵਜ੍ਹਾ ਸੀ ਕਿ ਦੋਹਾਂ ਨੇ ਆਪਣੇ ਪਿਆਰ ਦੇ ਭੇਤ ਨੂੰ ਭੇਤ ਬਣਾਈ ਰੱਖਣ ਵਿਚ ਹੀ ਭਲਾ ਸਮਝਿਆ।

ਇਸ ਸਥਿਤੀ ਨੂੰ ਰਾਜਿੰਦਰ ਸਿੰਘ ਰਾਹੀ ਨੇ ਕੰਵਲ ਬਾਰੇ ਲਿਖੇ ਲੇਖ 'ਦੋ ਬੇੜੀਆਂ ਦਾ ਸਫਲ ਸਵਾਰ' ਵਿਚ ਇੰਜ ਬਿਆਨ ਕੀਤਾ ਹੈ, "ਚਾਰ ਧੀਆਂ ਦਾ ਕਬੀਲਦਾਰ ਬਾਪ ਹੋਣ ਦੇ ਨਾਲ ਕੰਵਲ ਪਿੰਡ ਦਾ ਆਗੂ ਵੀ ਸੀ। ਜੇ ਉਸ ਦਾ ਡਾ. ਗਿੱਲ ਨਾਲ ਰਿਸ਼ਤਾ ਪਿੰਡ ਵਿਚ ਨਸ਼ਰ ਹੋ ਜਾਂਦਾ ਤਾਂ ਇਹ ਰਿਸ਼ਤਾ ਪਿੰਡ ਦੇ ਲੋਕਾਂ ਦੀਆਂ ਨਜ਼ਰਾਂ ਵਿਚ 'ਨਾਜਾਇਜ਼ ਸਬੰਧ' ਵਜੋਂ ਹੀ ਰੜਕਣਾ ਸੀ। ਕੰਵਲ ਭਾਵੇਂ ਸਾਹਿਤਕ ਭੁੱਖ ਦੀ ਲੱਖ ਦੁਹਾਈ ਦੇਈ ਜਾਂਦਾ, ਲੋਕਾਂ ਨੇ ਜ਼ਰੂਰ ਦੂਰ ਦੂਰ ਕਰਨੀ ਸੀ। ਇਸ ਕਰਕੇ ਕੰਵਲ ਨੇ ਇਸ ਬੁੱਕਲ ਦੇ ਰਿਸ਼ਤੇ ਬਾਰੇ ਦੜ ਵੱਟ ਲਈ ਸੀ। ਉਹ ਹੀਰ ਦਾ ਆਸ਼ਕ ਸੀ, ਲੰਮੀ ਹੇਕ ਨਾਲ ਹੀਰ ਪੜ੍ਹਨੀ ਉਸ ਦਾ ਮਨਪਸੰਦ ਸ਼ੌਕ ਸੀ। ਵਾਰਸ ਸ਼ਾਹ ਉਸ ਨੂੰ ਸੱਚ ਮੁੱਚ ਹੀ ਅਕਲ ਦਾ ਕੋਟ ਜਾਪਦਾ ਸੀ। ਉਸ ਨੇ ਵਾਰਸ ਦੀ ਸਮਝੌਤੀ ਪੀਡੀ ਗੰਢ ਮਾਰ ਕੇ ਲੜ ਬੰਨ੍ਹ ਲਈ: ਵਾਰਸ ਸ਼ਾਹ ਨਾ ਭੇਤ ਸੰਦੂਕ ਖੁੱਲ੍ਹੇ ਭਾਵੇਂ ਜਾਨ ਦਾ ਜੰਦਰਾ ਟੁੱਟ ਜਾਵੇ।

ਕੰਵਲ ਨੇ ਡਾ. ਗਿੱਲ ਨਾਲ ਜੁੜੇ ਆਪਣੇ ਇਸ ਰਿਸ਼ਤੇ ਬਾਰੇ ਅਤਿ ਨੇੜਲਿਆਂ ਕੋਲ ਵੀ ਭਾਫ ਨਹੀਂ ਸੀ ਕੱਢੀ। ਇਥੇ ਉਸ ਨੇ ਆਪਣੇ ਜੱਟ ਸੁਭਾਅ ਦੇ ਉਲਟ ਬਿਲਕੁਲ ਮਹਾਜਨੀ ਮੱਤ ਵਰਤੀ ਸੀ। ਹੋਰ ਕੋਈ ਜੱਟ ਹੁੰਦਾ ਤਾਂ ਉਸ ਨੇ ਚਾਂਭ ਚਾਂਭ ਵਿਚ ਹੀ ਆਪਣੇ ਸੱਜਰੇ ਇਸ਼ਕ ਦਾ ਢੰਡੋਰਾ ਪਿੱਟਦੇ ਫਿਰਨਾ ਸੀ। ਜਿਵੇਂ 'ਮਾੜੇ ਜੱਟ ਕਟੋਰਾ ਲੱਭਾ ਪਾਣੀ ਪੀ ਪੀ ਆਫਰਿਆ।' ਕੰਵਲ ਨੇ ਤਾਂ ਬਾਕੀ ਲੇਖਕਾਂ ਦੇ ਮੁਕਾਬਲੇ ਬਹੁਤ ਵੱਡੀ ਮੱਲ ਮਾਰੀ ਸੀ। ਉਸ ਨੇ ਸਾਹਿਤਕ ਸੂਝ ਬੂਝ ਨਾਲ ਦੁਨਿਆਵੀ ਸਿਆਣਪ ਦੀ ਸਿਖਰ ਅਤੇ ਨਾਲ ਹੀ ਡਾਕਟਰਨੀ ਪੱਟ ਕੇ, ਇਕ ਤਰ੍ਹਾਂ ਨਾਲ ਇਸ਼ਕ ਦੇ ਪਿੜ ਵਿਚ ਭੰਡੀ ਫੇਰ ਦਿੱਤੀ ਸੀ।"

(ਬਾਕੀ ਅਗਲੇ ਸਫੇ 'ਤੇ)

ਕੰਵਲ ਤੇ ਡਾ. ਗਿੱਲ ਦੀ ਦਿੱਲੀ ਵਿਚ ਹੋਈ ਪਹਿਲੀ ਮਿਲਣੀ ਤੋਂ ਬਾਅਦ ਚਿੱਠੀਆਂ ਰਾਹੀਂ ਉਨ੍ਹਾਂ ਦੀ 'ਅੜਿਕਣਾ ਮੜਿਕਣਾ' ਅੱਗੇ ਵਧਦੀ ਗਈ। ਫਿਰ ਉਹ ਗਾਹੇ ਬਗਾਹੇ ਸੂਰਜਪੁਰ ਜਾਣ ਲੱਗ ਪਿਆ। ਪਹਿਲੀ ਵਾਰ ਗਿਆ ਤਾਂ ਜਸਵੰਤ ਗਿੱਲ ਨੇ ਆਪਣੀ ਬੇ ਜੀ ਨਾਲ ਇਹ ਦੱਸ ਕੇ ਮਿਲਾਇਆ ਕਿ ਇਹ ਕੰਵਲ ਜੀ ਹਨ, ਬਹੁਤ ਵਧੀਆ ਨਾਵਲ ਲਿਖਦੇ ਹਨ। ਕੰਵਲ ਨੇ ਬੇ ਜੀ ਨੂੰ ਸਤਿਕਾਰ ਸਹਿਤ ਸਤਿ ਸ੍ਰੀ ਅਕਾਲ ਬੁਲਾਈ। ਮਾਈ ਨੇ 'ਬੇਟਾ, ਜਿਉਂਦਾ ਵਸਦਾ ਰਹੁ' ਦੀ ਅਸੀਸ ਦਿੱਤੀ।

ਰੋਟੀ ਖਾ ਕੇ ਵਾਪਸ ਮੁੜਦਿਆਂ ਕੰਵਲ ਸੋਚ ਰਿਹਾ ਸੀ, ਸਾਡੇ ਸਬੰਧ ਕਿਵੇਂ ਜੁੜੇ ਰਹਿ ਸਕਦੇ ਹਨ? ਲਿਖਦਾ ਹੈ: ਉਤਸ਼ਾਹ ਵਿਚ ਆਈ ਮੇਰੀ ਆਸ਼ਾ ਨੂੰ ਕਾਲੇ ਗ੍ਰਹਿਣ ਨੇ ਫੜ ਲਿਆ। ਤੂੰ ਬੰਦਿਆ, ਬੱਚਿਆਂ ਵਾਲਾ, ਇਕ ਕੁਆਰੀ ਡਾਕਟਰ ਕੁੜੀ ਨਾਲ ਕਿਵੇਂ ਮਿੱਕ ਸਕਦਾ ਏਂ? ਇਕ ਸਾਦਾ ਈਮਾਨ ਵਾਲੀ ਕੁੜੀ ਨਾਲ ਸੁਗਲ ਵਜੋਂ ਮਿਲਣਾ ਉਸ ਨੂੰ ਧੋਖੇ ਵਿਚ ਰੱਖਣਾ ਨਹੀਂ?...ਸੋਚਾਂ ਵਿਚ ਗਲਤਾਨ ਅਖੀਰ ਮੈਂ ਇਸ ਸਿੱਟੇ 'ਤੇ ਪੈਰ ਗੱਡ ਲਏ: ਭਲਾ ਦੋਸਤੀ ਰੱਖਣ ਵਿਚ ਕੀ ਹਰਜ ਐ? ਕੁੜੀ-ਮੁੰਡੇ ਦੀ ਦੋਸਤੀ ਕਦੇ ਵੀ ਕਮਲੇ ਰਾਹ ਪਾ ਸਕਦੀ ਐ। ਜਦ ਮਿਲਣ ਘਟਾ ਚੜ੍ਹੇਗੀ ਤਾਂ ਬਾਰਸ਼ ਵੀ ਆਵੇਗੀ। ਫਿਰ ਹੋਰ ਹੋਰ ਨਤੀਜੇ ਵੀ ਸਾਹਮਣੇ ਆਉਣਗੇ। ਤੂੰ ਵਿਗੜਦੇ ਹਾਲਾਤ ਨੂੰ ਸੰਭਾਲ ਨਹੀਂ ਸਕੇਂਗਾ। ਹਾਲੇ ਤੇਲ ਵੇਖੋ, ਤੇਲ ਦੀ ਧਾਰ ਤੱਕੋ। ਕਮਲੇ ਜਜ਼ਬਾਤ ਨੂੰ ਬੰਨ੍ਹ ਮਾਰੋ ਤੇ ਜਬਤ ਦਾ ਪੱਲਾ ਲੱਕ ਨਾਲ ਘੁੱਟ ਕੇ ਬੰਨ੍ਹਣ ਵਿਚ ਹੀ ਦਾਨਾਈ ਤੇ ਭਲਾਈ ਐ।"

ਆਖਰ ਮਿਲਣ ਘਟਾਵਾਂ ਚੜ੍ਹਦੀਆਂ ਗਈਆਂ, ਜਿਨ੍ਹਾਂ ਨਾਲ ਬਾਰਸ਼ ਹੋਣੀ ਹੀ ਸੀ। ਜਦੋਂ ਦਾਅ ਲੱਗਦਾ ਕੰਵਲ ਸੂਰਜਪੁਰ ਨੂੰ ਬੱਸ ਚੜ੍ਹ ਜਾਂਦਾ। ਟੂਰ ਪ੍ਰੋਗਰਾਮ ਬਣ ਜਾਂਦੇ। ਬੇ ਜੀ ਨੂੰ ਵੀ ਨਾਲ ਲਿਜਾਂਦੇ, ਪਰ ਉਹ ਜਾ ਕੇ ਰਾਜ਼ੀ ਨਾ ਹੁੰਦੀ। ਉਹ ਦਿਲੋਂ ਨਹੀਂ ਸੀ ਚਾਹੁੰਦੀ ਕਿ ਉਸ ਦੀ ਧੀ ਦਾ ਕੰਵਲ ਨਾਲ ਮੇਲ ਮਿਲਾਪ ਵਧੇ। ਕੰਵਲ ਦਾ ਉਨ੍ਹਾਂ ਦੇ ਘਰ ਆਉਣਾ ਜਾਣਾ ਉਸ ਨੂੰ ਰੜਕਣ ਲੱਗ ਪਿਆ ਸੀ। ਇਕ ਵਾਰ ਉਹ ਕਸ਼ਮੀਰ ਗਏ। ਉਥੇ ਦੋਹਾਂ ਦੀ ਨੇੜਤਾ ਹੋਰ ਵਧ ਗਈ। 'ਰਾਤ ਬਾਕੀ ਹੈ' ਨਾਵਲ ਕਸ਼ਮੀਰ ਵਿਚ ਹੀ ਲਿਖਿਆ ਗਿਆ ਸੀ, ਜੋ ਉਨ੍ਹਾਂ ਵਿਚਾਲੇ ਚਿੱਠੀ ਪੱਤਰ ਲਿਖਣ ਦਾ ਸਬੱਬ ਬਣਿਆ। ਕਸ਼ਮੀਰ ਬੇ ਜੀ ਵੀ ਉਨ੍ਹਾਂ ਦੇ ਨਾਲ ਸਨ, ਪਰ ਉਹ ਉਖੜੇ ਉਖੜੇ ਰਹੇ। ਕੰਵਲ ਨੇ ਸਮਝ ਲਿਆ ਕਿ ਬੇ ਜੀ ਨੂੰ ਉਨ੍ਹਾਂ ਦਾ ਮਿਲਣਾ ਤੇ ਸੈਰ ਸਪਾਟਾ ਕਰਨਾ ਚੰਗਾ ਨਹੀਂ ਲੱਗਦਾ।

ਸੂਰਜਪੁਰ ਤੋਂ ਚੱਲਣ ਸਮੇਂ ਉਹ ਖੁਸ਼ ਸਨ; ਪਰ ਕਸ਼ਮੀਰ ਆ ਕੇ ਨਾਮਨੂੰ ਬਣ ਗਏ। ਜਸਵੰਤ ਗਿੱਲ ਬੇ ਜੀ ਦੇ ਰਵੱਈਏ ਕਾਰਨ ਮੁਰਝਾਈ ਪਈ ਸੀ। ਕੰਵਲ ਲਿਖਦੈ, "ਮੈਂ ਮਾਂ ਧੀ ਦੇ ਵਿਰੋਧ ਦਾ ਕੁਝ ਨਹੀਂ ਕਰ ਸਕਦਾ ਸੀ। ਮੈਂ ਫਰਜ਼ਾਂ ਦੇ ਵਿਰੋਧ ਵਿਚ ਫਸਿਆ ਪੰਛੀ ਸਾਂ। ਅਸਲ ਵਿਰੋਧ ਦੀ ਜੜ੍ਹ ਮੈਂ ਹੀ ਸਾਂ। ਇਕ ਵਾਰ ਪਹਿਲਾਂ ਅਜਿਹੇ ਵਿਰੋਧ ਵਿਚ ਮੈਂ ਬੇ ਜੀ ਨੂੰ ਕਿਹਾ ਸੀ, "ਬੇ ਜੀ, ਜੇ ਤੁਹਾਡੇ ਮਨ 'ਤੇ ਮੇਰਾ ਆਉਣਾ ਬੋਝ ਪਾਉਂਦਾ ਏ, ਮੈਂ ਕਦੇ ਨਹੀਂ ਆਵਾਂਗਾ। ਤੁਸੀਂ ਆਪਣੀ ਬੇਟੀ ਨਾਲ ਖੰਡ ਖੀਰ ਰਹੋ। ਮਨ ਨੂੰ ਕਲਪਾਓ ਨਾ।"

ਮੈਂ ਭਾਵੇਂ ਜਸਵੰਤ ਨੂੰ ਸੱਚੇ ਦਿਲੋਂ ਪਿਆਰ ਕਰਦਾ ਸਾਂ; ਪਰ ਮਾਂ ਨੂੰ ਇਹ ਨਾਤਾ ਕਿਵੇਂ ਬਰਦਾਸ਼ਤ ਹੋ ਸਕਦਾ ਸੀ? ਪਰ ਡਾ. ਸਾਹਿਬ ਨੂੰ ਇਹ ਕਿਵੇਂ ਵੀ ਮਨਜ਼ੂਰ ਨਹੀਂ ਸੀ। ਉਸ ਮੇਰੇ ਕੋਲ ਕਲੋਤੀਆਂ ਫਫਿਆ ਕੇ ਕਿਹਾ, "ਜਾਣ ਤੋਂ ਪਹਿਲਾਂ ਮੇਰਾ ਗਲ ਘੁੱਟ ਜਾਓ!"

ਅਸਲ ਵਿਚ ਤੁਰਨ ਤੋਂ ਪਹਿਲਾਂ ਮੇਰਾ ਗਲ ਘੁੱਟਿਆ ਪਿਆ ਸੀ। ਇਹ ਅੜੀ, ਝਿਜਕ ਤੇ ਨਾਂਹ ਬੇ ਜੀ ਦੇ ਦਿਲੋਂ ਆਖਰੀ ਦਮ ਤਕ ਨਾ ਗਈ। ਮੈਂ ਆਪਣੇ ਪਛਤਾਵੇ ਤੋਂ ਦੁਖੀ ਸਾਂ। ਕਿਸੇ ਦੀ ਆਤਮਾ ਨੂੰ ਦੁਖੀ ਕਰ ਕੇ ਮਿਲਣਾ, ਅਸਲੋਂ ਗਲਤ ਐ। ਜਦ ਜਸਵੰਤ ਦੇ ਉਤਰੇ ਮੂੰਹ ਵੱਲ ਵੇਖਦਾ, ਬਹੁਤ ਹੀ ਪ੍ਰੇਸ਼ਾਨ ਹੁੰਦਾ। ਜਸਵੰਤ ਦੀਆਂ ਭਰੀਆਂ ਅੱਖਾਂ ਵੇਖਦਾ, ਕਲੂਤੀ ਦੇ ਗੰਨੇ ਵਾਂਗ ਪੀੜਿਆ ਜਾਂਦਾ, ਪਰ ਉਹਦੇ ਨਾਲ ਜੁੜੇ ਰਹਿਣ ਦਾ ਗੁਰੂ ਅੱਗੇ ਮੱਥਾ ਟੇਕ ਚੁਕਾ ਸਾਂ।

ਜਸਵੰਤ ਗਿੱਲ ਦਾ ਕਹਿਣਾ ਸੀ, "ਸੱਚੇ ਦਿਲੋਂ ਤੇ ਪੂਰੇ ਯਤਨਾਂ ਨਾਲ ਮੈਂ ਬੇ ਜੀ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰਨੀ ਆਂ, ਪਰ ਬੇ ਜੀ ਦੀ ਨਾਮਨੂੰ ਗੰਢ ਹੋਰ ਪੀਡੀ ਹੋਈ ਜਾ ਰਹੀ ਹੈ।" ਉਸ ਬਹੁਤ ਹੱਦ ਤਕ ਗੱਲ ਸਾਫ ਕਰ ਦਿੱਤੀ, "ਹੋਰ ਕੋਈ ਭਰਾ ਭਾਈ ਬੇ ਜੀ ਨੂੰ ਨਾਲ ਰੱਖਣ ਲਈ ਤਿਆਰ ਨਹੀਂ। ਇਨ੍ਹਾਂ ਹੁਣ ਤਕ ਖੁੱਲ੍ਹੀ ਆਜ਼ਾਦੀ ਮਾਣੀ ਐ। ਇਨ੍ਹਾਂ ਨੂੰ ਇਹ ਅਹਿਸਾਸ ਨਹੀਂ; ਮੇਰੀ ਵੀ ਜਿਉਣ ਦੀ ਭਾਵਨਾ ਹੈ।" ਉਸ ਅਗਾਂਹ ਗੱਲ ਸੰਕੋਚ ਲਈ।

ਜਸਵੰਤ ਗਿੱਲ ਨੇ ਕੰਵਲ ਨੂੰ ਇਕ ਵਾਰ ਇਹ ਵੀ ਦੱਸਿਆ, "ਮੈਨੂੰ ਡਾਕਟਰ ਬਣਾਉਣ ਵਾਲਾ ਉਹਦਾ ਵੱਡਾ ਭਰਾ ਸੀ। ਉਹ ਬਿਹਾਰ ਵਿਚ ਕੋਲੇ ਦੀਆਂ ਖਾਨਾਂ 'ਚ ਮੈਨੇਜਰ ਸੀ।" ਉਸ ਹਉਕਾ ਭਰਿਆ, "ਉਸ ਦੀ ਅਚਾਨਕ ਮੌਤ ਹੋ ਗਈ।"

"ਹਾਏ! ਬੇਹੱਦ ਅਫਸੋਸ!" ਮੈਂ ਥਾਂਏਂ ਹਉਕਾ ਭਰ ਗਿਆ। ਜਸਵੰਤ ਨੇ ਭਰੇ ਗਲੇ ਨਾਲ ਗੱਲ ਅਗਾਂਹ ਤੋਰੀ, "ਉਸ ਦੀਆਂ ਦੋ ਲੜਕੀਆਂ ਤੇ ਇਕ ਲੜਕਾ ਹੈ। ਉਸ ਮੈਨੂੰ ਖਰਚ ਝੱਲ ਕੇ ਡਾਕਟਰ ਬਣਾਇਆ ਸੀ। ਹੁਣ ਉਸ ਦੇ ਬੱਚਿਆਂ ਨੂੰ ਆਰਥਕ ਪੱਖੋਂ ਪੈਰਾਂ ਸਿਰ ਕਰਨਾ ਮੇਰੀ ਜਿੰਮੇਵਾਰੀ ਹੈ; ਮੇਰਾ ਜ਼ਰੂਰੀ ਫਰਜ਼ ਐ।"

"ਇਹ ਤਾਂ ਬਹੁਤ ਵਧੀਆ ਗੱਲ ਐ। ਮੈਂ ਤੇਰੇ ਨਾਲ ਖਲੋਵਾਂਗਾ।" ਮੈਂ ਬਾਬਤ ਕੇ ਹਾਮੀ ਭਰ ਦਿੱਤੀ।

"ਗੱਲ ਤਾਂ ਵਧੀਆ ਹੈ, ਮੈਂ ਡਰਦੀ ਆਂ, ਇਸ ਵਿਚ ਪੁਆੜਾ ਵੀ ਵੱਡਾ ਏ।" ਉਹਦੀਆਂ ਨਜ਼ਰਾਂ ਕਿੱਲ ਵਾਂਗ ਮੇਰੇ ਚਿਹਰੇ 'ਤੇ ਗੱਡੀਆਂ ਹੋਈਆਂ ਸਨ।

"ਤੂੰ ਔਖ ਕਿਉਂ ਮਹਿਸੂਸ ਕਰਦੀ ਏਂ? ਦੱਸ ਤਾਂ ਸਹੀ।" ਮੈਂ ਉਹਦੀ ਮਜਬੂਰੀ ਤੋੜਨਾ ਚਾਹੁੰਦਾ ਸਾਂ।

"ਪੰਜ ਸਾਲ ਹੋਰ ਮੇਰੀ ਇੰਤਜ਼ਾਰ ਕਰ ਸਕਦਾ ਏਂ?" ਮੇਰੇ ਉਤਰ ਦੀ ਹੈਰਾਨੀ ਨੂੰ ਅਨੁਭਵ ਕਰਦੀ ਉਹ ਆਪਣੇ ਪਤਲੇ ਬੁੱਲ੍ਹਾਂ 'ਤੇ ਉਂਗਲ ਧਰੀ ਬੈਠੀ ਸੀ।

"ਉਮਰ ਭਰ ਤੇਰਾ ਇੰਤਜ਼ਾਰ ਕਰ ਸਕਦਾਂ।" ਸੁਣਨ ਸਾਰ ਉਸ ਮੇਰਾ ਹੱਥ ਪੂਰੇ ਜ਼ੋਰ ਨਾਲ ਘੁੱਟ ਲਿਆ।

"ਜਿੰਦ ਹਾਜ਼ਰ ਐ ਚੰਨੋ!" ਕਿਸੇ ਦਿਲ ਵਾਲੇ ਨੇ ਕਿਹਾ ਸੀ, "ਭਾਵੇਂ ਵੇਚ ਲੈ ਹੱਟ ਬਾਜ਼ਾਰ ਮੈਨੂੰ।"

"ਬੱਸ ਹਾਈਆਂ! ਹੋਰ ਕੁਝ ਨਹੀਂ ਚਾਹੀਦਾ। ਮੈਨੂੰ ਭਰੋਸਾ ਹੈ, ਤੂੰ ਮੇਰਾ ਸਰਬਹਾਰਾ ਬਣੇਂਗਾ।"

ਪਰ ਸਥਿਤੀ ਏਨੀ ਸਰਲ ਨਹੀਂ ਸੀ। ਭਵਸਾਗਰ ਤਰਨਾ ਪੈਣਾ ਸੀ। ਕੰਵਲ ਅਜੀਤਵਾਲ ਜਿਸ ਘਰ ਵਿਆਹਿਆ ਸੀ, ਕਿੱਲਾ ਉਨ੍ਹਾਂ ਦਾ ਵੀ ਤਕੜਾ ਸੀ। ਪੜ੍ਹੇ-ਲਿਖੇ ਬੰਦੇ ਸਨ। ਉਹ ਚਾਰ ਧੀਆਂ ਦਾ ਬਾਪ ਬਣ ਚੁਕਾ ਸੀ। ਪੈਂਤੀ ਕੁ ਸਾਲਾਂ ਦੀ ਉਮਰ ਸੀ। ਪ੍ਰਸਿੱਧ ਲੇਖਕ ਸੀ। ਪਿੰਡ ਦਾ ਮੋਹਤਬਰ ਸੀ। ਘਰਾਂ ਦੇ ਝਗੜਿਆਂ ਝੇੜਿਆਂ ਦੇ ਫੈਸਲੇ ਕਰਦਾ ਸੀ। ਬਿਨਾ ਸ਼ੱਕ ਇਸ਼ਕ ਸੱਚਾ ਸੀ। ਸੀ ਪਰ ਲੁਕ ਛਿਪ ਕੇ ਕਰਨ ਵਾਲਾ, ਤੇ ਕੀਤਾ ਵੀ ਕਈ ਸਾਲ ਇੰਜ ਹੀ। ਪਰ ਆਖਰ ਤਾਂ ਢੋਲ ਵੱਜਣੇ ਈ ਸਨ।

ਕੰਵਲ ਭਾਵੇਂ ਜਸਵੰਤ ਨਾਲ ਵਿਆਹ ਕਰਾਉਣੋਂ ਬਚਣਾ ਚਾਹੁੰਦਾ ਸੀ, ਪਰ ਜਸਵੰਤ ਗਿੱਲ ਨੇ ਪੇਸ਼ ਨਾ ਜਾਣ ਦਿੱਤੀ। ਇਕ ਦਿਨ ਸੂਰਜਪੁਰ ਨੇੜੇ ਗੁਰਦੁਆਰਾ ਨਾਡਾ ਸਾਹਿਬ ਲੈ ਗਈ। ਦੋਹਾਂ ਨੇ ਗੁਰੂ ਗ੍ਰੰਥ ਸਾਹਿਬ ਸਾਹਮਣੇ ਸਿਰ ਨਿਵਾ ਕੇ ਕੌਲ ਇਕਰਾਰ ਕਰ ਲਏ ਕਿ ਜੀਵਨ ਭਰ ਸਾਥੀ ਰਹਾਂਗੇ। ਪਤੀ-ਪਤਨੀ ਬਣਨ ਦੀ ਇਹ ਦੋਹਾਂ ਦੀ ਸਹੁੰ ਸੀ, ਜਿਸ ਵਿਚ ਗੁਰੂ ਤੋਂ ਸਿਵਾ ਕੋਈ ਤੀਜਾ ਹਾਜ਼ਰ ਨਹੀਂ ਸੀ। ਨਾ ਰਜਿਸਟਰ, ਨਾ ਗਵਾਹੀ। ਉਸ ਸਮੇਂ ਦੀ ਸਥਿਤੀ ਨੂੰ ਕੰਵਲ ਨੇ ਆਪਣੀ ਵਿਥਿਆ ਵਿਚ ਇੰਜ ਬਿਆਨ ਕੀਤਾ ਹੈ:

ਜਸਵੰਤ ਨੇ ਕਿਹਾ, "ਚਲ ਤੁਰ ਮਹਾਰਾਜ ਅੱਗੇ, ਮੇਰੇ ਨਾਲ ਬਰਾਬਰ ਮੱਥਾ ਟੇਕ।"

ਉਸ ਇਕ ਤਰ੍ਹਾਂ ਕੰਨੋਂ ਫੜ ਕੇ ਅੱਗੇ ਤੋਰ ਲਿਆ। ਮੈਂ ਹਾਲੇ ਵੀ ਖਤਰਿਆਂ ਨੂੰ ਮਹਿਸੂਸ ਕਰਦਾ ਸਾਂ ਕਿਉਂਕਿ ਆਉਣ ਵਾਲੀਆਂ ਔਕੜਾਂ ਨਾਲ ਮੱਥਾ ਲਾਉਣਾ ਪੈਣਾ ਸੀ; ਪਰ ਉਹ ਸ਼ੇਰ ਦੀ ਬੱਚੀ ਅਸਲੋਂ ਬੇਪ੍ਰਵਾਹ ਸੀ।

ਅਸਾਂ ਦੋਹਾਂ ਸੱਚੇ ਦਿਲੋਂ, ਹੱਥ ਜੋੜ, ਗੁਰੂ ਅੱਗੇ ਬਰਾਬਰ ਮੱਥਾ ਜਾ ਟੇਕਿਆ। ਮੇਰੇ ਮੂੰਹੋਂ ਨਿਕਲ ਗਿਆ, "ਬਾਬਾ ਗੁਰੂ! ਸਾਡੀ ਲਾਜ ਰੱਖੀਂ, ਤੇਰੇ ਭਟਕੇ ਬੱਚੇ ਆਂ।"

ਗੁਰੂ ਅੱਗੇ ਦਿਲ ਦੇ ਸਾਥ ਨਾਲ ਰਹਿਣ ਦਾ ਪ੍ਰਣ ਕਰ ਕੇ ਅਸੀਂ ਗੁਰੂ ਘਰ ਤੋਂ ਬਾਹਰ ਆ ਗਏ।

"ਅੱਜ ਮੈਂ ਤੁਹਾਨੂੰ ਸੱਚੇ ਦਿਲੋਂ ਪਾ ਕੇ ਬੇਹੱਦ ਖੁਸ਼ ਆਂ। ਤੁਹਾਡੀਆਂ ਝਿਜਕਾਂ ਨੇ ਤਾਂ ਮੈਨੂੰ ਮਾਰ ਈ ਸੁੱਟਿਆ ਸੀ।" ਉਹਦੀ ਮੁਸਕਾਨ ਮਹਿਕਾਂ ਖਿਲਾਰ ਰਹੀ ਸੀ। "ਤੂੰ ਮਨੂੰਆਂ ਖੁਸ਼ ਨਹੀਂ? ਤੈਨੂੰ ਦੱਸਾਂ, ਸੋਨਾ ਤਾਂ ਤੂੰ ਹੈਂ, ਪਰ ਭਖਾਰੇ ਚਾੜ੍ਹਨ ਵਾਲਾ ਏਂ।"

"ਗੁਰੂ ਅੱਗੇ ਭਖਾਰੇ ਤਾਂ ਚੜ੍ਹ ਹੀ ਗਿਆਂ; ਪੁੱਠਾ ਸਿੱਧਾ ਪਕਾਈ ਚੱਲੀਂ। ਮੈਂ ਤੇਰੀ ਦਿੱਤੀ ਖੁਸ਼ੀ ਨਾਲ ਬਾਗੋ ਬਾਗ ਆਂ।" ਉਂ ਮੇਰਾ ਦਿਲ ਧੜਕ ਧੜਕ ਪੈਂਦਾ ਸੀ। ਮੈਂ ਦਿਲ ਦੇ ਅੱਧ ਨਹੋਰੇ ਨਾਲ ਆਖਿਆ, "ਮੇਰਾ ਕੱਚ ਪਿੱਲ ਭਖਾਰੇ ਚਾੜ੍ਹ ਕੇ ਨਖਾਰ ਲਵੇਂਗੀ?"

"ਮੇਰੀ ਦਿੱਤੀ ਖੁਸ਼ੀ ਕਿਉਂ? ਕੁਦਰਤ ਦੀ ਦਿੱਤੀ ਕਿਉਂ ਨਹੀਂ ਆਖਦਾ?" ਮੈਨੂੰ ਲੱਗਾ ਜਿਵੇਂ ਉਹ ਮੇਰੀ ਸਵਾਰੀ ਕਰ ਰਹੀ ਐ।

"ਜਦੋਂ ਗੁਰੂ ਅੱਗੇ ਵਚਨ ਹੋ ਗਿਆ, ਹੱਥ 'ਤੇ ਅੰਗੂਠਾ ਲਾ ਦਿੱਤਾ; ਬਾਕੀ ਕੀ ਰਹਿ ਗਿਆ? ਪਰ ਮੈਂ ਹਾਲਾਤ ਵੱਲੋਂ ਬੇਪ੍ਰਵਾਹ ਨਹੀਂ ਹੋ ਸਕਦਾ। ਮੂਡ ਵਿਚ ਆਇਆ ਹਾਸ਼ਮ ਕਹਿੰਦਾ ਸੀ: ਤੈਨੂੰ ਹੁਸਨ ਖਰਾਬ ਕਰੇਂਦਾ, ਮੈਨੂੰ ਸਮਝ ਸਤਾਇਆ।"

***ਕੰਵਲ ਨੇ ਡਾ. ਗਿੱਲ ਨਾਲ ਜੁੜੇ ਆਪਣੇ ਇਸ ਰਿਸ਼ਤੇ ਬਾਰੇ ਅਤਿ ਨੇੜਲਿਆਂ ਕੋਲ ਵੀ ਭਾਫ ਨਹੀਂ ਸੀ ਕੱਢੀ। ਇਥੇ ਉਸ ਨੇ ਆਪਣੇ ਜੱਟ ਸੁਭਾਅ ਦੇ ਉਲਟ ਬਿਲਕੁਲ ਮਹਾਜਨੀ ਮੱਤ ਵਰਤੀ ਸੀ। ਹੋਰ ਕੋਈ ਜੱਟ ਹੁੰਦਾ ਤਾਂ ਉਸ ਨੇ ਚਾਂਭ ਚਾਂਭ ਵਿਚ ਹੀ ਆਪਣੇ ਸੱਜਰੇ ਇਸ਼ਕ ਦਾ ਢੰਡੋਰਾ ਪਿੱਟਦੇ ਫਿਰਨਾ ਸੀ। ਜਿਵੇਂ 'ਮਾੜੇ ਜੱਟ ਕਟੋਰਾ ਲੱਭਾ ਪਾਣੀ ਪੀ ਪੀ ਆਫਰਿਆ।' ਕੰਵਲ ਨੇ ਤਾਂ ਬਾਕੀ ਲੇਖਕਾਂ ਦੇ ਮੁਕਾਬਲੇ ਬਹੁਤ ਵੱਡੀ ਮੱਲ ਮਾਰੀ ਸੀ। ਉਸ ਨੇ ਸਾਹਿਤਕ ਸੂਝ ਬੂਝ ਨਾਲ ਦੁਨਿਆਵੀ ਸਿਆਣਪ ਦੀ ਸਿਖਰ ਅਤੇ ਨਾਲ ਹੀ ਡਾਕਟਰਨੀ ਪੱਟ ਕੇ, ਇਕ ਤਰ੍ਹਾਂ ਨਾਲ ਇਸ਼ਕ ਦੇ ਪਿੜ ਵਿਚ ਝੰਡੀ ਫੇਰ ਦਿੱਤੀ ਸੀ।"***

ਕੰਵਲ ਤੇ ਜਸਵੰਤ ਗਿੱਲ ਕੋਲ ਦਲੀਲਾਂ ਸਨ ਕਿ ਉਨ੍ਹਾਂ ਨੇ ਰੂਹ ਦੇ ਹਾਣੀ ਚੁਣੇ ਹਨ। ਕੰਵਲ ਦਾ ਤਰਕ ਸੀ ਕਿ ਚੰਗਾ ਸਾਹਿਤ ਰਚਣ ਲਈ ਵਿਚਾਰਾਂ ਦਾ ਹਾਣੀ ਮਿਲਣਾ ਚਾਹੀਦਾ ਹੈ। ਇਹੋ ਗੱਲ ਜਸਵੰਤ ਗਿੱਲ ਕਹਿੰਦੀ ਸੀ। ਪਰ ਪੰਜਾਬੀ ਸਮਾਜ ਅਜੇ ਏਨੀ ਖੁੱਲ੍ਹ ਨਹੀਂ ਸੀ ਦਿੰਦਾ। ਜੰਗ ਬਹਾਦੁਰ ਗੋਇਲ ਨੇ ਆਪਣੀ ਪੁਸਤਕ 'ਮੁਹੱਬਤਨਾਮਾ' ਵਿਚ ਜਿਨ੍ਹਾਂ ਲੇਖਕਾਂ ਤੇ ਕਲਾਕਾਰਾਂ ਦੀਆਂ ਮੁਹੱਬਤਾਂ ਨੂੰ ਦੇਖਿਆ ਹੈ, ਉਹ ਵਧੇਰੇ ਕਰ ਕੇ ਪੱਛਮੀ ਸਮਾਜ ਦੇ ਸਨ। ਕੇਵਲ ਰਾਬਿੰਦਰ ਨਾਥ ਟੈਗੋਰ ਤੇ ਅੰਮ੍ਰਿਤਾ ਪ੍ਰੀਤਮ ਹੀ ਭਾਰਤੀ ਸਨ। ਅੰਮ੍ਰਿਤਾ ਪ੍ਰੀਤਮ ਨੂੰ ਤਾਂ ਅਜੇ ਵੀ ਕਈ ਆਲੋਚਕ ਪੁਣੀ ਜਾਂਦੇ ਹਨ ਕਿ ਉਸ ਨੇ ਉਹਦੀ ਹਰ ਗੱਲ ਮੰਨਣ ਵਾਲਾ ਪਤੀ ਪ੍ਰੀਤਮ ਸਿੰਘ ਛੱਡਿਆ ਤੇ ਪ੍ਰੇਮੀ ਅਪਨਾਏ। ਪੰਜਾਬੀ ਸਮਾਜ ਵਿਚ ਮਰਦ ਦੇ ਦੂਜੇ ਵਿਆਹ ਦੀ ਪ੍ਰਥਾ ਤਾਂ ਸੀ, ਪਰ ਉਹਦੇ ਲਈ ਪਹਿਲੀ ਪਤਨੀ ਤੇ ਪਰਿਵਾਰ ਦੀ ਸਹਿਮਤੀ ਚਾਹੀਦੀ ਸੀ। ਕੰਵਲ ਦੇ ਕੇਸ 'ਤੇ ਇਹ ਨਹੀਂ ਸੀ ਢੁੱਕਦੀ।

ਕੰਵਲ ਨੇ ਹੌਲੀ ਹੌਲੀ ਆਪਣੀ ਪਤਨੀ ਮੁਖਤਿਆਰ ਕੌਰ ਨੂੰ ਨਵੀਂ ਸਥਿਤੀ ਲਈ ਤਿਆਰ ਕਰਨਾ ਸ਼ੁਰੂ ਕਰ ਲਿਆ। 2011 ਵਿਚ ਕਿਸੇ ਲੇਖਕ ਨੇ ਕੰਵਲ ਨਾਲ ਇੰਟਰਵਿਊ ਕਰਦਿਆਂ ਸਿੱਧਾ ਸਵਾਲ ਕੀਤਾ, "ਕੰਵਲ ਸਾਹਿਬ, ਤੁਹਾਡੇ ਦੂਜਾ ਵਿਆਹ ਕਰਵਾਉਣ 'ਤੇ ਕੀ ਤੁਹਾਡੀ ਪਹਿਲੀ ਪਤਨੀ ਮੁਖਤਿਆਰ ਕੌਰ ਨੇ ਵਿਰੋਧ ਨਹੀਂ ਕੀਤਾ?"

ਕੰਵਲ ਦਾ ਸਪੱਸ਼ਟ ਜਵਾਬ ਸੀ, "ਹਾਂ ਕੀਤਾ ਸੀ। ਮੈਂ ਉਸ ਨੂੰ ਸਮਝਾਇਆ, ਉਸ ਨੂੰ ਵਿਚਾਰਾਂ ਦੀ ਸਾਂਝ ਬਾਰੇ ਦੱਸਿਆ ਪਰ ਉਸ ਨੇ ਨਾਰਾਜ਼ਗੀ ਰੱਖੀ। ਮੇਰੀ ਮਾਤਾ ਜੀ ਨੇ ਵੀ ਉਸ ਨੂੰ ਬਹੁਤ ਸਮਝਾਇਆ। ਕੁਝ ਸਮਾਂ ਫਰਕ ਵੀ ਪਏ ਰਹੇ। ਮੁਖਤਿਆਰ ਕੌਰ ਇਕ ਗੰਭੀਰ ਬੀਮਾਰੀ ਦੀ ਮਰੀਜ਼ ਸੀ। ਉਸ ਦਾ ਕਿਤੋਂ ਇਲਾਜ ਨਹੀਂ ਸੀ ਹੋ ਰਿਹਾ। ਡਾ. ਜਸਵੰਤ ਗਿੱਲ ਨੇ ਉਸ ਨੂੰ ਵਿਸ਼ਵਾਸ ਵਿਚ ਲੈ ਕੇ ਉਸ ਦਾ ਇਲਾਜ ਕਰ ਦਿੱਤਾ ਤੇ ਫਿਰ ਉਹ ਦੋਵੇਂ ਪੱਕੀਆਂ ਸਹੇਲੀਆਂ ਬਣ ਕੇ ਰਹਿਣ ਲੱਗੀਆਂ। ਡਾ. ਜਸਵੰਤ ਗਿੱਲ ਦੀ ਮੌਤ ਸਤੰਬਰ 1997 ਵਿਚ ਹੋਈ ਸੀ ਅਤੇ ਮੁਖਤਿਆਰ ਕੌਰ ਦੀ ਮੌਤ ਨਵੰਬਰ 2008 ਵਿਚ ਹੋਈ ਸੀ।

ਦੂਜਾ ਸਵਾਲ ਸੀ, "ਡਾ. ਜਸਵੰਤ ਗਿੱਲ ਦੀ ਜਾਇਦਾਦ ਅਤੇ ਪੈਸੇ ਦਾ ਕੀ ਕੀਤਾ?

ਕੰਵਲ ਦਾ ਜਵਾਬ ਸੀ, "ਡਾ. ਜਸਵੰਤ ਗਿੱਲ ਦੀ ਸਾਰੀ ਜਾਇਦਾਦ ਉਸੇ ਨੇ ਭਰਾਵਾਂ ਦੇ ਨਾਂ ਕਰਵਾ ਦਿੱਤੀ ਸੀ ਅਤੇ ਬੈਂਕ ਬੈਲੈਂਸ ਉਸ ਨੇ ਮੇਰੇ ਨਾਂ ਕਰਵਾਇਆ ਸੀ। ਉਹ ਲੰਮਾ ਸਮਾਂ ਬੀਮਾਰ ਰਹੀ ਤੇ ਬਹੁਤ ਸਾਰਾ ਪੈਸਾ ਉਸ ਦੇ ਇਲਾਜ 'ਤੇ ਖਰਚ ਹੋਇਆ। ਅਸੀਂ ਦੋਹਾਂ ਨੇ ਸੈਰਾਂ ਵੀ ਬਹੁਤ ਕੀਤੀਆਂ।"

ਕੰਵਲ ਨੇ ਇਹ ਵੀ ਦੱਸਿਆ ਕਿ ਮੇਰੇ ਵਿਆਹ ਤੋਂ ਕਾਫੀ ਸਾਲ ਪਹਿਲਾਂ ਹੀ ਮੇਰੀ ਮੰਗਣੀ, ਲਾਗਲੇ ਪਿੰਡ ਅਜੀਤਵਾਲ ਦੀ ਮੁਖਤਿਆਰ ਕੌਰ ਨਾਲ ਹੋਈ ਹੋਈ ਸੀ, ਪਰ ਮੈਂ ਲੰਮਾ ਸਮਾਂ ਵਿਆਹ ਨਹੀਂ ਸੀ ਕਰਵਾਇਆ, ਕਿਉਂਕਿ ਮੈਂ ਆਪਣੇ ਸਮਾਨ ਵਿਚਾਰਾਂ ਵਾਲੀ ਜੀਵਨ ਸਾਥਣ ਚਾਹੁੰਦਾ ਸੀ। ਜਦੋਂ ਹਾਲਾਤ ਮੁਤਾਬਿਕ ਸੰਭਵ ਨਾ ਹੋਇਆ ਤਾਂ ਮੈਂ ਸੰਨ 1942 ਵਿਚ ਆਪਣੇ ਸਾਰੇ ਭੈਣ ਭਰਾਵਾਂ ਦੇ ਵਿਆਹਾਂ ਤੋਂ ਬਾਅਦ ਆਪਣਾ ਵਿਆਹ ਮੁਖਤਿਆਰ ਕੌਰ ਨਾਲ ਹੀ ਕਰਵਾ ਲਿਆ ਸੀ।

ਕੰਵਲ ਦੇ ਇਨ੍ਹਾਂ ਜਵਾਬਾਂ ਤੋਂ ਜਾਪਦਾ ਹੈ ਕਿ ਉਸ ਦਾ ਪਹਿਲਾ ਵਿਆਹ ਮਜਬੂਰੀ ਦਾ ਸੀ।

ਰਾਜਿੰਦਰ ਸਿੰਘ ਰਾਹੀ ਆਪਣੀ ਪੁਸਤਕ 'ਪੰਜਾਬ ਦੀ ਪੱਗ ਜਸਵੰਤ ਸਿੰਘ ਕੰਵਲ' ਵਿਚ ਲਿਖਦੈ, "ਦੇਖਿਆ ਜਾਵੇ ਤਾਂ ਮਨੁੱਖੀ ਰਿਸ਼ਤਿਆਂ ਖਾਸ ਕਰਕੇ ਪਤੀ ਪਤਨੀ ਦੇ ਰਿਸ਼ਤੇ ਵਿਚ ਚੌਰਸ ਕਿੱਲ ਬਣੇ ਕਿਸੇ ਤੀਜੇ ਨੂੰ ਬਰਦਾਸ਼ਤ ਕਰਨਾ ਐਨਾ ਸੌਖਾ ਤੇ ਸਰਲ ਨਹੀਂ ਹੁੰਦਾ। ਕੰਵਲ ਸਾਹਿਬ ਦੀ ਪ੍ਰਮਾਣਿਕ ਜੀਵਨੀ ਲਿਖਣ ਵਾਲੇ ਕਿਸੇ ਲੇਖਕ ਸਾਹਮਣੇ ਮੁਖਤਿਆਰ ਕੌਰ ਦੀ ਮਾਨਸਿਕਤਾ ਵੰਗਾਰ ਬਣ ਕੇ ਖੜ੍ਹੀ ਹੈ। ਦੇਖਦੇ ਹਾਂ ਉਹ ਕਿਵੇਂ ਇਸ ਦੀਆਂ ਪਰਤਾਂ ਖੋਲ੍ਹਦਾ ਹੈ? ਜੱਟ ਕਿਸਾਨੀ ਸਮਾਜ ਦੇ ਆਰਥਕ ਤੇ ਸਭਿਆਚਾਰਕ ਧਰਾਤਲਾਂ ਦੀ ਚੀਰ ਫਾੜ ਕਰਿਆਂ ਇਸ ਦਾ ਮੋਟਾ ਜਿਹਾ ਵਿਸ਼ਲੇਸ਼ਣ ਤਾਂ ਕੀਤਾ ਜਾ ਸਕਦਾ ਹੈ। ਜਿਵੇਂ ਕਿ ਉਪਰੋਥਲੀ ਚਾਰ ਕੁੜੀਆਂ ਜੰਮ ਪੈਣ ਨਾਲ ਕਿਸਾਨੀ ਸਮਾਜ ਵਿਚ ਕਿਸੇ ਵੀ ਔਰਤ ਦੀ ਸਮਾਜੀ ਤੇ ਪਰਿਵਾਰਕ ਹੈਸੀਅਤ ਦਾ ਪਤਲਾ ਪੈ ਜਾਣਾ ਲਾਜ਼ਮੀ ਹੈ। ਇਹ ਸਮਝ ਤਾਂ ਹੁਣ ਬਣੀ ਹੈ ਕਿ ਕੁੜੀ ਜਾਂ ਮੁੰਡਾ ਜੰਮਣਾ ਔਰਤ ਦੇ ਵੱਸ ਦੀ ਗੱਲ ਨਹੀਂ, ਇਸ ਨੂੰ ਤਾਂ ਮਰਦ ਹੀ ਨਿਰਧਾਰਤ ਕਰਦਾ ਹੈ। ਪਰ ਅੱਧੀ ਸਦੀ ਪਹਿਲਾਂ (1950ਵਿਆਂ) ਦੇ ਸਮਾਜ ਵਿਚ ਕੁੜੀਆਂ ਜੰਮਣ ਲਈ ਸਿਰਫ ਮਾਂ ਨੂੰ ਹੀ ਦੋਸ਼ੀ ਠਹਿਰਾਇਆ ਜਾਂਦਾ ਸੀ। ਪੇਂਡੂ ਸਮਾਜ ਵਿਚ ਸਿਰਫ ਕੁੜੀਆਂ ਹੀ ਕੁੜੀਆਂ ਜੰਮਣ ਵਾਲੀ ਮਾਂ ਨੂੰ ਪਰਿਵਾਰ ਤਾਂ ਪਰਿਵਾਰ, ਆਲੇ ਦੁਆਲੇ ਦੀਆਂ ਤੀਵੀਆਂ ਵੱਲੋਂ ਵੀ ਨਹਿਸ਼ ਸਮਝਿਆ ਜਾਂਦਾ ਸੀ। ਸ਼ਗਨ ਸਾਰਥਾਂ ਵੇਲੇ ਉਨ੍ਹਾਂ ਔਰਤਾਂ ਨੂੰ, ਜਿਨ੍ਹਾਂ ਦੇ ਬੱਚੇ ਮਰ ਜਾਂਦੇ ਹੋਣ ਜਾਂ ਸਿਰਫ ਕੁੜੀਆਂ ਹੀ ਕੁੜੀਆਂ ਜੰਮਦੀਆਂ ਹੋਣ, ਪਾਸੇ ਰੱਖਿਆ ਜਾਂਦਾ ਸੀ। ਅਜਿਹੀਆਂ ਔਰਤਾਂ ਦਾ ਨਵਜੰਮੇ ਮੁੰਡਿਆਂ 'ਤੇ ਪਰਛਾਵਾਂ ਪੈਣ ਨੂੰ ਵੀ ਨਹਿਸ਼ ਸਮਝਿਆ ਜਾਂਦਾ ਸੀ ਤੇ ਬੱਚੇ ਇਨ੍ਹਾਂ ਤੋਂ ਪਰ੍ਹਾਂ ਰੱਖੇ ਜਾਂਦੇ ਸਨ। ਕਬੀਆਂ ਸੱਸਾਂ ਅਤੇ ਦਰਾਣੇ-ਜਠਾਣੇ ਵਿਚ ਵੀ ਅਜਿਹੀਆਂ ਔਰਤਾਂ ਨੂੰ ਦਿਲ ਚੀਰਵੇਂ ਤਾਅਨਿਆਂ ਅਤੇ ਤ੍ਰਿਸਕਾਰ ਦਾ ਸਾਹਮਣਾ ਕਰਨਾ ਪੈਂਦਾ ਸੀ। ਜੇ ਘਰ ਵਾਲਾ ਵੀ ਕਲੇਸ਼ ਕਰਨ ਲੱਗ ਜਾਵੇ ਤਾਂ ਅਜਿਹੀਆਂ ਔਰਤਾਂ ਲਈ ਅੱਖਾਂ 'ਚ ਘਸੁੰਨ ਦੇ ਕੇ ਰੋਣ ਤੋਂ ਬਿਨਾ ਕੋਈ ਚਾਰਾ ਨਹੀਂ ਸੀ ਬਚਦਾ। ਤੇ ਉਹ ਇਹ ਕਹਿ ਕੇ ਸਬਰ ਦਾ ਘੁੱਟ ਭਰ ਲੈਂਦੀਆਂ ਸਨ ਕਿ 'ਮੇਰੇ ਤੱਤੜੀ ਦੇ ਕਰਮ ਹੀ ਮਾੜੇ ਹਨ।'

ਜਦ ਉਪਰੋਥਲੀ ਕੁੜੀਆਂ ਜੰਮਦੀਆਂ ਹੋਣ ਤਾਂ ਪਰਿਵਾਰ ਨੂੰ ਹੀ ਨਹੀਂ, ਆਲੇ ਦੁਆਲੇ ਨੂੰ ਵੀ ਵਾਰਸ ਦਾ ਫਿਕਰ ਪੈ ਜਾਂਦਾ ਹੈ। ਖਾਸ ਕਰਕੇ ਜੱਟ ਕਿਸਾਨੀ ਸਮਾਜ ਵਿਚ ਤਾਂ ਵਾਰਸ ਬਿਨ ਪੀੜ੍ਹੀ ਅਗਾਂਹ ਵਧ ਹੀ ਨਹੀਂ ਸਕਦੀ। ਸੋ ਇਸ ਹਾਲਤ 'ਚ ਪਰਿਵਾਰ ਤੇ ਆਲੇ ਦੁਆਲੇ, ਤੇ ਕਈ ਵਾਰ ਪਤਨੀ ਵੱਲੋਂ ਵੀ ਮਰਦ 'ਤੇ ਦੂਜਾ ਵਿਆਹ ਕਰਵਾਉਣ ਦਾ ਦਬਾਅ ਪੈਣਾ ਸ਼ੁਰੂ ਹੋ ਜਾਂਦਾ ਹੈ। ਕਈ ਵਾਰ ਤਾਂ ਪਤਨੀ ਹੀ ਆਪਣੀ ਕੁਆਰੀ ਭੈਣ, ਉਹ ਭਾਵੇਂ ਉਸ ਦੇ ਪਤੀ ਤੋਂ ਕਾਫੀ ਛੋਟੀ ਉਮਰ ਦੀ ਹੋਵੇ, ਦਾ ਸਾਕ ਆਪਣੇ ਹੀ ਘਰ ਲੈ ਆਉਂਦੀ ਹੈ।"

ਰਾਹੀ ਦੇ ਤਰਕ ਨਾਲ ਇਕ ਹੋਰ ਤਰਕ ਵੀ ਸੀ। ਜਸਵੰਤ ਸਿੰਘ ਕੰਵਲ ਪਿੰਡ ਦਾ ਸਾਧਾਰਨ ਬੰਦਾ ਨਹੀਂ ਸੀ। ਸਰਦਾ ਪੁੱਜਦਾ ਜਿਮੀਦਾਰ ਹੋਣ ਦੇ ਨਾਲ ਪ੍ਰਸਿੱਧ ਲੇਖਕ ਤੇ ਸਰਪੰਚ ਵੀ ਸੀ। ਇਲਾਕੇ ਦਾ ਮੰਨਿਆ ਦੰਨਿਆ ਮੋਹਤਬਰ ਸੀ। ਮੁਖਤਿਆਰ ਕੌਰ ਨੂੰ ਮਾਣ ਸੀ ਕਿ ਉਹ ਉਹਦਾ ਪਤੀ ਹੈ। ਉਹਦਾ ਪਤੀ ਮਾੜੀ ਮੋਟੀ ਵਧੀਕੀ ਪੁਗਾਉਣ ਦੀ ਹੈਸੀਅਤ ਵਿਚ ਸੀ। ਮੁਖਤਿਆਰ ਕੌਰ ਤਾਂ ਵੱਡੀ ਵਧੀਕੀ ਵੀ ਸਹਿ ਜਾਣ ਵਾਲੀ ਪਤਨੀ ਸੀ। ਅਜਿਹੀ ਸਹਿਨਸ਼ੀਲਤਾ ਨੂੰ ਸਮਾਜ ਵਿਚ ਸਲਾਹਿਆ ਵੀ ਜਾਂਦਾ ਸੀ। ਜਿਹੜੀ ਔਰਤ ਆਪਣੇ ਖਾਵੰਦ ਦੇ ਪਰਦੇ ਢਕੇ, ਉਹ ਸਚਿਆਰੀ ਸਮਝੀ ਜਾਂਦੀ ਸੀ।

ਮੈਂ ਬਹੁਤ ਸਾਰਾ ਸਮਾਂ ਢੂੰਡੀਕੇ ਰਿਹਾਂ, ਪਰ ਕਦੇ ਮੁਖਤਿਆਰ ਕੌਰ ਨੂੰ ਉੱਚੀ ਬੋਲਦੇ ਜਾਂ ਕਿਸੇ ਨਾਲ ਝਗੜਦਿਆਂ ਨਹੀਂ ਵੇਖਿਆ। ਉਹਦੀ ਸਹਿਨਸ਼ੀਲਤਾ ਵੀ ਕੰਵਲ ਨੂੰ ਸ਼ਹਿ ਸੀ ਕਿ ਬਾਹਰ ਜੋ ਕਰਦਾ ਹੈ ਕਰੀ ਜਾਵੇ, ਪਰ ਪਤਾ ਨਾ ਲੱਗਣ ਦੇਵੇ। ਬੇਸ਼ੱਕ ਬਾਹਰੋਂ ਬਾਹਰ ਕੰਵਲ ਤੇ ਜਸਵੰਤ ਗਿੱਲ ਨੇ 'ਵਿਆਹ' ਕਰ ਲਿਆ ਸੀ, ਪਰ ਕਿਸੇ ਨੂੰ ਪਤਾ ਨਹੀਂ ਸੀ ਲੱਗਣ ਦਿੱਤਾ। ਪਤਾ ਤਾਂ ਨਾਲ ਰਹਿੰਦੀ ਜਸਵੰਤ ਗਿੱਲ ਦੀ ਬੇ ਜੀ ਨੂੰ ਵੀ ਨਹੀਂ ਸੀ ਲੱਗਾ। ਏਧਰ ਢੁੱਡੀਕੇ ਤਾਂ ਕਿਸੇ ਨੂੰ ਕੀ ਪਤਾ ਲੱਗਣਾ ਸੀ?

ਇਕ ਹੋਰ ਗੱਲ ਵੀ ਸੀ। ਕੰਵਲ ਨੇ ਕੁੜੀਆਂ ਵਿਆਹੁਣੀਆਂ ਸਨ। ਇਹ ਬੜੀ ਵੱਡੀ ਜ਼ਿੰਮੇਵਾਰੀ ਸੀ। ਜੇ ਉਹਦੇ ਬਾਹਰੀ ਪਿਆਰ ਸਬੰਧਾਂ ਦੀ ਪੋਲ ਖੁੱਲ੍ਹ ਜਾਂਦੀ ਤਾਂ ਬਦਨਾਮੀ ਦੇ ਨਾਲ ਬੱਚੀਆਂ ਲਈ ਰਿਸ਼ਤੇ ਲੱਭਣ ਵਿਚ ਵੀ ਵਿਘਨ ਪੈਣਾ ਸੀ। ਡਾ. ਜਸਵੰਤ ਗਿੱਲ ਨੂੰ ਆਪਣੀ ਬੇ ਜੀ ਦਾ ਫਿਕਰ ਸੀ ਤੇ ਕੰਵਲ ਨੂੰ ਧੀਆਂ ਦਾ ਫਿਕਰ ਸੀ। ਦੋਹਾਂ ਨੂੰ ਬਚ ਬਚਾਅ ਕੇ ਹੀ ਚੱਲਣਾ ਪੈਣਾ ਸੀ। ਪੰਜਾਬ ਕੋਈ ਪੱਛਮੀ ਮੁਲਕ ਤਾਂ ਹੈ ਨਹੀਂ ਸੀ ਕਿ ਜਿੰਨੇ ਮਰਜ਼ੀ ਇਸ਼ਕ ਕਰੀ ਚੱਲੋ ਤੇ ਜਿੰਨੇ ਮਰਜ਼ੀ ਵਿਆਹ ਤੇ ਤਲਾਕ ਕਰੀ ਚੱਲੋ। ਜਿਨ੍ਹਾਂ ਸਥਿਤੀਆਂ ਵਿਚ ਕੰਵਲ ਤੇ ਜਸਵੰਤ ਗਿੱਲ ਇਸ਼ਕ ਫੁਰਮਾ ਰਹੇ ਅਤੇ ਵਿਆਹ ਕਰ ਸਕੇ ਤੇ ਬਦਨਾਮੀ ਤੋਂ ਵੀ ਬਚੇ ਰਹੇ, ਉਹ ਆਪਣੀ ਮਿਸਾਲ ਆਪ ਹੈ। ਆਪਣੀ ਤਰ੍ਹਾਂ ਦੀ ਕਲਾਕਾਰੀ ਹੈ!

ਜਦੋਂ ਤਕ ਧੀਆਂ ਦੇ ਵਿਆਹ ਨਾ ਕਰ ਲਏ, ਕੰਵਲ ਨੇ ਜਸਵੰਤ ਗਿੱਲ ਨੂੰ ਢੁੱਡੀਕੇ ਨਹੀਂ ਸੀ ਵਸਾਇਆ ਜਾਂ ਕਹਿ ਲਓ ਜਸਵੰਤ ਗਿੱਲ ਨੇ ਆਪ ਹੀ ਢੁੱਡੀਕੇ ਵਸਣਾ ਮੁਨਾਸਿਬ ਨਹੀਂ ਸੀ ਸਮਝਿਆ।

***(ਚਲਦਾ)***

## ਸੰਪਾਦਕ ਦੀ ਡਾਕ

## 'ਗੁਰੂ ਨਾਨਕ ਦੇਵ ਕਿ ਗੁਰੂ ਨਾਨਕ ਸਾਹਿਬ?'

**ਸੰਪਾਦਕ ਜੀ,**

'ਪੰਜਾਬ ਟਾਈਮਜ਼' ਦੇ 17 ਅਗਸਤ ਦੇ ਅੰਕ ਵਿਚ ਪ੍ਰੋ. ਕਸ਼ਮੀਰਾ ਸਿੰਘ ਦਾ ਲੇਖ 'ਗੁਰੂ ਨਾਨਕ ਦੇਵ ਜੀ ਕਿ ਗੁਰੂ ਨਾਨਕ ਸਾਹਿਬ ਜੀ?' ਪੜ੍ਹਿਆ। ਵਿਦਵਾਨ ਲੇਖਕ ਨੇ ਲਿਖਿਆ ਹੈ, "ਗੁਰੂ ਗ੍ਰੰਥ ਸਾਹਿਬ ਵਿਚੋਂ ਮਿਲਦੀ ਜਾਣਕਾਰੀ ਅਨੁਸਾਰ ਕਿਸੇ ਵੀ ਗੁਰੂ ਪਾਤਿਸ਼ਾਹ ਦੇ ਨਾਂ ਨਾਲ 'ਦੇਵ' ਸ਼ਬਦ ਦੀ ਵਰਤੋਂ ਨਹੀਂ ਹੈ।" ਮੈਂ ਲੇਖਕ ਦਾ ਧਿਆਨ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਇਨ੍ਹਾਂ ਪਵਿੱਤਰ ਫੁਰਮਾਨਾਂ ਵੱਲ ਦਿਵਾਉਣਾ ਚਾਹੁੰਦਾ ਹਾਂ,

ਜਪਉ ਜਿਨ੍ਹ ਅਰਜਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ॥

(ਭੱਟ ਮਥੁਰਾ ਜੀ, ਸਵਈਏ ਮਹਲੇ ਪੰਜਵੇ ਕੇ, ਪੰਨਾ 1409)

ਸਲੋਕ ਮ: 2॥ ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ॥

ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ॥

(ਵਾਰ ਮਾਝ ਕੀ ਤਥਾ ਸਲੋਕ ਮਹਲਾ 1, ਸਲੋਕ ਮ: 2, ਪੰਨਾ 150)

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਕਈ ਥਾਂਈਂ 'ਸਤਿਗੁਰ ਨਾਨਕ ਦੇਉ' ਸ਼ਬਦ ਦੀ ਵਰਤੋਂ ਕੀਤੀ ਹੈ। ਮਿਸਾਲ ਵਜੋਂ,

ਸਤਿਗੁਰ ਨਾਨਕ ਦੇਉ ਗੁਰਾ ਗੁਰੁ ਹੋਇਆ। (ਵਾਰ 3, ਪਉੜੀ 12)

ਆਦਿ ਪੁਰਖ ਆਦੇਸ ਹੈ ਅਬਿਨਾਸੀ ਅਤਿ ਅਛਲ ਅਛੇਉ।

ਜਗਤੁ ਗੁਰੂ ਗੁਰ ਨਾਨਕ ਦੇਉ। (ਵਾਰ 14, ਪਉੜੀ 2)

ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਨੂੰ ਲੇਖਕ ਨੇ ਖੁਦ ਹੀ ਪ੍ਰਮਾਣਿਕ ਸਾਹਿਤ ਮੰਨਿਆ ਹੋਇਆ ਹੈ। 'ਮਹਾਨ ਕੋਸ਼' ਵਿਚ ਪਹਿਲੀ ਪਾਤਿਸ਼ਾਹੀ ਸਬੰਧੀ ਕੀਤੇ ਗਏ ਇੰਦਰਾਜ ਵਿਚ ਵਾਰ ਵਾਰ 'ਗੁਰੂ ਨਾਨਕ ਦੇਵ ਜੀ' ਹੀ ਲਿਖਿਆ ਹੋਇਆ ਹੈ ਅਤੇ ਇਸ ਇੰਦਰਾਜ ਦਾ ਸਿਰਲੇਖ ਵੀ 'ਨਾਨਕ ਦੇਵ ਸਤਿਗੁਰੂ' ਹੈ।

ਮੇਰਾ ਨਿਜੀ ਵਿਚਾਰ ਹੈ ਕਿ ਭਾਵੇਂ 'ਗੁਰੂ ਨਾਨਕ ਦੇਵ ਜੀ' ਕਹਿ ਲਵੋ, ਭਾਵੇਂ 'ਗੁਰੂ ਨਾਨਕ ਸਾਹਿਬ ਜੀ' ਕਹਿ ਲਵੋ, ਸਾਡੇ ਹਿਰਦਿਆਂ ਵਿਚ ਗੁਰੂ ਜੀ ਪ੍ਰਤੀ ਸ਼ਰਧਾ ਤੇ ਸਤਿਕਾਰ ਕਾਇਮ ਰਹਿਣਾ ਚਾਹੀਦਾ ਹੈ ਅਤੇ ਸਾਨੂੰ ਉਨ੍ਹਾਂ ਦੀ ਬਾਣੀ ਵਿਚੋਂ ਮਿਲਦੇ ਉਪਦੇਸ਼ ਨੂੰ ਆਪਣੇ ਜੀਵਨ ਵਿਚ ਅਮਲੀ ਤੌਰ 'ਤੇ ਮੰਨਣਾ ਚਾਹੀਦਾ ਹੈ। 'ਦੇਵ' ਜਾਂ 'ਸਾਹਿਬ' ਸ਼ਬਦਾਂ ਪ੍ਰਤੀ ਵਾਦ-ਵਿਵਾਦ ਠੀਕ ਨਹੀਂ ਹਨ।

***-ਸੁਖਦੇਵ ਸਿੰਘ ਸ਼ਾਂਤ, ਇੰਡੀਆਨਾ***
***ਫੋਨ: 317-406-0002***

# ਅਮਰੀਕਾ ਵਿਚ ਜਨਤਕ ਗੋਲੀਬਾਰੀ ਦੀ ਸਮੱਸਿਆ

ਵੱਖ ਵੱਖ ਏਜੰਸੀਆਂ ਦੀਆਂ ਰਿਪੋਰਟਾਂ ਮੁਤਾਬਿਕ ਦੁਨੀਆਂ ਵਿਚੋਂ ਅਮਰੀਕਾ 'ਚ ਸਭ ਤੋਂ ਵੱਧ ਮਾਸ ਸ਼ੂਟਿੰਗ ਅਰਥਾਤ ਜਨਤਕ ਥਾਂਵਾਂ 'ਤੇ ਗੋਲੀ ਚਲਾ ਕੇ ਨਿਹੱਥੇ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਹੈ। 'ਟਾਈਮ' ਰਸਾਲੇ ਨੇ 2017 ਵਿਚ ਲਿਖਿਆ ਸੀ ਕਿ ਦੁਨੀਆਂ ਵਿਚ ਹੁੰਦੀ ਮਾਸ ਸ਼ੂਟਿੰਗ ਵਿਚੋਂ 31% ਅਮਰੀਕਾ ਵਿਚ ਹੀ ਹੁੰਦੀ ਹੈ। ਇਸ ਬਾਰੇ ਇਥੋਂ ਦੀਆਂ ਸਰਕਾਰਾਂ, ਸਿਆਸੀ ਪਾਰਟੀਆਂ ਤੇ ਹੋਰ ਜਥੇਬੰਦੀਆਂ ਦੇ ਨਾਲ ਨਾਲ ਲੋਕ ਵੀ ਬੜੇ ਚਿੰਤਿਤ ਰਹਿੰਦੇ ਹਨ ਕਿ ਇਹਨੂੰ ਕਿਵੇਂ ਰੋਕਿਆ ਜਾਵੇ? ਪਰ ਅੱਜ ਤੱਕ ਕਿਸੇ ਵੀ ਸਾਰਥਕ ਨਤੀਜੇ 'ਤੇ ਨਹੀਂ ਪਹੁੰਚ ਸਕੇ। ਹਾਲ ਹੀ ਵਿਚ ਕੈਲੀਫੋਰਨੀਆ, ਟੈਕਸਸ ਅਤੇ ਓਹਾਇਓ ਸਟੇਟ ਵਿਚ ਤਿੰਨ ਅਜਿਹੀਆਂ ਵਾਰਦਾਤਾਂ ਵਿਚ 32 ਬੰਦੇ ਮਿੰਟਾਂ ਵਿਚ ਹੀ ਮਾਰੇ ਗਏ।

ਮਾਸ ਸ਼ੂਟਿੰਗ ਦਾ ਹੱਲ ਵੀ ਉਦੋਂ ਹੀ ਹੋਣਾ ਹੈ, ਜਦੋਂ ਇਨ੍ਹਾਂ ਦਾ ਅਸਲੀ ਕਾਰਨ ਤੇ ਗੋਲੀ ਚਲਾਉਣ ਵਾਲੇ ਦਾ ਮੰਤਵ ਪਤਾ ਲੱਗਣਾ। ਵੱਡਾ ਅੜਿੱਕਾ ਇਹ ਹੈ ਕਿ ਗੋਲੀ ਚਲਾਉਣ ਵਾਲਾ ਵੀ ਖੁਦ ਨੂੰ ਗੋਲੀ ਮਾਰ ਲੈਂਦਾ ਹੈ ਜਾਂ ਪੁਲਿਸ ਦੀ ਗੋਲੀ ਨਾਲ ਮਾਰਿਆ ਜਾਂਦਾ ਹੈ, ਤੇ ਕਈ ਸਵਾਲ

**ਮਝੈਲ ਸਿੰਘ ਸਰਾਂ**

ਅਣਸੁਲਝੇ ਹੀ ਰਹਿ ਜਾਂਦੇ ਹਨ। ਜਿਹੜੇ ਕੁਝ ਕੁ ਫੜੇ ਜਾਂਦੇ ਹਨ, ਉਨ੍ਹਾਂ ਤੋਂ ਲਈ ਜਾਣਕਾਰੀ ਜਾਂ ਉਨ੍ਹਾਂ ਦੇ ਮਿੱਤਰਾਂ ਤੇ ਘਰਦਿਆਂ ਤੋਂ ਮਿਲੀ ਜਾਣਕਾਰੀ ਤੋਂ ਹੀ ਅੰਦਾਜ਼ੇ ਲਾਏ ਜਾਂਦੇ ਹਨ।

ਸਭ ਤੋਂ ਪਹਿਲਾਂ ਸਕੂਲਾਂ ਵਿਚ ਹੋਈ ਸ਼ੂਟਿੰਗ ਦਾ ਜ਼ਿਕਰ ਕਰਦੇ ਹਾਂ। ਸਕੂਲਾਂ ਵਿਚ ਅੰਨੇਵਾਹ ਗੋਲੀਬਾਰੀ ਅਕਸਰ ਉਨ੍ਹਾਂ ਸਕੂਲਾਂ ਵਿਚੋਂ ਹੀ ਪੜ੍ਹੇ ਪੁਰਾਣੇ ਵਿਦਿਆਰਥੀਆਂ ਵਲੋਂ ਕੀਤੀ ਗਈ ਹੁੰਦੀ ਹੈ ਤੇ ਅਜਿਹੀਆਂ ਵਾਰਦਾਤਾਂ ਕਰਨ ਵਾਲਿਆਂ ਦਾ ਪਿਛੋਕੜ ਕੋਈ ਮੁਜ਼ਰਮਾਨਾ ਨਹੀਂ ਰਿਹਾ ਹੁੰਦਾ, ਤੇ ਉਹ ਆਪਣੇ ਮਿੱਤਰਾਂ ਵਿਚ ਵੀ ਬੜੇ ਮਿਲਣਸਾਰ ਮੰਨੇ ਜਾਂਦੇ ਰਹੇ ਹਨ। ਅਜਿਹੀ ਅਣਹੋਣੀ ਵਾਰਦਾਤ ਨੂੰ ਅੰਜਾਮ ਦੋਸ਼ੀ ਇੱਕਲਾ ਹੀ ਦਿੰਦਾ, ਕਿਸੇ ਨੂੰ ਵੀ ਭਿਣਕ ਨਹੀਂ ਪੈਣ ਦਿੰਦਾ। ਹੌਲੀ ਹੌਲੀ ਜਦੋਂ ਉਹਦੇ ਅਤੀਤ ਨੂੰ ਘੋਖਿਆ ਜਾਂਦਾ ਹੈ ਤਾਂ ਇਹ ਤੱਥ ਸਾਹਮਣੇ ਆਉਂਦੇ ਕਿ ਉਹ ਸਕੂਲ ਵਿਚ ਧੱਕੇਸ਼ਾਹੀ, ਜਿਸ ਨੂੰ 'ਬੁਲਿੰਗ' ਕਿਹਾ ਜਾਂਦਾ ਹੈ, ਦਾ ਸ਼ਿਕਾਰ ਰਿਹਾ। ਉਹ ਵਕਤੀ ਤੌਰ 'ਤੇ ਭਾਵੇਂ ਇਹ ਸਭ ਚੁੱਪ ਚਾਪ ਸਹਿੰਦਾ ਰਿਹਾ, ਪਰ ਉਹਦੇ ਅੰਦਰ ਬਦਲੇ ਦੀ ਇੱਕ ਐਸੀ ਗੰਢ ਬੱਝ ਗਈ, ਜਿਹਨੂੰ ਕਿਸੇ ਅੱਗੇ ਵੀ ਖੋਲ੍ਹਣ ਤੋਂ ਕਤਰਾਉਂਦਾ ਰਿਹਾ। ਫਿਰ ਉਹ ਕਿਸੇ ਮੌਕੇ ਦੀ ਤਾਕ 'ਚ ਰਹਿੰਦਾ, ਜਦੋਂ ਉਹ ਆਪਣੇ ਅੰਦਰ ਬਲਦੇ ਭਾਂਬੜ ਨਾਲ ਸਭ ਕੁਝ, ਸਮੇਤ ਆਪਣੇ ਆਪ ਨੂੰ ਸਾੜ ਦੇਣਾ ਚਾਹੁੰਦਾ ਹੋਵੇ। ਇਸ ਕੰਮ ਵਿਚ ਉਹਦੀ ਮਦਦ ਕਰਦਾ ਇਥੋਂ ਦਾ ਗੰਨ ਕਲਚਰ, ਜੋ ਉਹਨੂੰ ਖਤਰਨਾਕ ਆਟੋਮੈਟਿਕ ਸਟੇਨਗੰਨਾਂ ਸਹਿਜੇ ਹੀ ਮੁਹੱਈਆ ਕਰਵਾ ਦਿੰਦਾ ਹੈ। ਸਕੂਲਾਂ 'ਚ ਹੋਈ ਗੰਨ ਫਾਇਰਿੰਗ ਲਈ ਹਥਿਆਰ ਕਰੀਬ ਘਰਾਂ ਤੋਂ ਆਪਣੇ ਮਾਪਿਆਂ ਦੇ ਚੁੱਕ ਕੇ ਹੀ ਵਰਤੇ ਜਾਂਦੇ ਰਹੇ ਹਨ।

2012 ਵਿਚ ਸੈਂਡੀ ਹੁੱਕ (ਕਨੈਕਟੀਕਟ) ਸਕੂਲ ਵਿਚ ਕੀਤੀ ਗਈ ਫਾਇਰਿੰਗ, ਜਿਸ ਵਿਚ 28 ਬੱਚੇ ਤੇ ਟੀਚਰ ਮਾਰ ਗਏ ਸਨ, ਦੀ ਤਹਿ ਤੱਕ ਜਾਣ ਦੀ ਕੋਸ਼ਿਸ਼ ਪਿਛੋਂ ਇਹੋ ਸਾਹਮਣੇ ਆਇਆ ਕਿ ਮਾਰਨ ਵਾਲੇ ਨਾਲ ਸਕੂਲ ਵਿਚ ਬੁਲਿੰਗ ਇਸ ਕਰਕੇ ਹੁੰਦੀ ਸੀ ਕਿ ਉਹ ਸਰੀਰਕ ਤੌਰ 'ਤੇ ਦੂਜੇ ਨਿਆਣਿਆਂ ਤੋਂ ਕਮਜ਼ੋਰ ਸੀ, ਜਿਸ ਕਰਕੇ ਉਹਦੀ ਮਾਂ ਨੂੰ ਉਹਨੂੰ ਇੱਕ ਵਾਰ ਸਕੂਲ ਵਿਚੋਂ ਹਟਾਉਣਾ ਵੀ ਪਿਆ ਸੀ। ਇਸ ਤੋਂ ਬਾਅਦ ਉਹ ਮੁੰਡਾ, ਜਿਹਦਾ ਨਾਂ ਐਡਮ ਸੀ, ਗੁਸਤਾਖ ਹੁੰਦਾ ਗਿਆ ਤੇ ਗੰਨ ਕਲਚਰ ਵੱਲ ਨੂੰ ਉਲਾਰ ਹੁੰਦਾ ਗਿਆ।

ਠਾਹ ਠੂਹ ਵਾਲੀਆਂ ਵੀਡੀਓ ਗੇਮਾਂ ਖੇਡਦੇ ਐਡਮ ਨੂੰ ਉਹਦੀ ਮਾਂ ਦੀ ਵੀ ਹੱਲਾਸ਼ੇਰੀ ਸੀ; ਉਹਨੇ ਐਡਮ ਨੂੰ ਆਟੋਮੈਟਿਕ ਹਥਿਆਰਾਂ ਦੀ ਸਿਖਲਾਈ ਵੀ ਦਿਵਾਈ। ਆਪਣੇ ਦੋਸਤਾਂ ਨਾਲ ਵੀ ਐਡਮ ਮਾਸ ਸ਼ੂਟਿੰਗ ਦੀਆਂ ਗੱਲਾਂ ਕਰਦਾ ਸੀ ਤੇ 1999 ਵਿਚ ਕੁਲਨਬੀਨ ਸਕੂਲ ਵਿਚ ਹੋਈ ਸ਼ੂਟਿੰਗ ਤੋਂ ਬੜਾ ਪ੍ਰਭਾਵਿਤ ਸੀ। ਬੱਸ ਜਿਸ ਦਿਨ ਉਹਦੇ ਦਿਮਾਗ ਨੂੰ ਜਨੂੰਨੀ ਫਤੂਰ ਚੜ੍ਹਿਆ, ਉਹਨੇ ਆਪਣੀ ਮਾਂ ਦੀ ਹੀ ਆਟੋਮੈਟਿਕ ਗੰਨ ਚੁੱਕੀ ਤੇ ਪਹਿਲਾਂ ਉਹਨੂੰ ਹੀ ਘਰ ਵਿਚ ਗੋਲੀ ਮਾਰੀ, ਤੇ ਫਿਰ ਜਾ ਵੜਿਆ ਨੇੜੇ ਹੀ ਸਕੂਲ, ਤੇ ਭੁੰਨ ਸੁੱਟੇ 26 ਨਿੱਕੇ ਨਿੱਕੇ ਬੱਚੇ ਤੇ ਟੀਚਰ। ਫਿਰ ਆਪ ਵੀ ਖੁਦਕੁਸ਼ੀ ਕਰ ਲਈ।


ਹੈਰਾਨੀ ਦੀ ਗੱਲ ਸੀ ਕਿ ਉਹਦੀ ਮਾਂ ਕੋਲ ਪੰਜ ਕਿਸਮ ਦੀਆਂ ਵਧੀਆ ਲਾਇਸੈਂਸਸ਼ੁਦਾ ਆਟੋਮੈਟਿਕ ਗੰਨਾਂ ਸਨ। ਭਲਾ ਐਨੇ ਹਥਿਆਰਾਂ ਦੇ ਲਾਇਸੈਂਸ ਸਵੈ ਰੱਖਿਆ ਲਈ ਇੱਕ ਇਨਸਾਨ ਨੂੰ ਦੇਣੇ ਕਿੰਨਾ ਕੁ ਸਹੀ ਹੈ!

ਇਸੇ ਤਰ੍ਹਾਂ ਪਿਛਲੇ ਸਾਲ ਫਲੋਰਿਡਾ ਸਟੇਟ ਵਿਚ ਹੋਏ ਸਕੂਲ ਸ਼ੂਟਿੰਗ ਵਾਲੇ ਮੁਲਜ਼ਮ ਨਿਕੋਲਸ ਦਾ ਪਿਛੋਕੜ ਵੀ ਐਹੋ ਜਿਹਾ ਹੀ ਦੱਸਿਆ ਜਾਂਦਾ ਹੈ। ਉਸ ਨਾਲ ਵੀ ਬੁਲਿੰਗ ਹੁੰਦੀ ਸੀ ਤੇ ਉਹਦਾ ਸਕੂਲ ਵਿਚ ਵਰਤਾਓ ਵਿਗੜਦਾ ਗਿਆ। ਉਹ ਆਪਣੇ ਦੋਸਤਾਂ ਨੂੰ ਦਸਦਾ ਹੁੰਦਾ ਸੀ ਕਿ ਉਹ ਸਕੂਲ ਵਿਚ ਮਾਸ ਸ਼ੂਟਿੰਗ ਕਰਨੀ ਚਾਹੁੰਦਾ ਹੈ। ਅਜਿਹੀਆਂ ਹਰਕਤਾਂ ਕਾਰਨ ਉਹਨੂੰ ਸਕੂਲ ਵਿਚੋਂ ਕੱਢ ਦਿੱਤਾ ਗਿਆ। ਫਿਰ ਉਹਨੇ ਖੁਦ ਆਟੋਮੈਟਿਕ ਗੰਨ ਖਰੀਦੀ ਤੇ ਆਪਣੇ ਹੀ ਸਕੂਲ ਵਿਚ ਜਾ ਕੇ, ਜਿਸ ਵਿਚ ਉਹਦੇ ਕੁਝ ਦੋਸਤ ਵੀ ਸਨ, ਗੋਲੀਆਂ ਨਾਲ ਭੁੰਨ ਸੁੱਟੇ, ਜਿਸ ਨੂੰ ਪੁਲਿਸ ਨੇ ਫੜ ਲਿਆ। ਸਕੂਲਾਂ ਵਿਚ ਬੁਲਿੰਗ ਬੰਦ ਹੋਣ ਨਾਲ ਇਸ 'ਤੇ ਕੁਝ ਹੱਦ ਤੱਕ ਰੋਕ ਲੱਗ ਸਕਦੀ ਹੈ।

ਅਗਲਾ ਵੱਡਾ ਕਾਰਨ ਪਬਲਿਕ ਸ਼ੂਟਿੰਗ ਦਾ ਹੈ। ਨਵ-ਨਾਜ਼ੀਵਾਦ, ਜਿਸ ਨੂੰ ਨਸਲੀ ਅਤਿਵਾਦ ਵੀ ਕਿਹਾ ਜਾਂਦਾ ਹੈ, ਵਿਚ ਅਮਰੀਕਾ ਦੇ ਕੁਝ ਚਿੱਟੀ ਚਮੜੀ ਵਾਲੇ ਇਹ ਭਰਮ ਪਾਲ ਕੇ ਬੈਠੇ ਹਨ ਕਿ ਉਹ ਰੱਬ ਵਲੋਂ ਸਭ ਤੋਂ ਉਤਮ ਬਣਾਏ ਗਏ ਹਨ; ਉਨ੍ਹਾਂ ਦੀ ਬਰਾਬਰੀ ਕਰਨ ਦਾ ਕਿਸੇ ਹੋਰ ਨੂੰ ਹੱਕ ਨਹੀਂ ਤੇ ਇਹ ਦੇਸ਼ ਵੀ ਸਿਰਫ ਉਨ੍ਹਾਂ ਦਾ ਹੀ ਹੈ। ਇਸ ਸੋਚ ਵਿਚੋਂ ਪੈਦਾ ਹੁੰਦਾ ਹੈ ਫਾਸ਼ੀਵਾਦ, ਜੋ ਅੱਗੋਂ ਜਨਮ ਦਿੰਦਾ ਹੈ ਨਫਰਤ ਨੂੰ। ਅਜੋਕੇ ਲੋਕਤੰਤਰੀ ਸਿਸਟਮ ਵਿਚ ਇਸ ਫਾਸ਼ੀਵਾਦ ਸੋਚ ਦਾ ਜਿੰਤਣਾ ਮੁਸ਼ਕਿਲ ਹੁੰਦਾ ਹੈ। ਬਸ ਫਿਰ ਇਨ੍ਹਾਂ ਵਿਚੋਂ ਕੋਈ ਸਿਰ ਫਿਰਿਆ ਹੱਥ ਬੰਦੂਕ ਚੁੱਕ ਕੇ ਨਿਹੱਥੇ ਲੋਕਾਂ ਨੂੰ ਮਾਰ ਕੇ ਆਪਣਾ ਗੁੱਸਾ ਕੱਢਦਾ ਹੈ। ਅਮਰੀਕਾ ਵਿਚ ਅਜਿਹੀ ਨਸਲੀ ਵਾਰਦਾਤ ਅਗਸਤ 2012 ਵਿਚ ਵਿਸਕਾਨਸਿਨ ਦੇ ਗੁਰਦੁਆਰਾ ਓਕ ਕਰੀਕ ਵਿਚ ਹੋਈ ਸੀ, ਜਿਸ ਵਿਚ ਇੱਕ ਗੋਰੇ ਨਸਲਪ੍ਰਸਤ ਨੇ ਗੁਰਦੁਆਰੇ ਦੇ ਅੰਦਰ ਜਾ ਕੇ ਆਟੋਮੈਟਿਕ ਗੰਨ ਨਾਲ ਫਾਇਰਿੰਗ ਕਰਕੇ 6 ਸਿੱਖਾਂ ਨੂੰ ਮਾਰ ਦਿੱਤਾ ਸੀ। ਅਜਿਹੀਆਂ ਕੁਝ ਹੋਰ ਮਾਸ ਸ਼ੂਟਿੰਗਾਂ ਇਸੇ ਨਫਰਤ ਵਿਚੋਂ ਹੋਈਆਂ।

ਇੱਕ ਹੋਰ ਕਾਰਨ ਹੁੰਦਾ ਹੈ, ਅਤਿਵਾਦ ਨਾਲ ਸਬੰਧਤ। ਅਮਰੀਕਾ ਵਿਚ ਸਭ ਤੋਂ ਵੱਡਾ ਅਤਿਵਾਦੀ ਐਕਸ਼ਨ 9/11 ਵਿਚ ਹੋਇਆ, ਜੋ ਸਿੱਧਾ ਇਸਲਾਮਿਕ ਅਤਿਵਾਦੀਆਂ ਨਾਲ ਜੋੜਿਆ ਜਾਂਦਾ ਹੈ। ਅਮਰੀਕਾ ਵਿਚ ਹੋਰ ਮੁਲਕਾਂ ਵਾਂਗ ਵੱਖਵਾਦੀ ਅਤਿਵਾਦੀ ਕਿਸਮ ਦੀ ਸ਼ਾਇਦ ਹੀ ਕੋਈ ਵੱਡੀ ਵਾਰਦਾਤ ਹੋਈ ਹੋਵੇ। ਕਾਰਨ ਇਹ ਹੈ ਕਿ ਦੁਨੀਆਂ ਦੇ ਹਰ ਮੁਲਕ ਦੀ ਕੌਮੀਅਤ ਵਾਲੇ ਇਥੇ ਵਸੇ ਹੋਏ ਹਨ, ਤੇ ਉਨ੍ਹਾਂ ਨੇ ਵੱਖ ਕਿਸ ਨਾਲੋਂ ਹੋਣਾ? ਇਥੇ ਜ਼ਿਆਦਾਤਰ ਪਬਲਿਕ ਸ਼ੂਟਿੰਗ ਵਾਰਦਾਤਾਂ ਨੂੰ ਘਰੇਲੂ ਅਤਿਵਾਦ ਨਾਲ ਜੋੜਿਆ ਜਾਂਦਾ ਹੈ, ਜੋ ਕਿਸੇ ਇੱਕ ਕੌਮੀਅਤ ਵਾਲੇ ਲੋਕਾਂ ਨੂੰ ਸਬਕ ਸਿਖਾਉਣ ਲਈ ਕੀਤਾ ਜਾਂਦਾ ਹੈ। ਆਹ ਜੋ ਹੁਣੇ ਹੁਣੇ ਟੈਕਸਸ ਵਿਚ ਹੋਇਆ, ਜਿਸ ਵਿਚ ਵਾਲਮਾਰਟ ਅੰਦਰ 20 ਲੋਕਾਂ ਨੂੰ ਅੰਨੇਵਾਹ ਗੋਲੀ ਦਾ ਨਿਸ਼ਾਨਾ ਬਣਾ ਕੇ ਮਾਰ ਦਿੱਤਾ ਗਿਆ ਤੇ 80 ਦੇ ਨੇੜੇ ਤੇੜੇ ਜ਼ਖਮੀ ਹੋਏ, ਉਸ ਕਾਤਿਲ ਦਾ ਮਕਸਦ ਮੈਕਸੀਕੋ ਮੂਲ ਦੇ ਲੋਕਾਂ ਨੂੰ ਮਾਰਨ ਦਾ ਸੀ ਤੇ ਬਹੁਤੇ ਮਾਰੇ ਵੀ ਉਹੀ ਗਏ। ਇਹ ਕਾਰਾ ਕਰਨ ਲਈ ਉਹ ਕਰੀਬ 1000 ਮੀਲ ਦਾ ਸਫਰ ਕਰਕੇ ਉਥੇ ਗਿਆ। ਭਾਵੇਂ ਤਫਤੀਸ਼ ਕਰ ਰਹੀਆਂ ਏਜੰਸੀਆਂ ਕੁਝ ਦੱਸ ਨਹੀਂ ਰਹੀਆਂ, ਪਰ ਅਨੁਭਵ ਇਹੋ ਕੀਤਾ ਜਾ ਰਿਹਾ ਕਿ ਸ਼ੂਟਰ ਦੇ ਮਨ ਅੰਦਰ ਇਹ ਭਾਵਨਾ ਇੱਕ ਦਮ ਨਹੀਂ ਬਣੀ, ਇਹਦੇ ਪਿੱਛੇ ਟਰੰਪ ਸਰਕਾਰ ਵਲੋਂ ਪਿਛਲੇ ਸਾਲਾਂ ਤੋਂ ਲਗਾਤਾਰ ਕੀਤਾ ਜਾ ਰਿਹਾ ਪ੍ਰਚਾਰ ਸੀ ਕਿ ਮੈਕਸੀਕੋ ਬਾਰਡਰ ਰਾਹੀਂ ਵਿਦੇਸ਼ੀ ਲੋਕਾਂ ਦੇ ਵੱਗਾਂ ਦੇ ਵੱਗ ਟੱਪ ਕੇ ਅਮਰੀਕਾ ਆ ਰਹੇ ਹਨ। ਜਿਸ ਤਰ੍ਹਾਂ ਮੈਕਸੀਕੋ ਬਾਰਡਰ 'ਤੇ ਕੰਧ ਬਣਾਉਣ ਸਬੰਧੀ ਬਿਆਨ 'ਤੇ ਬਿਆਨ ਦਿੱਤਾ ਜਾਂਦਾ ਰਿਹਾ, ਇਥੋਂ ਤੱਕ ਕਿ ਸਰਕਾਰ ਦਾ ਕੰਮਕਾਜ ਵੀ ਠੱਪ ਕਰ ਦਿੱਤਾ ਗਿਆ ਤੇ ਇਨਫੋਰਸਮੈਂਟ ਪੁਲਿਸ ਵਲੋਂ ਗੈਰਕਾਨੂੰਨੀ ਲੋਕਾਂ 'ਤੇ ਛਾਪੇ ਮਾਰਨ ਕਰਕੇ ਇੱਕ ਦਹਿਸ਼ਤ ਦਾ ਮਾਹੌਲ ਬਣਾਇਆ ਗਿਆ। ਇਸ ਸਾਰੇ ਘਟਨਾਕ੍ਰਮ ਨੇ ਮੈਕਸੀਕੋ ਮੂਲ ਦੇ ਲੋਕਾਂ ਪ੍ਰਤੀ ਸ਼ੱਕ ਪੈਦਾ ਕੀਤਾ, ਜਿਸ ਨੇ ਅੱਗੇ ਨਫਰਤ ਪੈਦਾ ਕਰ ਦਿੱਤੀ ਤੇ ਨਤੀਜਾ ਨਿਕਲਿਆ 20 ਬੇਦੋਸ਼ੇ ਅਮਰੀਕਨਾਂ ਦਾ ਕਤਲ। ਇਹਨੂੰ ਘਰੇਲੂ ਅਤਿਵਾਦ ਦਾ ਨਾਂ ਵੀ ਦਿੱਤਾ ਜਾਂਦਾ ਹੈ।

ਅਮਰੀਕਾ ਵਿਚ ਕਈ ਸ਼ੂਟਿੰਗ ਦੀਆਂ ਘਟਨਾਵਾਂ ਸ਼ੂਟਰ ਦੀ ਮਾਨਸਿਕ ਦਿਮਾਗੀ ਸੋਚ ਕਰਕੇ ਹੋਈਆਂ ਜਿਵੇਂ ਕਿ ਟੈਕਸਸ ਤੋਂ ਬਾਅਦ ਓਹਾਇਓ ਵਿਚ ਬਰੈਟ ਨਾਂ ਦੇ ਸ਼ੂਟਰ ਨੇ 9 ਲੋਕਾਂ ਨੂੰ, ਜਿਸ ਵਿਚ ਉਹਦੀ ਆਪਣੀ ਸਕੀ ਭੈਣ ਵੀ ਸੀ, ਜੋ ਉਸੇ ਸ਼ਾਮ ਉਹਦੇ ਨਾਲ ਹੀ ਸਫਰ ਕਰਕੇ ਆਈ ਸੀ, ਗੋਲੀਆਂ ਨਾਲ ਭੁੰਨ ਸੁੱਟਿਆ। ਉਹਦੇ ਦੋਸਤਾਂ ਨੇ ਦੱਸਿਆ ਕਿ ਉਹ ਪਿਛਲੇ ਕੁਝ ਅਰਸੇ ਤੋਂ ਇਹੋ ਹੀ ਕਹਿੰਦਾ ਸੀ ਕਿ ਉਹਨੇ ਮਾਸ ਸ਼ੂਟਿੰਗ ਕਰਨੀ ਹੈ। ਸਕੂਲ ਵਿਚ ਉਹ ਹਿੱਟ ਲਿਸਟਾਂ ਵੀ



ਗੁਰਦੁਆਰਾ ਓਕ ਕਰੀਕ ਵਿਚ ਗੋਲੀਬਾਰੀ ਦਾ ਦੋਸ਼ੀ ਵੇਡ ਮਾਈਕਲ ਪੇਜ

ਬਣਾਉਂਦਾ ਹੁੰਦਾ ਸੀ ਤੇ ਉਹ ਔਰਤਾਂ ਨੂੰ ਨਫਰਤ ਕਰਦਾ ਸੀ।

ਸਭ ਤੋਂ ਵੱਡੀ ਇਕੱਲੇ ਸ਼ੂਟਰ ਵਲੋਂ ਮਾਸ ਸ਼ੂਟਿੰਗ ਦੀ ਘਟਨਾ ਅਕਤੂਬਰ 2017 ਨੂੰ ਲਾਸ ਵੇਗਸ ਵਿਚ ਹੋਈ, ਜਿਥੇ 58 ਲੋਕ ਮਾਰੇ ਗਏ ਤੇ ਕੋਈ 500 ਜ਼ਖਮੀ ਹੋਏ ਸਨ। ਇਹ ਇੱਕ ਤਰ੍ਹਾਂ ਦੀ ਵੱਖਰੀ ਹੀ ਵਾਰਦਾਤ ਸੀ। ਇਹਦਾ ਸ਼ੂਟਰ 64 ਸਾਲ ਦਾ ਪਕਰੋੜ ਉਮਰ ਦਾ ਸੀ। ਉਹਦਾ ਐਡੀ ਵੱਡੀ ਘਿਨਾਉਣੀ ਵਾਰਦਾਤ ਨੂੰ ਅੰਜਾਮ ਦੇਣ ਦਾ ਕੀ ਮਨੋਰਥ ਸੀ, ਹਾਲੇ ਤੱਕ ਵੀ ਪਤਾ ਨਹੀਂ ਲੱਗ ਸਕਿਆ। ਲਾਸ ਵੇਗਸ ਮੈਦਾਨ 'ਚ ਇੱਕ ਮੇਲਾ ਲਗਦਾ ਤੇ ਉਸ ਸ਼ੂਟਰ ਨੇ ਉਹਦੇ ਨਾਲ ਲਗਦੇ ਹੋਟਲ ਵਿਚ 32ਵੀਂ ਮੰਜ਼ਿਲ 'ਤੇ ਦੋ ਕਮਰੇ ਇੱਕਲੇ ਨੇ ਇੱਕ ਹਫਤਾ ਪਹਿਲਾਂ ਬੁੱਕ ਕਰਵਾਏ ਤੇ ਹਰ ਰੋਜ਼ ਅਟੈਚੀ ਭਰ ਭਰ ਕੇ ਹਥਿਆਰਾਂ ਦੇ ਇੱਕਠੇ ਕਰਦਾ ਰਿਹਾ, ਜਿਨ੍ਹਾਂ ਵਿਚ ਦੋ ਦਰਜਨ ਤੋਂ ਵੱਧ ਆਟੋਮੈਟਿਕ ਗੰਨਾਂ ਸਨ। ਪਹਿਲੀ ਅਕਤੂਬਰ ਨੂੰ ਰਾਤ ਦੇ 10 ਵਜੇ ਜਦੋਂ ਬਾਹਰ ਮੇਲਾ ਪੂਰੀ ਤਰ੍ਹਾਂ ਭਰਿਆ ਹੋਇਆ ਸੀ ਤਾਂ ਉਹਨੇ ਆਪਣੇ 32ਵੀਂ ਮੰਜ਼ਿਲ ਦੇ ਕਮਰੇ ਦੀ ਬਾਰੀ, ਜੋ ਮੇਲੇ ਦੇ ਮੈਦਾਨ ਵੱਲ ਖੁਲਦੀ ਸੀ, ਵਿਚੋਂ ਆਟੋਮੈਟਿਕ ਗੰਨਾਂ ਨਾਲ ਅੰਨੇਵਾਹ ਫਾਇਰਿੰਗ ਕਰਨੀ ਸ਼ੁਰੂ ਕਰ ਦਿੱਤੀ। ਪੁਲਿਸ ਭਾਵੇਂ ਮੌਕੇ 'ਤੇ ਇੱਕ ਦਮ ਪੁੱਜ ਗਈ ਸੀ, ਪਰ ਇਹ ਪਤਾ ਨਹੀਂ ਸੀ ਲੱਗ ਰਿਹਾ ਕਿ ਗੋਲੀ ਆ ਕਿਥੋਂ ਰਹੀ ਹੈ? ਪੁਲਿਸ ਆਲੇ-ਦੁਆਲੇ ਦੇ ਹੋਰ ਹੋਟਲਾਂ ਵੱਲ ਭੱਜ ਰਹੀ ਸੀ ਤੇ ਹੇਠਲੀਆਂ ਮੰਜ਼ਿਲਾਂ ਵੱਲ ਵੱਧ ਧਿਆਨ ਦੇ ਰਹੀ ਸੀ, ਪਰ ਹਮਲਾਵਰ ਨੇ ਇਨ੍ਹਾਂ 15 ਮਿੰਟਾਂ 'ਚ ਹੀ 1100 ਤੋਂ ਵੱਧ ਗੋਲੀਆਂ ਦਾਗ ਕੇ ਲੋਥਾਂ ਤੇ ਜ਼ਖਮੀਆਂ ਦੇ ਸੱਥਰ ਹੀ ਵਿਛਾ ਦਿੱਤੇ। ਜਦੋਂ ਪੁਲਿਸ 32ਵੀਂ ਮੰਜ਼ਿਲ 'ਤੇ ਉਹਦੇ ਕਮਰੇ ਤੱਕ ਅੱਪੜੀ ਤਾਂ ਉਹਨੇ ਖੁਦ ਨੂੰ ਗੋਲੀ ਮਾਰ ਕੇ ਖਤਮ ਕਰ ਲਿਆ ਸੀ। ਅਜਿਹੇ ਸਿਰਫਿਰੇ ਬੰਦਿਆਂ ਨੂੰ ਰੋਕਣਾ ਮੁਸ਼ਕਿਲ ਹੁੰਦਾ, ਕਿਉਂਕਿ ਕੀ ਮਨਸੂਬਾ ਚੁੱਕੀ ਫਿਰਦੇ ਹਨ, ਕੋਈ ਨਹੀਂ ਜਾਣ ਸਕਦਾ। ਪਰ ਇਸ ਨੂੰ ਘਟਾਇਆ ਜਾ ਸਕਦਾ, ਜੇ ਆਟੋਮੈਟਿਕ ਗੰਨਾਂ ਤੱਕ ਇਨ੍ਹਾਂ ਦੀ ਪਹੁੰਚ ਰੋਕੀ ਜਾ ਸਕੇ।

ਇਸ ਸਾਲ ਮਈ ਮਹੀਨੇ ਵਰਜੀਨੀਆ ਬੀਚ 'ਤੇ ਇੱਕ ਵੱਖਰੀ ਤਰ੍ਹਾਂ ਦੀ ਵਾਰਦਾਤ ਹੋਈ, ਜਿਸ ਵਿਚ ਉਸੇ ਦਫਤਰ ਵਿਚ ਕੰਮ ਕਰਨ ਵਾਲੇ 40 ਸਾਲ ਦੇ ਕਰਮਚਾਰੀ ਨੇ ਆਪਣੇ ਹੀ ਦਫਤਰ ਵਿਚ ਆ ਕੇ ਆਟੋਮੈਟਿਕ ਗੰਨ ਨਾਲ ਅੰਨੇਵਾਹ ਫਾਇਰਿੰਗ ਕਰਕੇ ਆਪਣੇ ਨਾਲ ਕੰਮ ਕਰਨ ਵਾਲੇ 12 ਜਣਿਆਂ ਸਮੇਤ ਸੁਪਰਵਾਈਜ਼ਰ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਤੇ ਖੁਦ ਵੀ ਮਾਰਿਆ ਗਿਆ। ਅਜੇ ਤੱਕ ਇਸ ਦਾ ਕਾਰਨ ਨਹੀਂ ਲੱਭਾ, ਪਰ ਇਸ ਤੋਂ ਬਾਅਦ ਲੇਬਰ ਮਹਿਕਮੇ ਨੇ ਇਸ ਦਾ ਨੋਟਿਸ ਲੈਂਦਿਆਂ ਸੁਝਾਅ ਭੇਜੇ ਕਿ ਹਰ ਕੰਪਨੀ ਦੀ ਮੈਨੇਜਮੈਂਟ ਯਕੀਨੀ ਬਣਾਏ ਕਿ ਹਰ ਕਰਮਚਾਰੀ ਨਾਲ ਕੰਮ 'ਤੇ ਬੜਾ ਹਲੀਮੀ ਨਾਲ ਪੇਸ਼ ਆਇਆ ਜਾਵੇ ਤੇ ਉਹਦੀ ਹਰ ਮੁਸ਼ਕਿਲ ਨੂੰ ਹੱਲ ਕਰਨ ਦਾ ਯਤਨ ਕਰਨਾ ਜ਼ਰੂਰੀ ਹੈ, ਬਿਨਾ ਵਜ੍ਹਾ ਦਬਾਅ ਵਾਲੀ ਨੀਤੀ ਤਿਆਗੀ ਜਾਵੇ।

ਮਨੋਵਿਗਿਆਨੀਆਂ ਨੇ ਇੱਕ ਤਰਕ ਇਹ ਵੀ ਦਿੱਤਾ ਹੈ ਕਿ ਅਮਰੀਕਾ ਵਿਚ ਸਿੰਗਲ ਮਾਂ ਤੇ ਸਿੰਗਲ ਬਾਪ ਵਾਲੇ ਬਹੁਤ ਪਰਿਵਾਰ ਮਿਲਦੇ ਹਨ, ਜਿਨ੍ਹਾਂ ਦੇ ਨਿਆਣੇ ਇੱਕ ਐਸੇ ਮਾਹੌਲ ਵਿਚ ਪਲਦੇ ਹਨ, ਜਿਥੇ ਪਿਆਰ ਅਧੂਰਾ ਹੁੰਦਾ। ਜੋ ਮਾਂ ਕੋਲ ਰਹਿ ਕੇ ਵੱਡੇ ਹੋਏ ਤਾਂ ਬਾਪ ਦੀ ਅਹਿਮੀਅਤ ਤੋਂ ਕੋਰੇ ਹੁੰਦੇ ਤੇ ਜੇ ਬਾਪ ਕੋਲ ਵੱਡੇ ਹੁੰਦੇ ਤਾਂ ਮਾਂ ਦੇ ਪਿਆਰ ਨੂੰ ਕਦੇ ਸਮਝ ਹੀ ਨਹੀਂ ਸਕਦੇ। ਅਕਸਰ ਅਜਿਹੇ ਨਿਆਣੇ ਥੋੜ੍ਹੇ ਗੁਸਤਾਖ ਬਣ ਜਾਂਦੇ ਹਨ ਤੇ ਉਹ ਛੇਤੀ ਹੀ ਘਰੋਂ ਜਾ ਕੇ ਆਪਣੀ ਵੱਖ ਜ਼ਿੰਦਗੀ ਸ਼ੁਰੂ ਕਰ ਦਿੰਦੇ ਹਨ, ਜਿਥੇ ਉਨ੍ਹਾਂ ਨੂੰ ਕੋਈ ਪਰਿਵਾਰਕ ਰੋਕ-ਟੋਕ ਨਹੀਂ ਹੁੰਦੀ। ਉਨ੍ਹਾਂ ਦੇ ਜੁਰਮ ਦੀ ਦੁਨੀਆਂ ਵੱਲ ਜਾਣ ਦੇ ਮੌਕੇ ਵੱਧ ਹੁੰਦੇ ਹਨ।

ਅਮਰੀਕਾ ਨਾਲੋਂ ਕੁਝ ਹੋਰ ਮੁਲਕਾਂ ਜਿਵੇਂ ਇਜ਼ਰਾਈਲ, ਨਾਰਵੇ ਤੇ ਕੁਝ ਯੂਰਪੀ ਮੁਲਕਾਂ ਵਿਚ ਪ੍ਰਤੀ ਆਦਮੀ ਹਥਿਆਰ ਵੱਧ ਹਨ, ਪਰ ਉਥੇ ਸ਼ੂਟਿੰਗ ਦੀਆਂ ਵਾਰਦਾਤਾਂ ਬਹੁਤ ਘੱਟ ਹਨ, ਕਿਉਂਕਿ ਉਥੇ ਪਰਿਵਾਰ ਇੱਕਠੇ ਹੁੰਦੇ ਹਨ। ਅਮਰੀਕਾ ਦੇ ਪਰਿਵਾਰਕ ਢਾਂਚੇ ਵਿਚ ਵੀ ਸੋਧ ਦੀ ਲੋੜ ਹੈ।

ਦੁਨੀਆਂ ਦੇ ਹੋਰ ਉਨਤ ਦੇਸ਼ਾਂ ਦੇ ਮੁਕਾਬਲੇ ਅਮਰੀਕਾ ਦੇ ਲੋਕਾਂ ਵਿਚ ਮਸ਼ਹੂਰ ਹੋਣ ਦੀ ਪ੍ਰਵਿਰਤੀ ਵੱਧ ਹੈ। ਮਸ਼ਹੂਰ ਹੋਣ ਲਈ ਬਹੁਤ ਵੱਡੇ ਮਾਅਰਕੇ ਮਾਰਨੇ ਹੁੰਦੇ ਹਨ, ਜੋ ਹਰੇਕ ਦੇ ਵੱਸ ਵਿਚ ਜਾਂ ਕਿਸਮਤ ਵਿਚ ਨਹੀਂ ਹੁੰਦੇ। ਫਿਰ ਦੂਜਾ ਰਸਤਾ, ਜਿਸ ਨੂੰ ਬਦਨਾਮੀ ਜਾਂ ਨੋਟੋਰੀਅਸ ਕਿਹਾ ਜਾਂਦਾ ਹੈ, ਉਸ ਪਾਸੇ ਵੱਲ ਉਲਾਰ ਹੋ ਜਾਂਦੇ ਹਨ, ਤੇ ਆਪਣੀ ਜਾਨ ਦੀ ਵੀ ਬਹੁਤੀ ਪ੍ਰਵਾਹ ਨਹੀਂ ਕਰਦੇ। ਉਹ ਆਪਣਾ ਨਜ਼ਰੀਆ ਹੀ ਇਹ ਬਣਾ ਲੈਂਦੇ ਹਨ ਕਿ ਜਿਨ੍ਹਾਂ ਨੇ ਵੱਡੀਆਂ ਮਾਸ ਸ਼ੂਟਿੰਗ ਵਾਰਦਾਤਾਂ ਕੀਤੀਆਂ ਹਨ, ਉਨ੍ਹਾਂ ਦਾ ਨਾਂ ਹਮੇਸ਼ਾ ਜੁਰਮ ਦੇ ਇਤਿਹਾਸ ਵਿਚ ਬੋਲਦਾ ਹੈ। ਇਸ ਪ੍ਰਾਪਤੀ ਦੀ ਖਾਤਿਰ ਵੀ ਉਹ ਦਿਲ ਕੰਬਾਊ ਵਾਰਦਾਤ ਕਰ ਜਾਂਦੇ ਹਨ।

ਮੀਡੀਏ 'ਤੇ ਵੀ ਨਿਰਭਰ ਕਰਦਾ ਹੈ ਕਿ ਉਹ ਕਿਸੇ ਵਾਰਦਾਤ ਨੂੰ ਕਿਹੜੇ ਰੰਗ ਵਿਚ ਪੇਸ਼ ਕਰਦਾ ਹੈ। ਜਦੋਂ ਮੌਕੇ 'ਤੇ ਜਾ ਕੇ ਮੀਡੀਆ ਉਹ ਦ੍ਰਿਸ਼ ਦਿਖਾਵੇ, ਜੋ ਅੱਗ ਨੂੰ ਭੜਕਾਉਂਦੇ ਹੋਣ ਜਾਂ ਅਜਿਹੀ ਰਿਪੋਰਟਿੰਗ ਕਰੇ, ਜਿਸ ਵਿਚ ਨਸਲਵਾਦ ਨੂੰ ਉਤਸ਼ਾਹਿਤ ਕੀਤਾ ਗਿਆ ਹੋਵੇ ਜਾਂ ਇੱਕ ਆਦਮੀ ਦੀ ਕਾਰਵਾਈ ਨੂੰ ਸਮਾਜ ਦੇ ਇੱਕ ਤਬਕੇ ਨਾਲ ਜੋੜ ਦਿੱਤਾ ਜਾਵੇ ਤਾਂ ਉਹਦਾ ਬਹੁਤ ਹੀ ਉਲਟਾ ਤੇ ਖਤਰਨਾਕ ਅਸਰ ਪੈਂਦਾ ਹੈ। ਭਾਵੇਂ ਅਮਰੀਕਾ ਦੀ ਪੁਲਿਸ ਛੇਤੀ ਕੀਤੇ ਅਜਿਹੇ ਖੁਲਾਸੇ ਨਹੀਂ ਕਰਦੀ, ਪਰ ਮੀਡੀਆ ਦੱਸਣਾ ਸ਼ੁਰੂ ਕਰ ਦਿੰਦਾ ਹੈ। ਅੱਜ ਕਲ ਤਾਂ ਸੋਸ਼ਲ ਮੀਡੀਏ 'ਤੇ ਬਹੁਤ ਕੁਝ ਅਜਿਹਾ ਹੋ ਰਿਹਾ ਹੈ। ਮੀਡੀਏ ਦੀਆਂ ਦੋ ਕੁ ਮਿਸਾਲਾਂ ਬਹੁਤ ਅਹਿਮੀਅਤ ਰੱਖਦੀਆਂ ਹਨ: ਪਹਿਲੀ ਜਦੋਂ 9/11 ਤੋਂ ਬਾਅਦ ਅਮਰੀਕਾ ਦੇ ਟੈਲੀਵਿਜ਼ਨ 'ਤੇ ਉਸਾਮਾ ਬਿਨ ਲਾਦੇਨ ਨੂੰ ਪੱਗ ਵਿਚ ਦਿਖਾਇਆ ਗਿਆ ਤਾਂ ਇੱਕ ਦਮ ਅਮਰੀਕੀਆਂ ਦੀ ਨਫਰਤ ਸਿੱਖਾਂ ਪ੍ਰਤੀ ਹੋ ਗਈ, ਜੋ ਅਜੇ ਤੱਕ ਵੀ ਕਿਤੇ ਨਾ ਕਿਤੇ ਜਾਹਰ ਹੋ ਜਾਂਦੀ ਹੈ ਤੇ ਸਿੱਖਾਂ ਨੂੰ ਨਿਸ਼ਾਨਾ ਵੀ ਬਣਾਇਆ ਜਾਂਦਾ ਹੈ। ਭਾਵੇਂ ਸਿੱਖਾਂ ਨੇ ਸਰਕਾਰ ਦੇ ਸਹਿਯੋਗ ਨਾਲ ਪੂਰੇ ਜ਼ੋਰ ਨਾਲ ਇਹ ਵਹਿਮ ਅਮਰੀਕਨਾਂ ਦੇ ਮਨਾਂ 'ਚੋਂ ਕੱਢਣ ਦੀ ਕੋਸ਼ਿਸ਼ ਕੀਤੀ ਹੈ, ਪਰ ਵਾਰ ਵਾਰ ਟੈਲੀਵਿਜ਼ਨ 'ਤੇ ਦਿਖਾਉਣ ਦਾ ਅਸਰ ਖਤਮ ਨਹੀਂ ਹੋ ਰਿਹਾ। ਦੂਜੀ ਮਿਸਾਲ ਹੈ, ਨਵੰਬਰ 1984 ਵਿਚ ਇੰਦਰਾ ਗਾਂਧੀ ਦੇ ਕਤਲ ਪਿਛੋਂ ਆਲ ਇੰਡੀਆ ਰੇਡੀਓ ਨੇ ਖਬਰ ਦਿੱਤੀ ਕਿ ਉਹਨੂੰ ਉਹਦੇ ਦੋ ਸਿੱਖ ਬਾਡੀ ਗਾਰਡਾਂ ਨੇ ਮਾਰ ਦਿੱਤਾ। ਬਸ ਐਨਾ ਸੁਣਨ ਦੀ ਦੇਰੀ ਸੀ, ਹਜੂਮ ਇੱਕਠੇ ਹੋਣੇ ਸ਼ੁਰੂ ਹੋ ਗਏ ਤੇ ਉਨ੍ਹਾਂ ਨੂੰ ਸਿੱਖ ਯਾਦ ਕਰਵਾ ਦਿੱਤਾ ਤੇ ਬਾਡੀ ਗਾਰਡ ਭੁੱਲਾ ਦਿੱਤਾ ਗਿਆ। ਫਿਰ ਜੋ ਹੋਇਆ, ਉਹ ਆਪਾਂ ਸਭ ਜਾਣਦੇ ਹਾਂ। ਇਹ ਹੁੰਦਾ ਮੀਡੀਏ ਦਾ ਨਾਕਾਰਾਤਮਕ ਰਵੱਈਆ। ਅਮਰੀਕਾ ਵਿਚ ਇਹਨੂੰ ਕਾਪੀਕੈਟ ਕਰਾਈਮ ਵੀ ਕਿਹਾ ਜਾਂਦਾ ਹੈ। ਇਥੇ ਕਈ ਮਾਸ ਸ਼ੂਟਿੰਗ ਦੇ ਕੇਸ ਪਹਿਲੇ ਹੋਏ ਕੇਸਾਂ ਤੋਂ ਸੇਧ ਲੈ ਕੇ ਵੀ ਕਈ ਸਿਰ ਫਿਰਿਆਂ ਨੇ ਕੀਤੇ।

ਅਮਰੀਕਾ ਵਿਚ ਘਰੇਲੂ ਗੋਲੀਬਾਰੀ ਦੀਆਂ ਵੱਧ ਵਾਰਦਾਤਾਂ ਹੋਣ ਦਾ ਇੱਕ ਕਾਰਨ ਇਹ ਵੀ ਹੈ ਕਿ ਅਮਰੀਕਾ ਸਾਰੀ ਦੁਨੀਆਂ ਵਿਚ ਆਪਣੇ ਹਥਿਆਰਾਂ ਕਰਕੇ ਸਰਦਾਰੀ ਬਣਾਈ ਰੱਖਦਾ ਹੈ। ਉਹ ਆਪਣਾ ਰੋਬ ਰੱਖਦਾ ਹਰ ਮੁਲਕ 'ਤੇ, ਅੱਖਾਂ ਵੀ ਦਿਖਾਲ ਦਿੰਦਾ, ਖਾਸ ਕਰਕੇ ਜਦੋਂ ਪ੍ਰੈਜ਼ੀਡੈਂਟ ਟਰੰਪ ਵਰਗਾ ਗੁਸੈਲ ਲਾਲ ਚਿਹਰਾ ਹੋਵੇ, ਫਿਰ ਕੌਣ ਬੋਲਦਾ ਮੋਹਰੇ ਭਲਾ! ਇੱਕ ਕਹਾਵਤ ਹੈ, ਯਥਾ ਰਾਜਾ ਤਥਾ ਪਰਜਾ। ਜਦ ਮੁਲਕ ਦੀ ਬੱਲੇ ਬੱਲੇ ਹਥਿਆਰਾਂ ਕਰਕੇ ਹੋਵੇ ਤਾਂ ਲੋਕਾਂ ਵਿਚ ਇਹ ਕੁਦਰਤੀ ਭਾਵਨਾ ਪੈਦਾ ਹੋ ਜਾਂਦੀ ਹੈ ਕਿ ਉਹ ਵੀ ਵਧੀਆ ਤੋਂ ਵਧੀਆ ਹਥਿਆਰਾਂ ਦੇ ਸ਼ੌਕੀਨ ਬਣਨ। ਜਦੋਂ ਮੁਲਕ ਦੇ ਸ਼ਾਸਕ ਹਥਿਆਰਾਂ ਦੇ ਸਿਰ 'ਤੇ ਦਬਕੇ ਮਾਰਨ, ਫਿਰ ਪਰਜਾ ਨੇ ਵੀ ਜਲਵਾ ਦਿਖਾਉਣਾ ਹੀ ਹੁੰਦਾ। ਅਮਰੀਕਾ ਵਿਚ ਇਹ ਸੋਚਣਾ ਕਿ ਗੋਲੀ ਦੀਆਂ ਵਾਰਦਾਤਾਂ ਮੁਕੰਮਲ ਬੰਦ ਹੋ ਜਾਣ, ਅਜੇ ਨਾਮੁਮਕਿਨ ਹੈ।

ਹੁਣ ਤੱਕ ਹੋਈਆਂ ਸ਼ੂਟਿੰਗ ਦੀਆਂ ਸਭ ਵਾਰਦਾਤਾਂ ਵਿਚ ਆਟੋਮੈਟਿਕ ਸਟੇਨਗੰਨਾਂ ਵਰਤੀਆਂ ਗਈਆਂ, ਜਿਨ੍ਹਾਂ ਦੇ ਲਾਇਸੈਂਸ ਆਪਣੀ ਨਿੱਜੀ ਸੁਰਖਿਆ ਲਈ ਲਏ ਗਏ ਸਨ, ਪਰ ਪੁਲਿਸ ਅਤੇ ਦੂਜੀਆਂ ਏਜੰਸੀਆਂ ਦੇ ਨੋਟਿਸ ਵਿਚ ਆਇਆ ਕਿ ਇਹ ਹਥਿਆਰ ਘੱਟ ਹੀ ਆਪਣੀ ਸੁਰਖਿਆ ਲਈ ਵਰਤੇ ਗਏ, ਉਲਟਾ ਕਈ ਘਰਾਂ ਦੀ ਆਪਸੀ ਕੁੜੱਤਣ ਨੇ ਹਥਿਆਰਾਂ ਦੇ ਮਾਲਕਾਂ ਨੂੰ ਹੀ ਇਨ੍ਹਾਂ ਦਾ ਸ਼ਿਕਾਰ ਬਣਾ ਦਿੱਤਾ। ਇਸ ਕਰਕੇ ਸਰਕਾਰ ਨੂੰ ਅਜਿਹੇ ਹਥਿਆਰਾਂ 'ਤੇ ਰੋਕ ਲਾਉਣੀ ਚਾਹੀਦੀ ਹੈ, ਜੋ ਸਰਕਾਰ ਵੱਡੀਆਂ ਕੰਪਨੀਆਂ ਦੇ ਦਬਾਅ ਹੇਠ ਨਹੀਂ ਕਰ ਰਹੀ; ਦੋਹਾਂ ਪਾਰਟੀਆਂ ਨੂੰ ਇਸ 'ਤੇ ਸਿਆਸਤ ਛੱਡਣੀ ਚਾਹੀਦੀ ਹੈ। ਇਸ ਦੀ ਥਾਂ ਜੇ ਛੋਟੇ ਹਥਿਆਰ ਪਿਸਤੌਲ ਵਗੈਰਾ ਨਿੱਜੀ ਸੁਰੱਖਿਆ ਲਈ ਦਿੱਤੇ ਜਾਣ ਤਾਂ ਉਨ੍ਹਾਂ ਨਾਲ ਵੱਡੀਆਂ ਜਨਤਕ ਗੋਲੀਬਾਰੀ ਦੀਆਂ ਵਾਰਦਾਤਾਂ ਕਾਫੀ ਹੱਦ ਤੱਕ ਰੁਕ ਸਕਦੀਆਂ ਹਨ। ਇਸ ਦੇ ਨਾਲ ਨਾਲ ਲੋਕਾਂ ਨੂੰ ਆਪਣੀ ਸੋਚ ਵਿਚ ਵੀ ਹਾਂ-ਪੱਖੀ ਬਦਲਾਓ ਲਿਆਉਣਾ ਪੈਣਾ।




ਗੁਰਦੁਆਰਾ ਓਕ ਕਰੀਕ, ਵਿਸਕਾਨਸਿਨ ਵਿਚ ਗੋਲੀਬਾਰੀ ਦੀ ਵਾਰਦਾਤ ਪਿਛੋਂ ਪਹੁੰਚੀ ਪੁਲਿਸ ਫੋਰਸ

# ਮੂਕ-ਮੌਤ ਵੱਲ ਤੋਰਿਆ ਜਾ ਰਿਹਾ ਹੈ ਐਮੇਜ਼ੋਨ

***ਲਾਤੀਨੀ ਅਮਰੀਕਾ ਦੇ ਮੁਲਕਾਂ ਵਿਚ ਪੈਂਦੇ ਸਾਂਝੇ ਐਮੇਜ਼ੋਨ ਜੰਗਲ ਅਤੇ ਦਰਿਆ ਦੀ ਆਪਣੀ ਕਹਾਣੀ ਹੈ। ਇਥੇ ਜੀਵ-ਜੰਤੂਆਂ ਦੀਆਂ ਸੈਂਕੜੇ ਨਸਲਾਂ ਦਾ ਵਸੇਬਾ ਹੈ, ਪਰ ਆਧੁਨਿਕ ਵਿਕਾਸ ਨੇ ਹੁਣ ਇਨ੍ਹਾਂ ਜੰਗਲਾਂ ਲਈ ਖਤਰਾ ਖੜ੍ਹਾ ਕਰ ਦਿੱਤਾ ਹੈ। ਇਹ ਜੰਗਲ ਲੋਪ ਹੋਣ ਨਾਲ ਮਨੁੱਖੀ ਵਸੋਂ ਉਤੇ ਕੀ ਅਸਰ ਪੈ ਸਕਦੇ ਹਨ, ਇਸ ਬਾਰੇ ਖੁਲਾਸਾ ਵਾਤਾਵਰਣ ਬਾਰੇ ਅਕਸਰ ਲੋਕਾਂ ਨੂੰ ਜਾਗਰੂਕ ਕਰਦੇ ਰਹਿੰਦੇ ਵਿਦਵਾਨ ਵਿਜੇ ਬੰਬੇਲੀ ਨੇ ਇਸ ਲੇਖ ਵਿਚ ਕੀਤਾ ਹੈ। ਲੇਖ ਵਿਚ ਵਿਚਾਰੀ ਗਈ ਐਮੇਜ਼ੋਨ ਦੀ ਵਿਲੱਖਣਤਾ ਬੜੀ ਦਿਲਚਸਪ ਹੈ। -ਸੰਪਾਦਕ***

ਐਮੇਜ਼ੋਨ ਲਾਤੀਨੀ (ਦੱਖਣੀ) ਅਮਰੀਕੀ ਦੇਸ਼ਾਂ ਦਾ ਸਾਂਝਾ ਜੰਗਲ ਹੈ, ਪ੍ਰਿਥਵੀ ਦਾ ਸਾਂਝਾ ਵਿਰਸਾ। ਇਨ੍ਹਾਂ ਜੰਗਲਾਂ ਵਿਚੋਂ ਨਿਕਲਦੇ ਦਰਿਆ ਦਾ ਨਾਂ ਵੀ ਐਮੇਜ਼ੋਨ ਹੈ। ਸਾਡੀ ਧਰਤੀ ਉਪਰ ਦਰਿਆਵਾਂ ਦੇ ਦੋ ਜਨਮ-ਸੋਮੇ ਹਨ, ਗਲੇਸ਼ੀਅਰ (ਬਰਫੀਲੇ ਪਹਾੜ) ਅਤੇ ਸੰਘਣੇ ਜੰਗਲ। ਜਿਥੇ ਐਮੇਜ਼ੋਨ ਜੰਗਲ ਐਮੇਜ਼ੋਨ ਦਰਿਆ ਦਾ ਜਨਮਦਾਤਾ ਹੈ, ਉਥੇ ਐਮੇਜ਼ੋਨ ਦਰਿਆ ਵੀ ਐਮੇਜ਼ੋਨ ਜੰਗਲ ਦਾ ਪੂਰਕ ਹੈ। ਦੋਹਾਂ ਦੀ ਹੋਂਦ ਇਕ ਦੂਜੇ ਤੋਂ ਬਿਨਾ ਕਿਆਸੀ ਨਹੀਂ ਜਾ ਸਕਦੀ, ਉਵੇਂ ਹੀ ਦੋਹਾਂ ਦੀ ਹੋਣੀ ਵੀ, ਪਰ ਇਹ ਵੀ ਓਨਾ ਹੀ ਸੱਚ ਹੈ ਕਿ ਮਨੁੱਖ ਦੀ ਹੋਂਦ ਵੀ ਐਮੇਜ਼ੋਨ ਨਾਲ ਜੁੜੀ ਹੋਈ ਹੈ, ਉਵੇਂ ਹੀ ਜਿਵੇਂ ਰੁੱਖ ਅਤੇ ਪਾਣੀ ਨਾਲ ਬੰਦੇ ਦੀ ਹੋਣੀ ਜੁੜੀ ਹੋਈ ਹੈ।

ਐਮੇਜ਼ੋਨ ਖਿੱਤੇ ਕੋਲ ਇਸ ਵੇਲੇ ਦੁਨੀਆਂ ਦੇ ਬਿਹਤਰੀਨ ਰੁੱਖਾਂ ਦਾ ਅਮੀਰ ਜ਼ਖੀਰਾ ਹੈ। ਅਫਰੀਕੀ ਕਾਂਗੋ ਦੇ ਜੰਗਲਾਂ ਨੂੰ ਵੀ ਸੰਸਾਰ ਦੀ ਹਰਿਆਲੀ ਵਿਚ ਮਾਣਮੱਤਾ ਸਥਾਨ ਪ੍ਰਾਪਤ ਹੈ,

**ਵਿਜੇ ਬੰਬੇਲੀ**
**ਫੋਨ: +91-94634-39075**

ਪਰ ਐਮੇਜ਼ੋਨ ਦੇ ਟਾਕਰੇ ਇਸ ਦਾ ਦੂਜਾ ਸਥਾਨ ਹੈ। ਦੋਵੇਂ ਖਿੱਤੇ ਸਾਡੀ ਪ੍ਰਿਥਵੀ ਉਪਰ ਵਰਖਾ ਵਾਲੇ ਜੰਗਲਾਂ ਦੇ ਉਤਮ ਨਮੂਨੇ ਹਨ। ਜੰਗਲ ਵੀ ਵਰਖਾ ਦੇ ਜਨਮਦਾਤਾ ਹਨ ਅਤੇ ਵਰਖਾ ਪਾਣੀ ਦਾ ਮੁਢਲਾ ਸੋਮਾ ਹੈ।

ਐਮੇਜ਼ੋਨ ਦੁਆਲੇ ਜੰਗਲੀ ਖੇਤਰ ਦਾ ਰਕਬਾ 53,61,300 ਵਰਗ ਕਿਲੋਮੀਟਰ (8.15 ਕਰੋੜ ਏਕੜ) ਹੈ, ਜੋ ਅਮਰੀਕਾ ਦੇ 90 ਫੀਸਦੀ ਖੇਤਰਫਲ ਦੇ ਬਰਾਬਰ ਬਣਦਾ ਹੈ। ਐਮੇਜ਼ੋਨ ਦੇ ਜੰਗਲੀ ਰਕਬੇ ਵਿਚ ਘੱਟੋ-ਘੱਟ 9 ਦੇਸ਼ ਹਨ-ਬ੍ਰਾਜ਼ੀਲ, ਬੋਲੀਵੀਆ, ਪੇਰੂ, ਇਕੁਆਡੋਰ, ਕੋਲੰਬੀਆ, ਵੈਂਜ਼ੂਏਲਾ, ਗੁਆਨਾ, ਸੁਰੀਨਾਮ ਅਤੇ ਫ੍ਰੈਂਚ ਗਿਆਨਾ, ਪਰ ਬਹੁਤਾ ਹਿੱਸਾ ਬ੍ਰਾਜ਼ੀਲ ਦਾ ਹੈ; ਇਸੇ ਲਈ ਕਈ ਵਾਰ ਐਮੇਜ਼ੋਨ ਅਤੇ ਬ੍ਰਾਜ਼ੀਲ ਨੂੰ ਇਕ-ਦੂਜੇ ਨਾਲ ਰਲਗੱਡ ਕਰ ਦਿੱਤਾ ਜਾਂਦਾ ਹੈ।

ਐਮੇਜ਼ੋਨ ਸਿਰਫ ਸ਼ੂਕਦਾ ਹੋਇਆ ਦਰਿਆ ਹੀ ਨਹੀਂ, ਸਾਡੀ ਪ੍ਰਿਥਵੀ 'ਤੇ ਸੰਘਣੀ ਹਰਿਆਲੀ ਦਾ ਉਹ ਛਤਰ ਹੈ, ਜੋ ਸਾਨੂੰ ਸਭ ਨੂੰ ਸੂਰਜ ਦੀ ਮਾਰੂ ਤਪਸ਼ ਤੋਂ ਬਚਾ ਰਿਹਾ ਹੈ। ਐਮੇਜ਼ੋਨ ਦਰਿਆ ਦੀਆਂ ਇਕ ਹਜ਼ਾਰ ਤੋਂ ਵੱਧ ਸ਼ਾਖਾਵਾਂ ਹਨ ਤੇ ਇਹ 6400 ਕਿਲੋਮੀਟਰ ਦਾ ਪੈਂਡਾ ਮਾਰਦਾ, ਵਲ-ਵਲੇਵੇਂ ਖਾਂਦਾ ਅੰਧ-ਮਹਾਂਸਾਗਰ ਵਿਚ ਜਾ ਰਲਦਾ ਹੈ। ਲੰਬਾਈ ਦੇ ਪੱਖ ਤੋਂ ਕੇਵਲ ਨੀਲ ਨਦੀ (6600 ਕਿਲੋਮੀਟਰ) ਹੀ ਇਸ ਤੋਂ ਵੱਡੀ ਹੈ ਤੇ ਗੰਗਾ ਇਸ ਤੋਂ ਕੁਝ ਛੋਟੀ ਪਰ ਜਲਮਾਤਰਾ ਦੇ ਵਹਿਣ ਵਿਚ ਐਮੇਜ਼ੋਨ ਦਾ ਕੋਈ ਸਾਨੀ ਨਹੀਂ। ਹਰ ਘੰਟੇ ਕਰੀਬ 170 ਅਰਬ ਗੈਲਨ ਪਾਣੀ ਸਮੁੰਦਰ ਵਿਚ ਜਾ ਰਲਦਾ ਹੈ। ਇਹ ਮਾਤਰਾ ਨੀਲ ਨਦੀ ਦੇ ਵਹਿਣ ਨਾਲੋਂ 60 ਗੁਣਾ ਵੱਧ ਹੈ। ਇਸ ਦਾ ਪਾੜ? ਖਹਿਣ-ਦੱਸਣ ਵਾਲੀ ਕੋਈ ਗੱਲ ਹੀ ਨਹੀਂ। ਦਰਿਆ ਦੇ ਦਹਾਨੇ ਤੋਂ ਇਕ ਕਿਲੋਮੀਟਰ ਉਪਰ ਵੱਲ ਵੀ ਇਕ ਕੰਢੇ 'ਤੇ ਖੜ੍ਹੇ ਹੋ ਕੇ ਤੁਸੀਂ ਦੂਜੇ ਕੰਢੇ ਦੀ ਸਾਰ ਨਹੀਂ ਲੈ ਸਕਦੇ।

...ਤੇ ਇਸ ਦੇ ਜੰਗਲ? ਹਾਂ, ਜੰਗਲ ਇੰਨੇ ਸੰਘਣੇ ਹਨ ਕਿ ਸਿਰਫ ਐਮੇਜ਼ੋਨ ਹੀ ਇਨ੍ਹਾਂ ਵਿਚੋਂ ਲਾਂਘਾ ਬਣਾ ਸਕਦਾ ਹੈ। ਇੰਨੇ ਸੰਘਣੇ ਹਨ ਕਿ ਕਈ ਹਿੱਸਿਆਂ ਵਿਚ ਸੂਰਜ ਦੀ ਰੌਸ਼ਨੀ ਵੀ ਨਹੀਂ ਲੰਘਦੀ। ਟਾਹਣ ਇੰਨੇ ਉਚੇ ਹਨ ਕਿ ਥਮਲਿਆਂ 'ਤੇ ਸਾਵੀਂ ਛੱਤ ਪਈ ਭਾਸਦੀ ਹੈ। ਟਾਹਣਿਆਂ ਦੇ ਗਲ ਲੱਗੀਆਂ ਵੇਲਾਂ ਦੂਰ ਉਪਰ ਸ਼ਾਖਾਵਾਂ ਵਿਚ ਜਾ ਵੜਦੀਆਂ ਹਨ ਤੇ ਇਸ ਵਿਚ ਪਿੜੀਆਂ ਪਾ ਕੇ ਇਸ ਛਤਰ ਨੂੰ ਹੋਰ ਸੰਘਣਾ ਕਰ ਦਿੰਦੀਆਂ ਹਨ।

ਦੁਨੀਆਂ ਦੇ ਮਾਹਰ ਪ੍ਰਾਣੀ ਵਿਗਿਆਨੀ ਵੀ ਅਜੇ ਤਕ ਐਮੇਜ਼ੋਨ ਦੀ ਜੀਵਨ-ਬਣਤਰ ਨੂੰ ਬਿਆਨ ਨਹੀਂ ਕਰ ਸਕੇ। 1982 ਵਿਚ ਅਮਰੀਕਾ ਦੀ ਕੌਮੀ ਵਿਗਿਆਨ ਅਕਾਦਮੀ ਨੇ ਲਿਖਿਆ ਸੀ: "ਐਮੇਜ਼ੋਨ ਦੇ ਦਸ ਵਰਗ ਕਿਲੋਮੀਟਰ ਰਕਬੇ ਵਿਚ ਰੁੱਖਾਂ ਦੀਆਂ 750, ਪਸ਼ੂਆਂ ਦੀਆਂ 125, ਪੰਛੀਆਂ ਦੀਆਂ 400 ਅਤੇ ਸੱਪਾਂ ਦੀਆਂ ਇਕ ਸੈਂਕੜੇ ਤੋਂ ਵੱਧ ਕਿਸਮਾਂ ਹਨ। ਹਰ ਰੁੱਖ ਉਪਰ ਖੋੜਾਂ ਅਤੇ ਘੁਰਨਿਆਂ ਅੰਦਰ ਕੀੜਿਆਂ-ਮਕੌੜਿਆਂ ਦੀਆਂ ਚਾਰ ਸੌ ਤੋਂ ਵੀ ਵੱਧ ਨਸਲਾਂ ਦੇਖਣ ਵਿਚ ਆਈਆਂ ਹਨ। ਜਲ ਜੀਵਾਂ ਦੀਆਂ ਸੱਠ ਤੋਂ ਵੱਧ ਸ਼੍ਰੇਣੀਆਂ ਢਾਈ ਕੁ ਕਿਲੋਮੀਟਰ ਦੇ ਘੇਰੇ ਵਿਚ ਤੁਹਾਨੂੰ ਮਿਲ ਜਾਣਗੀਆਂ।" ਐਮੇਜ਼ੋਨ ਘਾਟੀ ਵਿਚ ਪੌਦਿਆਂ ਦੀਆਂ 40 ਹਜ਼ਾਰ ਤੋਂ ਵੱਧ ਜਿਣਸਾਂ ਗਿਣੀਆ ਜਾ ਚੁੱਕੀਆਂ ਹਨ। ਕਈ ਪੌਦੇ, ਜੀਵ-ਜੰਤੂ ਅਤੇ ਪੰਖੇਰੂ ਐਮੇਜ਼ੋਨ ਵਰਗੇ ਹੀ ਹੈਰਾਨੀਜਨਕ ਹਨ, ਜਿਵੇਂ ਲਿਲੀ ਦਾ ਫੁੱਲ ਇਕ ਮੀਟਰ ਚੌੜਾ ਹੋ ਸਕਦਾ ਹੈ, ਤਿਤਲੀਆਂ ਦੀਆਂ ਖੰਭੜੀਆਂ ਨਹੀਂ ਸਗੋਂ ਖੰਭ 20 ਸੈਂਟੀਮੀਟਰ ਤੱਕ ਲੰਮੇ ਹੁੰਦੇ ਹਨ, ਪਿਰਾਰਕੂ ਮੱਛੀ ਦੋ ਮੀਟਰ ਹੁੰਦੀ ਹੈ। ਇਥੇ ਅਜਿਹੇ ਪੌਦੇ ਹਨ, ਜੋ ਗਲੇ-ਸੜੇ ਮਾਸ ਦੀ ਸੜ੍ਹਿਆਂਦ ਮਾਰਦੇ ਹਨ ਅਤੇ ਹਰ ਜੀਵ ਇਕ ਦੂਜੇ ਦੇ ਸ਼ਿਕਾਰ 'ਤੇ ਹੀ ਜੀਅ ਰਿਹਾ ਹੈ, ਪਰ ਹਰ ਇਕ ਨੂੰ ਕੁਦਰਤ ਮਾਂ ਨੇ ਸੁਰੱਖਿਆ ਦੇ ਚੱਜ ਦਾ ਦਾਅ-ਪੇਚ ਸਿਖਾ ਦਿੱਤਾ ਹੈ।

ਇਸ ਤਰ੍ਹਾਂ ਐਮੇਜ਼ੋਨ ਦੇ ਜੰਗਲਾਂ ਕੋਲ ਪ੍ਰਾਣੀ-ਮੰਡਲ ਦੀ ਉਤਪਤੀ ਅਤੇ ਵਿਕਾਸ ਦੇ ਅਜਿਹੇ ਭੇਤ ਹਨ, ਜਿਨ੍ਹਾਂ ਤੱਕ ਸਾਡੀ ਅਜੇ ਤਕ ਰਸਾਈ ਨਹੀਂ ਹੋ ਸਕੀ। ਰਸਾਇਣ ਵਿਗਿਆਨੀ ਕਹਿੰਦੇ ਹਨ ਕਿ ਇਹ ਬਨਸਪਤੀਆਂ ਦਾ ਖਜਾਨਾ ਅਤੇ ਬੇਸ਼ੁਮਾਰ ਦਵਾਈਆਂ ਦਾ ਭੰਡਾਰ ਹੈ; ਜਿਵੇਂ ਇਥੇ ਇਕ ਅਜਿਹਾ ਰੁੱਖ ਹੈ, ਜਿਸ ਦੇ ਮਿਸ਼ਰਨ ਤੋਂ ਅਜਿਹੀ ਸੁਗੰਧੀ ਆਉਂਦੀ ਹੈ, ਜਿਸ ਨਾਲ ਪੱਤੇ ਖਾਣ ਵਾਲੇ ਕੀੜੇ ਦੌੜ ਜਾਂਦੇ ਹਨ। ਸੰਸਾਰ ਵਿਚ ਖੇਤੀ ਨੂੰ ਬਚਾਉਣ ਲਈ ਕਰੋੜਾਂ ਰੁਪਿਆਂ ਦੀਆਂ ਕੀਟਨਾਸ਼ਕ ਦਵਾਈਆਂ ਛਿੜਕ ਕੇ ਮਨੁੱਖੀ ਸਰੀਰ ਅੰਦਰ ਜ਼ਹਿਰ ਭੇਜਿਆ ਜਾ ਰਿਹਾ ਹੈ। ਇਹ ਪੌਦਾ ਇਨ੍ਹਾਂ ਖਤਰਨਾਕ ਮਾਰੂ ਦਵਾਈਆਂ ਦੀ ਥਾਂ ਲੈ ਸਕਦਾ ਹੈ। ਕੈਂਸਰ ਅਤੇ ਵਧ-ਲਹੂ ਦਬਾਅ ਵਰਗੇ ਰੋਗਾਂ ਲਈ ਪਹਿਲਾਂ ਹੀ ਕਈ ਜੜੀ-ਬੂਟੀਆਂ ਕਾਰਗਰ ਸਿੱਧ ਹੋ ਰਹੀਆਂ ਹਨ।

ਇਹ ਗੱਲ ਹੈਰਾਨੀਜਨਕ ਹੀ ਲੱਗੇਗੀ ਕਿ ਦੁਨੀਆਂ ਦੀਆਂ ਹਰ ਚਾਰ ਫਾਰਮੇਸੀਆਂ ਵਿਚੋਂ ਇਕ ਦਾ ਆਧਾਰ ਇਹ ਤਪਤ-ਖੰਡੀ ਸੰਘਣੇ ਜੰਗਲ ਹਨ। ਅਨੁਮਾਨ ਲਾਇਆ ਗਿਆ ਹੈ ਕਿ ਇਥੇ 1400 ਅਜਿਹੇ ਪੌਦੇ ਹਨ, ਜਿਨ੍ਹਾਂ ਕੋਲ ਕੈਂਸਰ ਰੋਗ ਦੇ ਵਿਪਰੀਤੀ ਗੁਣ ਹਨ। ਇਸ ਜੀਵ ਰਸਾਇਣੀ ਗੁਦਾਮ ਵਿਚ ਤੁਹਾਨੂੰ ਦੁਨੀਆਂ ਭਰ ਦੇ ਅੱਧੇ ਪੌਦਿਆਂ ਤੇ ਜੀਵਾਂ ਦੀ ਸੰਭਾਲ ਮਿਲ ਜਾਏਗੀ। ਕਿੰਨਾ ਵੱਡਾ ਦੁਖਾਂਤ ਹੈ ਕਿ ਅੱਜ ਦੀ ਮਨੁੱਖੀ ਨਸਲ ਜੀਵਨ ਦੇਣ ਵਾਲੇ ਇਸ ਸੋਮੇ ਨੂੰ ਬੁਰੀ ਤਰ੍ਹਾਂ ਨਸ਼ਟ ਕਰ ਰਹੀ ਹੈ। ਜੰਗਲੀ ਰਕਬਾ ਖਤਮ ਕਰਨ ਦਾ ਅਰਥ ਹੈ, ਧਰਤੀ ਤੋਂ ਅਣਗਿਣਤ ਜੀਵ-ਨਸਲਾਂ ਦਾ ਸਫਾਇਆ। ਅਮਰੀਕਾ ਦਾ ਮਸ਼ਹੂਰ ਬਨਸਪਤੀ ਵਿਗਿਆਨੀ ਅਤੇ ਵਾਤਾਵਰਣ ਮਾਹਿਰ ਪੀਟਰ ਐਚ. ਰਾਵੇਨ ਪਿਛਲੀ ਸਦੀ ਦੇ ਅਖੀਰ ਵਿਚ ਕਲਪ ਉਠਿਆ ਸੀ, "ਹੁਣ ਤਾਂ ਇਹ ਦਿਸਣ ਲੱਗਾ ਹੈ ਕਿ ਆਉਂਦੀ ਸਦੀ ਦੇ ਪਹਿਲੇ ਦਹਾਕੇ ਤੱਕ ਘੱਟੋ-ਘੱਟ ਦਸ ਲੱਖ ਜਿਣਸਾਂ ਮੁੱਕ ਚੁੱਕੀਆਂ ਹੋਣਗੀਆਂ ਅਤੇ ਜੇ ਜੰਗਲੀ ਵਸੇਬੇ ਇਸੇ ਤਰ੍ਹਾਂ ਹੀ ਮੁੱਕਦੇ ਰਹੇ ਤਾਂ ਇੱਕੀਵੀਂ ਸਦੀ ਦੇ ਅੱਧ ਤੀਕ ਕੁਲ ਜਿਣਸਾਂ ਦਾ ਅੱਧ ਤਬਾਹ ਹੋ ਚੁਕਾ ਹੋਵੇਗਾ।"

ਇਸ ਤਰ੍ਹਾਂ ਐਮੇਜ਼ੋਨ ਦੇ ਜੰਗਲ ਕੇਵਲ ਰੁੱਖਾਂ ਦੇ ਝੁੰਡ ਹੀ ਨਹੀਂ ਸਗੋਂ ਇਹ ਬਹੁਤ ਵੱਡਾ ਕੁਦਰਤੀ ਕਾਰਖਾਨਾ ਹੈ, ਜੋ ਪੌਸ਼ਟਿਕ ਤੱਤਾਂ ਦੀ ਨਮੀ ਨੂੰ ਮੁੜ ਗੇੜ ਵਿਚ ਲਿਆਉਂਦਾ ਹੈ। ਇਸ ਦੀ ਵਿਸ਼ਾਲ ਛੱਤ ਦੇ ਉਪਰੋਂ ਪੱਤਿਆਂ ਵਿਚੋਂ ਅਥਾਹ ਮਿਕਦਾਰ ਵਿਚ ਨਮੀ ਨਿਕਲ-ਨਿਕਲ ਕੇ ਪੌਣਾਂ ਵਿਚ ਰਲਦੀ ਰਹਿੰਦੀ ਹੈ। ਇਹੋ ਨਮੀ ਲੋੜ੍ਹੇ ਵੇਲੇ ਤੀਕ ਬੱਦਲਾਂ ਦਾ ਰੂਪ ਧਾਰ ਕੇ ਮੋਹਲੇਧਾਰ ਵਰਖਾ ਬਣ ਜਾਂਦੀ ਹੈ। ਇਹ ਕਾਰਖਾਨਾ ਲਗਾਤਾਰ, ਆਦਿ-ਜੁਗਾਦ ਤੋਂ ਇਸੇ ਤਰ੍ਹਾਂ ਚੱਲ ਰਿਹਾ ਹੈ।

ਕਿਆਫਾ ਲਾਇਆ ਗਿਆ ਹੈ ਕਿ ਜੇ ਐਮੇਜ਼ੋਨ ਜੰਗਲ ਤਬਾਹ ਹੋ ਗਏ ਤਾਂ ਵਾਯੂ ਮੰਡਲ ਵਿਚ ਰਲ ਰਹੇ ਜਲ-ਵਾਸ਼ਪ ਦੀ ਮਾਤਰਾ 20 ਫੀਸਦੀ ਘੱਟ ਜਾਣੀ ਹੈ। ਸਿਰਫ ਨਮੀ ਦੀ ਘਾਟ ਹੀ ਨਹੀਂ ਸਗੋਂ ਜਦੋਂ ਵੀ ਬਨਸਪਤੀ ਦਾ ਹਰਾ-ਕੱਜਣ ਲੋਪ ਹੁੰਦਾ ਹੈ ਤਾਂ ਇਸ ਨਾਲ ਜੀਵਤ-ਪ੍ਰਿਥਵੀ ਦੀ ਕਾਰਬਨ ਡਾਇਆਕਸਾਈਡ ਚੂਸਣ ਦੀ ਸਮਰੱਥਾ ਵੀ ਘਟ ਜਾਂਦੀ ਹੈ। ਇਸ ਦਾ ਮਾੜਾ ਪ੍ਰਭਾਵ ਆਕਸੀਜਨ ਉਤਪਾਦਨ 'ਤੇ ਵੀ ਪੈਂਦਾ ਹੈ। ਇਸੇ ਤਰ੍ਹਾਂ ਨਾਈਟਰੋਜਨ ਨੂੰ ਮੁੜ ਗੇੜ ਵਿਚ ਲਿਆਉਣ ਦਾ ਕਾਰਜ ਵੀ ਢਿੱਲਾ ਪੈ ਜਾਂਦਾ ਹੈ, ਜਿਸ ਨਾਲ ਪੌਦਿਆਂ ਨੂੰ ਪੂਰੇ ਨਾਇਟਰੇਟ ਨਾ ਮਿਲਣ ਕਾਰਨ ਬਨਸਪਤੀ ਦੀ ਵੰਨ-ਸਵੰਨਤਾ 'ਤੇ ਮਾਰੂ ਪ੍ਰਭਾਵ ਪੈਂਦੇ ਹਨ।

ਇਕ ਸਰਵੇਖਣ ਅਨੁਸਾਰ "ਦੁਨੀਆਂ ਦੀਆਂ ਘੱਟੋ-ਘੱਟ ਇਕ ਤਿਹਾਈ ਪ੍ਰਾਣੀ ਜਿਣਸਾਂ ਇਥੇ ਰਹਿ ਰਹੀਆਂ ਹਨ। ਇਹਦੇ ਵਿਚੋਂ ਜਿਨ੍ਹਾਂ ਦੇ ਵਿਗਿਆਨਕ ਨਾਂ ਧਰ ਕੇ ਸੂਚੀਬੱਧ ਕੀਤਾ ਗਿਆ ਹੈ, ਉਹ ਤਾਂ ਅਜੇ ਨਾਂ-ਮਾਤਰ ਹੀ ਹਨ।



*ਐਮੇਜ਼ੋਨ ਜੰਗਲ ਅਤੇ ਦਰਿਆ ਦਾ ਅੰਬਰੀ ਨਜ਼ਾਰਾ।*

***ਐਮੇਜ਼ੋਨ ਦੇ ਦਸ ਵਰਗ ਕਿਲੋਮੀਟਰ ਰਕਬੇ ਵਿਚ ਰੁੱਖਾਂ ਦੀਆਂ 750, ਪਸ਼ੂਆਂ ਦੀਆਂ 125, ਪੰਛੀਆਂ ਦੀਆਂ 400 ਅਤੇ ਸੱਪਾਂ ਦੀਆਂ ਇਕ ਸੈਂਕੜੇ ਤੋਂ ਵੱਧ ਕਿਸਮਾਂ ਹਨ। ਹਰ ਰੁੱਖ 'ਤੇ ਖੋੜਾਂ ਅਤੇ ਘੁਰਨਿਆਂ ਅੰਦਰ ਕੀੜਿਆਂ-ਮਕੌੜਿਆਂ ਦੀਆਂ ਚਾਰ ਸੌ ਤੋਂ ਵੀ ਵੱਧ ਨਸਲਾਂ ਦੇਖਣ ਵਿਚ ਆਈਆਂ ਹਨ। ਜਲ ਜੀਵਾਂ ਦੀਆਂ ਸੱਠ ਤੋਂ ਵੱਧ ਸ਼੍ਰੇਣੀਆਂ ਢਾਈ ਕੁ ਕਿਲੋਮੀਟਰ ਦੇ ਘੇਰੇ ਵਿਚ ਤੁਹਾਨੂੰ ਮਿਲ ਜਾਣਗੀਆਂ।***

ਐਮੇਜ਼ੋਨੀ ਖੇਤਰ ਦੇ ਅੱਧੇ ਹੈਕਟੇਅਰ ਵਿਚ ਸਮਸ਼ੀਤ ਊਸ਼ਵੀ ਜੰਗਲਾਂ ਨਾਲੋਂ ਦਸ ਗੁਣਾ ਵੱਧ ਵੰਨਗੀ ਭਰਪੂਰ ਬਨਸਪਤੀ ਹੈ, ਪਰ ਹੁਣ ਇਹ ਕਾਰਖਾਨਾ ਬੰਦ ਹੁੰਦਾ ਦਿਸਦਾ ਹੈ। ਮੁੱਖ ਕਾਰਨ ਮਨੁੱਖੀ ਹਵਸ ਅਤੇ ਧਨ-ਕੁਬੇਰ ਧਾੜਵੀਆਂ ਦੀ ਲਾਲਸਾ ਹੈ। ਸੰਯੁਕਤ ਰਾਸ਼ਟਰ ਦੇ ਤਾਜ਼ਾ ਅਨੁਮਾਨਾਂ ਅਨੁਸਾਰ ਦੁਨੀਆਂ ਦੇ ਤਪਤ-ਖੰਡੀ ਵਰਖੀਲੇ ਖੇਤਰਾਂ ਵਿਚ ਹਰ ਸਾਲ 75 ਲੱਖ ਹੈਕਟੇਅਰ ਜੰਗਲ ਲੋਪ ਹੋ ਰਹੇ ਹਨ। ਇਸ ਤਰ੍ਹਾਂ ਜੰਗਲ ਲੋਪ ਹੋਣ ਦੀ ਦਰ ਪਹਿਲਾਂ ਨਾਲੋਂ ਕੋਈ ਪੰਜਾਹ ਪ੍ਰਤੀਸ਼ਤ ਵਧ ਗਈ ਹੈ। 'ਸੰਸਾਰ ਜੰਗਲੀ-ਜੀਵ ਫੰਡ' ਵਾਲਿਆਂ ਦਾ ਕਹਿਣਾ ਹੈ ਕਿ ਇਹ ਕਟਾਈ 10 ਤੋਂ 20 ਹੈਕਟੇਅਰ ਪ੍ਰਤੀ ਮਿੰਟ ਹੈ। 1980 ਵਿਚ ਅਮਰੀਕਾ ਦੀ ਕੌਮੀ ਵਿਗਿਆਨ ਅਕਾਦਮੀ ਨੇ ਜੋ ਅੰਕੜੇ ਇਕੱਤਰ ਕੀਤੇ ਸਨ, ਉਨ੍ਹਾਂ ਅਨੁਸਾਰ ਇਹ ਦਰ ਦੋ ਕਰੋੜ ਹੈਕਟੇਅਰ ਪ੍ਰਤੀ ਸਾਲ ਹੈ।

ਐਮੇਜ਼ੋਨ ਜੰਗਲ ਮੁੱਕਣ ਨਾਲ ਸਿਰਫ ਦੱਖਣੀ ਅਮਰੀਕਾ 'ਤੇ ਹੀ ਕਹਿਰ ਨਹੀਂ ਟੁੱਟੇਗਾ ਸਗੋਂ ਸਮੁੱਚੇ ਗ੍ਰਹਿ ਦੀ ਹੋਣੀ ਇਸ ਆਫਤ ਦੀ ਗ੍ਰਿਫਤ ਵਿਚ ਹੋਵੇਗੀ। ਜੇ ਇਹ ਜੰਗਲ ਘਟ ਗਏ ਤਾਂ ਦਸ ਲੱਖ ਜੀਵਾਂ ਦੀ ਵੰਸ਼-ਸ਼੍ਰੇਣੀ ਮੁੱਕ ਜਾਣੀ ਹੈ। ਇਉਂ ਸਾਡੀ ਧਰਤੀ ਅਮੁੱਲੇ ਪਾਣੀ ਵਿਰਸੇ ਤੋਂ ਵਾਂਝੀ ਹੋ ਜਾਵੇਗੀ। ਇੰਨੀ ਲੱਕੜੀ ਸੜਨ ਨਾਲ ਜਿਹੜੀ ਜਲਣ ਕਿਰਿਆ ਵਿਚ ਵਾਧਾ ਹੋਵੇਗਾ, ਉਸ ਨਾਲ ਇਸ ਸਾਵੇ ਘਰ ਦੇ ਹੋਰ ਅਤੇ ਤੇਜ਼ੀ ਨਾਲ ਤਪਤ ਹੋ ਜਾਣ ਦੇ ਭੈਅ ਨੂੰ ਵੀ ਰੱਦ ਨਹੀਂ ਕੀਤਾ ਜਾ ਸਕਦਾ। ਜੰਗਲ ਲੱਕੜ, ਖਣਿਜਾਂ, ਕਾਰਖਾਨਿਆਂ ਅਤੇ ਖੇਤਾਂ ਲਈ ਖਤਮ ਹੋ ਰਹੇ ਹਨ। ਇਹ ਬੜਾ ਮਾਰੂ ਘਟਨਾਕ੍ਰਮ ਹੈ।

ਜਾਰਜ ਮੈਸਨ ਯੂਨੀਵਰਸਿਟੀ (ਫੇਅਰਫੈਕਸ, ਵਰਜੀਨੀਆ) ਦੇ ਵਾਤਾਵਰਣ ਵਿਗਿਆਨ ਅਤੇ ਨੀਤੀ ਵਿਭਾਗ ਦਾ ਪ੍ਰੋਫੈਸਰ ਥਾਮਸ ਲਵਜੁਆਏ ਲਿਖਦਾ ਹੈ, "ਐਮੇਜ਼ੋਨ ਸਿਰਫ ਜਲ ਪ੍ਰਵਾਹ ਨਹੀਂ ਸਗੋਂ ਪ੍ਰਾਣੀ ਵਿਗਿਆਨ ਦਾ ਅਮੀਰ-ਤਰੀਨ ਪੁਸਤਕਾਲਾ ਹੈ। ਇਹ ਤਾਂ ਦੁਨੀਆਂ ਦੀ ਮਹਾਨ ਪ੍ਰਯੋਗਸ਼ਾਲਾ ਹੈ ਅਤੇ ਗਲੋਬ ਉਪਰਲੇ ਜਲਵਾਯੂ ਦਾ ਧੁਰਾ ਹੈ। ਇਹ ਸਮੁੱਚੀ ਧਰਤੀ ਦੀ ਹੋਣੀ ਦਾ ਪ੍ਰਤੀਕ ਹੈ।"

ਐਮੇਜ਼ੋਨ ਜੰਗਲਾਂ ਦਾ ਵਿਗੜਦਾ ਸਰੂਪ ਪ੍ਰਿਥਵੀ ਉਪਰਲੇ ਜਲਵਾਯੂ ਦੀ ਬਣਤਰ ਨੂੰ ਵਿਗਾੜ ਕੇ ਰੱਖ ਦੇਵੇਗਾ। ਇਹ ਜੰਗਲ ਜਿਥੇ ਵਾਧੂ ਤਪਸ਼ ਚੂਸ ਕੇ ਤਾਪਮਾਨ ਦੀ ਵੰਡ 'ਤੇ ਪੂਰਾ ਕੰਟਰੋਲ ਰੱਖਦੇ ਹਨ, ਉਥੇ ਜੈਨਰੇਟਰ ਵਾਂਗ ਬੱਦਲਾਂ ਨੂੰ ਵੀ ਉਤੇਜਿਤ ਕਰਦੇ ਰਹਿੰਦੇ ਹਨ। ਇਸ ਤਰ੍ਹਾਂ ਇਨ੍ਹਾਂ ਦੇ ਮੁਢਲੇ ਸਰੂਪ ਵਿਚ ਪਿਆ ਕਿਸੇ ਵੀ ਤਰ੍ਹਾਂ ਦਾ ਵਿਘਨ ਸਾਡੇ ਜਲਵਾਯੂ 'ਤੇ ਅਣਕਿਆਸਿਆ, ਅਣਡਿੱਠਾ ਅਤੇ ਅਕੱਥ ਵਿਗਾੜ ਪਾ ਸਕਦਾ ਹੈ। ਇਨ੍ਹਾਂ ਜੰਗਲਾਂ ਦੀ ਲੱਕੜੀ ਵਿਚ 75 ਬਿਲੀਅਨ ਘਣ ਕਾਰਬਨ ਹੈ ਅਤੇ ਜਦੋਂ ਅਸੀਂ ਇਨ੍ਹਾਂ ਰੁੱਖਾਂ ਨੂੰ ਜ਼ਮੀਨਾਂ ਦੀ ਹਵਸ ਕਾਰਨ ਸਾੜ ਦਿੱਤਾ ਤਾਂ ਕਿਆਸ ਕਰੋ, ਕਿੰਨੀ ਹੋਰ ਕਾਰਬਨ ਡਾਇਆਕਸਾਈਡ ਸਾਡੇ ਵਾਯੂਮੰਡਲ ਵਿਚ ਰਲ ਜਾਏਗੀ। ਇਹ ਪੌਣ, ਜੋ ਪਹਿਲਾਂ ਹੀ ਇਸ ਗੈਸ ਦੀ ਵਧਦੀ ਮਾਤਰਾ ਕਰ ਕੇ ਹੁੰਮਸ ਵਾਲੀ ਹੋ ਰਹੀ ਹੈ, ਸਾਡੀਆਂ ਧਰੁਵੀ ਬਰਫਾਂ ਨੂੰ ਪਿਘਲਾ ਕੇ ਜਲਵਾਯੂ ਦਾ ਸੁਭਾਅ ਤੇ ਮੁਹਾਂਦਰਾ ਹੀ ਬਦਲ ਸਕਦੀ ਹੈ।

ਜੰਗਲ ਮੁੱਕਣ ਵਾਲੀ ਗੱਲ ਨਿਰਸੰਦੇਹ ਭਿਆਨਕ ਹੈ, ਪਰ ਇਕ ਗੱਲ ਜੋ ਜੰਗਲਾਂ ਦੇ ਮੁੱਕਣ ਤੋਂ ਪਹਿਲਾਂ ਹੀ ਵਾਪਰ ਜਾਣੀ ਹੈ, ਉਹ ਵੱਧ ਖਤਰਨਾਕ ਹੈ; ਉਹ ਹੈ ਜਲਵਾਯੂ ਦੇ ਸੁਭਾਅ ਵਿਚ ਨਾਟਕੀ ਤਬਦੀਲੀ। ਜਲਵਾਯੂ ਦੇ ਬਦਲਣ ਨਾਲ ਪੌਦਿਆਂ ਅਤੇ ਜਾਨਵਰਾਂ ਦਾ ਸਮੂਹਿਕ ਵਿਨਾਸ਼ ਹੋ ਸਕਦਾ ਹੈ। ਐਮੇਜ਼ੋਨ ਦਾ ਵਿਨਾਸ਼ ਸਰਵ-ਵਿਆਪੀ ਵਿਨਾਸ਼ ਦਾ ਸੂਚਕ ਬਣ ਜਾਏਗਾ ਅਤੇ ਐਮੇਜ਼ੋਨ ਦੱਖਣੀ ਅਮਰੀਕਾ ਦਾ ਇਕ ਦਰਿਆ ਹੀ ਕਿਉਂ ਨਾ ਹੋਵੇ, ਪਰ ਇਹ ਸਮੁੱਚੀ ਧਰਤੀ ਦੇ ਸਰੀਰ ਵਿਚ ਸ਼ਾਹਰਗ ਵਾਂਗ ਹੈ।

ਐਮੇਜ਼ੋਨ ਦੀ ਤਬਾਹੀ ਨੂੰ ਦੇਖ ਕੇ ਦੁਨੀਆਂ ਭਰ ਵਿਚੋਂ ਵਾਤਾਵਰਣੀ ਮਰਜੀਵੜਿਆਂ ਨੇ ਆਵਾਜ਼ ਉਠਾਈ ਹੈ, "ਆਓ ਇਨ੍ਹਾਂ ਅਤਿ ਕੀਮਤੀ ਵਰਖੀਲੇ ਜੰਗਲਾਂ ਨੂੰ ਬਚਾ ਲਈਏ", "ਜੰਗਲਾਂ ਨਾਲ ਧਰੋਹ ਨਾ ਕਰੋ", "ਐਮੇਜ਼ੋਨ ਅਤੇ ਇਸ ਦਾ ਹਰ ਇਕ ਰੁੱਖ ਇਸ ਧਰਤੀ ਦੀ ਸਾਂਝੀ ਵਿਰਾਸਤ ਹੈ।"

###





*(ਸੱਜੇ ਅਤੇ ਖੱਬੇ) ਐਮੇਜ਼ੋਨ ਜੰਗਲ ਦੇ ਪੁਰਾਣੇ ਦਰਖਤਾਂ ਦੇ ਵਿਸ਼ਾਲ ਤਣੇ।*

**B.T.S CARRIER INC.**



**BTS Truck Shop Major & Minor Work**
@ 39115 Maple Ave., Wayne, MI 48184

**Hiring Owner operator & Drivers**

**Long and local route**

Driver rate 45 to 55 cents per mile

Owner operator (Own truck/trailer & insurance) will be paid 92% after 8% dispatch. If company trailer used then will 80% gross.

Fuel discount: Pilot, Fly J, TA and Petro will pay 25 to 40 cents per gallon.

Direct deposit also available.

*For more information please contacts:*
Rusty Singh 734-233-8464
Dave Aujla 734-419-1408

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

# ਪੰਜਾਬੀ ਢਾਬਾ

1480 N. State Road 1, Cambridge City, IN 47327

ਕੈਬਰਿਜ ਸਿਟੀ (ਇੰਡੀਆਨਾ) ਵਿਚ
ਪੰਜਾਬੀ ਢਾਬੇ ਲਈ

**ਡਿਸ਼ਵਾਸ਼ਰ, ਹੈਲਪਰ, ਵੇਟਰ ਅਤੇ ਕੁਕ ਚਾਹੀਦੇ ਹਨ**

ਚੰਗੀ ਤਨਖਾਹ, ਖਾਣਾ ਮੁਫਤ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਨਜੀਤ ਨਾਗਰਾ
ਫੋਨ: 317-750-1900

# Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

**One of the Fastest Growing City in America and Best School System...**



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



**Manjit Singh Nagra**
*Realtor/Broker*
**Cell: 317-750-1900**
6979 Hillsdale Court
Indianapolis, Indiana 46250

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

**Gurdeep (Garry) Chhokar**
Realtor/Broker
**Cell: 317-500-1247**

Star Alliance BROKERAGE



**We do all type of Home and Commercial Loan. Same day loan approval...**